*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 16, ਅੰਕ-7, ਜੁਲਾਈ 2026 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

1 JULY — HAPPY CANADA DAY!

# 'ਕੈਨੇਡਾ ਡੇਅ' ਅਤੇ ਅੱਜ ਦੀਆਂ ਚੁਣੌਤੀਆਂ

ਹਰ ਸਾਲ 1 ਜੁਲਾਈ ਨੂੰ ਮਨਾਇਆ ਜਾਣ ਵਾਲਾ ਕੈਨੇਡਾ ਦਿਵਸ, 1867 ਦੇ ਬ੍ਰਿਟਿਸ਼ ਨੌਰਥ ਅਮੈਰਿਕਾ ਐਕਟ ਰਾਹੀਂ ਅਜੋਕੇ ਕੈਨੇਡਾ ਦੀ ਸਥਾਪਨਾ ਕੀਤੇ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਪਹਿਲਾਂ ਬਰਤਾਨਵੀ ਬਸਤੀਵਾਦੀ ਪਰੰਪਰਾ ਅਨੁਸਾਰ ਇਸ ਨੂੰ 'ਡੋਮੀਨੀਅਨ ਡੇਅ' ਕਿਹਾ ਜਾਂਦਾ ਸੀ, ਪਰ 1982 ਵਿੱਚ ਇਸਦਾ ਅਧਿਕਾਰਿਕ ਨਾਮ ਬਦਲ ਕੇ 'ਕੈਨੇਡਾ ਡੇਅ' ਰੱਖ ਦਿੱਤਾ ਗਿਆ। 1960ਵਿਆਂ 'ਚ ਪਹਿਲੀ ਇਮੀਗ੍ਰੇਸ਼ਨ ਨੀਤੀ ਨੂੰ ਬਦਲਕੇ ਪੂਰੀ ਦੁਨੀਆ ਦੇ ਆਵਾਸੀਆਂ ਨੂੰ ਇੱਥੇ ਆਉਣ ਦੀ ਖੁੱਲ੍ਹ ਦਿੱਤੀ ਗਈ। ਇਸ ਨੇ ਵੰਨ-ਸੁਵੰਨੇ ਲੋਕਾਂ ਨੂੰ, ਚਾਹੇ ਉਨ੍ਹਾਂ ਦਾ ਪਿਛੋਕੜ ਅਤੇ ਪਛਾਣ ਕੋਈ ਵੀ ਹੋਵੇ, ਆਪਣੇ ਅੰਦਰ ਸਮੋਣ ਦੀ ਸਮਾਵੇਸ਼ੀ ਕੌਮੀ ਪਛਾਣ ਅਪਣਾਈ। ਲੰਮੀ ਇਤਿਹਾਸਕ ਪ੍ਰਕਿਰਿਆ 'ਚੋਂ ਗੁਜ਼ਰਕੇ ਕੈਨੇਡਾ ਨੇ ਖ਼ੁਦ ਨੂੰ ਵਿਲੱਖਣ ਬਹੁ-ਸੱਭਿਆਚਾਰੀ ਅਤੇ ਦੋ-ਭਾਸ਼ਾਈ ਮੁਲਕ ਵਜੋਂ ਉਭਾਰਿਆ ਹੈ।

ਬਾਹਰੋਂ ਆ ਕੇ ਕਾਬਜ਼ ਹੋਏ ਬਸਤੀਵਾਦੀ ਕੈਨੇਡਾ ਦੇ ਇਤਿਹਾਸ ਦੀ ਸ਼ੁਰੂਆਤ 1867 ਤੋਂ ਮੰਨਦੇ ਹਨ ਜਦਕਿ ਇਸ ਸਰਜ਼ਮੀਨ ਦੀ ਮਨੁੱਖੀ ਸੱਭਿਅਤਾ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਰਸਮੀਂ ਮਾਨਤਾ ਦੇ ਬਾਵਜੂਦ ਇੱਥੋਂ ਦੇ ਮੂਲਵਾਸੀ ਭਾਈਚਾਰੇ ਇਤਿਹਾਸ ਵਿਚ ਆਪਣਾ ਸਹੀ ਸਥਾਨ ਹਾਸਲ ਕਰਨ ਲਈ ਅੱਜ ਵੀ ਸੰਘਰਸ਼ਸ਼ੀਲ ਹਨ। ਇਸੇ ਲਈ 'ਕੈਨੇਡਾ ਡੇਅ' ਦੇ ਪ੍ਰਸੰਗ 'ਚ ਇਹ ਦਲੀਲ ਬਹੁਤ ਮਾਇਨੇ ਰੱਖਦੀ ਹੈ ਕਿ ਅਜੋਕੇ ਕੈਨੇਡਾ ਦੇ ਹੋਂਦ 'ਚ ਆਉਣ ਦੇ ਇਤਿਹਾਸਕ ਦੌਰ ਬਾਬਤ ਮੂਲਵਾਸੀ ਲੋਕਾਂ ਲਈ ਜਸ਼ਨ ਮਨਾਉਣ ਵਾਲਾ ਕੁਝ ਵੀ ਨਹੀਂ ਹੈ। ਵੱਖਰੇ ਤੌਰ 'ਤੇ 'ਨੈਸ਼ਨਲ ਇਨਡਿਜਨਸ ਪੀਪਲਜ਼ ਡੇਅ' ਮਨਾਇਆ ਜਾਣਾ ਇਹ ਸਵੀਕਾਰ ਕਰਨਾ ਹੈ ਕਿ ਉਨ੍ਹਾਂ 'ਫਸਟ ਨੇਸ਼ਨਜ਼' ਲਈ 'ਕੈਨੇਡਾ ਡੇ' ਦੇ ਮਾਇਨੇ ਵੱਖਰੇ ਹਨ ਜਿਨ੍ਹਾਂ ਦੀ ਸਰਜ਼ਮੀਨ ਉੱਪਰ ਕਬਜ਼ਾ ਕਰਕੇ ਬਸਤੀਵਾਦੀ ਸੈਟਲਰਾਂ ਵੱਲੋਂ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਅਤੇ ਨਸਲਕੁਸ਼ੀ, ਤਬਾਹੀ ਤੇ ਉਜਾੜੇ ਉੱਪਰ ਅਜੋਕਾ ਕੈਨੇਡਾ ਸਥਾਪਤ ਕੀਤਾ ਗਿਆ। ਇਸ ਪਾਸਿਓਂ ਦੇਖਿਆਂ ਇਹ ਦਿਨ ਕੌਮੀ ਗੌਰਵ ਦਾ ਮੌਕਾ ਨਹੀਂ ਸਗੋਂ ਮੂਲਵਾਸੀ ਭਾਈਚਾਰਿਆਂ ਵਿਰੁੱਧ ਕੀਤੇ ਗਏ ਇਤਿਹਾਸਕ ਅਨਿਆਂ ਅਤੇ ਧੱਕੇ ਨੂੰ ਖੁੱਲ੍ਹਦਿਲੀ ਨਾਲ ਕਬੂਲਣ ਅਤੇ ਪਛਤਾਵੇ ਦਾ ਦਿਨ ਹੈ। ਇਸਦੇ ਢੁੱਕਵੇਂ ਜ਼ਿਕਰ ਤੋਂ ਬਿਨਾਂ ਇਤਿਹਾਸ ਅਧੂਰਾ ਹੈ।




1971 ਵਿੱਚ ਕੈਨੇਡਾ ਬਹੁ-ਸੱਭਿਆਚਾਰਵਾਦ ਨੂੰ ਅਧਿਕਾਰਕ ਨੀਤੀ ਵਜੋਂ ਅਪਣਾਉਣ ਵਾਲਾ ਦੁਨੀਆ ਦਾ ਪਹਿਲਾ ਮੁਲਕ ਬਣਿਆ। ਬਾਅਦ ਵਿੱਚ 1988 ਦੇ ਕੈਨੇਡੀਅਨ ਮਲਟੀਕਲਚਰਲਿਜ਼ਮ ਐਕਟ ਨੇ ਇਸ ਨੀਤੀ ਨੂੰ ਕਾਨੂੰਨੀ ਆਧਾਰ ਮੁਹੱਈਆ ਕੀਤਾ। ਇਹ ਪ੍ਰਣਾਲੀ ਬਰਾਬਰੀ, ਸਮਾਵੇਸ਼, ਆਪਸੀ ਸਤਿਕਾਰ ਅਤੇ ਹਰ ਵਿਅਕਤੀ ਦੀ ਸੱਭਿਆਚਾਰਕ ਪਛਾਣ ਦੀ ਰੱਖਿਆ ਨੂੰ ਉਤਸ਼ਾਹਿਤ ਕਰਦੀ ਹੋਈ ਕੈਨੇਡਾ ਪ੍ਰਤੀ ਅਪਣੱਤ ਦੀ ਸਾਂਝੀ ਭਾਵਨਾ ਦੀ ਗੱਲ ਕਰਦੀ ਹੈ। ਨਸਲੀ-ਸੱਭਿਆਚਾਰਕ ਤੇ ਹੋਰ ਵੰਨ-ਸੁਵੰਨਤਾ ਪ੍ਰਤੀ ਵਚਨਬੱਧਤਾ ਕੈਨੇਡਾ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਮੰਨੀ ਜਾਂਦੀ ਹੈ। ਨਿਰਸੰਦੇਹ, ਇਨ੍ਹਾਂ ਪਹਿਲੂਆਂ ਕਰਕੇ ਕੈਨੇਡਾ ਹੋਰ ਪੱਛਮੀ ਮੁਲਕਾਂ ਤੋਂ ਕਾਫ਼ੀ ਵੱਖਰਾ ਹੈ, ਪਰ ਬਰਾਬਰੀ ਅਤੇ ਵੰਨ-ਸੁਵੰਨਤਾ ਪ੍ਰਤੀ ਵਚਨਬੱਧਤਾ ਦੇ ਉਪਰੋਕਤ ਦਾਅਵਿਆਂ ਦੇ ਓਹਲੇ ਅਨਿਆਂ, ਨਸਲਵਾਦੀ ਵਿਤਕਰੇ ਅਤੇ ਦਾਬੇ ਦੇ ਬੇਹੱਦ ਘਿਣਾਉਣੇ ਪੱਖ ਵੀ ਲੁਕੇ ਹੋਏ ਹਨ ਜੋ ਵੱਖ-ਵੱਖ ਰੂਪਾਂ 'ਚ ਅਤੇ ਸਮੇਂ-ਸਮੇਂ 'ਤੇ ਉਜਾਗਰ ਹੁੰਦੇ ਰਹਿੰਦੇ ਹਨ। ਬਸਤੀਵਾਦੀ ਪ੍ਰਬੰਧ ਦੀ ਵਿਰਾਸਤ ਅਤੇ ਵਿਤਕਰੇ ਵਾਲੇ ਅਮਲ ਸਿਰਫ਼ ਇਤਿਹਾਸਕ ਅਤੀਤ ਨਹੀਂ ਹੈ, ਸਮਾਜ ਦੇ ਹਿੱਸਿਆਂ ਨੂੰ ਅੱਜ ਵੀ ਕਈ ਤਰ੍ਹਾਂ ਦਾ ਵਿਵਸਥਾ ਦਾ ਨਸਲਵਾਦ ਅਤੇ ਦਾਬਾ ਝੱਲਣਾ ਪੈ ਰਿਹਾ ਹੈ। ਜਦੋਂ ਕੈਮਲੂਪਸ ਦੇ ਰੈਜ਼ੀਡੈਂਸ਼ੀਅਲ ਸਕੂਲ 'ਚੋਂ ਬੱਚਿਆਂ ਦੀਆਂ 215 ਬੇਪਛਾਣ ਕਬਰਾਂ ਮਿਲੀਆਂ ਤਾਂ ਰੋਮਨ ਕੈਥੋਲਿਕ ਈਸਾਈ ਗਰੁੱਪਾਂ ਵੱਲੋਂ ਰੈਜ਼ੀਡੈਂਸ਼ੀਅਲ ਸਕੂਲ ਪ੍ਰਣਾਲੀ ਰਾਹੀਂ ਮੂਲ਼ਵਾਸੀ ਬੱਚਿਆਂ ਉੱਪਰ ਯੂਰਪੀ ਸੱਭਿਆਚਾਰ ਅਤੇ ਸਮਾਜੀ ਕਦਰਾਂ-ਕੀਮਤਾਂ ਥੋਪੇ ਜਾਣ ਦਾ ਭੇਤ ਖੁੱਲ੍ਹਿਆ ਸੀ। ਇਨ੍ਹਾਂ ਸੰਸਥਾਵਾਂ ਦੇ ਵਿਆਪਕ ਤਾਣੇਬਾਣੇ ਨੂੰ ਦੇਖਦਿਆਂ ਅਜਿਹੀਆਂ ਕਬਰਾਂ ਦੀ ਅਸਲ ਗਿਣਤੀ 10000 ਤੋਂ ਵੱਧ ਹੋਣ ਦਾ ਅੰਦਾਜ਼ਾ ਹੈ। ਇਹ ਡੂੰਘੇ ਸੰਸਥਾਗਤ ਵਿਤਕਰੇ ਅਤੇ ਅਨਿਆਂ ਦੀ ਸਿਰਫ਼ ਇਕ ਪਰਤ ਹੈ।

ਅੱਜ ਕੈਨੇਡਾ ਦੇ ਆਮ ਲੋਕਾਂ, ਖ਼ਾਸ ਕਰਕੇ ਹੋਰ ਮੁਲਕਾਂ ਤੋਂ ਆ ਕੇ ਇੱਥੇ ਵਸੇ ਪ੍ਰਵਾਸੀਆਂ ਕੋਲ ਜੋ ਅਧਿਕਾਰ ਹਨ, ਉਹ ਹੁਕਮਰਾਨ ਜਮਾਤ ਦੀ ਬਖ਼ਸ਼ਿਸ਼ ਨਹੀਂ, ਦਰ ਅਸਲ ਇਹ ਨਸਲਵਾਦੀ ਪਾਬੰਦੀਆਂ ਤੇ ਰੋਕਾਂ ਵਿਰੁੱਧ ਲੜੇ ਲੰਮੇ ਲੋਕ ਸੰਘਰਸ਼ਾਂ ਦਾ ਹਾਸਲ ਹਨ। ਕਾਮਾਗਾਟਾ ਮਾਰੂ ਕਾਂਡ ਦੇ ਦੌਰ ਦੇ ਸੰਘਰਸ਼ਾਂ ਅਤੇ ਫਿਰ 1970ਵਿਆਂ ਤੇ 80ਵਿਆਂ ਦੇ ਦਹਾਕਿਆਂ 'ਚ ਪ੍ਰਵਾਸੀ ਭਾਰਤੀਆਂ ਵੱਲੋਂ ਲੜੇ ਨਸਲਵਾਦ ਵਿਰੁੱਧ ਜੁਝਾਰੂ ਸੰਘਰਸ਼ਾਂ ਦਾ ਵੀ ਇਸ ਵਿਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇਹ ਅਧਿਕਾਰ ਪਿਛਲੇ ਸਮੇਂ ਤੋਂ ਹਮਲਿਆਂ ਦੀ ਮਾਰ ਹੇਠ ਹਨ। ਸਰਮਾਏਦਾਰਾ ਪ੍ਰਬੰਧ ਦੀ ਲੋਕ-ਵਿਰੋਧੀ ਖ਼ਸਲਤ ਦੀ ਦੇਣ ਅਲਾਮਤਾਂ ਲਈ ਪ੍ਰਵਾਸ ਦੀ ਕਥਿਤ ਉਦਾਰ ਨੀਤੀ ਨੂੰ ਜ਼ਿੰਮੇਵਾਰ ਠਹਿਰਾਉਣਾ, ਪ੍ਰਵਾਸ ਸੰਬੰਧੀ ਸਖ਼ਤ ਨੀਤੀਆਂ ਬਣਾਉਣ ਉੱਪਰ ਜ਼ੋਰ ਦੇਣਾ ਅਤੇ ਨਸਲਵਾਦੀ ਨਫ਼ਰਤ ਫੈਲਾਉਣਾ ਘੋਰ ਸੱਜੇਪੱਖੀ ਤਾਕਤਾਂ ਦਾ ਹਮੇਸ਼ਾ ਮਨਭਾਉਂਦਾ ਹਥਿਆਰ ਰਿਹਾ ਹੈ। ਕੈਨੇਡਾ ਦੇ ਹੁਕਮਰਾਨ ਮਨੁੱਖੀ ਹੱਕਾਂ ਦੇ ਚੈਂਪੀਅਨ ਹੋਣ ਦਾ ਮਖੌਟਾ ਲਾਹ ਕੇ ਘੋਰ ਸੱਜੇਪੱਖੀ ਏਜੰਡਿਆਂ ਅਨੁਸਾਰ ਲੋਕ ਵਿਰੋਧੀ, ਪ੍ਰਵਾਸ ਵਿਰੋਧੀ ਨੀਤੀਆਂ ਘੜਦੇ ਦੇਖੇ ਜਾ ਸਕਦੇ ਹਨ। ਆਲਮੀ ਸਰਮਾਏਦਾਰੀ ਪ੍ਰਬੰਧ ਦੇ ਵਧ ਰਹੇ ਸੰਕਟ ਕਾਰਨ ਇਹ ਹਮਲਾ ਹੋਰ ਤਿੱਖਾ ਹੋਣ ਦੇ ਆਸਾਰ ਹਨ। ਨਿਰਸੰਦੇਹ, ਇਸਦੀ ਸਭ ਤੋਂ ਵੱਧ ਮਾਰ ਹਾਸ਼ੀਆਗ੍ਰਸਤ ਭਾਈਚਾਰਿਆਂ ਅਤੇ ਪ੍ਰਵਾਸੀਆਂ ਉੱਪਰ ਪਵੇਗੀ। ਸੰਸਾਰ ਤਾਕਤਾਂ ਦੇ ਬਦਲ ਰਹੇ ਸੰਤੁਲਨ ਦੇ ਹਾਲਾਤ 'ਚ ਲੋਕ ਹਿਤਾਂ ਲਈ ਖ਼ਤਰੇ ਵਧ ਰਹੇ ਹਨ। ਟਰੰਪ ਦੀ ਅਗਵਾਈ ਹੇਠ ਅਮਰੀਕੀ ਸਾਮਰਾਜੀ ਹਕੂਮਤ ਵੱਲੋਂ ਕੈਨੇਡਾ ਨੂੰ ਆਪਣਾ ਹਿੱਸਾ ਬਣਾਉਣ ਦੇ ਪਸਾਰਵਾਦੀ ਐਲਾਨਾਂ ਦੇ ਪ੍ਰਤੀਕਰਮ 'ਚ ਕੈਨੇਡਾ ਦੇ ਲੋਕਾਂ 'ਚ ਕੌਮੀ ਗੌਰਵ ਦੇ ਜਜ਼ਬੇ ਦਾ ਜ਼ੋਰ ਫੜਨਾ ਸੁਭਾਵਿਕ ਹੈ ਜਿਸਦਾ ਮੌਜੂਦਾ ਸੱਤਾਧਾਰੀ ਗੁੱਟ ਬਖ਼ੂਬੀ ਲਾਹਾ ਲੈ ਰਿਹਾ ਹੈ। 'ਕੈਨੇਡਾ ਡੇਅ' ਮੌਕੇ ਹੁਕਮਰਾਨਾਂ ਵੱਲੋਂ ਵੰਨ-ਸੁਵੰਨਤਾ ਵਿੱਚ ਏਕਤਾ, ਬਹੁਸੱਭਿਆਚਾਰਵਾਦ, ਲੋਕਤੰਤਰੀ ਮੁੱਲਾਂ ਅਤੇ ਹਰ ਮਨੁੱਖ ਪ੍ਰਤੀ ਸਤਿਕਾਰ ਦੀ ਵਚਨਬੱਧਤਾ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਣਗੇ। ਇਨ੍ਹਾਂ ਕਦਰਾਂ-ਕੀਮਤਾਂ ਦੇ ਅਸਲ ਵਾਰਿਸ ਕੈਨੇਡਾ ਦੇ ਲੋਕ ਹਨ। ਲੋਕਪੱਖੀ ਤਾਕਤਾਂ ਨੂੰ ਇਤਿਹਾਸਕ ਅਨਿਆਂ ਦੇ ਸਵਾਲ ਉੱਪਰ ਅਜੋਕੇ ਮਾਨਵਤਾਵਾਦੀ ਸਰੋਕਾਰਾਂ ਦੇ ਹਵਾਲੇ ਨਾਲ ਹਕੂਮਤ ਦੇ ਮਨੁੱਖੀ ਹੱਕਾਂ ਦੇ ਢੌਂਗ ਵਿਰੁੱਧ ਲੋਕ-ਰਾਇ ਉਸਾਰਨੀ ਚਾਹੀਦੀ ਹੈ ਅਤੇ ਆਮ ਲੋਕਾਈ ਦੀ ਜ਼ਿੰਦਗੀ ਨੂੰ ਦਿਨੋ-ਦਿਨ ਜ਼ਿਆਦਾ ਮੁਸ਼ਕਲ ਬਣਾ ਰਹੀਆਂ ਨੀਤੀਆਂ ਨੂੰ ਠੱਲ੍ਹ ਪਾਉਣ ਦਾ ਹੀਲਾ ਕਰਨਾ ਚਾਹੀਦਾ ਹੈ।

**- ਸੰਪਾਦਕੀ ਬੋਰਡ**

GOLDEN HARMONY CARE
Medical & Paramedic-Led Home Care
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆ ਕੇ ਅਸੀਂ ਕਰਾਂਗੇ

ਘਰ ਵਿਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਮੈਂਸ਼ੀਆ ਕੇਅਰ
- ਖਾਣਾ ਬਣਾਉਣਾ
- ਸਫ਼ਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ

ਆਪਣੇ ਘਰ ਵਿਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ
ਸਰਕਾਰੀ ਫੰਡ ਨਾਲ ਘਰ ਵਿਚ ਦੇਖਭਾਲ ਦੀਆਂ ਸੇਵਾਵਾਂ
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚੇ ਲਏ
ਕੈਲਗਰੀ, ਐਡਮਿੰਟਨ ਅਤੇ ਆਲੇ ਦੁਆਲੇ ਦੇ ਸਾਰੇ ਖੇਤਰਾਂ ਵਿਚ ਸੇਵਾ ਪ੍ਰਦਾਨ ਕਰਦਾ ਹੈ।

(403) 439-6688 | (825) 712-9295
www.goldenharmonycare.ca
goldenharmonycare@gmail.com
Info@goldenharmonycare.ca

ਮਰੀਜ਼ਾਂ ਲਈ ਕੋਈ ਖਰਚਾ ਨਹੀਂ
ਏਐਸਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ

ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
- Auto Insurance
- Home Insurance
- Life Insurance
- Critical illness
- Disability Insurance
- Car Loans
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਕਾਰ ਲੋਨ
- ਬਿਜਨਸ ਇੰਸ਼ੋਰੈਂਸ

Call us for FREE Insurance Quote


Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
teamoraclehomes@gmail.com
EACH OFFICE INDEPENDENTLY OWNED AND OPERATED
RE/MAX MOUNTAIN VIEW

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

RDSP UP TO $90,000 GOVERNMENT GRANT + BOND.
SUPER VISA INSURANCE
PUNJAB INSURANCE INC.
- Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# ਡਾ. ਸਾਹਿਬ ਦੇ ਨਾਟਕ ਕੈਲਗਰੀ 'ਚ 20 ਸਤੰਬਰ ਨੂੰ ਹੋਣਗੇ



(ਦੇਖੋ ਸਫ਼ਾ 40 'ਤੇ)

# ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ ਪੁਸਤਕ ਮੇਲਾ 12 ਜੁਲਾਈ ਨੂੰ

(ਦੇਖੋ ਸਫ਼ਾ 9 'ਤੇ)

16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) 416-817-7142 | ਦੇਵਿੰਦਰ ਤੂਰ (ਟੋਰਾਂਟੋ) 416 902 9372 | ਮਾਸਟਰ ਭਜਨ ਸਿੰਘ (ਕੈਲਗਰੀ) 403-455-4220 | ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794 | ਜਸਵੀਰ ਕੌਰ ਮੰਗੂਵਾਲ (ਵਿਨੀਪੈੱਗ) 204-881-4955 | ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598 |

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca

AAXEL INSURANCE BROKERS LTD.
Harcharan Parhar
403-614-1797
harcharan.parhar@aaxelinsurance.com
Auto·Home·Business Insurance
✓ Commercial Auto & Trucking
✓ Commercial Property
✓ Rental Property
✓ Tenant Insurance
✓ General Liability
✓ Builder's Risk
✓ Special Event, Shows, Parties Liability
Ph. 403-614-1797 | Email : harcharan.parhar@aaxelinsurance.com
#3256, 4310-104 Ave NE, Calgary AB T3N 1W1
www.aaxelinsurance.com

Insta Realty
BUY SELL INSTANTLY
Residential | Commercial | Rural
Property Management
Harcharan Parhar
BROKER
403-681-8689



info@instarlt.com | www.instarlt.com
400, 3115-12th St NE Calgary AB T2E 7J2



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work
www.hmphome.com
HMP Custom Cabinets Ltd.
Specialist in :



Custom Kitchen, Bars, Washroom Vanity, Custom Bedroom Closet & All Commercial Mill Work
Free Estimate Paul Sekhon : 403-701-4947
Bay 11 2316 27 Ave. NE, Calgary



Harpinder Sidhu INSURANCE EXPERT
Punjab Insurance Inc
SUPER VISA INSURANCE
* LIFE INSURANCE * RESPs
# 5106-4310 104 Ave, NE Calgary AB T3N 1W5
CALL FOR BEST RATES
HARPINDER SIDHU
LOVEPREET SIDHU
403 404 3500



**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।
















# ਅਮਰੀਕਾ-ਈਰਾਨ ਜੰਗਬੰਦੀ: ਤੇਲ, ਤਾਕਤ ਅਤੇ ਨਾਜ਼ੁਕ ਸ਼ਾਂਤੀ



ਸੁਰਜੀਤ ਸਿੰਘ ਫਲੋਰਾ
647-829-9397

ਵਾਸ਼ਿੰਗਟਨ ਅਤੇ ਤੇਹਰਾਨ ਵਿਚਕਾਰ ਟਕਰਾਅ ਨੇ ਗਲਫ਼ ਤੋਂ ਬਾਹਰਲੇ ਦੇਸ਼ਾਂ ਦੇ ਸ਼ੇਅਰ ਬਾਜ਼ਾਰਾਂ, ਜਹਾਜ਼ ਰਵਾਨਗੀ ਦਰਾਂ ਅਤੇ ਈਂਧਨ ਦੇ ਖਰਚਿਆਂ ਨੂੰ ਹਿਲਾ ਦਿੱਤਾ। ਇਸ ਦੀ ਵਜ ?ਹਾ ਸਪਸ਼ਟ ਸੀ। ਜੂਨ 2026 ਦਾ ਸੰਕਟ ਦੁਨੀਆ ਦੀ ਤੇਲ-ਧਾਰਾ, ਇਜ਼ਰਾਈਲ ਦੀ ਸੁਰੱਖਿਆ ਚਿੰਤਾ ਅਤੇ ਮੱਧ ਪੂਰਬ ਦੇ ਸਭ ਤੋਂ ਪੁਰਾਣੇ ਅਣਸੁੱਲਝੇ ਪਰਮਾਣੂ ਮਸਲੇ ਨਾਲ ਇਕੱਠੇ ਜੁੜ ਗਿਆ ਸੀ।

ਅਮਰੀਕਾ, ਇਰਾਨ ਅਤੇ ਇਜ਼ਰਾਈਲ ਦੀ ਤਣਾਅ ਭਰੀ ਨਿਗਰਾਨੀ ਦੇ ਵਿਚਕਾਰ, ਹੁਣ ਇੱਕ ਰਿਪੋਰਟ ਕੀਤੇ ਅੰਤਰਿਮ ਸਮਝੌਤੇ ਵੱਲ ਵਧੇ ਹਨ, ਖੁੱਲ੍ਹੇ ਹਮਲੇ ਵੱਲ ਨਹੀਂ। ਸਮੇਂ ਦੀ ਚੋਣ ਵੀ ਅਹਿਮ ਸੀ, ਕਿਉਂਕਿ ਹੋਰਮੁਜ਼ ਦੀ ਖਾੜੀ ਅਤੇ ਇਰਾਨ ਦੀ ਪਰਮਾਣੂ ਫਾਈਲ ਹੁਣ ਇਕੋ ਰਾਜਨੀਤਕ ਤੂਫ਼ਾਨ ਵਿੱਚ ਫਸੀ ਹੋਈ ਹੈ। ਰੁਕਾਵਟ ਸੱਚੀ ਹੈ, ਪਰ ਇਸ ਨੂੰ ਸ਼ਾਂਤੀ ਕਹਿਣਾ ਜਲਦਬਾਜ਼ੀ ਹੋਵੇਗੀ। ਅਮਰੀਕਾ-ਇਰਾਨ ਟਕਰਾਅ ਦੀ ਸਭ ਤੋਂ ਚੌਂਕਾਉਣ ਵਾਲੀ ਗੱਲ ਇਹ ਸੀ ਕਿ ਜਦੋਂ ਤੇਲ, ਮਿਸ਼ਾਈਲਾਂ ਅਤੇ ਇਜ਼ਰਾਈਲੀ ਸੁਰੱਖਿਆ ਨੂੰ ਇਕੋ ਫਰੇਮ ਵਿੱਚ ਰੱਖਿਆ ਗਿਆ, ਤਾਂ ਇਹ ਸਥਾਨਕ ਝਗੜਾ ਨਹੀਂ ਰਹਿ ਗਿਆ। ਇਹ ਸਿਰਫ਼ ਕੂਟਨੀਤੀ ਦਾ ਵਿਵਾਦ ਨਹੀਂ ਸੀ, ਇਹ ਇਸ ਗੱਲ ਦੀ ਪਰਖ ਸੀ ਕਿ ਕੀ ਮੱਧ ਪੂਰਬ ਦੀਆਂ ਪੁਰਾਣੀਆਂ ਦਰਾਰਾਂ ਇਕ ਵੱਡਾ ਆਰਥਿਕ ਧੱਕਾ ਪੈਦਾ ਕਰ ਸਕਦੀਆਂ ਹਨ।

ਵਾਸ਼ਿੰਗਟਨ ਅਤੇ ਤਲ ਅਵੀਵ ਲੰਮੇ ਸਮੇਂ ਤੋਂ ਇਰਾਨ ਦੇ ਪਰਮਾਣੂ ਕਾਰਜਕ੍ਰਮ ਨੂੰ ਤਕਨੀਕੀ ਚੁਣੌਤੀ ਤੋਂ ਵੱਧ ਸਮਝਦੇ ਆਏ ਹਨ। ਤੇਹਰਾਨ ਕਹਿੰਦਾ ਹੈ ਕਿ ਉਹ ਨਾਗਰਿਕ ਪਰਮਾਣੂ ਸਮਰੱਥਾ ਚਾਹੁੰਦਾ ਹੈ ਅਤੇ ਬੰਬ ਨਹੀਂ ਬਣਾਉਣਾ ਚਾਹੁੰਦਾ। ਪਰ ਅਮਰੀਕਾ ਅਤੇ ਇਜ਼ਰਾਈਲ ਇਨ੍ਹਾਂ ਹੀ ਸਹੂਲਤਾਂ ਨੂੰ ਵੇਖ ਕੇ ਇਹ ਨਤੀਜਾ ਕੱਢਦੇ ਹਨ ਕਿ ਰਾਜ ਆਪਣੇ ਲਈ ਚੋਣ ਖੁੱਲ੍ਹੀ ਰੱਖਣਾ ਚਾਹੁੰਦਾ ਹੈ, ਉਸ ਕੋਲ ਕਾਫ਼ੀ ਇਕੱਠਾ ਕੀਤਾ ਹੋਇਆ ਪਦਾਰਥ ਅਤੇ ਉਹ ਮਹਾਰਤ ਹੈ ਜੋ ਨੇਤਾਵਾਂ ਦੇ ਹੁਕਮ ਮਿਲਣ ਤੇ ਹਥਿਆਰ ਬਣਾਉਣ ਵਾਲਾ ਰਸਤਾ ਛੋਟਾ ਕਰ ਸਕਦੀ ਹੈ। ਇਹ ਡਰ ਮਿਸ਼ਾਈਲ ਤਾਕਤ ਨਾਲ ਹੋਰ ਵੀ ਔਖਾ ਬਣ ਜਾਂਦਾ ਹੈ। ਇਰਾਨ ਨੂੰ ਆਪਣੇ ਵਿਰੋਧੀਆਂ ਨੂੰ ਹਿਲਾਉਣ ਲਈ ਤਿਆਰ ਪਰਮਾਣੂ ਹਥਿਆਰ ਦੀ ਲੋੜ ਨਹੀਂ, ਉਸ ਦੀਆਂ ਬੈਲਿਸਟਿਕ ਮਿਸ਼ਾਈਲਾਂ, ਡਰੋਨ ਅਤੇ ਸਾਥੀ ਮਿਲੀਸ਼ੀਆ ਪਹਿਲਾਂ ਹੀ ਉਸਨੂੰ ਇਲਾਕੇ ਭਰ ਵਿੱਚ ਪ੍ਰਭਾਵ ਦਿੰਦੀਆਂ ਹਨ। ਇਸੇ ਕਰਕੇ ਇਹ ਮਾਮਲਾ ਕਦੇ ਵੀ ਸਿਰਫ਼ ਕਾਰਵਾਈ ਦੇ ਅਧੀਨ ਬਾਰੇ ਨਹੀਂ ਸੀ।

ਵਾਸ਼ਿੰਗਟਨ ਲਈ ਚਿੰਤਾ ਰੋਕਥਾਮ ਅਤੇ ਖੇਤਰੀ ਕ੍ਰਮ ਦੀ ਹੈ। ਇਜ਼ਰਾਈਲ ਲਈ ਗੱਲ ਬਚਾਅ ਦੀ ਹੈ, ਇੱਕ ਅਜਿਹੇ ਵਿਰੋਧੀ ਦੇ ਸਾਹਮਣੇ ਜੋ ਮਿਸ਼ਾਈਲ, ਡਰੋਨ ਜਾਂ ਪਰੋਕਸੀ ਰਾਹੀਂ ਨਿਸ਼ਾਨਾ ਲਾ ਸਕਦਾ ਹੈ। 2026 ਦਾ ਸੰਕਟ ਪਹਿਲਾਂ ਹੀ ਸੁੱਕੀ ਜ਼ਮੀਨ ਉੱਤੇ ਆਇਆ ਸੀ। ਗਾਜ਼ਾ ਨੇ ਖੇਤਰ ਨੂੰ ਤਣਾਅ ਵਿੱਚ ਰੱਖਿਆ ਹੋਇਆ ਸੀ, ਲੈਬਨਾਨ ਅਤੇ ਇਜ਼ਰਾਈਲ ਦੀ ਸਰਹੱਦ ਹਿੰਸਕ ਸੀ ਅਤੇ ਲੈਬਨਾਨ ਵਿੱਚ ਹਿਜ਼ਬੁੱਲਾ ਦੀ ਭੂਮਿਕਾ ਨੇ ਇਜ਼ਰਾਈਲੀ ਯੋਜਨਾਕਾਰਾਂ ਨੂੰ ਦੂਜੇ ਵੱਡੇ ਮੋਰਚੇ ਦੀ ਚਿੰਤਾ ਵਿੱਚ ਰੱਖਿਆ।

ਅਜਿਹੇ ਮਾਹੌਲ ਵਿੱਚ, ਜਹਾਜ਼ੀ ਘਟਨਾ ਜਾਂ ਮਿਸ਼ਾਈਲ ਦਾਗ, ਕਿਸੇ ਲੜੀਵਾਰ ਪ੍ਰਤੀਕਿਰਿਆ ਦੀ ਸ਼ੁਰੂਆਤ ਜਾਪ ਸਕਦੇ ਸਨ। ਇਰਾਨ ਦੇ ਹਿਜ਼ਬੁੱਲਾ ਅਤੇ ਹੋਰ ਹਥਿਆਰਬੰਦ ਗਰੁੱਪਾਂ ਨਾਲ ਰਿਸ਼ਤੇ ਦਾ ਅਰਥ ਇਹ ਸੀ ਕਿ ਹਰ ਕਦਮ ਦੇ ਕਈ ਦਰਸ਼ਕ ਸਨ। ਇਜ਼ਰਾਈਲੀ ਨੇਤਾਵਾਂ ਨੇ ਇਰਾਨ ਉੱਤੇ ਦਬਾਅ ਨੂੰ ਗਾਜ਼ਾ ਅਤੇ ਲੈਬਨਾਨ ਦੀ ਪਰਚੀ ਤੋਂ ਵੇਖਿਆ, ਅਲੱਗ-ਥਲੱਗ ਵਿਵਾਦ ਵਾਂਗ ਨਹੀਂ। ਇਸ ਨਾਲ ਸੰਕਟ ਹੋਰ ਫੈਲ ਗਿਆ। ਪਰਮਾਣੂ ਟਕਰਾਅ, ਸਮੁੰਦਰੀ ਰਸਤੇ ਦੀ ਨਵੀਂ ਧਮਕੀ ਅਤੇ ਸਰਹੱਦੀ ਜੰਗ, ਸਭ ਇਕੋ ਕਹਾਣੀ ਵਿੱਚ ਆ ਮਿਲੇ, ਅਤੇ ਦੁਨੀਆ ਨੂੰ ਇਕੋ ਵੇਲੇ ਕਈ ਟਕਰਾਵਾਂ ਦੀ ਸੰਭਾਵਨਾ ਅਨੁਸਾਰ ਆਪਣੀ ਕੀਮਤ ਲਗਾਉਣੀ ਪਈ। ਜੇ ਪਰਮਾਣੂ ਮਸਲਾ ਡਰ ਦੀ ਵਜ੍ਹਾ ਹੈ, ਤਾਂ ਤੇਲ ਘਬਰਾਹਟ ਦੀ ਵਜ੍ਹਾ ਹੈ।

ਬਾਜ਼ਾਰ ਤਿੱਖੇ ਭਾਸ਼ਣ ਸਹਿ ਸਕਦੇ ਹਨ। ਉਹ ਉਸ ਵੇਲੇ ਜ਼ਿਆਦਾ ਤੇਜ਼ੀ ਨਾਲ ਪ੍ਰਤੀਕਿਰਿਆ ਕਰਦੇ ਹਨ ਜਦੋਂ ਟੈਂਕਰ ਹੌਲੇ ਪੈਂਦੇ ਹਨ, ਬੀਮਾ ਪ੍ਰੀਮੀਅਮ ਵਧ ਜਾਂਦੇ ਹਨ ਅਤੇ ਵਪਾਰੀ ਸੋਚਣ ਲੱਗਦੇ ਹਨ ਕਿ ਕੀ ਅਗਲੇ ਹਫ਼ਤੇ ਗਲਫ਼ ਤੋਂ ਨਿਰਯਾਤ ਆਮ ਰਹੇਗੀ। ਹੋਰਮੁਜ਼ ਦੀ ਖਾੜੀ ਤੰਗ ਜ਼ਰੂਰ ਹੈ, ਪਰ ਇਸ ਰਾਹੀਂ ਦੁਨੀਆ ਦੇ ਊਰਜਾ ਵਪਾਰ ਦਾ ਵੱਡਾ ਹਿੱਸਾ ਲੰਘਦਾ ਹੈ। ਲਗਭਗ ਦੁਨੀਆ ਦੇ ਤੇਲ ਦਾ ਪੰਜਵਾਂ ਹਿੱਸਾ ਅਤੇ ਗਲਫ਼ ਤੋਂ ਆਉਣ ਵਾਲੀ ਵੱਡੀ ਮਾਤਰਾ ਵਿੱਚ ਤਰਲ ਗੈਸ, ਇੱਥੋਂ ਲੰਘਦੀ ਹੈ। ਜਦੋਂ ਟਕਰਾਅ ਇਸ ਚੈਨਲ ਨੂੰ ਖਤਰੇ ਵਿੱਚ ਪਾਂਦਾ ਹੈ, ਬਾਜ਼ਾਰ ਆਧਿਕਾਰਕ ਬੰਦਸ਼ ਦੀ ਉਡੀਕ ਨਹੀਂ ਕਰਦਾ। ਉਹ ਖਤਰੇ, ਅਫਵਾਹ ਅਤੇ ਬੀਮੇ ਦੀ ਲਾਗਤ ਉੱਤੇ ਚੱਲਦਾ ਹੈ। ਇਸੀ ਨੇ ਅਮਰੀਕਾ-ਇਰਾਨ ਟਕਰਾਅ ਨੂੰ ਗਲੋਬਲ ਬਣਾ ਦਿੱਤਾ।




ਗਲਫ਼ ਵਿੱਚ ਮਿਸ਼ਾਈਲ ਅਦਾਨ-ਪ੍ਰਦਾਨ ਜਾਂ ਸਮੁੰਦਰੀ ਹਿਰਾਸਤ ਗਲਫ਼ ਵਿੱਚ ਹੀ ਨਹੀਂ ਰੁਕਦੀ। ਸਿੰਗਾਪੁਰ ਵਿੱਚ ਇਹ ਜਹਾਜ਼ ਕੰਪਨੀਆਂ ਤੱਕ ਪਹੁੰਚਦੀ ਹੈ, ਭਾਰਤ ਦੇ ਰਿਫਾਈਨਰਾਂ ਤੱਕ, ਲੰਡਨ ਦੇ ਟਰੇਡਰਾਂ ਤੱਕ ਅਤੇ ਮਹਿੰਗਾਈ ਦੇ ਅੰਕੜੇ ਦੇਖ ਰਹੇ ਕੇਂਦਰੀ ਬੈਂਕਾਂ ਤੱਕ। ਜਦੋਂ ਵਪਾਰ ਇਕ ਦੂਜੇ ਨਾਲ ਇੰਨਾ ਜੁੜਿਆ ਹੋਵੇ, ਤਾਂ ਇਕੋ chokepoint ਪੂਰੀ ਧਮਨੀ ਵਿੱਚ ਰੁਕਾਵਟ ਪਾ ਸਕਦਾ ਹੈ।

ਇਸ ਦਾ ਅਸਰ ਦੁਨੀਆ ਭਰ ਵਿੱਚ ਫੈਲਦਾ ਹੈ। ਜਦੋਂ ਤੇਲ ਦੀ ਕੀਮਤ ਚੜ੍ਹਦੀ ਹੈ, ਤਾਂ ਉਸਦਾ ਝਟਕਾ ਬਹੁਤ ਸਾਰੀਆਂ ਸਰਕਾਰਾਂ ਦੇ ਦਾਅਵੇ ਨਾਲੋਂ ਤੇਜ਼ ਫੈਲਦਾ ਹੈ। ਏਅਰਲਾਈਨਾਂ ਲਈ ਈਂਧਨ ਮਹਿੰਗਾ ਹੋ ਜਾਂਦਾ ਹੈ, ਟਰੱਕਾਂ ਦੇ ਖਰਚੇ ਵਧਦੇ ਹਨ, ਫੈਕਟਰੀਆਂ ਦੇ ਇਨਪੁੱਟ ਬਿੱਲ ਚੜ੍ਹਦੇ ਹਨ ਅਤੇ ਜਹਾਜ਼ਰਾਨੀ ਕੰਪਨੀਆਂ ਖਤਰੇ ਦੀ ਵਾਧੂ ਫੀਸ ਵਸੂਲ ਕਰਦੀਆਂ ਹਨ। ਫਿਰ ਰਿਟੇਲਰ ਉਸ ਦਾ ਕੁਝ ਹਿੱਸਾ ਜਜ਼ਬ ਕਰਦੇ ਹਨ, ਕੁਝ ਹੋਰ ਉਪਭੋਗਤਾਵਾਂ ਉੱਤੇ ਲਾਦ ਦਿੰਦੇ ਹਨ। ਇਸ ਤਰ੍ਹਾਂ ਬੰਦਰ ਅੱਬਾਸ ਦੇ ਨੇੜੇ ਇਕ ਸੰਕਟ, ਮੱਧ ਪੂਰਬ ਤੋਂ ਕਾਫ਼ੀ ਦੂਰ ਖਾਣੇ ਅਤੇ ਆਵਾਜਾਈ ਦੇ ਭਾੜਿਆਂ ਵਿੱਚ ਦਿਖਾਈ ਦਿੰਦਾ ਹੈ।

ਸ਼ੇਅਰ ਬਾਜ਼ਾਰ ਵੀ ਇਸੇ ਕਾਰਨ ਪ੍ਰਤੀਕਿਰਿਆ ਕਰਦੇ ਹਨ। ਊਰਜਾ ਦੀਆਂ ਵਧੀਆਂ ਕੀਮਤਾਂ ਵਿਕਾਸ ਦੀ ਰਫ਼ਤਾਰ ਨੂੰ ਖ਼ਤਰੇ ਵਿੱਚ ਪਾਂਦੀਆਂ ਹਨ, ਘਰੇਲੂ ਖਰਚ ਘਟਾਉਂਦੀਆਂ ਹਨ ਅਤੇ ਵਿਆਜ ਦਰਾਂ ਬਾਰੇ ਫੈਸਲਿਆਂ ਨੂੰ ਔਖਾ ਬਣਾਉਂਦੀਆਂ ਹਨ। ਗਰੀਬ ਆਯਾਤਕ ਦੇਸ਼ਾਂ ਲਈ ਝਟਕਾ ਹੋਰ ਕਠੋਰ ਹੁੰਦਾ ਹੈ, ਕਿਉਂਕਿ ਈਂਧਨ ਅਤੇ ਖਾਣਾ ਉਨ੍ਹਾਂ ਦੇ ਮਹੀਨਾਵਾਰ ਬਜਟ ਦਾ ਵੱਡਾ ਹਿੱਸਾ ਹੁੰਦੇ ਹਨ।

2026 ਦੀ ਇਸ ਚਿੰਤਾ ਨੇ ਦੱਸਿਆ ਕਿ ਤੇਲ ਦੀ ਰਾਜਨੀਤੀ ਅਜੇ ਵੀ ਸਭ ਤੋਂ ਪੁਰਾਣੇ ਅਤੇ ਕੜਵੇ ਰੂਪ ਵਿੱਚ ਕਾਇਮ ਹੈ। ਇਹ ਹਰੇਕ ਦੀ ਰੋਜ਼ਾਨਾ ਜ਼ਿੰਦਗੀ ਤੱਕ ਤੇਜ਼ੀ ਨਾਲ ਪਹੁੰਚਦੀ ਹੈ। ਜੂਨ 2026 ਦਾ ਸਮਝੌਤਾ ਇਸ ਲਈ ਅਹਿਮ ਹੈ, ਕਿਉਂਕਿ ਇਹ ਡਿੱਗਦੀ ਸਥਿਤੀ ਨੂੰ ਰੋਕਦਾ ਹੈ, ਪਰ ਵਿਵਾਦ ਨੂੰ ਹੱਲ ਨਹੀਂ ਕਰਦਾ। ਰਿਪੋਰਟ ਕੀਤੀ ਗਈ ਸਹਿਮਤੀ 60 ਦਿਨਾਂ ਦੀ ਹੈ, ਜਿਸਦਾ ਮਕਸਦ ਜੰਗਬੰਦੀ ਹੈ, ਜਦੋਂ ਦੋਵੇਂ ਪੱਖ ਵੱਡੇ ਨਿਪਟਾਰੇ ਦੀ ਕੋਸ਼ਿਸ਼ ਕਰਦੇ ਹਨ, Axios ਨੇ ਰਿਪੋਰਟ ਕੀਤਾ।

ਡਰਾਫ਼ਟ ਸ਼ਰਤਾਂ ਹਕੀਕਤ ਦੇ ਨੇੜੇ ਹਨ, ਕਠੋਰ ਨਹੀਂ। ਹੋਰਮੁਜ਼ ਦੀ ਖਾੜੀ ਤੁਰੰਤ ਖੁਲ੍ਹਣੀ ਹੈ, ਜਹਾਜ਼ਰਾਨੀ ਲਗਭਗ 30 ਦਿਨਾਂ ਵਿੱਚ ਜੰਗ ਤੋਂ ਪਹਿਲਾਂ ਦੇ ਪੱਧਰ ਦੇ ਨੇੜੇ ਆਉਣੀ ਹੈ ਅਤੇ ਅਮਰੀਕਾ ਇਰਾਨੀ ਬੰਦਰਗਾਹਾਂ ਉੱਤੇ ਆਪਣੀ ਰਿਪੋਰਟ ਕੀਤੀ ਨਾਕਾਬੰਦੀ ਹਟਾਏਗਾ। ਇਰਾਨ ਨੂੰ ਗੱਲਬਾਤ ਦੌਰਾਨ ਤੇਲ ਵੇਚਣ ਲਈ ਅਸਥਾਈ ਪਾਬੰਦੀ-ਛੂਟ ਮਿਲੇਗੀ, ਅਤੇ ਉਹ enrich ਕੀਤੇ ਯੂਰੇਨਿਯਮ ਦੇ ਭੰਡਾਰ ਬਾਰੇ ਗੱਲ ਕਰਦੇ ਹੋਏ ਪਰਮਾਣੂ ਹਥਿਆਰ ਨਾ ਬਣਾਉਣ ਲਈ ਰਾਜ਼ੀ ਹੋਵੇਗਾ।

ਇਰਾਨੀ ਮੀਡੀਆ ਨੇ 24 ਅਰਬ ਡਾਲਰ ਦੇ ਜਮ੍ਹਾਂ ਹੋਏ ਸੰਪਤੀ-ਭੰਡਾਰ ਜਾਰੀ ਕਰਨ ਦੀ ਵੀ ਗੱਲ ਕੀਤੀ, ਹਾਲਾਂਕਿ ਉਹ ਹਿੱਸਾ ਅਜੇ ਅਣਸ਼ਚਿੱਤ ਹੈ ਅਤੇ ਅੰਤਿਮ ਸ਼ਬਦਾਵਲੀ ਨੂੰ ਮਨਜ਼ੂਰੀ ਚਾਹੀਦੀ ਹੈ। ਪਾਬੰਦੀ-ਛੂਟ ਤੇਹਰਾਨ ਲਈ ਕੋਈ ਇਮੀ ਜਿੱਤ ਨਹੀਂ। ਇਹ ਆਰਥਿਕ ਸਾਹ ਹੈ। ਸਾਲਾਂ ਦੀਆਂ ਪਾਬੰਦੀਆਂ ਨੇ ਤੇਲ ਆਮਦਨ ਘਟਾਈ ਹੈ, ਮੁਦਰਾ ਨੂੰ ਮਾਰਿਆ ਹੈ, ਘਰੇਲੂ ਲਾਗਤਾਂ ਵਧਾਈਆਂ ਹਨ, ਅਤੇ ਰਾਜ ਨੂੰ ਵਿਰੋਧ ਸੰਭਾਲਣ ਲਈ ਬਹੁਤ ਘੱਟ ਥਾਂ ਛੱਡੀ ਹੈ।

60 ਦਿਨਾਂ ਲਈ ਹੀ ਸਹੀ, ਤੇਲ ਵੇਚਣ ਦਾ ਮੌਕਾ ਸਰਕਾਰੀ ਖਜ਼ਾਨੇ ਉੱਤੇ ਦਬਾਅ ਘਟਾ ਸਕਦਾ ਹੈ ਅਤੇ ਦੇਸ਼ ਅੰਦਰ ਘੇਰੇਬੰਦੀ ਦਾ ਅਹਿਸਾਸ ਹਲਕਾ ਕਰ ਸਕਦਾ ਹੈ। ਇਸੇ ਕਰਕੇ ਤੇਲ ਵਿਕਰੀ ਕੂਟਨੀਤਕ ਬਿਆਨਾਂ ਜਿੰਨੀ ਹੀ ਮਹੱਤਵਪੂਰਨ ਰਹਿੰਦੀ ਹੈ। ਇਰਾਨ ਨੂੰ ਨਕਦੀ ਦੀ ਆਵਾਜਾਈ, ਵਪਾਰ ਤੱਕ ਪਹੁੰਚ ਅਤੇ ਇਸ ਗੱਲ ਦਾ ਸਬੂਤ ਚਾਹੀਦਾ ਹੈ ਕਿ ਗੱਲਬਾਤ ਨਾਲ ਹਕੀਕੀ ਲਾਭ ਮਿਲ ਸਕਦਾ ਹੈ। ਜਿਸ ਖ਼ਬਰ ਵਿੱਚ ਪੈਸਾ ਨਾ ਹੋਵੇ, ਉਹ ਤੇਹਰਾਨ ਲਈ ਖੋਖਲੀ ਲੱਗੇਗੀ। ਮੁੱਦਾ ਪ੍ਰਤੀਕ ਨਹੀਂ, ਸਾਹ ਲੈਣ ਦੀ ਥਾਂ ਹੈ।

ਸਭ ਤੋਂ ਔਖਾ ਮਸਲਾ ਅਜੇ ਵੀ ਪਰਮਾਣੂ ਫਾਈਲ ਹੀ ਹੈ। ਵਾਸ਼ਿੰਗਟਨ ਸਖ਼ਤ ਸੀਮਾਵਾਂ, ਮਜ਼ਬੂਤ ਨਿਗਰਾਨੀ ਅਤੇ ਹਥਿਆਰ ਵੱਲ ਜਾਣ ਵਾਲੇ ਰਸਤੇ ਉੱਤੇ ਸਾਫ਼ ਰੋਕ ਚਾਹੁੰਦਾ ਹੈ। ਤੇਹਰਾਨ enrichment ਦੇ ਕੁਝ ਹੱਕ ਦੀ ਮਾਨਤਾ ਚਾਹੁੰਦਾ ਹੈ, ਅਤੇ ਅਜਿਹਾ ਸਮਝੌਤਾ ਨਹੀਂ ਚਾਹੁੰਦਾ ਜੋ ਦਬਾਅ ਅੱਗੇ ਝੁਕਣ ਵਾਂਗ ਪੜ੍ਹਿਆ ਜਾਵੇ। ਇਹੀ ਖਾਲੀ ਥਾਂ ਪਹਿਲਾਂ ਵੀ ਕੂਟਨੀਤੀ ਨੂੰ ਜਾਮ ਕਰ ਚੁੱਕੀ ਹੈ, ਅਤੇ ਇਹ ਅਜੇ ਵੀ ਗਾਇਬ ਨਹੀਂ ਹੋਈ। ਕਥਿਤ ਸਮਝੌਤਾ stockpile ਦੇ ਮਸਲੇ ਨੂੰ ਛੂਹਿੰਦਾ ਹੈ, ਪਰ ਉਸ ਨੂੰ ਸਾਫ਼ ਨਹੀਂ ਕਰਦਾ। ਇਹ ਬੈਲਿਸਟਿਕ ਮਿਸ਼ਾਈਲਾਂ ਅਤੇ ਇਰਾਨੀ ਖੇਤਰੀ ਸਾਥੀਆਂ ਨੂੰ ਵੀ ਟੈਕਸਟ ਦੇ ਸਾਫ਼ ਹਿੱਸਿਆਂ ਤੋਂ ਬਾਹਰ ਰੱਖਦਾ ਹੈ।

ਜੇ ਅਗਲੇ ਦੌਰ ਇਹ ਖਾਲੀਆਂ ਥਾਂਵਾਂ ਨਾ ਭਰ ਸਕੇ, ਤਾਂ 60 ਦਿਨਾਂ ਦੀ ਰੁਕਾਵਟ ਵੀ ਉੱਥੇ ਖਤਮ ਹੋ ਸਕਦੀ ਹੈ ਜਿੱਥੇ ਪਿਛਲੇ ਕਈ ਮੌਕੇ ਖਤਮ ਹੋਏ ਸਨ, ਅਤੇ ਦੋਵੇਂ ਪੱਖ ਇਕ ਦੂਜੇ ਉੱਤੇ ਬਦਨਿਯਤੀ ਦੇ ਦੋਸ਼ ਲਗਾਉਣਗੇ। ਹਰ ਰਾਜਧਾਨੀ ਨੂੰ ਆਪਣੀ ਜਨਤਾ ਲਈ ਵੀ ਕਹਾਣੀ ਚਾਹੀਦੀ ਹੈ। ਵਾਸ਼ਿੰਗਟਨ ਦਾਅਵਾ ਕਰ ਸਕਦਾ ਹੈ ਕਿ ਦਬਾਅ ਕਾਰਗਰ ਰਿਹਾ, ਕਿਉਂਕਿ ਜਹਾਜ਼ਰਾਨੀ ਖੁਲ੍ਹੀ ਅਤੇ ਤੇਹਰਾਨ ਮੁੜ ਗੱਲਬਾਤ ਦੇ ਮੇਜ਼ ਤੇ ਆਇਆ। ਇਰਾਨੀ ਨੇਤਾ ਇਹ ਕਹਿ ਸਕਦੇ ਹਨ ਕਿ ਉਹਨਾਂ ਨੇ ਸਮਰਪਣ ਨਹੀਂ ਕੀਤਾ, ਕਿਉਂਕਿ ਪਾਬੰਦੀ-ਛੂਟ ਅਤੇ ਤੇਲ ਵਿਕਰੀ ਸਰਕਾਰੀ ਹਾਰ ਦੇ ਆਧਾਰ ਤੇ ਨਹੀਂ ਮਿਲੀ। ਇਜ਼ਰਾਈਲ ਵੀ ਕਹਿ ਸਕਦਾ ਹੈ ਕਿ ਲਗਾਤਾਰ ਦਬਾਅ ਨਾਲ ਖ਼ਤਰੇ ਉੱਤੇ ਧਿਆਨ ਬਣਿਆ ਰਿਹਾ, ਹਾਲਾਂਕਿ ਉਸਦੀ ਸੁਰੱਖਿਆ ਪ੍ਰਣਾਲੀ ਨੂੰ ਇਹ ਚਿੰਤਾ ਰਹਿੰਦੀ ਹੈ ਕਿ ਤੇਹਰਾਨ ਨੂੰ ਕੋਈ ਵੀ ਛੂਟ ਉਸਦੇ ਖਜ਼ਾਨੇ ਨੂੰ ਮੁੜ ਮਜ਼ਬੂਤ ਕਰ ਸਕਦੀ ਹੈ ਅਤੇ ਮਿਸ਼ਾਈਲਾਂ ਜਾਂ ਸਾਥੀ ਮਿਲੀਸ਼ੀਆ ਨੂੰ ਤਾਕਤ ਦੇ ਸਕਦੀ ਹੈ।

ਇਸ ਲਈ ਇਹ ਸਮਝੌਤਾ ਸੱਚਾ ਵੀ ਹੈ ਅਤੇ ਨਾਜ਼ੁਕ ਵੀ। ਇਹ ਤਾਪਮਾਨ ਬਦਲਦਾ ਹੈ, ਢਾਂਚਾ ਨਹੀਂ। ਜੰਗਬੰਦੀ ਸਮੁੰਦਰ ਵਿੱਚ ਖਤਰਾ ਘਟਾ ਸਕਦੀ ਹੈ, ਪਰ ਦਹਾਕਿਆਂ ਦੀ ਬੇਇਤਬਾਰੀ ਨੂੰ ਮਿਟਾ ਨਹੀਂ ਸਕਦੀ। ਇਹ ਕੋਈ ਸਾਰਾ ਇਲਾਜ ਨਹੀਂ, ਅਤੇ ਜੋਖਮ ਦੇ ਪੱਲੇ ਨੂੰ ਮੁੜ ਸੰਤੁਲਿਤ ਕਰਨਾ ਆਸਾਨ ਨਹੀਂ।

ਅੱਗੇ ਦੀ ਦਿਸ਼ਾ ਇਸ ਗੱਲ ਉੱਤੇ ਘੱਟ ਨਿਰਭਰ ਕਰਦੀ ਹੈ ਕਿ ਦਸਤਖ਼ਤ ਹੁੰਦੇ ਹਨ ਜਾਂ ਨਹੀਂ ਅਤੇ ਵਧੇਰੇ ਇਸ ਉੱਤੇ ਕਿ ਆਉਣ ਵਾਲੇ ਮਹੀਨਿਆਂ ਵਿੱਚ ਕੀ ਹੁੰਦਾ ਹੈ। ਅਸਥਾਈ ਸਮਝੌਤੇ ਅਕਸਰ ਉਸ ਵੇਲੇ ਠਹਿਰ ਜਾਂਦੇ ਹਨ ਜਦੋਂ ਕੈਮਰੇ ਬੰਦ ਹੋ ਜਾਂਦੇ ਹਨ; ਸਖ਼ਤ ਧੜੇ ਨੁਕਸਾਨ ਗਿਣਣ ਲੱਗਦੇ ਹਨ। ਵਾਸ਼ਿੰਗਟਨ ਵਿੱਚ ਕਿਸੇ ਵੀ ਵ੍ਹਾਈਟ ਹਾਊਸ ਨੂੰ ਵਿਰੋਧੀ ਆਲੋਚਕਾਂ ਦਾ ਸਾਹਮਣਾ ਵੀ ਰਹੇਗਾ, ਜੋ ਕਹਿਣਗੇ ਕਿ ਅਸਥਾਈ ਰਾਹਤ ਨੇ ਤੇਹਰਾਨ ਨੂੰ ਪੈਸਾ ਦਿੱਤਾ ਪਰ ਕਾਰਜਕ੍ਰਮ ਨਹੀਂ ਤੋੜਿਆ। ਤੇਹਰਾਨ ਵਿੱਚ ਸੁਰੱਖਿਆ ਵਰਗ ਅਮਰੀਕੀ ਭਰੋਸਿਆਂ ਉੱਤੇ ਸ਼ੱਕ ਕਰਦਾ ਹੈ ਅਤੇ ਦਖ਼ਲਅੰਦਾਜ਼ ਨਿਗਰਾਨੀ ਨੂੰ ਮੰਨਣ ਤੋਂ ਹਿਚਕਦਾ ਹੈ। ਬਾਹਰੀ ਤਾਕਤਾਂ ਵੀ ਆਪਣੇ ਹਿੱਤ ਲੈ ਕੇ ਆਉਣਗੀਆਂ। ਯੂਰਪ ਊਰਜਾ ਦੀਆਂ ਘੱਟ ਕੀਮਤਾਂ ਅਤੇ ਖੇਤਰੀ ਅਸਰ ਘਟਾਉਣ ਦੀ ਉਮੀਦ ਕਰਦਾ ਹੈ।

ਦੂਜੇ ਪਾਸੇ, ਚੀਨ ਨੂੰ ਖੁੱਲ੍ਹੇ ਗਲਫ਼ ਰਸਤੇ ਅਤੇ ਇਰਾਨੀ ਕੱਚੇ ਤੇਲ ਤੱਕ ਸਥਿਰ ਪਹੁੰਚ ਚਾਹੀਦੀ ਹੈ। ਰੂਸ ਨੂੰ ਵਾਸ਼ਿੰਗਟਨ ਦੇ ਧਿਆਨ ਭਟਕਣ ਨਾਲ ਫ਼ਾਇਦਾ ਹੁੰਦਾ ਹੈ, ਪਰ ਉਸ ਨੂੰ ਐਸੇ ਗਲਫ਼ ਝਟਕੇ ਦੀ ਵੀ ਖ਼ਾਹਿਸ਼ ਨਹੀਂ ਜੋ ਊਰਜਾ ਬਾਜ਼ਾਰਾਂ ਨੂੰ ਉਲਝਾ ਦੇਵੇ। ਸਾਊਦੀ ਅਰਬ ਅਤੇ ਯੂਏਈ ਨੂੰ ਸ਼ਾਂਤ ਸਮੁੰਦਰੀ ਰਸਤੇ ਚਾਹੀਦੇ ਹਨ, ਪਰ ਉਹ ਨਹੀਂ ਚਾਹੁੰਦੇ ਕਿ ਇਰਾਨ ਪਾਬੰਦੀ-ਛੂਟ ਨੂੰ ਆਪਣੇ ਖੇਤਰੀ ਦਾਇਰੇ ਵਧਾਉਣ ਲਈ ਵਰਤੇ।

ਕਮਜ਼ੋਰ ਥਾਂਵਾਂ ਸਾਫ਼ ਹਨ। ਲੈਬਨਾਨ ਮੁੜ ਭੜਕ ਸਕਦਾ ਹੈ। ਹਿਜ਼ਬੁੱਲਾ ਹੱਦ ਦੀ ਪਰਖ ਕਰ ਸਕਦਾ ਹੈ। ਜੇ ਤੇਲ ਨਿਗਰਾਨਾਂ ਤੋਂ ਤੇਜ਼ੀ ਨਾਲ ਲੰਘਣ ਲੱਗ ਪਏ, ਤਾਂ ਪਾਬੰਦੀਆਂ ਦੀ ਪਾਲਣਾ ਟੁੱਟੀ-ਫੁੱਟੀ ਹੋ ਸਕਦੀ ਹੈ। ਜੇ ਪਹੁੰਚ ਦੇ ਮਸਲੇ ਲਟਕਦੇ ਰਹੇ, ਜਾਂ enrich ਕਰਨ ਦੇ ਪੱਧਰ ਸਪਸ਼ਟ ਨਾ ਰਹੇ, ਤਾਂ ਪਰਮਾਣੂ ਨਿਗਰਾਨੀ ਪਹਿਲੀ ਵੱਡੀ ਝਗੜੇ ਦੀ ਥਾਂ ਬਣ ਸਕਦੀ ਹੈ। ਫਿਰ ਵੀ ਇਹ ਸਮਝੌਤਾ ਇਸ ਲਈ ਅਹਿਮ ਹੈ, ਕਿਉਂਕਿ ਇਹ ਦਿਖਾਉਂਦਾ ਹੈ ਕਿ ਕੂਟਨੀਤੀ ਜੰਗ ਨੂੰ ਰੋਕ ਸਕਦੀ ਹੈ, ਭਾਵੇਂ ਟਕਰਾਅ ਗਲੋਬਲ ਕਿਉਂ ਨਾ ਹੋ ਚੁੱਕਾ ਹੋਵੇ। ਇਹ ਛੋਟੀ ਤਰੱਕੀ ਹੈ, ਖੁਸ਼ ਅੰਤ ਨਹੀਂ। ਡੂੰਘੇ ਝਗੜੇ ਅਜੇ ਵੀ ਬਾਕੀ ਹਨ ਅਤੇ ਇਲਾਕੇ ਨੂੰ ਮੁੜ ਕਿਨਾਰੇ ਤੱਕ ਲੈ ਜਾ ਸਕਦੇ ਹਨ, ਕਿਸੇ ਵੀ ਵੇਲੇ।

2023 ਦੇ ਅਮਰੀਕਾ-ਇਰਾਨ ਸਟੈਂਡਆਫ਼ ਨੇ ਵੀ ਇਹੀ ਦਿਖਾਇਆ ਸੀ ਕਿ ਮੱਧ ਪੂਰਬ ਦਾ ਇਕ ਸੰਕਟ ਕਿੰਨੀ ਤੇਜ਼ੀ ਨਾਲ ਵਿਸ਼ਵ ਆਰਥਿਕ ਖਤਰੇ ਵਿੱਚ ਬਦਲ ਸਕਦਾ ਹੈ। ਹੋਰਮੁਜ਼ ਲਈ ਧਮਕੀ, ਪਰਮਾਣੂ ਹਥਿਆਰਾਂ ਦੀ ਚਿੰਤਾ ਅਤੇ ਇਜ਼ਰਾਈਲ ਦੀ ਸੁਰੱਖਿਆ ਸੰਕਟ, ਇਹ ਸਭ ਗਲਫ਼ ਤੋਂ ਦੂਰ ਬੈਠੇ ਲੋਕਾਂ ਦੇ ਊਰਜਾ ਬਾਜ਼ਾਰਾਂ ਅਤੇ ਰੋਜ਼ਾਨਾ ਕੀਮਤਾਂ ਨੂੰ ਹਿਲਾ ਸਕਦੇ ਹਨ।

ਅੰਤਰਿਮ ਸਮਝੌਤੇ ਦੀ ਅਹਿਮੀਅਤ ਇਸੇ ਵਿੱਚ ਹੈ। ਇਹ ਜਹਾਜ਼ੀ ਰਾਹਾਂ ਨੂੰ ਬਚਾਉਂਦਾ ਹੈ, ਸਿੱਧੀ ਤਣਾਅ ਦੀ ਸੰਭਾਵਨਾ ਘਟਾਉਂਦਾ ਹੈ ਅਤੇ ਗੱਲਬਾਤ ਲਈ ਸਮਾਂ ਦਿੰਦਾ ਹੈ। ਪਰ ਜੇ ਇਹ ਗੰਢਾਂ ਮੁੜ ਕੱਸ ਗਈਆਂ, ਤਾਂ ਜੰਗਬੰਦੀ ਦੀ ਭਾਸ਼ਾ ਜਲਦੀ ਹੀ ਸਿਮਟ ਜਾਏਗੀ। ਫਿਰ ਇੱਕ ਮਿਸ਼ਾਈਲ, ਇੱਕ ਮਾਈਨ ਜਾਂ ਇੱਕ ਬੰਦ ਰਸਤਾ ਪੁਰਾਣਾ ਸਬਕ ਦੁਹਰਾਏਗਾ, ਅਤੇ ਮੱਧ ਪੂਰਬ ਦੀ ਅਸਥਿਰਤਾ ਦੀ ਕੀਮਤ ਵੱਡੀ ਦੁਨੀਆ ਉੱਤੇ ਹੀ ਆਉਂਦੀ ਰਹੇਗੀ, ਕਿਉਂਕਿ ਕੁਝ ਨੇਤਾਵਾਂ ਨੇ ਆਪਣੇ ਨਿੱਜੀ ਝਗੜਿਆਂ ਨੂੰ ਖੇਤਰੀ ਨੀਤੀ ਬਣਾ ਦਿੱਤਾ ਹੈ।

# ਬਚਪਨ ਦਾ ਵਪਾਰੀਕਰਨ ਕਰ ਰਹੀ ਹੈ ਡਿਜੀਟਲ ਆਰਥਿਕਤਾ

*ਕੀ ਡਿਜ਼ੀਟਲ ਆਰਥਿਕਤਾ ਵਿੱਚ ਬੱਚੇ ਹੁਣ ਸਿਰਫ਼ ਖ਼ਪਤਕਾਰ ਹੀ ਨਹੀਂ ਰਹਿ ਗਏ ਹਨ? ਬੱਚਿਆਂ ਦਾ ਧਿਆਨ, ਉਨ੍ਹਾਂ ਦੀਆਂ ਪਸੰਦਾਂ ਅਤੇ ਉਨ੍ਹਾਂ ਦੇ ਵਿਹਾਰ ਨਾਲ ਸੰਬੰਧਤ ਡੇਟੇ ਨੂੰ ਆਰਥਿਕ ਮੁੱਲ ਪੈਦਾ ਕਰਨ ਲਈ ਕਿਉਂ ਵਰਤਿਆ ਜਾ ਰਿਹਾ ਹੈ? ਡਿਜ਼ੀਟਲ ਖ਼ਪਤ ਅਤੇ ਬਹੁਤ ਜ਼ਿਆਦਾ ਸਕ੍ਰੀਨ ਨੂੰ ਚਿੰਬੜੇ ਰਹਿਣ ਤੋਂ ਧਿਆਨ ਹਟਾ ਕੇ ਇੱਕ ਅਜਿਹੀ ਆਰਥਿਕ ਪ੍ਰਣਾਲੀ ਦੇ ਉਭਾਰ ਵੱਲ ਧਿਆਨ ਦੇਣਾ ਜ਼ਰੂਰੀ ਹੋ ਗਿਆ ਹੈ, ਜਿਸਦੀ ਮੁਨਾਫ਼ਾ ਸਮਰੱਥਾ ਬੱਚਿਆਂ ਦੇ ਸਕ੍ਰੀਨ ਨਾਲ ਵੱਧ ਤੋਂ ਵੱਧ ਜੁੜੇ ਰਹਿਣ 'ਤੇ ਨਿਰਭਰ ਕਰਦੀ ਹੈ। ਇਹ ਸਵਾਲ ਖੋਜਕਰਤਾ ਪੁਰਵਾਈ ਪ੍ਰਵਾਹ ਨੇ ਆਪਣੀ ਇਸ ਮਹੱਤਵਪੂਰਨ ਟਿੱਪਣੀ ਵਿਚ ਉਠਾਏ ਹਨ ਜੋ ਦਿੱਲੀ-ਐੱਨ.ਸੀ.ਆਰ. ਸਥਿਤ ਕ੍ਰਾਈਸਟ (ਡੀਮਡ ਟੂ ਬੀ ਯੂਨੀਵਰਸਿਟੀ) ਦੇ ਮਨੋ-ਵਿਗਿਆਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਅਤੇ ਡਾਕਟਰੇਟ ਖੋਜਕਾਰ ਹਨ। ਉਨ੍ਹਾਂ ਦੀ ਖੋਜ ਦੀ ਰੁਚੀ ਬਾਲਾਂ ਅਤੇ ਕਿਸ਼ੋਰਾਂ ਦੀ ਤੰਦਰੁਸਤੀ, ਸਿੱਖਿਆ, ਅਤੇ ਮਨੋਵਿਗਿਆਨ, ਤਕਨਾਲੌਜੀ, ਪਬਲਿਕ ਨੀਤੀ ਅਤੇ ਸਮਾਜਿਕ ਤਬਦੀਲੀ ਵਿਸ਼ਿਆਂ ਵਿਚ ਹੈ-ਸੰਪਾਦਕ]*

- ਪੁਰਵਾਈ ਪ੍ਰਵਾਹ
ਅਨੁ. : ਬੂਟਾ ਸਿੰਘ ਮਹਿਮੂਦਪੁਰ

ਏ.ਐੱਸ.ਈ.ਆਰ. 2024 ਦੀ ਤਾਜ਼ਾ ਰਿਪੋਰਟ ਅਨੁਸਾਰ 14-16 ਸਾਲ ਦੇ ਉਮਰ ਗਰੁੱਪ ਦੇ 89% ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਘਰਾਂ ਵਿੱਚ ਸਮਾਰਟਫ਼ੋਨ ਹਨ, ਜਿਨ੍ਹਾਂ ਵਿੱਚੋਂ 76% ਸਮਾਰਟਫ਼ੋਨ ਦੀ ਵਰਤੋਂ ਸੋਸ਼ਲ ਮੀਡੀਆ ਲਈ ਕਰਦੇ ਹਨ, ਜਦਕਿ ਸਿਰਫ਼ 57% ਇਸਦੀ ਵਰਤੋਂ ਵਿਦਿਅਕ ਉਦੇਸ਼ਾਂ ਲਈ ਕਰਦੇ। ਇਹ ਦਰਸਾਉਂਦਾ ਹੈ ਕਿ ਬਚਪਨ ਹੁਣ ਮਹਿਜ਼ ਮਨੁੱਖੀ ਵਿਕਾਸ ਦਾ ਇੱਕ ਪੜਾਅ ਨਹੀਂ ਰਹਿ ਗਿਆ ਹੈ, ਸਗੋਂ ਇਹ ਇੱਕ ਅਜਿਹੀ ਆਰਥਿਕ ਮੰਡੀ ਬਣਦਾ ਜਾ ਰਿਹਾ ਹੈ ਜਿੱਥੇ ਬੱਚਿਆਂ ਦਾ ਧਿਆਨ ਕਬਜ਼ੇ 'ਚ ਕਰ ਲਿਆ ਜਾਂਦਾ ਹੈ, ਡੇਟਾ ਇਕੱਠਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਭਵਿੱਖ ਦੇ ਖ਼ਪਤਕਾਰਾਂ ਵਜੋਂ ਤਿਆਰ ਕੀਤਾ ਜਾਂਦਾ ਹੈ।

**ਡਿਜ਼ੀਟਲ ਆਰਥਿਕਤਾ ਦਾ ਰੋਜ਼ਮਰਾ ਅਸਰ** : ਕਲਪਨਾ ਕਰੋ ਕਿ ਇੱਕ ਬੱਚਾ ਸਵੇਰੇ ਉੱਠਦੇ ਸਾਰ ਫ਼ੋਨ ਚੁੱਕ ਲੈਂਦਾ ਹੈ। ਨਾਸ਼ਤੇ ਦੀ ਮੇਜ਼ 'ਤੇ ਪਹੁੰਚਣ ਤੋਂ ਪਹਿਲਾਂ ਹੀ, ਵੱਖ-ਵੱਖ ਡਿਜ਼ੀਟਲ ਪਲੇਟਫਾਰਮਾਂ ਦੇ ਐਲਗੋਰਿਦਮ ਬੱਚੇ ਦਾ ਧਿਆਨ ਖਿੱਚਣ ਲਈ ਮੁਕਾਬਲਾ ਕਰਨਾ ਸ਼ੁਰੂ ਕਰ ਚੁੱਕੇ ਹੁੰਦੇ ਹਨ। ਹਰ ਸਕ੍ਰੋਲ, ਸਵਾਈਪ ਅਤੇ ਸਰਚ ਨੂੰ ਚੁੱਪਚਾਪ ਰਿਕਾਰਡ ਕੀਤਾ ਜਾਂਦਾ ਹੈ, ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਆਰਥਿਕ ਮੁੱਲ ਵਿੱਚ ਬਦਲ ਲਿਆ ਜਾਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਡੇਟਾ ਨੂੰ ਸੰਕੇਤਾਂ ਦੇ ਰੂਪ ਵਿੱਚ ਬਦਲਕੇ ਬਹੁਤ ਸਾਰੇ ਐਡਵਰਟਾਈਜ਼ਰਾਂ ਤੱਕ ਭੇਜਣ ਦੀ ਇਹ ਪ੍ਰਕਿਰਿਆ ਸਿਰਫ਼ 50-100 ਮਿਲੀਸੈਕਿੰਡ ਵਿੱਚ (1 ਸੈਕਿੰਡ ਦਾ ਹਜ਼ਾਰਵਾਂ ਹਿੱਸਾ) ਹੁੰਦੀ ਹੈ, ਜੋ ਪਲਕ ਝਪਕਣ ਨਾਲੋਂ ਵੀ ਤੇਜ਼ ਹੈ।

ਇਸਦਾ ਮਤਲਬ ਇਹ ਹੈ ਕਿ ਬੱਚੇ ਨੂੰ ਸਕ੍ਰੀਨ 'ਤੇ ਆਈ ਕਿਸੇ ਚੀਜ਼ ਨੂੰ ਸੁਚੇਤ ਤੌਰ 'ਤੇ ਸਮਝਣ ਦਾ ਸਮਾਂ ਮਿਲਣ ਤੋਂ ਪਹਿਲਾਂ ਹੀ, ਇਸ਼ਤਿਹਾਰਦਾਤਿਆਂ ਦਰਮਿਆਨ ਉਸਦੀ ਸਵੈਚਾਲਿਤ ਨਿਲਾਮੀ ਹੋ ਚੁੱਕੀ ਹੁੰਦੀ ਹੈ ਅਤੇ ਉਸ ਪਲ ਦੇ ਧਿਆਨ 'ਤੇ ਇੱਕ ਸਕਿੰਟ ਦੇ ਦਸਵੇਂ ਹਿੱਸੇ ਤੋਂ ਵੀ ਘੱਟ ਸਮੇਂ ਵਿੱਚ ਬੋਲੀ ਲੱਗ ਚੁੱਕੀ ਹੁੰਦੀ ਹੈ। ਸਪਸ਼ਟ ਤੌਰ 'ਤੇ, ਜਿਸ ਬਚਪਨ ਨੂੰ ਅਸੀਂ ਜਿਗਿਆਸਾ, ਖੇਡ ਅਤੇ ਕਲਪਨਾ ਨਾਲ ਜੋੜਕੇ ਦੇਖਦੇ ਹਾਂ, ਤੇਜ਼ੀ ਨਾਲ ਅਜਿਹਾ ਬਾਜ਼ਾਰ ਬਣਦਾ ਜਾ ਰਿਹਾ ਹੈ ਜਿੱਥੇ ਧਿਆਨ ਨੂੰ ਇਸ ਮਨੋਰਥ ਲਈ ਹਥਿਆਇਆ, ਖ਼ਰੀਦਿਆ, ਵੇਚਿਆ ਅਤੇ ਆਪਣੇ ਕਾਰੋਬਾਰੀ ਹਿੱਤ ਅਨੁਸਾਰ ਢਾਲਿਆ ਜਾ ਰਿਹਾ ਹੈ ਤਾਂ ਜੋ ਸੱਤਾ ਵਿੱਚ ਬੈਠੇ ਲੋਕਾਂ ਦੀਆਂ ਜੇਬਾਂ ਭਰੀਆਂ ਜਾ ਸਕਣ।

**ਲਾਭਦਾਇਕ ਕਾਰੋਬਾਰੀ ਮਾਡਲ ਵਜੋਂ ਬਚਪਨ** : ਜ਼ਿਆਦਾਤਰ ਡਿਜ਼ੀਟਲ ਪਲੈਟਫਾਰਮ ਜਾਂ ਤਾਂ ਮੁਫ਼ਤ ਹਨ ਜਾਂ ਉਨ੍ਹਾਂ ਦੀ ਗਾਹਕੀ ਫ਼ੀਸ ਬਹੁਤ ਘੱਟ ਹੈ। ਇਹ ਪਲੈਟਫਾਰਮ ਹਰ ਕਿਸੇ ਦੀ ਵਧੇਰੇ ਪਹੁੰਚ ਵਿਚ ਹਨ ਕਿਉਂਕਿ ਇੱਥੇ ਵਰਤੋਂਕਾਰ ਦਾ ਧਿਆਨ ਹੀ ਉਪਜ ਹੈ। ਬੱਚੇ ਜਿੰਨਾ ਵੱਧ ਸਮਾਂ ਜੁੜੇ ਅਤੇ ਰੁੱਝੇ ਰਹਿੰਦੇ ਹਨ, ਵਿਗਿਆਪਨ ਰਾਹੀਂ ਆਮਦਨ ਓਨਾ ਹੀ ਵੱਧ ਹੁੰਦੀ ਹੈ। ਇਹ ਬੱਚਿਆਂ ਦੇ ਵਿਹਾਰ ਨਾਲ ਸੰਬੰਧਤ ਡੇਟਾ ਇਕੱਠਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ, ਜਿਸਦਾ ਵਪਾਰਕ ਮੁੱਲ ਬਹੁਤ ਉੱਚਾ ਹੁੰਦਾ ਹੈ। ਪਲੈਟਫਾਰਮਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਲਈ ਤਿਆਰ ਕੀਤਾ ਜਾਂਦਾ ਹੈ, ਕਈ ਵਾਰ ਬੱਚਿਆਂ ਦੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਕੀਮਤ 'ਤੇ।

ਅੱਜ ਦੀ ਡਿਜ਼ੀਟਲ ਆਰਥਿਕਤਾ ਵਿੱਚ ਧਿਆਨ ਕਰੰਸੀ ਵਾਂਗ ਕੰਮ ਕਰਦਾ ਹੈ। ਬੱਚਿਆਂ ਦਾ ਧਿਆਨ ਖ਼ਾਸ ਮੁੱਲ ਰੱਖਦਾ ਹੈ ਕਿਉਂਕਿ ਇਹ ਭਵਿੱਖ ਦੇ ਖ਼ਪਤਕਾਰਾਂ ਨੂੰ ਘੜਨ ਵਿੱਚ ਮਦਦ ਕਰਦਾ ਹੈ, ਜਿਸ ਨਾਲ ਬਚਪਨ ਲਾਭਦਾਇਕ ਮੰਡੀ ਬਣ ਜਾਂਦਾ ਹੈ। ਹਰਬਰਟ ਸਾਇਮਨ ਨੇ ਕਿਹਾ ਸੀ ਕਿ ਜਾਣਕਾਰੀ ਦੀ ਅਮੀਰੀ ਧਿਆਨ ਦੀ ਥੁੜ੍ਹ ਪੈਦਾ ਕਰਦੀ ਹੈ। ਅਸੀਂ ਅੱਜ ਦੀ ਆਰਥਿਕਤਾ ਵਿੱਚ ਇਸ ਵਿਚਾਰ ਨੂੰ ਹਕੀਕਤ ਬਣਦਾ ਵੇਖ ਰਹੇ ਹਾਂ। ਹਾਲੀਆ ਏਆਈ ਚੈਟਬੋਟ ਅਤੇ ਜ਼ਿਆਦਾਤਰ ਪਲੈਟਫਾਰਮ ਏਆਈ ਨਾਲ ਜੁੜ ਜਾਣ ਨਾਲ ਅਸੀਂ ਯਕੀਨੀ ਤੌਰ 'ਤੇ ਜਾਣਕਾਰੀ ਦੀ ਘਾਟ ਨੂੰ ਪਾਰ ਕਰ ਚੁੱਕੇ ਹਾਂ, ਪਰ ਸੰਬੰਧਤ ਜਾਣਕਾਰੀ ਦੀ ਪਛਾਣ ਕਰਨਾ ਅਤੇ ਜਾਣਕਾਰੀ ਦੇ ਬੋਝ ਹੇਠ ਦੱਬੇ ਜਾਣ ਤੋਂ ਬਚਣਾ ਅਜੇ ਵੀ ਚੁਣੌਤੀ ਬਣਿਆ ਹੋਇਆ ਹੈ। ਜਾਣਕਾਰੀ ਦੇ ਇਸ ਭੰਵਰ ਵਿੱਚ ਖੌਝਲ ਰਹੇ ਬੱਚਿਆਂ ਲਈ ਗਿਆਨ ਹਾਸਲ ਕਰਨ ਦਾ ਬੋਝ ਅਸਹਿ ਹੱਦ ਤੱਕ ਵਧ ਗਿਆ ਹੈ, ਜੋ ਉਨ੍ਹਾਂ ਦੇ ਵਿਕਾਸ ਨੂੰ ਕਈ ਪੱਧਰਾਂ 'ਤੇ ਪ੍ਰਭਾਵਿਤ ਕਰ ਰਿਹਾ ਹੈ।

**ਬੱਚਿਆਂ ਨੂੰ ਬਾਲਗ ਖ਼ਪਤਕਾਰਾਂ ਵਾਂਗ ਕਿਉਂ ਨਹੀਂ ਲਿਆ ਜਾ ਸਕਦਾ** : ਬੱਚਿਆਂ ਨੂੰ ਅਕਸਰ ਆਨਲਾਈਨ ਸਵੈ-ਕੰਟਰੋਲ ਰੱਖਣ ਲਈ ਕਿਹਾ ਜਾਂਦਾ ਹੈ। ਜਦੋਂ ਉਹ ਸਰਗਰਮ ਹੁੰਦੇ ਹਨ, ਤਾਂ ਉਹ ਅਜਿਹੀਆਂ ਤਕਨਾਲੋਜੀਆਂ ਨਾਲ ਆਦਾਨ-ਪ੍ਰਦਾਨ ਕਰ ਰਹੇ ਹੁੰਦੇ ਹਨ ਜਿਨ੍ਹਾਂ ਨੂੰ ਜਾਣ-ਬੁੱਝ ਕੇ ਵਿਹਾਰ ਵਿਗਿਆਨ (behaviour science) ਦੀ ਵਰਤੋਂ ਕਰਕੇ ਵਿਅਕਤੀ ਦਾ ਧਿਆਨ ਖਿੱਚਣ ਲਈ ਤਿਆਰ ਕੀਤਾ ਗਿਆ ਹੈ। ਉਸ ਹਾਲਤ ਵਿਚ ਸੰਜਮ ਦੀ ਉਮੀਦ ਕਰਨਾ ਮੁਸ਼ਕਲ ਹੈ ਜਦੋਂ ਇੱਕ ਪਾਸਾ ਅਜੇ ਇਨ੍ਹਾਂ ਤਕਨੀਕਾਂ ਨੂੰ ਵਰਤਣ ਦਾ ਵੱਲ ਸਿੱਖ ਰਿਹਾ ਹੋਵੇ ਅਤੇ ਆਪਣੇ ਆਵੇਗ-ਕੰਟਰੋਲ ਨੂੰ ਵਿਕਸਤ ਕਰ ਰਿਹਾ ਹੋਵੇ, ਜਦਕਿ ਦੂਜਾ ਪਾਸਾ ਵਿਹਾਰ ਵਿਗਿਆਨੀਆਂ, ਏਆਈ-ਆਧਾਰਤ ਨਿੱਜੀਕਰਨ ਅਤੇ ਵੱਧ ਤੋਂ ਵੱਧ ਧਿਆਨ ਮਗਨ ਹੋ ਜਾਣ ਲਈ ਡਿਜ਼ਾਇਨ ਕੀਤੀਆਂ ਤਕਨਾਲੋਜੀ ਵਿਧੀਆਂ ਦੀ ਵਰਤੋਂ ਕਰ ਰਿਹਾ ਹੋਵੇ। ਅਨੰਤ ਸਕ੍ਰੋਲ, ਆਟੋਪਲੇਅ ਅਤੇ ਇਨਾਮ ਵਰਗੀਆਂ ਖ਼ਾਸੀਅਤਾਂ ਇਤਫ਼ਾਕੀਆ ਲਾਭ ਨਹੀਂ ਹਨ, ਸਗੋਂ ਵਪਾਰਕ ਯੁੱਧਨੀਤੀਆਂ ਹਨ ਜੋ ਵਿਅਕਤੀ ਦੇ ਧਿਆਨ ਨੂੰ ਉੱਥੋਂ ਭਟਕਣ ਤੋਂ ਰੋਕਣ ਲਈ ਤਿਆਰ ਕੀਤੀਆਂ ਗਈਆਂ ਹਨ।




ਜੋਨਾਥਨ ਹੈਡਟ ਦੀ ਦਲੀਲ ਹੈ ਕਿ ਬਚਪਨ "ਖੇਡ-ਆਧਾਰਤ" ਤੋਂ "ਫ਼ੋਨ-ਆਧਾਰਤ" ਹੋ ਗਿਆ ਹੈ, ਕਿਉਂਕਿ ਸਮਾਰਟਫ਼ੋਨ ਅਤੇ ਸੋਸ਼ਲ ਮੀਡੀਆ ਤੇਜ਼ੀ ਨਾਲ ਬੱਚਿਆਂ ਦੇ ਸਮਾਜਿਕ, ਭਾਵਨਾਤਮਕ ਅਤੇ ਬੌਧਿਕ ਵਿਕਾਸ ਨੂੰ ਆਪਣੇ ਅਨੁਸਾਰ ਘੜ ਰਹੇ ਹਨ। ਹਾਲਾਂਕਿ ਇਸ ਵੱਲੋਂ ਨੌਜਵਾਨਾਂ ਦੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਨੂੰ ਲੈ ਕੇ ਵਾਜਬ ਚਿੰਤਾ ਪ੍ਰਗਟਾਈ ਹੈ, ਪਰ ਇਸ ਨੇ ਇੱਕ ਹੋਰ ਡੂੰਘੀ ਹਕੀਕਤ ਨੂੰ ਨਜ਼ਰ-ਅੰਦਾਜ਼ ਵੀ ਕਰ ਦਿੱਤਾ ਹੈ: ਬੱਚਿਆਂ ਦਾ ਧਿਆਨ ਕੀਮਤੀ ਆਰਥਿਕ ਵਸਤੂ ਬਣਾ ਦੇਣਾ।

**ਬੱਚਿਆਂ ਨੂੰ ਖ਼ਪਤਕਾਰ ਦੇ ਰੂਪ 'ਚ ਦੇਖਣ ਤੋਂ ਵਧਕੇ ਦੇਖਣਾ ਜ਼ਰੂਰੀ** : ਸਟੈਟਿਕਸ ਅਤੇ ਪ੍ਰੋਗਰਾਮ ਅਮਲਦਾਰੀ ਮੰਤਰਾਲੇ (ਐੱਮ.ਓ.ਐੱਸ.ਪੀ.ਆਈ.) ਦੇ ਸਰਵੇਖਣ ਅਨੁਸਾਰ, 85.5% ਭਾਰਤੀ ਪਰਿਵਾਰਾਂ ਕੋਲ ਘੱਟੋ-ਘੱਟ ਇੱਕ ਸਮਾਰਟਫ਼ੋਨ ਹੈ, ਜਦਕਿ 99.5% ਨੌਜਵਾਨ ਯੂਪੀਆਈ (ਕਈ ਬੈਂਕ ਖ਼ਾਤਿਆਂ ਦੇ ਭੁਗਤਾਨ ਨੂੰ ਇੱਕ ਮੋਬਾਈਲ ਐਪ ਰਾਹੀਂ ਸੰਚਾਲਤ ਕਰਨ) ਦੀ ਵਰਤੋਂ ਕਰ ਰਹੇ ਹਨ।

ਸਵਾਲ ਇਹ ਹੈ ਕਿ ਇਸ ਤੋਂ ਲਾਭ ਕਿਸ ਨੂੰ ਹੁੰਦਾ ਹੈ? ਇਸ ਦਾ ਮੁੱਲ ਕਿਸ ਨੂੰ ਤਾਰਨਾ ਪੈਂਦਾ ਹੈ?

ਜਿਵੇਂ-ਜਿਵੇਂ ਖੇਡ ਇਨਫਲੂਐਂਸਰ ਸੱਭਿਆਚਾਰ ਅਤੇ ਖ਼ਾਸ ਹਿੱਸਿਆਂ ਨੂੰ ਪ੍ਰਭਾਵਿਤ ਕਰਨ ਲਈ ਨਿਸ਼ਾਨਾ ਮਿੱਥਕੇ ਤਿਆਰ ਕੀਤੇ ਇਸ਼ਤਿਹਾਰਾਂ ਰਾਹੀਂ ਵਧੇਰੇ ਵਪਾਰਕ ਬਣਦੀ ਜਾ ਰਹੀ ਹੈ, ਬਚਪਨ ਖੁਦ ਇੱਕ ਹੋਰ ਮੰਡੀ ਬਣਨ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਇਸ ਦੇ ਨਤੀਜੇ ਸਾਰਿਆਂ 'ਤੇ ਬਰਾਬਰ ਅਸਰ ਨਹੀਂ ਪਾਉਂਦੇ। ਕਮਜ਼ੋਰ ਅਤੇ ਵਾਂਝੇ ਬੱਚੇ ਅਕਸਰ ਡਿਜ਼ੀਟਲ ਖ਼ਤਰਿਆਂ ਦੇ ਵੱਧ ਸੰਪਰਕ ਵਿੱਚ ਆਉਂਦੇ ਹਨ ਅਤੇ ਵਪਾਰਕ ਸ਼ੋਸ਼ਣ ਤੋਂ ਘੱਟ ਸੁਰੱਖਿਅਤ ਹੁੰਦੇ ਹਨ। ਇਸ ਲਈ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਧਿਆਨ ਆਰਥਿਕਤਾ ਬਾਰੇ ਕਿਸੇ ਵੀ ਚਰਚਾ ਦਾ ਕੇਂਦਰ ਹੋਣੀ ਚਾਹੀਦੀ ਹੈ।

ਸਮਾਜ ਬਾਲ ਮਜ਼ਦੂਰੀ 'ਤੇ ਪਾਬੰਦੀ ਲਗਾਉਂਦੇ ਹਨ ਕਿਉਂਕਿ ਬਚਪਨ ਆਰਥਿਕ ਸ਼ੋਸ਼ਣ ਤੋਂ ਸੁਰੱਖਿਆ ਦਾ ਹੱਕਦਾਰ ਹੈ। ਕੀ ਸਾਨੂੰ ਬੱਚਿਆਂ ਦੇ ਧਿਆਨ ਦੇ ਬੇਹਿਸਾਬ ਵਪਾਰਕ ਸ਼ੋਸ਼ਣ 'ਤੇ ਵੀ ਸਵਾਲ ਨਹੀਂ ਉਠਾਉਣਾ ਚਾਹੀਦਾ? ਕੀ ਅਸੀਂ ਜਿਨ੍ਹਾਂ ਦੇ ਵੀ ਡਿਜ਼ੀਟਲ ਮਾਹੌਲ ਵਿੱਚ ਹਿਤ ਹਨ, ਉਨ੍ਹਾਂ ਨੂੰ ਬੱਚਿਆਂ ਦੇ ਅਧਿਕਾਰਾਂ ਬਾਰੇ ਸੁਚੇਤ ਕਰ ਰਹੇ ਹਾਂ?

**ਵਿਅਕਤੀਗਤ-ਮਾਪਿਆਂ ਦੀ ਜ਼ਿੰਮੇਵਾਰੀ ਤੋਂ ਸਾਂਝੀ ਕਾਰਵਾਈ ਵੱਲ** : "ਆਪਣੇ ਡਿਜੀਟਲ ਯੰਤਰ ਦੂਰ ਰੱਖੋ"— ਅੱਜ ਤਕਰੀਬਨ ਹਰ ਘਰ ਵਿੱਚ ਸੁਣੀ ਜਾਣ ਵਾਲੀ ਇਹ ਆਮ ਤਾਕੀਦ ਹੈ। ਮਾਪੇ ਗੁੱਸੇ 'ਚ, ਉਲਝਣ 'ਚ ਅਤੇ ਬੇਵੱਸ ਹਨ; ਬੱਚੇ ਹੋਰ ਜ਼ਿਆਦਾ ਮਨ-ਮੌਜੀ ਹੁੰਦੇ ਜਾ ਰਹੇ ਹਨ, ਉਹ ਇਸਦੇ ਬਦਲ ਲੱਭਦੇ ਰਹਿੰਦੇ ਹਨ ਅਤੇ ਅਖ਼ੀਰਕਾਰ ਦੋਵੇਂ ਧਿਰਾਂ ਹਾਰ ਮੰਨ ਲੈਂਦੀਆਂ ਹਨ। ਕੀ ਡਿਜ਼ੀਟਲ ਵਰਤੋਂ ਨੂੰ ਨੇਮਬੱਧ ਕਰਨ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਮਾਪਿਆਂ 'ਤੇ ਹੈ ਜਾਂ ਇਹ ਸਰਕਾਰ ਅਤੇ ਤਕਨਾਲੋਜੀ ਕੰਪਨੀਆਂ ਦੀ ਜ਼ਿੰਮੇਵਾਰੀ ਬਣਦੀ ਹੈ?

ਵਿਸ਼ਵ ਪੱਧਰ 'ਤੇ, ਨੀਤੀ-ਘਾੜੇ ਇਸ ਸੰਕਟ ਦਾ ਜਵਾਬ ਦੇਣਾ ਸ਼ੁਰੂ ਕਰ ਰਹੇ ਹਨ। ਯੂਕੇ ਦਾ ਏਜ ਐਪ੍ਰੋਪਰੀਏਟ ਡਿਜ਼ਾਇਨ ਕੋਡ ਅਤੇ ਯੂਰਪੀ ਯੂਨੀਅਨ ਦਾ ਡਿਜ਼ੀਟਲ ਸਰਵਿਸਿਜ਼ ਐਕਟ ਇਸ ਵਧਦੀ ਹੋਈ ਸਮਝ ਨੂੰ ਦਰਸਾਉਂਦੇ ਹਨ ਕਿ ਬੱਚਿਆਂ ਨੂੰ ਆਨਲਾਈਨ ਸੁਰੱਖਿਅਤ ਰੱਖਣਾ ਸਿਰਫ਼ ਮਾਪਿਆਂ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਡਿਜ਼ੀਟਲ ਪਲੇਟਫਾਰਮਾਂ ਨੂੰ ਇਸ ਲਈ ਜਵਾਬਦੇਹ ਬਣਾਉਣ ਦੀ ਲੋੜ ਹੈ।

ਸਿੱਖਿਆ ਵਿੱਚ ਆਨਲਾਈਨ ਸੁਰੱਖਿਆ ਬਾਰੇ ਯੂਨੀਸੈਫ ਇੰਡੀਆ ਦੀ 2025 ਦੀ ਇੱਕ ਤਾਜ਼ਾ ਰਿਪੋਰਟ ਨੇ ਸਿੱਟਾ ਕੱਢਿਆ ਕਿ ਜਿੱਥੇ ਡਿਜ਼ੀਟਲ ਤਕਨਾਲੋਜੀਆਂ ਨੇ ਸਿੱਖਣ ਅਤੇ ਭਾਗੀਦਾਰੀ ਦੇ ਮੌਕੇ ਵਧਾਏ ਹਨ, ਉੱਥੇ ਉਨ੍ਹਾਂ ਨੇ ਬੱਚਿਆਂ ਨੂੰ ਨਿੱਜਤਾ ਦੇ ਖ਼ਤਰਿਆਂ, ਵਪਾਰਕ ਸ਼ੋਸ਼ਣ ਅਤੇ ਆਨਲਾਈਨ ਨੁਕਸਾਨਾਂ ਦੇ ਵੱਧ ਸੰਪਰਕ ਵਿੱਚ ਵੀ ਲਿਆ ਦਿੱਤਾ ਹੈ, ਜੋ ਬੱਚਾ-ਕੇਂਦਰਿਤ ਡਿਜ਼ੀਟਲ ਨਿਗਰਾਨ ਵਿਵਸਥਾ ਦੀ ਲੋੜ ਉੱਪਰ ਜ਼ੋਰ ਦਿੰਦਾ ਹੈ।

ਡਿਜ਼ੀਟਲ ਯੁੱਗ ਵਿੱਚ ਬਚਪਨ ਦੀ ਸੁਰੱਖਿਆ ਲਈ ਸਿਰਫ਼ ਡਿਜ਼ੀਟਲ ਸਾਖ਼ਰਤਾ ਹੀ ਕਾਫ਼ੀ ਨਹੀਂ ਹੈ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਧਿਆਨ ਮਹਿਜ਼ ਇੱਕ ਮੁਨਾਫ਼ਾ ਕਮਾਊ ਵਪਾਰਕ ਸਰੋਤ ਨਹੀਂ ਹੈ, ਸਗੋਂ ਵਿਕਾਸ ਲਈ ਮੂਲ ਲੋੜ ਹੈ। ਬਚਪਨ ਨੂੰ ਜਿਗਿਆਸਾ, ਰਿਸ਼ਤਿਆਂ ਅਤੇ ਕਲਪਨਾ ਦੁਆਰਾ ਘੜਿਆ-ਤਰਾਸ਼ਿਆ ਜਾਣਾ ਜ਼ਰੂਰੀ ਹੈ, ਨਾ ਕਿ ਉਨ੍ਹਾਂ ਐਲਗੋਰਿਦਮਾਂ ਦੁਆਰਾ ਜਿਨ੍ਹਾਂ ਦੀ ਸਫ਼ਲਤਾ ਨੌਜਵਾਨ ਮਨਾਂ ਨੂੰ ਵੱਧ ਤੋਂ ਵੱਧ ਸਮੇਂ ਤੱਕ ਸਕ੍ਰੀਨ ਉੱਪਰ ਰੁਝਾਈ ਰੱਖਣ 'ਤੇ ਨਿਰਭਰ ਕਰਦੀ ਹੈ। ਸਵਾਲ ਇਹ ਹੈ ਕਿ ਕੀ ਸਮਾਜ ਅਜਿਹੇ ਆਰਥਿਕ ਮਾਡਲ 'ਤੇ ਸੀਮਾਵਾਂ ਲਗਾਉਣ ਲਈ ਤਿਆਰ ਹਨ ਜੋ ਬੱਚਿਆਂ ਨੂੰ ਆਨਲਾਈਨ ਰੁੱਝੇ ਰੱਖ ਕੇ ਮੁਨਾਫ਼ਾ ਕਮਾਉਂਦੇ ਹਨ।

ਭਾਰਤ ਲਈ, ਜਿੱਥੇ ਕਿਫ਼ਾਇਤੀ ਸਮਾਰਟਫ਼ੋਨ ਅਤੇ ਸਸਤੇ ਮੋਬਾਈਲ ਡੇਟਾ ਨੇ ਬੱਚਿਆਂ ਦੀ ਇੰਟਰਨੈੱਟ ਤੱਕ ਪਹੁੰਚ ਬੇਹੱਦ ਵਧਾ ਦਿੱਤੀ ਹੈ, ਚੁਣੌਤੀ ਹੁਣ ਇਹ ਨਹੀਂ ਹੈ ਕਿ ਨੌਜਵਾਨਾਂ ਨੂੰ ਆਨਲਾਈਨ ਹੋਣਾ ਚਾਹੀਦਾ ਹੈ ਜਾਂ ਨਹੀਂ। ਚੁਣੌਤੀ ਇਹ ਯਕੀਨੀ ਬਣਾਉਣ ਦੀ ਹੈ ਕਿ ਡਿਜ਼ੀਟਲ ਭਾਗੀਦਾਰੀ ਦੇ ਨਾਲ-ਨਾਲ ਢੁੱਕਵੀਂ ਡਿਜ਼ੀਟਲ ਸੁਰੱਖਿਆ ਵੀ ਹੋਵੇ।

ਦੁਨੀਆ ਦੀਆਂ ਸਭ ਤੋਂ ਵੱਡੀਆਂ ਅਤੇ ਸਭ ਤੋਂ ਨੌਜਵਾਨ ਆਨਲਾਈਨ ਆਬਾਦੀਆਂ ਵਿੱਚੋਂ ਇੱਕ ਹੋਣ ਦੇ ਨਾਤੇ, ਭਾਰਤ ਕੋਲ ਡਿਜ਼ੀਟਲ ਨਿਗਰਾਨ ਵਿਵਸਥਾ ਦਾ ਅਜਿਹਾ ਮਾਡਲ ਤਿਆਰ ਕਰਨ ਦਾ ਮੌਕਾ ਹੈ ਜੋ ਤਕਨਾਲੋਜੀ ਨਵੀਨਤਾ ਵਾਂਗ ਹੀ ਬੱਚਿਆਂ ਦੇ ਅਧਿਕਾਰਾਂ ਨੂੰ ਵੀ ਬਰਾਬਰ ਮਹੱਤਵ ਦੇਵੇ।

# ਵੈਨੇਜ਼ੁਏਲਾ ਭੂਚਾਲ ਅਤੇ ਟਰੰਪ ਦੇ ਨਿਊਕ ਟੈਸਟ ਦੀ ਅਫ਼ਵਾਹ ਪਿੱਛੇ ਕਿੰਨੀ ਕੁ ਸਚਾਈ?

ਸੁਰਜੀਤ ਸਿੰਘ ਫਲੋਰਾ
647-829-9397

ਜਦੋਂ ਆਫ਼ਤ ਆਉਂਦੀ ਹੈ, ਅਫ਼ਵਾਹਾਂ ਕਈ ਵਾਰ ਰਾਹਤ ਟੀਮਾਂ ਤੋਂ ਪਹਿਲਾਂ ਪਹੁੰਚ ਜਾਂਦੀਆਂ ਹਨ। ਵੈਨੇਜ਼ੁਏਲਾ ਵਿੱਚ 24 ਜੂਨ 2026 ਨੂੰ ਆਏ ਭੂਚਾਲਾਂ ਬਾਰੇ ਚਰਚਾ ਵਿੱਚ ਵੀ ਇਹੀ ਹੋਇਆ। ਕੁਝ ਪੋਸਟਾਂ ਨੇ ਦਾਅਵਾ ਕੀਤਾ ਕਿ ਇਹ ਹਲਚਲ ਅਸਲ ਭੂਚਾਲ ਨਹੀਂ ਸੀ, ਸਗੋਂ ਇਰਾਨ ਨਾਲ ਜੁੜਿਆ ਹੋਇਆ ਟਰੰਪ ਦਾ ਛੁਪਿਆ ਹੋਇਆ ਹਥਿਆਰ ਟੈਸਟ ਸੀ।

ਰਿਕਾਰਡ ਇਸ ਤੋਂ ਕਾਫ਼ੀ ਸਾਫ਼, ਪਰ ਕਾਫ਼ੀ ਦੁਖਦਾਈ ਤਸਵੀਰ ਦਿਖਾਉਂਦਾ ਹੈ। ਭੂਚਾਲ ਅਸਲ ਸਨ। ਸਾਜ਼ਿਸ਼ ਵਾਲੀ ਕਹਾਣੀ ਰਾਜਨੀਤਿਕ ਤਣਾਅ, ਜਲਦੀ ਵਿੱਚ ਕੀਤੀਆਂ ਪੋਸਟਾਂ ਅਤੇ ਟੁੱਟੀ-ਫੁੱਟੀ ਭਾਸ਼ਾ ਦਾ ਨਤੀਜਾ ਸੀ।

24 ਜੂਨ 2026 ਨੂੰ ਵੈਨੇਜ਼ੁਏਲਾ ਵਿੱਚ 39 ਸਕਿੰਟ ਦੇ ਅੰਤਰ ਨਾਲ ਦੋ ਵੱਡੇ ਭੂਚਾਲ ਆਏ। ਪਹਿਲਾ ਝਟਕਾ ਸ਼ਾਮ 6:04 ਵਜੇ ਸਥਾਨਕ ਸਮੇਂ ਅਨੁਸਾਰ 7.2 ਤੀਬਰਤਾ ਦਾ ਸੀ, ਜਦਕਿ ਦੂਜਾ ਹੋਰ ਵੀ ਤਗੜਾ ਝਟਕਾ 7.5 ਮਾਪਿਆ ਗਿਆ। ਰਿਪੋਰਟਾਂ ਮੁਤਾਬਕ ਕੇਂਦਰ ਯਾਰਾਕੁਈ ਰਾਜ ਦੇ ਯਾਮਾਰਾ ਵਿੱਚ ਸੀ, ਜੋ ਕਰਾਕਸ ਤੋਂ ਪੱਛਮ ਵੱਲ ਹੈ। ਭੂਚਾਲ ਵਿਗਿਆਨੀਆਂ ਨੇ ਇਸ ਘਟਨਾ ਨੂੰ ਸਾਨ ਸੇਬਾਸਤਿਅਨ ਫੌਲਟ ਸਿਸਟਮ ਨਾਲ ਜੋੜਿਆ। ਇਹ ਸਟਰਾਇਕ-ਸਲਿਪ ਕਿਸਮ ਦੀ ਹਲਚਲ ਸੀ, ਜਦੋਂ ਭੂਪਟਲ ਦੇ ਹਿੱਸੇ ਇਕ ਦੂਜੇ ਦੇ ਨਾਲ-ਨਾਲ ਸਰਕਦੇ ਹਨ।

ਇਹ ਗੱਲ ਮਹੱਤਵਪੂਰਨ ਹੈ ਕਿਉਂਕਿ ਇਹ ਲੜੀ ਇੱਕ ਜਾਣੇ-ਪਛਾਣੇ ਟੈਕਟੋਨਿਕ ਸੈਟਿੰਗ ਨਾਲ ਮੇਲ ਖਾਂਦੀ ਸੀ। ਹਾਲਾਤ ਵੇਖਣ ਵਿੱਚ ਸੰਗਠਿਤ ਹਮਲੇ ਵਰਗੇ ਲੱਗੇ, ਪਰ ਸਰੋਤ ਸਾਫ਼ ਤੌਰ ਤੇ ਭੂਗਰਭੀ ਸੀ। ਇਹ ਵੈਨਿਜ਼ੁਏਲਾ ਵਿੱਚ 125 ਸਾਲ ਤੋਂ ਵੱਧ ਸਮੇਂ ਬਾਅਦ ਆਇਆ ਸਭ ਤੋਂ ਤਗੜਾ ਭੂਚਾਲ ਵੀ ਮੰਨਿਆ ਗਿਆ। ਸ਼ਾਇਦ ਇਸੇ ਕਰਕੇ ਨੁਕਸਾਨ ਇੰਨੀ ਤੇਜ਼ੀ ਨਾਲ ਫੈਲਿਆ। ਸਭ ਤੋਂ ਵੱਧ ਪ੍ਰਭਾਵ ਕਰਾਕਸ ਅਤੇ ਲਾ ਗੁਆਇਰਾ ਵਿੱਚ ਹੋਇਆ। ਲਾ ਗੁਆਇਰਾ ਵਿੱਚ 250 ਤੋਂ ਵੱਧ ਰਿਹਾਇਸ਼ੀ ਇਮਾਰਤਾਂ ਡਿੱਗਣ ਦੀ ਗੱਲ ਆਈ। ਕਰਾਕਸ ਵਿੱਚ ਲੋਸ ਪਾਲੋਸ ਗਰਾਂਦੇਸ ਅਤੇ ਆਲਤਾਮੀਰਾ ਵਰਗੇ ਇਲਾਕੇ ਪ੍ਰਭਾਵਿਤ ਹੋਏ, ਅਤੇ ਦੱਖਣ-ਪੂਰਬੀ ਹਿੱਸੇ ਦੀਆਂ ਵੱਡੀਆਂ ਇਮਾਰਤਾਂ ਨੂੰ ਕਾਫ਼ੀ ਨੁਕਸਾਨ ਹੋਇਆ। ਸਿਮੋਨ ਬੋਲੀਵਾਰ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਵੀ ਨੁਕਸਾਨ ਹੋਇਆ ਅਤੇ ਉਡਾਣਾਂ ਰੋਕਣੀਆਂ ਪਈਆਂ। ਤਟਵਰਤੀ ਇਲਾਕਿਆਂ ਵਿੱਚ ਕਈ ਘੰਟਿਆਂ ਤੱਕ ਸੁਨਾਮੀ ਦਾ ਡਰ ਬਣਿਆ ਰਿਹਾ।

ਐਮਰਜੈਂਸੀ ਟੀਮਾਂ ਨੇ ਇਸ ਘਟਨਾ ਨੂੰ ਵੱਡੀ ਕੁਦਰਤੀ ਆਫ਼ਤ ਵਜੋਂ ਦੱਸਿਆ, ਕਿਉਂਕਿ ਸ਼ੁਰੂਆਤੀ ਨਿਸ਼ਾਨੇ ਵੀ ਉਸੇ ਪਾਸੇ ਇਸ਼ਾਰਾ ਕਰ ਰਹੇ ਸਨ। ਝਟਕਿਆਂ ਤੋਂ ਬਾਅਦ ਆਫ਼ਟਰਸ਼ਾਕ ਆਏ, ਨੁਕਸਾਨ ਦੇ ਨਕਸ਼ੇ ਬਣੇ, ਮਲਵੇ ਦੇ ਮਲਵੇ ਡਿਗਣ ਦੇ ਹਾਦਸੇ ਸਾਹਮਣੇ ਆਏ ਅਤੇ ਮੈਦਾਨੀ ਰਿਪੋਰਟਾਂ ਆਈਆਂ ਜਿਹੜੀਆਂ ਇੱਕ ਵੱਡੇ ਚਟਾਂਨਾ ਟੁੱਟਣ ਨਾਲ ਮੇਲ ਖਾਂਦੀਆਂ ਸਨ। ਮਲਬੇ ਵਿੱਚੋਂ ਲੋਕਾਂ ਨੂੰ ਕੱਢਦੇ ਹੋਏ ਮੌਤਾਂ ਅਤੇ ਜ਼ਖ਼ਮੀਆਂ ਦੀ ਗਿਣਤੀ ਵਧਦੀ ਗਈ।



ਸ਼ੁਰੂਆਤੀ ਅਧਿਕਾਰਿਕ ਰਿਪੋਰਟਾਂ ਵਿੱਚ ਘੱਟੋ-ਘੱਟ 235 ਮੌਤਾਂ ਅਤੇ 4,300 ਤੋਂ ਵੱਧ ਜ਼ਖ਼ਮੀ ਪਾਏ ਗਏ। ਕੁਝ ਹਸਪਤਾਲ'ਚ ਭਰਤੀ ਵਿੱਚ ਇਹ ਗਿਣਤੀ ਹੋਰ ਵੱਡੀ ਦੱਸੀ ਗਈ, ਜਿਸ ਵਿੱਚ 1,400 ਤੋਂ ਵੱਧ ਮੌਤਾਂ ਅਤੇ ਹਜ਼ਾਰਾਂ ਜ਼ਖ਼ਮੀ ਸ਼ਾਮਲ ਸਨ। ਪਹਿਲੇ ਦਿਨ ਗੁੰਮਸ਼ੁਦਾ ਲੋਕਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧੀ, ਜੋ ਸੰਚਾਰ ਟੁੱਟਣ ਤੋਂ ਬਾਅਦ ਆਮ ਗੱਲ ਹੈ। ਲਾ ਗੁਆਇਰਾ ਨੂੰ ਅਧਿਕਾਰੀਆਂ ਨੇ ਆਫ਼ਤ-ਪ੍ਰਭਾਵਿਤ ਖੇਤਰ ਘੋਸ਼ਿਤ ਕੀਤਾ ਅਤੇ ਆਫ਼ਟਰਸ਼ਾਕ ਰੁਕੇ ਨਹੀਂ।

(ਸਫ਼ਾ 36 ਦੀ ਬਾਕੀ)

**ਕੈਨੇਡਾ ਡੇਅ**

# ਦੇਸ਼ ਦੇ ਜਨਮ ਦਿਨ ਦੀਆਂ ਮੁਬਾਰਕਾਂ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ




1 ਜੁਲਾਈ, 2026 ਨੂੰ ਸੰਸਾਰ ਵਿੱਚ ਦੂਸਰੇ ਵੱਡੇ ਇਸ ਦੇਸ਼ ਦਾ 159 ਵਾਂ ਜਨਮ ਦਿਨ ਹੈ। ਇਹ ਦਿਨ 1867 ਵਿੱਚ ਕੈਨੇਡੀਅਨ ਕਨਫੈਡਰੇਸ਼ਨ ਦੀ ਵਰ੍ਹੇਗੰਢ ਵਾਲਾ ਇਤਿਹਾਸਕ ਦਿਨ ਹੈ ਅਤੇ ਸਾਲ 1982 ਤੱਕ ਇਸ ਦਿਨ ਨੂੰ 'ਡੋਮੀਨੀਅਨ ਡੇਅ' ਕਿਹਾ ਜਾਂਦਾ ਰਿਹਾ ਸੀ। ਕੈਨੇਡਾ ਦਿਵਸ 1 ਜੁਲਾਈ, 1867 ਨੂੰ ਕੈਨੇਡਾ ਦੇ ਡੋਮੀਨੀਅਨ ਦੇ ਗਠਨ ਦੀ ਯਾਦ ਦਿਵਾਉਂਦਾ ਹੈ, ਜਦੋਂ ਬ੍ਰਿਟਿਸ਼ ਉੱਤਰੀ ਅਮਰੀਕਾ ਐਕਟ (ਹੁਣ ਸੰਵਿਧਾਨ ਐਕਟ, 1867) ਨੇ ਓਂਟਾਰੀਓ, ਕਿਊਬੈਕ, ਨੋਵਾ ਸਕੋਸ਼ੀਆ ਅਤੇ ਨਿਊ ਬਰੰਜ਼ਵਿਕ ਦੀਆਂ ਬਸਤੀ ਰਿਆਸਤਾਂ ਨੂੰ ਬ੍ਰਿਟਿਸ਼ ਸਾਮਰਾਜ ਦੇ ਅੰਦਰ ਇੱਕ ਦੇਸ਼ ਵਿੱਚ ਇਕਜੁੱਟ ਕੀਤਾ। ਕੈਨੇਡਾ ਦੇ ਡੋਮੀਨੀਅਨ ਦੇ ਗਠਨ ਨਾਲ, ਬ੍ਰਿਟਿਸ਼ ਸਾਮਰਾਜ ਦੇ ਅੰਦਰ ਇੱਕ ਸਵੈ-ਸ਼ਾਸਨ ਵਾਲਾ ਰਾਜ ਬਣਾਇਆ ਗਿਆ ਜਦੋਂ ਕਿ ਕੈਨੇਡੀਅਨ ਸੰਵਿਧਾਨ, ਯੂਨਾਈਟਿਡ ਕਿੰਗਡਮ ਤੋਂ ਦੇਸ਼ ਦੀ ਪੂਰੀ ਪ੍ਰਭੂਸੱਤਾ ਦੀ ਨਿਸ਼ਾਨਦੇਹੀ ਕਰਦਾ ਸੀ। ਮੂਲ ਰੂਪ ਵਿੱਚ ਡੋਮੀਨੀਅਨ ਡੇਅ ਕਿਹਾ ਜਾਂਦਾ ਰਿਹਾ, ਪਰ ਸਾਲ 1982 ਵਿੱਚ ਇਸ ਛੁੱਟੀ ਦਾ ਨਾਮ ਬਦਲ ਕੇ ਕੈਨੇਡਾ ਦਿਵਸ ਰੱਖਿਆ ਗਿਆ। ਇਸ ਨੂੰ ਅਕਸਰ "ਕੈਨੇਡਾ ਦਾ ਜਨਮਦਿਨ" ਕਿਹਾ ਜਾਂਦਾ ਹੈ। ਇਹ ਦੇਸ਼ ਦੀ ਪੂਰੀ ਆਜ਼ਾਦੀ ਦੇ ਰਾਹ ਵਿੱਚ ਇੱਕ ਮੁੱਖ ਮੀਲ ਪੱਥਰ ਦੀ ਨੁਮਾਇੰਦਗੀ ਕਰਦਾ ਹੈ।

ਕੈਨੇਡਾ ਦੇਸ਼, ਯੂਨੀਅਨ ਕਨਫੈਡਰੇਸ਼ਨ ਦੇ ਸੰਸਥਾਪਕਾਂ ਦੀ ਅਗਵਾਈ ਗੱਲਬਾਤ ਦਾ ਨਤੀਜਾ ਸੀ, ਜਿਸ ਵਿੱਚ ਸਰ ਜੌਨ ਏ. ਮੈਕਡੋਨਲਡ ਦੀ ਮੁੱਖ ਭੂਮੀਕਾ ਰਹੀ ਅਤੇ ਉਹ ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ। ਇਸ ਨੇ ਕੈਨੇਡਾ ਦੇ ਸ਼ਾਸਨ ਲਈ ਇੱਕ ਮੂਲਢਾਂਚਾ ਪ੍ਰਦਾਨ ਕੀਤਾ ਅਤੇ ਭਵਿੱਖ ਦੇ ਵਿਸਥਾਰ ਦਾ ਅਧਾਰ ਬਣਾਇਆ। ਬਾਅਦ ਵਿੱਚ ਇਸ ਖਿੱਤੇ ਦੀਆਂ ਹੋਰ ਯੁਰੋਪੀਅਨ ਬਸਤੀਆਂ, ਮੌਜੂਦਾ ਪ੍ਰੋਵਿਨਸਾਂ ਦੇ ਰੂਪ ਵਿੱਚ ਵਾਰੀ ਵਾਰੀ ਸ਼ਾਮਲ ਹੋਈਆਂ। ਨੇਟਿਵ ਮੂਲਨਿਵਾਸੀ ਲੋਕਾਂ ਦੀ ਧਰਤੀ ਤੇ ਵਸੇ, ਅੱਜ ਦੇ ਇੱਕ ਕਰੋੜ ਵਰਗ ਕਿਲੋਮੀਟਰ ਖੇਤਰਫਲ ਵਾਲੇ ਇਸ ਦੇਸ਼ ਵਿੱਚ ਕੁੱਲ ਦਸ ਪਰੋਵਿੰਸ (ਸੂਬੇ) ਅਤੇ ਤਿੰਨ ਟੈਰੇਟਰੀਸ (ਪ੍ਰਦੇਸ਼) ਹਨ। ਇਥੇ ਔਸਤਨ ਇੱਕ ਕਿਲੋਮੀਟਰ ਖੇਤਰਫਲ਼ ਜਗਹ ਵਿੱਚ ਸਿਰਫ ਤਿੰਨ ਵਿਅਕਤੀ ਵਸਦੇ ਹਨ। ਇਨਸਾਨੀ ਆਬਾਦੀ ਦੀ ਸੰਘਣੇਪਣ ਦੇ ਹਿਸਾਬ ਨਾਲ, ਕੈਨੇਡਾ ਸੰਸਾਰ ਦੇ ਘੱਟ ਆਬਾਦੀ ਵਾਲੇ ਮੁਲਕਾਂ ਵਿੱਚ ਚੌਥੇ ਨੰਬਰ ਵਾਲਾ ਦੇਸ਼ ਹੈ। ਕੈਨੇਡਾ ਦਿਵਸ ਕੈਨੇਡੀਅਨਾਂ ਲਈ ਆਪਣੀ ਵਿਰਾਸਤ, ਵਿਭਿੰਨਤਾ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਉਣ, ਦੇਸ਼ ਦੇ ਸੱਭਿਆਚਾਰ ਅਤੇ ਲੋਕਾਂ ਦਾ ਜਸ਼ਨ ਮਨਾਉਣ ਲਈ ਇੱਕ ਦਿਨ ਵਜੋਂ ਕੰਮ ਕਰਦਾ ਹੈ। ਇਹ ਇੱਕ ਇਕਜੁੱਟ ਮੌਕਾ ਹੈ ਜੋ ਕੈਨੇਡਾ ਦੀ ਧਰਤੀ, ਇਤਿਹਾਸ ਅਤੇ ਭਾਈਚਾਰਿਆਂ ਦੀ ਅਮੀਰੀ ਨੂੰ ਉਜਾਗਰ ਕਰਦਾ ਹੈ।

ਸਾਲ 1982 ਵਿੱਚ ਕੈਨੇਡਾ ਐਕਟ ਤੋਂ ਬਾਅਦ ਇਸ ਛੁੱਟੀ ਦਾ ਅਧਿਕਾਰਤ ਤੌਰ 'ਤੇ ਨਾਮ ਬਦਲ ਕੇ ਕੈਨੇਡਾ ਡੇਅ ਰੱਖਿਆ ਗਿਆ ਸੀ, ਜਿਸ ਨੇ ਯੂਨਾਈਟਿਡ ਕਿੰਗਡਮ ਤੋਂ ਕੈਨੇਡੀਅਨ ਸੰਵਿਧਾਨ ਨੂੰ ਪੂਰੀ ਪ੍ਰਭੂਸੱਤਾ ਪ੍ਰਦਾਨ ਕੀਤੀ ਸੀ। ਇਹ ਤਬਦੀਲੀ ਬਸਤੀਵਾਦੀ ਯੁੱਗ ਦੀ ਸ਼ਬਦਾਵਲੀ ਤੋਂ ਦੂਰ ਜਾ ਕੇ ਵਧੇਰੇ ਸੁਤੰਤਰ ਰਾਸ਼ਟਰੀ ਪਛਾਣ ਨੂੰ ਦਰਸਾਉਂਦੀ ਹੈ। ਇਸ ਦਿਨ ਨੂੰ ਮਨਾਉਣ ਦਾ ਰਿਵਾਜ਼ ਦਾ ਚਲਣ ਸਾਲ ਦਰ ਸਾਲ ਪੈਦਾ ਹੋਇਆ। ਅੱਜ ਕੈਨੇਡਾ ਦਿਵਸ ਦੇਸ਼ ਭਰ ਵਿੱਚ ਪਰੇਡਾਂ, ਝੰਡੇ ਦੇ ਪ੍ਰਦਰਸ਼ਨ, ਸੰਗੀਤ ਸਮਾਰੋਹ, ਆਤਿਸ਼ਬਾਜ਼ੀ ਅਤੇ ਨਾਗਰਿਕਤਾ ਸਮਾਰੋਹਾਂ ਨਾਲ ਮਨਾਇਆ ਜਾਂਦਾ ਹੈ, ਜਿਨ੍ਹਾਂ ਨੂੰ ਅਕਸਰ ਗੈਰ ਰਸਮੀ ਤੌਰ 'ਤੇ ਕੈਨੇਡਾ ਦਾ ਜਨਮ ਦਿਨ ਕਿਹਾ ਜਾਂਦਾ ਹੈ। ਜਸ਼ਨਾਂ ਵਿੱਚ ਕੈਨੇਡੀਅਨ ਝੰਡੇ ਅਤੇ ਮੈਪਲ ਪੱਤੇ ਦੇ ਦੇਸ਼ ਭਗਤੀ ਦੇ ਪ੍ਰਦਰਸ਼ਨ ਹੁੰਦੇ ਹਨ, ਜੋ ਰਾਸ਼ਟਰੀ ਮਾਣ ਅਤੇ ਏਕਤਾ ਦਾ ਪ੍ਰਤੀਕ ਹਨ। ਬਹੁਤ ਸਾਰੇ ਕੈਨੇਡੀਅਨ ਲਾਲ ਅਤੇ ਚਿੱਟੇ ਕੱਪੜੇ ਪਹਿਨਦੇ ਹਨ, ਚਿਹਰੇ ਦੇ ਪੇਂਟ ਦੀ ਵਰਤੋਂ ਕਰਦੇ ਹਨ, ਜਾਂ ਆਪਣੇ ਰਾਸ਼ਟਰੀ ਮਾਣ ਨੂੰ ਦਰਸਾਉਣ ਲਈ ਮੈਪਲ ਲੀਫ ਪਿੰਨ ਅਤੇ ਅਸਥਾਈ ਟੈਟੂ ਪ੍ਰਦਰਸ਼ਿਤ ਕਰਦੇ ਹਨ। ਨਵੇਂ ਕੈਨੇਡੀਅਨਾਂ ਲਈ ਨਾਗਰਿਕਤਾ ਸਮਾਰੋਹ ਆਮ ਤੌਰ 'ਤੇ 1 ਜੁਲਾਈ ਨੂੰ ਆਯੋਜਿਤ ਕੀਤੇ ਜਾਂਦੇ ਹਨ, ਜੋ ਤਿਉਹਾਰਾਂ ਵਿੱਚ ਇੱਕ ਸਾਰਥਕ ਪਹਿਲੂ ਜੋੜਦੇ ਹਨ। ਦੇਸ਼ ਭਰ ਵਿੱਚ, ਕੈਨੇਡਾ ਦਿਵਸ ਪਰੇਡਾਂ, ਸਮਾਰੋਹਾਂ, ਆਤਿਸ਼ਬਾਜ਼ੀ ਅਤੇ ਭਾਈਚਾਰਕ ਤਿਉਹਾਰਾਂ ਦੁਆਰਾ ਮਨਾਇਆ ਜਾਂਦਾ ਹੈ। ਰਾਜਧਾਨੀ ਓਟਾਵਾ ਵਿੱਚ, ਸਭ ਤੋਂ ਵੱਡਾ ਜਸ਼ਨ ਸੰਸਦ ਭਵਨਾਂ ਦੇ ਸਾਹਮਣੇ ਹੁੰਦਾ ਹੈ, ਜਿਸ ਵਿੱਚ ਲਾਈਵ ਪ੍ਰਦਰਸ਼ਨ ਅਤੇ ਸ਼ਾਮ ਦੇ ਆਤਿਸ਼ਬਾਜ਼ੀ ਦੀ ਵਿਸ਼ੇਸ਼ਤਾ ਹੁੰਦੀ ਹੈ। ਵੈਨਕੂਵਰ ਵਰਗੇ ਸ਼ਹਿਰ ਕੈਨੇਡਾ ਪਲੇਸ ਅਤੇ ਗ੍ਰੈਨਵਿਲੇ ਆਈਲੈਂਡ ਵਿਖੇ ਸਮਾਗਮਾਂ ਦੀ ਮੇਜ਼ਬਾਨੀ ਕਰਦੇ ਹਨ, ਜਿਸ ਵਿੱਚ ਪਰੇਡ, ਲਾਈਵ ਸੰਗੀਤ, ਫੂਡ ਟਰੱਕ, ਸਭਿਆਚਾਰਕ ਸ਼ੋਅਕੇਸ ਅਤੇ ਪਰਿਵਾਰਕ-ਅਨੁਕੂਲ ਗਤੀਵਿਧੀਆਂ ਜਿਵੇਂ ਕਿ ਮਾਸਕਟ ਡਾਂਸ-ਆਫ ਅਤੇ ਸਵਦੇਸ਼ੀ ਕਹਾਣੀ ਸੁਣਾਉਣਾ ਸ਼ਾਮਲ ਹੈ। ਬਾਹਰੀ ਬਾਰਬਿਕਯੂ, ਪਿਕਨਿਕ ਅਤੇ ਖੇਡ ਸਮਾਗਮ ਵੀ ਸਥਾਨਕ ਤੌਰ 'ਤੇ ਮਨਾਉਣ ਦੇ ਪ੍ਰਸਿੱਧ ਤਰੀਕੇ ਹਨ।

ਇਸ ਦਾ ਪਹਿਲਾ ਸਰਕਾਰੀ ਜਸ਼ਨ 1868 ਵਿੱਚ ਗਵਰਨਰ ਜਨਰਲ ਲਾਰਡ ਮੌਂਕ ਦੇ ਸੱਦੇ ਨਾਲ ਕੀਤਾ ਗਿਆ ਸੀ, ਜਿਸ ਵਿੱਚ ਕੈਨੇਡੀਅਨਾਂ ਨੂੰ 1 ਜੁਲਾਈ ਨੂੰ ਰਾਸ਼ਟਰੀ ਮਾਣ ਦੇ ਦਿਨ ਵਜੋਂ ਮਨਾਉਣ ਲਈ ਉਤਸ਼ਾਹਤ ਕੀਤਾ ਗਿਆ ਸੀ। ਸ਼ੁਰੂ ਵਿੱਚ, ਜਸ਼ਨ ਸਥਾਨਕ ਅਤੇ ਗੈਰ ਰਸਮੀ ਸਨ, ਜਿਸ ਵਿੱਚ ਬੋਨਫਾਇਰ, ਪਿਕਨਿਕ, ਖੇਡ ਸਮਾਗਮ, ਪਰੇਡ ਅਤੇ ਪੇਜੈਂਟ ਸ਼ਾਮਲ ਸਨ, ਜਿਸ ਵਿੱਚ ਅਕਸਰ ਸ਼ਾਮ ਨੂੰ ਆਤਿਸ਼ਬਾਜ਼ੀ ਕੀਤੀ ਜਾਂਦੀ ਸੀ। 1879 ਵਿੱਚ, ਇੱਕ ਸੰਘੀ ਕਾਨੂੰਨ ਨੇ ਰਸਮੀ ਤੌਰ 'ਤੇ 1 ਜੁਲਾਈ ਨੂੰ ਇੱਕ ਕਾਨੂੰਨੀ ਛੁੱਟੀ ਵਜੋਂ ਮਾਨਤਾ ਦਿੱਤੀ, ਇਸ ਨੂੰ ਡੋਮੀਨੀਅਨ ਡੇਅ ਦਾ ਨਾਮ ਦਿੱਤਾ। ਸਾਲ 1917 ਵਿੱਚ 50ਵੀਂ ਵਰ੍ਹੇਗੰਢ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਲੜਨ ਵਾਲੇ ਕਨਫੈਡਰੇਸ਼ਨ ਅਤੇ ਕੈਨੇਡੀਅਨਾਂ ਦੇ ਸੰਸਥਾਪਕਾਂ ਦਾ ਸਨਮਾਨ ਕੀਤਾ ਗਿਆ, ਜਦੋਂ ਕਿ 1927 ਵਿੱਚ 60 ਵੀਂ ਵਰ੍ਹੇਗੰਢ 'ਤੇ ਪੀਸ ਟਾਵਰ ਕੈਰੀਲਨ ਦਾ ਉਦਘਾਟਨ ਅਤੇ ਕਨਫੈਡਰੇਸ਼ਨ ਬਿਲਡਿੰਗ ਦਾ ਨੀਂਹ ਪੱਥਰ ਰੱਖਿਆ। 1958 ਤੋਂ 1968 ਤੱਕ ਫੈਡਰਲ ਸਰਕਾਰ ਨੇ ਪਾਰਲੀਮੈਂਟ ਹਿੱਲ 'ਤੇ ਸਾਲਾਨਾ ਜਸ਼ਨਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਝੰਡੇ ਸਮਾਰੋਹ, ਸੰਗੀਤ ਸਮਾਰੋਹ ਅਤੇ ਆਤਿਸ਼ਬਾਜ਼ੀ ਸ਼ਾਮਲ ਸਨ। 1967 ਵਿੱਚ 100ਵੀਂ ਵਰ੍ਹੇਗੰਢ ਵਿੱਚ ਮਹਾਰਾਣੀ ਐਲਿਜ਼ਾਬੈਥ ਦੀ ਭਾਗੀਦਾਰੀ ਨਾਲ ਇੱਕ ਉੱਚ-ਪ੍ਰੋਫਾਈਲ ਸਮਾਰੋਹ ਪੇਸ਼ ਕੀਤਾ ਗਿਆ, ਜਿਸ ਵਿੱਚ ਕੈਨੇਡਾ ਦੀ ਵਧ ਰਹੀ ਰਾਸ਼ਟਰੀ ਪਛਾਣ ਨੂੰ ਉਜਾਗਰ ਕੀਤਾ ਗਿਆ।

ਮਲਟੀਪਾਰਟੀ ਮਿਸਟਮ ਰਾਹੀਂ ਸਾਰੇ ਲੋਕਾਂ ਨੂੰ ਬਰਾਬਰ ਵੋਟਾਂ ਰਾਹੀਂ ਆਪਣੀ ਸਰਕਾਰ ਚੁਨਣ ਦਾ ਅਧਿਕਾਰ ਪ੍ਰਾਪਤ ਹੈ। ਪ੍ਰੋਵਿੰਸ ਅਤੇ ਫੈਡਰਲ ਸਰਕਾਰ ਸਿੱਧੀ ਲੋਕਾਂ ਦੀਆਂ ਵੋਟਾਂ ਨਾਲ ਚੁਣੀ ਜਾਂਦੀ ਹੈ। ਇਥੋਂ ਦੇ ਨੇਟਿਵ ਮੂਲਨਿਵਾਸੀ ਲੋਕਾਂ ਨੂੰ ਆਪਣੇ ਸਭਿਆਚਾਰ ਅਤੇ ਭਾਸ਼ਾ ਨੂੰ ਮੁੜ ਸੁਰਜੀਤ ਕਰਨ ਦਾ ਹੱਕ ਵੀ ਪ੍ਰਾਪਤ ਹੈ। ਕੈਨੇਡਾ ਨੂੰ ਇਮੀਗਰੈਂਟ ਲੋਕਾਂ ਦਾ ਮੁਲਕ ਕਹਾਉਣ ਦਾ ਮਾਣ ਪ੍ਰਾਪਤ ਹੈ ਕਿਉਂਕਿ ਇਸਦੀ ਅੱਧੀ ਆਬਾਦੀ ਸੰਸਾਰ ਦੇ ਦੂਸਰੇ ਵੱਖ-ਵੱਖ ਮੁਲਕਾਂ ਦੀ ਜੰਮ-ਪਲ ਹੈ। ਨਵੀਂਆਂ ਸੰਭਾਨਾਵਾਂ ਅਤੇ ਤਰੱਕੀ ਲਈ ਆਸ਼ਾ ਲ਼ੈਕੇ ਆ ਰਹੇ ਇਮੀਗਰੈਂਟ ਲੋਕਾਂ ਲਈ ਇਸ ਦੇਸ਼ ਨੇ ਆਪਣੇ ਦਰਵਾਜ਼ੇ ਖੋਲ੍ਹ ਰੱਖੇ ਹਨ। ਸੰਸਾਰ ਦੇ ਵੱਖ-ਵੱਖ ਮੁਲਕਾਂ ਦੇ ਸਿਆਸੀ ਉੱਥਲ ਪੁੱਥਲ ਦੇ ਸਤਾਏ ਲੋਕਾਂ ਨੂੰ ਵੀ ਰਿਫੀਊਜ ਪਨਾਹ ਦੇਣ ਵਿੱਚ ਕੈਨੇਡਾ ਮਾਨਵਤਾਵਾਦੀ ਪਹੁੰਚ ਰੱਖਦਾ ਹੈ। ਜਮਹੂਰੀ ਅਮਲ ਦੇ ਸੁਹਿਰਦ ਇਤਿਹਾਸਕ ਯਤਨਾਂ ਦਾ ਹੀ ਨਤੀਜਾ ਹੈ, ਕਿ ਵੱਖ-ਵੱਖ ਦੇਸ਼ਾਂ ਤੋਂ ਆਏ ਪਰਵਾਸੀ ਆਪਣੀ ਮਰਜ਼ੀ ਨਾਲ, ਇਸ ਨੂੰ ਆਪਣਾ ਪੱਕਾ ਟਿਕਾਣਾ ਬਣਾ ਰਹੇ ਹਨ ਹੈ। ਦੇਸ਼ ਦੇ ਬਹੁ-ਰੰਗੀ, ਬਹੁ-ਭਾਸ਼ਾਵੀ, ਬਹੁ-ਨਸਲੀ ਅਤੇ ਭਿੰਨ-ਭਿੰਨ ਸਭਿਆਚਾਰਾਂ ਵਾਲੇ ਲੋਕ ਬਰਾਬਰੀ ਵਾਲੀ ਜਮਹੂਰੀਅਤ ਵਿੱਚ ਰਹਿਕੇ, ਕੈਨੇਡਾ ਤਰੱਕੀ ਲਈ ਯਤਨਸ਼ੀਲ ਹੈ।

ਸੰਸਾਰ ਭਰ ਵਿੱਚ ਚਲ ਰਹੀਆਂ ਬੇਲੋੜੀਆਂ ਜੰਗਾਂ ਦਾ ਅਸਰ ਕੈਨੇਡਾ ਦੇ ਆਮ ਲੋਕ ਵੀ ਭੁਗਤ ਰਹੇ ਹਨ। ਆਰਥਿਕ ਮੰਦੀ ਦਾ ਅਸਰ ਸਾਡੇ ਦੇਸ਼ ਤੇ ਵੀ ਦਿਖਾਈ ਦੇ ਰਿਹਾ ਹੈ। ਨਿੱਤ ਵਰਤੋਂ ਦੀਆਂ ਜ਼ਰੂਰੀ ਵਸਤਾਂ, ਗੈਸ ਆਦਿ ਦੀ ਮਹਿੰਗਾਈ ਨਾਲ ਲੋਕਾਂ ਵਿੱਚ ਬੇਚੈਨੀ ਹੈ। ਗੈਸ ਸਟੇਸ਼ਨਾਂ ਦੇ ਬਾਹਰ ਗੈਸ ਕੀਮਤਾਂ ਦੇ ਬੋਰਡ ਨਿੱਤ ਦਿਹਾੜੀ ਵਧਦੀਆਂ ਕੀਮਤਾਂ ਨਾਲ ਵੇਖੇ ਜਾ ਸਕਦੇ ਹਨ। ਨਿੱਤ ਵਰਤੋਂ ਅਤੇ ਖੁਰਾਕ ਵਸਤਾਂ ਦੀਆਂ ਕੀਮਤਾਂ ਦੇਖ-ਦੇਖ ਲੋਕ ਚਿੰਤਿਤ ਹੋ ਰਹੇ ਹਨ। ਲੋਕਾਂ ਲਈ ਕਿਰਾਏ ਅਤੇ ਘਰਾਂ ਦੀ ਮੋਰਟਗੇਜ਼ ਦੀਆਂ ਮੁਸ਼ਕਲਾਂ ਲਗਾਤਾਰ ਵੱਧ ਰਹੀਆਂ ਹਨ, ਮਹਿੰਗਾਈ ਨੂੰ ਠੱਲ ਪਾਉਣ ਲਈ ਸਰਕਾਰੀ ਕੋਸ਼ਿਸ਼ਾਂ ਦਾ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ। ਬੱਚਿਆਂ, ਔਰਤਾਂ, ਸੀਨੀਅਰਸ, ਮੂਲਨੀਵਾਸੀ, ਘੱਟ-ਗਿਣਤੀਆਂ, ਘੱਟ-ਆਮਦਨ, ਪਰਵਾਸੀ, ਸਾਰੇ ਵਰਗਾਂ ਦੀ ਖਾਸ ਸੰਭਾਲ ਲਈ ਸਹੀ ਨੀਤੀਆਂ ਅਤੇ ਸਮਾਜ ਭਲਾਈ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਬਨਾਉਣ ਦੀ ਜ਼ਰੂਰਤ ਹੈ। ਆਮ ਲੋਕਾਂ ਦੀ ਤੱਰਕੀ ਨਾਲ ਹੀ ਦੇਸ਼ ਦੀ ਤਰੱਕੀ ਸੰਭਵ ਹੈ। ਸਭ ਦੀ ਖੁਸ਼ਹਾਲੀ, ਤਰੱਕੀ ਹੀ ਇਸ ਦੇਸ਼ ਦਾ ਮਜ਼ਬੂਤ ਆਧਾਰ ਹੈ। ਇਸ ਦਿਨ ਆਪਣੇ ਮੁਲਕ ਦੀ ਤਰੱਕੀ ਦੀ ਕਾਮਨਾ, ਸਾਰੇ ਕੈਨੇਡਾ ਵਾਸੀ ਇੱਕਸੁਰ ਹੋਕੇ ਕਰਦੇ ਹਨ। ਸੰਸਾਰ ਪੱਧਰ ਦੀ ਆਰਥਿਕ ਮੰਦੀ ਦਾ ਅਸਰ ਸਾਡੇ ਦੇਸ਼ ਤੇ ਵੀ ਦਿਖਾਈ ਦੇ ਰਿਹਾ ਹੈ। ਨਿੱਤ ਵਰਤੋਂ ਦੀਆਂ ਜ਼ਰੂਰੀ ਵਸਤਾਂ, ਗੈਸ ਆਦਿ ਦੀ ਮਹਿੰਗਾਈ ਨਾਲ ਲੋਕਾਂ ਵਿੱਚ ਬੇਚੈਨੀ ਹੈ। ਗੈਸ ਸਟੇਸ਼ਨਾਂ ਦੇ ਬਾਹਰ ਗੈਸ ਕੀਮਤਾਂ ਦੇ ਬੋਰਡ ਨਿੱਤ ਦਿਹਾੜੀ ਵਧ ਰਹੇ ਵੇਖੇ ਜਾ ਸਕਦੇ ਹਨ, ਨਿੱਤ ਵਰਤੋਂ ਅਤੇ ਖੁਰਾਕ ਵਸਤਾਂ ਦੀਆਂ ਕੀਮਤਾਂ ਦੇਖ-ਦੇਖ ਲੋਕ ਚਿੰਤਿਤ ਹੋ ਰਹੇ ਹਨ। ਲੋਕਾਂ ਦੇ ਰਹਿਣ ਲਈ ਕਿਰਾਏ ਅਤੇ ਮਕਾਨਾਂ ਦੀ ਦੀਆਂ ਕੀਮਤਾਂ ਵੀ ਬੇਕਾਬੂ ਹੋ ਰਹੀਆਂ ਹਨ, ਘਰਾਂ ਦੀ ਮੋਰਟਗੇਜ਼ ਦੇ ਵਿਆਜ਼ ਲਗਾਤਾਰ ਵੱਧ ਰਹੇ ਹਨ, ਮਹਿੰਗਾਈ ਨੂੰ ਠੱਲ ਪਾਉਣ ਲਈ ਸਰਕਾਰੀ ਕੋਸ਼ਿਸ਼ਾਂ ਦਾ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ। ਇਸ ਸਮੇਂ, ਆਮ ਲੋਕਾਂ ਲਈ ਰੋਜਗਾਰ, ਛੋਟੇ ਕਾਰੋਬਾਰਾਂ ਨੂੰ ਰਾਹਤ ਦੇਕੇ ਆਤਮ ਨਿਰਭਰ ਆਰਥਿਕਤਾ ਨਾਲ ਦੇਸ਼ ਆਰਥਿਕ ਮੰਦੀ ਤੋਂ ਰਾਹਤ ਮਿਲ ਸਕਦੀ ਹੈ।

ਬੱਚਿਆਂ, ਔਰਤਾਂ, ਸੀਨੀਅਰਸ, ਮੂਲਨੀਵਾਸੀ, ਘੱਟ-ਗਿਣਤੀਆਂ, ਘੱਟ-ਆਮਦਨ, ਪਰਵਾਸੀ, ਸਾਰੇ ਵਰਗਾਂ ਦੀ ਖਾਸ ਸੰਭਾਲ ਲਈ ਸਹੀ ਨੀਤੀਆਂ ਅਤੇ ਸਮਾਜ ਭਲਾਈ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਬਨਾਉਣ ਦੀ ਜ਼ਰੂਰਤ ਹੈ। ਆਮ ਲੋਕਾਂ ਦੇ ਸਹਿਯੋਗ ਨਾਲ, ਸਾਰੇ ਲੋਕਾਂ ਦੀ ਤੱਰਕੀ ਨਾਲ ਹੀ ਦੇਸ਼ ਦੀ ਤਰੱਕੀ ਸੰਭਵ ਹੈ। ਸਭ ਦੀ ਖੁਸ਼ਹਾਲੀ, ਤਰੱਕੀ ਹੀ ਇਸ ਦੇਸ਼ ਦਾ ਮਜ਼ਬੂਤ ਆਧਾਰ ਹੈ। ਇਸ ਦਿਨ ਆਪਣੇ ਮੁਲਕ ਦੀ ਤਰੱਕੀ ਦੀ ਕਾਮਨਾ, ਸਾਰੇ ਕੈਨੇਡਾ ਵਾਸੀ ਇੱਕਸੁਰ ਹੋਕੇ ਕਰਦੇ ਹਨ।

## ਕੈਨੇਡਾ ਦੇ ਰਾਸ਼ਟਰੀ ਗੀਤ "ਓ ਕੈਨੇਡਾ" ਦੇ ਬੋਲ ਹਨ:

ਓ ਕੈਨੇਡਾ! ਸਾਡਾ ਘਰ ਅਤੇ ਜੱਦੀ ਧਰਤੀ!
ਸੱਚਾ ਦੇਸ਼ ਭਗਤ ਪਿਆਰ ਸਾਡੇ ਸਾਰਿਆਂ ਲਈ ਆਦੇਸ਼ ਦਿੰਦਾ ਹੈ।
ਚਮਕਦੇ ਦਿਲਾਂ ਨਾਲ ਅਸੀਂ ਤੈਨੂੰ ਉੱਠਦੇ ਵੇਖਦੇ ਹਾਂ,
ਸੱਚਾ ਉੱਤਰ, ਮਜ਼ਬੂਤ ਅਤੇ ਆਜ਼ਾਦ!
ਦੂਰ-ਦੁਰਾਡੇ ਤੋਂ, ਹੇ ਕੈਨੇਡਾ,
ਅਸੀਂ ਤੇਰੀ ਰਾਖੀ ਲਈ ਖੜ੍ਹੇ ਹਾਂ।
ਪਰਮੇਸ਼ੁਰ ਸਾਡੀ ਧਰਤੀ ਨੂੰ ਸ਼ਾਨਦਾਰ ਅਤੇ ਆਜ਼ਾਦ ਰੱਖੇ!
ਹੇ ਕੈਨੇਡਾ, ਅਸੀਂ ਤੇਰੀ ਰਾਖੀ ਲਈ ਖੜ੍ਹੇ ਹਾਂ।
ਹੇ ਕੈਨੇਡਾ, ਅਸੀਂ ਤੇਰੀ ਰਾਖੀ ਲਈ ਖੜ੍ਹੇ ਹਾਂ।
ਰਾਬਰਟ ਸਟੈਨਲੀ ਵੇਅਰ ਦੁਆਰਾ "ਓ ਕੈਨੇਡਾ" ਤੋਂ

# ਇੱਕ ਜੁਲਾਈ ਤੋਂ ਓਂਟਾਰੀਓ ਆਟੋ-ਇੰਸ਼ੋਰੈਂਸ ਵਿੱਚ ਤਬਦੀਲੀ

***ਕੁਝ ਲਾਭ ਹੋਏ ਆਪਸ਼ਨਲ, ਕੁਝ ਡਾਲਰਾਂ ਦੀ ਬਚਤ ਸਕੰਟ ਸਮੇਂ ਬਣ ਸਕਦੀ ਹੈ ਜੇਬ 'ਤੇ ਭਾਰ***

ਟੋਰਾਂਟੋ, (ਬਿਉਰੋ-ਸਰੋਕਾਰਾਂ-ਦੀ-ਆਵਾਜ਼) : ਓਂਟਾਰੀਓ ਸਰਕਾਰ ਵੱਲੋਂ ਆਟੋ ਇੰਸ਼ੋਰੈਂਸ ਪ੍ਰਣਾਲੀ ਵਿੱਚ ਇੱਕ ਮਹੱਤਵਪੂਰਣ ਤਬਦੀਲੀ 1 ਜੁਲਾਈ ਨੂੰ ਲਾਗੂ ਕੀਤੀ ਜਾ ਰਹੀ ਹੈ। ਆਟੋ ਇੰਸ਼ੋਰੈਂਸ ਨਿਯਮਾਂ ਵਿੱਚ ਬਦਲੀ ਕਰਕੇ ਆਪਸ਼ਨਲ ਕਵਰੇਜ਼ ਦੀ ਪੇਸ਼ਕਸ਼ ਕੀਤੀ ਹੈ ਜੋ ਤੁਹਾਨੂੰ 8 ਡਾਲਰ ਮਹੀਨਾ ਦੀ ਬਚਤ ਕਰ ਸਕਦੀ ਹੈ ਪਰ ਸਕੰਟ ਸਮੇਂ ਗੰਭੀਰ ਵਿੱਤੀ ਮੁੱਦਿਆਂ ਦਾ ਕਾਰਨ ਬਣ ਸਕਦੀ ਹੈ। ਇਸ ਦੇ ਅਨੁਸਾਰ ਭਵਿੱਖ ਵਿੱਚ ਦੁਰਘਟਨਾ ਤੋਂ ਬਾਅਦ ਮਿਲਣ ਵਾਲੀਆਂ ਕੁਝ ਕਵਰੇਜ ਜੋ ਪਹਿਲਾਂ ਲਾਜ਼ਮੀ ਸਨ, ਹੁਣ ਆਪਸ਼ਨਲ ਹੋ ਜਾਣਗੀਆਂ ਓਨਟਾਰੀਓ ਦਾ ਇਹ ਨਵਾਂ la carte ਮਾਡਲ 1 ਜੁਲਾਈ ਤੋਂ ਸ਼ੁਰੂ ਹੁੰਦਾ ਹੈ । ਜੇ ਤੁਹਾਡੇ ਕੋਲ ਇਸ ਸਮੇਂ ਕੋਈ ਆਟੋਮੋਬਾਈਲ ਬੀਮਾ ਪਾਲਿਸੀ ਹੈ ਤਾਂ ਇਹ ਤੁਹਾਡੀ ਵਿਅਕਤੀਗਤ ਰੀਨੀਉਲ ਦੀ ਤਾਰੀਖ਼ ਤੱਕ ਮਹੀਨਾਵਾਰ ਦਰ 'ਤੇ ਲਾਗੂ ਰਹੇਗੀ। ਨਵੀਨੀਕਰਣ ਵੇਲੇ , ਇਹ la carte ਆਪਸ਼ਨਾਂ ਤੁਹਾਡੇ ਲਈ ਉਪਲਬਧ ਹੋ ਜਾਣਗੀਆਂ। ਇੱਕ ਜੁਲਾਈ ਤੋਂ ਤੁਸੀਂ ਗਿਣਤੀ ਦੀਆਂ ਕੁਝ ਕਵਰੇਜ, ਪੈਸੇ ਦੀ ਬਚਤ ਕਰਨ ਲਈ ਹਟਾ ਸਕਦੇ ਹੋ।

ਮੌਜੂਦਾ ਸਟੈਂਡਰਡ ਮੈਡੀਕਲ ਅਤੇ ਰੀ-ਹੈਬਲੀਟੇਸ਼ਨ ਅਤੇ ਅਟੈਂਡੈਂਟ ਕੇਅਰ ਪਹਿਲਾਂ ਵਾਂਗ, ਸਾਰੇ ਓਂਟਾਰੀਓ ਡਰਾਈਵਰਾਂ ਲਈ ਲਾਜ਼ਮੀ ਰਹੇਗੀ। ਪਰ ਕੁਝ ਕਵਰੇਜ਼ ਜਿਵੇਂ ਕਿ ਕਮਾਈ-ਬੰਦ ਦਾ ਲਾਭ, ਦੇਖਭਾਲ ਕਰਨ ਵਾਲੇ ਲਾਭ, ਗੁਆਚੇ ਵਿਦਿਅਕ ਖਰਚੇ, ਵੀਜ਼ੀਟੰਗ ਖਰਚੇ, ਹਾਊਸ-ਕੀਪਿੰਗ ਅਤੇ ਘਰ ਦੀ ਸਾਂਭ-ਸੰਭਾਲ, ਨਿੱਜੀ ਚੀਜ਼ਾਂ ਨੂੰ ਨੁਕਸਾਨ, ਮੌਤ ਦੇ ਲਾਭ ਅਤੇ ਅੰਤਮ ਸੰਸਕਾਰ ਦੇ ਲਾਭ ਆਪਸ਼ਨਲ ਹੋਣਗੀਆਂ ਅਤੇ ਤੁਹਾਡੀ ਪਾਲਿਸੀ ਦੇ ਨਵੀਨੀਕਰਨ ਤੋਂ ਬਾਅਦ ਤੁਹਾਡੀ ਮਰਜ਼ੀ ਅਨੁਸਾਰ ਬੇਨਤੀ 'ਤੇ ਹਟਾਈਆਂ ਜਾ ਸਕਦੀਆਂ ਹਨ। 'ਇੰਸ਼ੋਰੈਂਸ ਬਿਊਰੋ ਆਫ ਕੈਨੇਡਾ' ਓਂਟਾਰੀਓ ਦੇ ਪਾਲਿਸੀਧਾਰਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਆਪਣੀ ਨਵੀਨੀਕਰਨ ਦੀ ਤਾਰੀਖ਼ ਅਤੇ ਉਪਲਬਧ ਵਿਕਲਪਾਂ ਬਾਰੇ ਜਾਣਨ ਲਈ ਆਪਣੇ ਬੀਮਾ ਏਜੰਟਾਂ ਨਾਲ ਸਲਾਹ ਕਰਨ।

ਜੇ ਤੁਸੀਂ ਕੁਝ ਵੀ ਆਪਸ਼ਨ ਨਹੀਂ ਦਿੰਦੇ ਤਾਂ ਤੁਹਾਡਾ ਬੀਮਾ ਕੰਪਨੀ ਆਪਣੇ ਆਪ ਹੀ ਤੁਹਾਡੀ ਮੌਜੂਦਾ ਕਵਰੇਜ ਅਤੇ ਸੀਮਾਵਾਂ ਦੇ ਨਾਲ ਤੁਹਾਡੀ ਪਾਲਿਸੀ ਨੂੰ ਆਪਣੇ ਆਪ ਨਵੀਨੀਕਰਣ ਕਰੇਗਾ, ਜਦੋਂ ਤੱਕ ਤੁਸੀਂ ਲਾਭਾਂ ਨੂੰ ਰੱਦ ਕਰਨ ਲਈ ਆਪਣੇ ਬੀਮਾ ਕੰਪਨੀ ਨਾਲ ਲਿਖਤੀ ਰੂਪ ਵਿੱਚ ਸਹਿਮਤ ਨਹੀਂ ਹੁੰਦੇ। ਪਾਲਸੀਧਾਰਕਾਂ ਨੂੰ ਲੋੜ ਮੁਤਾਬਕ ਆਪਣੀ ਸੁਰੱਖਿਆ ਦੀ ਸਮੀਖਿਆ ਕਰਨ ਅਤੇ ਅੱਪਡੇਟ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਤਬਦੀਲੀਆਂ ਕਰਨ ਤੋਂ ਪਹਿਲਾਂ, ਇਹ ਜਾਂਚ ਕਰਨਾ ਨਿਸ਼ਚਤ ਕਰੋ ਕਿ ਕੀ ਤੁਹਾਡੇ ਨਿੱਜੀ ਜਾਂ ਕੰਮ ਦੇ ਲਾਭ ਪਹਿਲਾਂ ਹੀ ਇਸੇ ਤਰ੍ਹਾਂ ਦੀ ਕਵਰੇਜ ਪ੍ਰਦਾਨ ਕਰਦੇ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਆਪਸ਼ਨਲ ਬੀਮਾ ਕਵਰੇਜ ਨੂੰ ਹਟਾਉਣ ਨਾਲ ਡਰਾਈਵਰਾਂ ਨੂੰ ਉਨ੍ਹਾਂ ਦੇ ਮਹੀਨਾਵਾਰ ਪ੍ਰੀਮੀਅਮ 'ਤੇ ਸਿਰਫ $ 8 ਜਾਂ ਲਗਭਗ $ 100 ਪ੍ਰਤੀ ਸਾਲ ਦੀ ਬਚਤ ਹੋਵੇਗੀ ।

ਹਾਲਾਂਕਿ ਤੁਸੀਂ ਘੱਟੋ ਘੱਟ ਕਵਰੇਜ ਵਿੱਚ ਡਾਊਨਗ੍ਰੇਡ ਕਰਕੇ ਕੁਝ ਡਾਲਰ ਬਚਾ ਸਕਦੇ ਹੋ, ਪਰ ਬੀਮਾ ਪੇਸ਼ੇਵਾਰ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਓਂਟਾਰੀਓ ਦੀ ਨਵੀਂ ਪ੍ਰਣਾਲੀ ਪਾਲੀਸੀ ਧਾਰਕ ਲਈ ਇੱਕ ਅੰਡਰ-ਇੰਸ਼ੋਰੈਂਸ ਵਿੱਤੀ ਸੰਕਟ ਦਾ ਕਾਰਨ ਬਣ ਸਕਦੀ ਹੈ ਡਾਊਨਗ੍ਰੇਡ ਕੀਤੀ ਗਈ ਪਾਲਿਸੀ ਵਿੱਚ, ਇੱਕ ਗਲਤੀ ਵਾਲਾ ਕੋਲਿਜ਼ਨ ਹਾਦਸਾ, ਤੁਹਾਨੂੰ ਜੇਬ ਵਿੱਚੋਂ ਭੁਗਤਾਨ ਕਰਨ ਲਈ ਮਜ਼ਬੂਰ ਕਰ ਸਕਦਾ ਹੈ ਜੇ ਕੋਈ ਦਾਅਵਾ ਸਿਵਲ ਕੋਰਟ ਵਿੱਚ ਅੱਗੇ ਵਧਦਾ ਹੈ ਜੇ ਤੁਸੀਂ ਕਿਸੇ ਕਰੈਸ਼ ਤੋਂ ਬਾਅਦ ਕੰਮ ਕਰਨ ਤੋਂ ਅਸਮਰਥ ਹੋ ਜਾਂਦੇ ਹੋ, ਤਾਂ ਤੁਸੀਂ ਆਪਣੀ ਆਮਦਨੀ ਗੁਆ ਸਕਦੇ ਹੋ ਅਤੇ ਨਿੱਜੀ ਜਾਇਦਾਦ ਨੂੰ ਹੋਏ ਨੁਕਸਾਨ ਲਈ ਖੁਦ ਭੁਗਤਾਨ ਕਰਨਾ ਪਵੇਗਾ ।

# ਲੋਕ-ਪੱਖੀ ਰੰਗਮੰਚ ਦਾ ਉਦੇਸ਼ ਲੋਕਾਂ ਨੂੰ ਜਾਗ੍ਰਿਤ ਕਰਨਾ ਹੈ : ਹਰਕੇਸ਼ ਚੌਧਰੀ


## ਬਰੈਂਪਟਨ ਇੱਕਤਰਤਾ ਵਿੱਚ ਨਿਰਦੇਸ਼ਕ ਰੰਗਕਰਮੀ ਸ੍ਰੀ ਹਰਕੇਸ਼ ਚੌਧਰੀ, ਮੁੰਬਈ ਰੈਸ਼ਨਾਲਿਸਟ ਆਗੂ ਡਾ: ਕੇ.ਕੇ. ਮੋਰੇ ਦਾ ਸਨਮਾਨ


















**(ਸਰੋਕਾਰਾਂ ਦੀ ਆਵਾਜ਼ ਬਿਊਰੋ)**

ਬਰੈਂਪਟਨ ਸੌਕਰ ਸੈਂਟਰ ਵਿਖੇ ਮਿਤੀ ਜੂਨ 20, 2026 ਨੂੰ ਸੌਕਰ ਸੈਂਟਰ ਬਰੈਂਪਟਨ ਵਿਖੇ ਇੱਕਤਰਤਾ ਦਾ ਅਯੋਜਨ ਕੀਤਾ ਗਿਆ। ਇਹ ਇਕੱਤਰਤਾ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ-ਸੰਪਾਦਕ ਹਰਬੰਸ ਸਿੰਘ ਤੇ ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ, ਓਂਟਾਰੀਓ ਦੇ ਸਰਪ੍ਰਸਤ ਨਛੱਤਰ ਸਿੰਘ ਬਦੇਸ਼ਾ ਜੀ ਦੀ ਅਗਵਾਈ ਅਧੀਨ ਕੀਤੀ ਗਈ। ਜਿਸ ਵਿੱਚ ਲੋਕ ਕਲਾ ਮੰਚ ਮੁੱਲਾਂਪੁਰ ਦੇ ਨਿਰਦੇਸ਼ਕ ਤੇ ਰੰਗਕਰਮੀ ਸ੍ਰੀ ਹਰਕੇਸ਼ ਚੌਧਰੀ ਅਤੇ ਫੈਡਰੇਸ਼ਨ ਆਫ ਇੰਡੀਅਨ ਰੈਸ਼ਨਾਲਿਸਟ ਐਸੋਸੀਏਸ਼ਨ ਦੇ ਆਗੂ ਡਾ. ਕੇ.ਕੇ. ਮੋਰੇ ਮੁੰਬਈ ਵਿਸ਼ੇਸ ਮਹਿਮਾਨ ਵਜੋਂ ਸ਼ਾਮਲ ਹੋਏ। ਸਟੇਜ ਸੰਚਾਲਨ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕਨੇਡਾ ਓਂਟਾਰੀਉ ਦੇ ਸੀਨੀਅਰ ਆਗੂ ਸੋਹਣ ਸਿੰਘ ਢੀਂਡਸਾ ਵਲੋਂ ਕੀਤਾ ਗਿਆ। ਉਹਨਾਂ ਤਰਕਸ਼ੀਲਤਾ ਦੀ ਲੋੜ ਨਾਲ ਸੁਰੂਆਤ ਕਰਦਿਆਂ ਵੱਖ-ਵੱਖ ਬੁਲਾਰਿਆਂ ਨੂੰ ਸਟੇਜ ਤੇ ਆਪਣੇ ਵਿਚਾਰ ਰੱਖਣ ਦਾ ਸੱਦਾ ਦਿੱਤਾ।

ਰੰਗਕਰਮੀ ਹਰਕੇਸ਼ ਚੌਧਰੀ ਵਲੋਂ ਲੋਕ ਕਲਾ ਮੰਚ, ਮੁਲਾਂਪੁਰ ਰਾਹੀਂ ਕੀਤੀਆਂ ਰੰਗਮੰਚ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਤੇ ਆਪਣੇ ਨਿਰਦੇਸ਼ਕ ਬਣਨ ਤੱਕ ਦੇ ਸਫ਼ਰ ਬਾਰੇ ਚਾਨਣਾ ਪਾਇਆ। ਉਨ੍ਹਾਂ ਦੇਸ਼ ਦੀਆਂ ਵਿਦੇਸ਼ ਦੀਆਂ ਅਤੇ ਸਭਿਆਚਾਰਕ ਫਰੰਟ ਦੀਆਂ ਜ਼ਿੰਮੇਵਾਰੀਆਂ ਬਾਰੇ ਚਾਨਣਾ ਪਾਇਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਕੇਸ਼ ਚੌਧਰੀ ਨੇ ਕਿਹਾ ਕਿ ਸਾਡੇ ਨਾਟਕਾਂ ਦੇ ਕੇਂਦਰ ਵਿੱਚ ਕਰਜ਼ਿਆਂ ਦੀ ਮਾਰ ਨਾਲ ਝੰਬੇ ਹੋਏ ਕਿਸਾਨ ਹਨ। ਉਹ ਮਜ਼ਦੂਰ ਹਨ ਜਿਨ੍ਹਾਂ ਨੂੰ ਝੋਰਾ ਹੈ ਮੁਟਿਆਰ ਹੋ ਰਹੀ ਧੀ ਦੀ ਡੋਲੀ ਦਰ ਤੋਂ ਉਠਾਉਣ ਦਾ। ਸਾਡੇ ਨਾਟਕਾਂ ਦੇ ਕੇਂਦਰ ਵਿੱਚ ਉਹ ਨੌਜਵਾਨ ਵੀ ਹਨ ਜਿਹੜੇ ਸੜਕਾਂ ਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸ ਰਹੇ ਹਨ ਅਤੇ ਨਿਜ਼ਾਮ ਵੱਲੋਂ ਵਰ੍ਹਦੀਆਂ ਡਾਂਗਾਂ ਦੀ ਅੱਗ ਸੇਕ ਰਹੇ ਹਨ। ਸਾਡੇ ਨਾਟਕਾਂ ਵਿੱਚ ਔਰਤਾਂ ਦੀ ਬਾਤ ਹੈ ਜਿਨ੍ਹਾਂ ਦੇ ਹਰ ਪੈਰ ਤੇ ਹਨੇਰਾ ਉਹਨਾਂ ਦੇ ਰਾਸਤੇ ਡੱਕਣ ਲਈ ਚਟਾਨ ਵਾਂਗ ਖੜਾ ਹੈ। ਅੰਬਰਾਂ ਦੇ ਹੁੰਗਾਰਾ ਭਰਨ ਦੀ ਉਮੀਦ ਜਾਗਦੀ ਹੈ। ਹਵਾ ਨੇ ਇਸ ਦਿਸ਼ਾ ਵਿੱਚ ਹੀ ਵਗਣਾ ਹੈ ਕਿਉਂਕਿ ਸਿਦਕ ਸਾਡੇ ਨੇ ਕਦੇ ਮਰਨਾ ਨਹੀਂ ਸੱਚ ਦੇ ਸੰਗਰਾਮ ਨੇ ਹਰਨਾ ਨਹੀਂ। ਲੋਕਪੱਖੀ ਰੰਗਮੰਚ ਦਾ ਉਦੇਸ਼ ਲੋਕਾਂ ਨੂੰ ਜਾਗ੍ਰਿਤ ਕਰਨਾ ਹੈ। ਉਨ੍ਹਾਂ ਭਾਅ ਜੀ ਗੁਰਸ਼ਰਨ ਸਿੰਘ ਦੁਆਰਾ ਸ਼ੁਰੂ ਕੀਤੇ ਗਏ ਇਨਕਲਾਬੀ ਰੰਗਮੰਚ ਦੇ ਉਦੇਸ਼ ਨੂੰ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ। ਆਪਣੇ ਕੈਨੇਡਾ ਦੌਰੇ ਦੌਰਾਨ ਕੈਲਗਰੀ ਤੋਂ ਆਪਣੀ ਨਾਟਕਾਂ ਦੀ ਪੇਸ਼ਕਾਰੀ ਕਰਨ ਬਾਅਦ ਬਰੈਂਪਟਨ, ਓਂਟਾਰੀਓ ਆਏ ਹੋਏ ਸਨ।

ਡਾ. ਮੋਰੇ ਜੋ ਇੰਡੀਆ ਵਿੱਚ ਮਹਾਰਾਸ਼ਟਰਾ ਸਿਹਤ ਵਿਭਾਗ ਵਿੱਚ ਸਿਵਲ ਸਰਜਨ ਦੇ ਅਹੁਦੇ ਤੋਂ ਰਿਟਾਇਰ, ਫੈਡਰੇਸ਼ਨ ਆਫ ਇੰਡੀਅਨ ਰੈਸ਼ਨਲਿਸਟ ਦੇ ਪ੍ਰਬੰਧਕ, ਵਿਗਿਆਨਕ ਸਮਝ ਦੇ ਪਸਾਰੇ ਨਾਲ ਲੋਕ ਚੇਤਨਤਾ ਲਈ ਸਮਰਪਿਤ ਕਾਰਕੁੰਨ ਹਨ। ਉਹਨਾਂ ਕਿਹਾ ਕਿ ਜਨਸਮੂਹਾਂ ਨੂੰ ਅੰਧਵਿਸ਼ਵਾਸ ਵਿਚੋਂ ਕੱਢਣ ਲਈ ਵਿਗਿਆਨਿਕ ਸਮਝ ਜ਼ਰੂਰੀ ਹੈ। ਮਹਾਰਾਸ਼ਟਰਾ ਅਤੇ ਪੰਜਾਬ ਲੋਕ ਭਾਈਚਾਰੇ ਦੀ ਇਤਿਹਾਸਕ ਸਾਂਝ ਬਾਰੇ ਗੱਲ ਕਰਦਿਆਂ ਦੱਸਿਆ ਕਿ ਭਗਤੀ ਲਹਿਰ ਦੇ ਮਹਾਰਾਸ਼ਟਰਾ ਜਨਮੇ ਭਗਤ ਨਾਮਦੇਵ ਜੀ ਦੇ ਵਿਚਾਰਾਂ ਦੀ ਸਾਂਝ ਪੰਜਾਬ ਦੇ ਗੁਰੂਆਂ ਫਕੀਰਾਂ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ। ਉਹਨਾਂ ਆਪਣੇ ਭਾਸ਼ਣ ਵਿੱਚ ਵਿਗਿਆਨਕ ਸੋਚ ਦੇ ਅਧਾਰਿਤ ਸਮਾਜਿਕ ਕ੍ਰਾਂਤੀ ਦੀ ਜ਼ਰੂਰਤ ਬਾਰੇ ਦੱਸਿਆ। ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਦੇ ਆਗੂ ਬਲਵਿੰਦਰ ਬਰਨਾਲਾ ਨੇ ਭਾਰਤੀ ਵਿਦਿਆਰਥੀਆਂ ਉੱਪਰ ਵਧਦੇ ਮਾਨਸਿਕ ਦਬਾਵ ਵਾਰੇ ਗੱਲਬਾਤ ਕਰਦਿਆਂ ਕਿਹਾ ਕਿ ਸਾਡੀਆਂ ਸੰਸਥਾਵਾਂ ਨੂੰ ਕੈਨੇਡਾ ਦੀਆਂ ਦਰਪੇਸ਼ ਸਮਸਿਆਵਾਂ ਬਾਰੇ ਲੋਕ-ਪੱਖੀ ਸਮਝ ਬਣਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਆਮ ਲੋਕਾਂ ਨੂੰ ਵਿਗਿਆਨਕ ਸਮਝ ਦਾ ਵਿਕਾਸ ਬਹੁਤ ਜ਼ਰੂਰੀ ਹੈ ।

ਸਰੋਕਾਰਾਂ ਦੀ ਆਵਾਜ਼ ਦੇ ਹਰਬੰਸ ਸਿੰਘ ਨੇ ਇੰਡੀਆ ਤੋਂ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਬਰੈਂਪਟਨ ਦੀ ਅਬਾਦੀ ਇੱਕ ਮਿਲੀਅਨ ਤੋਂ ਉੱਪਰ ਹੈ ਤੇ ਮਿਸੀਸਾਗਾ ਦੀ ਡੇਢ ਮਿਲੀਅਨ ਜਿਸ ਲਈ ਸਿਰਫ਼ ਇੱਕ ਹਸਪਤਾਲ ਕਾਫ਼ੀ ਨਹੀਂ ਹੈ। ਬਰੈਂਪਟਨ ਸ਼ਹਿਰ ਦੀ ਵਸੋਂ ਲਈ ਇੱਕ ਹੋਰ ਹਸਪਤਾਲ ਦੀ ਸਖ਼ਤ ਲੋੜ ਹੈ। ਇਸ ਮੀਟਿੰਗ ਵਿੱਚ ਕੁਲਦੀਪ ਬੋਪਾਰਾਏ, ਜਗਮੋਹਣ ਢੁੱਡੀਕੇ, ਹਰਬੰਸ ਸਿੰਘ, ਕਰਮਜੀਤ ਗਿੱਲ, ਸਿਦਕ ਚੌਧਰੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਮਾਜਿਕ ਕਾਰਕੁੰਨ ਕੁਲਦੀਪ ਬੋਪਾਰਾਏ ਨੇ ਬਰੈਂਪਟਨ ਦੇ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹਾਲ ਲਈ ਸਾਂਝੇ ਸੰਘਰਸ਼ ਦੀ ਲੋੜ ਨੂੰ ਮੁੱਖ ਰੱਖਕੇ ਇੱਕ ਸਾਂਝਾ ਫਰੰਟ ਬਣਾਉਣ ਵਾਰੇ ਗੱਲ ਕੀਤੀ। ਇਸ ਸਮੇਂ ਰੰਗਕਰਮੀ ਸਮਾਜਿਕ ਕਾਰਕੁਨ ਨਾਹਰ ਔਜਲਾ, ਰਮਨ ਕਪੂਰ, ਮਨਦੀਪ ਬਦੇਸ਼ਾ, ਸੁਖਦੇਵ ਸਿੰਘ, ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਟਰਾਂਟੋ ਦੇ ਕੋਆਡੀਨੇਟਰ ਮਲੂਕ ਸਿੰਘ ਕਾਹਲੋਂ, ਪੰਜਾਬੀ ਦੁਨੀਆਂ ਰੇਡੀਓ ਦੇ ਹਰਜੀਤ ਗਿੱਲ, ਪੱਤਰਕਾਰ ਹਰਜੀਤ ਬਾਜਵਾ, ਨਿਰਮਲ ਸੰਧੂ ਪ੍ਰਧਾਨ ਤਰਕਸ਼ੀਲ ਸੁਸਾਇਟੀ ਓਂਟਾਰੀਓ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ, ਓਂਟਾਰੀਓ ਦੇ ਸਰਪ੍ਰਸਤ ਰੈਸ਼ਨਲਿਸਟ ਆਗੂ ਨੱਛਤਰ ਸਿੰਘ ਬਦੇਸ਼ਾਂ ਨੇ ਆਏ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।













# ਸੰਸਕ੍ਰਿਤ ਪੰਜਾਬੀ ਬੋਲੀ ਦੀ ਮਾਂ ਨਹੀਂ ਹੈ, ਕੋਈ ਵੀ ਬੋਲੀ ਕਿਸੇ ਦੂਸਰੀ ਬੋਲੀ ਦੀ ਮਾਂ ਨਹੀਂ ਹੋ ਸਕਦੀ : ਪ੍ਰੋ. ਸਿਕੰਦਰ ਸਿੰਘ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ 'ਪਿਤਾ-ਦਿਵਸ' 'ਤੇ ਪਿਤਾ ਦੀ ਅਹਿਮੀਅਤ ਨੂੰ ਬਾਖ਼ੂਬੀ ਯਾਦ ਕੀਤਾ ਤੇ ਕਵੀ-ਦਰਬਾਰ ਹੋਇਆ



ਬਰੈਂਪਟਨ, (ਡਾ. ਝੰਡ) : ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਇਸ ਮਹੀਨੇ ਦਾ ਸਮਾਗਮ ਲੰਘੇ ਐਤਵਾਰ 21 ਜੂਨ ਨੂੰ 'ਪਿਤਾ-ਦਿਵਸ' ਨੂੰ ਸਮਰਪਿਤ ਕੀਤਾ ਗਿਆ। ਸਮਾਜ ਵਿੱਚ ਪਿਤਾ ਦੀ ਅਹਿਮੀਅਤ ਨੂੰ ਦਰਸਾਉਂਦਿਆਂ ਵਿਦਵਾਨਾਂ ਵੱਲੋਂ ਆਪਣੇ ਪੇਪਰ ਪੜ੍ਹੇ ਗਏ। ਇਸ ਦੌਰਾਨ ਹੋਏ ਕਵੀ-ਦਰਬਾਰ ਵਿੱਚ ਬਹੁਤੀਆਂ ਕਵਿਤਾਵਾਂ 'ਪਿਤਾ-ਦਿਵਸ' ਬਾਰੇ ਸਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ (ਡਾ.) ਸਿਕੰਦਰ ਸਿੰਘ ਨੇ ਪੰਜਾਬੀ ਬੋਲੀ ਦੇ ਆਰੰਭ ਅਤੇ ਇਸਦੇ ਪਸਾਰ ਬਾਰੇ ਰੌਚਕਤਾ ਭਰਪੂਰ ਤੱਥ ਦਰਸਾਏ। ਇਸ ਦੌਰਾਨ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸਿਕੰਦਰ ਸਿੰਘ, ਕਿਰਪਾਲ ਸਿੰਘ ਪੰਨੂੰ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ ਅਤੇ ਕਰਨ ਅਜਾਇਬ ਸਿੰਘ ਸੰਘਾ ਸੁਸ਼ੋਭਿਤ ਸਨ।

ਸਮਾਗਮ ਦੇ ਆਰੰਭ ਵਿੱਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ-ਆਇਆਂ' ਕਹਿੰਦਿਆਂ ਸਾਰਿਆਂ ਨੂੰ 'ਪਿਤਾ-ਦਿਵਸ' ਦੀ ਵਧਾਈ ਦਿੱਤੀ ਗਈ ਅਤੇ ਨਾਲ ਹੀ ਇਸ ਦਿਨ ਦੀ ਅਹਿਮੀਅਤ ਦਰਸਾਉਂਦਿਆਂ ਉਨ੍ਹਾਂ ਕਿਹਾ ਕਿ ਪਿਤਾ ਦੇ ਕੋਲ ਦੋ 'ਹਥਿਆਰ' ਹਨ - 'ਥਾਪੜਾ' ਅਤੇ 'ਥੱਪੜ'। ਜਦੋਂ ਬੱਚੇ ਚੰਗੇ ਤੇ ਸ਼ਲਾਘਾਯੋਗ ਕੰਮ ਕਰਦੇ ਹਨ ਤਾਂ ਪਿਤਾ ਵੱਲੋਂ ਉਨ੍ਹਾਂ ਨੂੰ ਸ਼ਾਬਾਸ਼ ਵਜੋਂ ਥਾਪੜਾ ਦਿੱਤਾ ਜਾਂਦਾ ਹੈ ਅਤੇ ਮਾੜੇ ਕੰਮਾਂ ਤੇ ਆਦਤਾਂ ਤੋਂ ਵਰਜਣ ਲਈ ਉਨ੍ਹਾਂ ਨੂੰ ਕਈ ਵਾਰ ਥੱਪੜ ਵੀ ਲਗਾਉਣਾ ਪੈਂਦਾ ਹੈ। ਉਨ੍ਹਾਂ ਹੋਰ ਕਿਹਾ ਕਿ ਪਿਤਾ ਦੀ ਅਹਿਮੀਅਤ ਦਾ ਪਤਾ ਉਸਦੇ ਜਾਣ ਤੋਂ ਬਾਅਦ ਹੀ ਲੱਗਦਾ ਹੈ। ਇਸਦੇ ਨਾਲ ਹੀ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਇਕਬਾਲ ਬਰਾੜ ਨੂੰ ਮੰਚ 'ਤੇ ਆਉਣ ਦਾ ਸੱਦਾ ਦਿਤਾ ਗਿਆ ਜਿਨ੍ਹਾਂ ਨੇ ਸਭਾ ਦੇ ਮੈਂਬਰ ਜੱਸੀ ਭੁੱਲਰ (ਢਪਾਲੀ) ਦਾ ਪਿਤਾ ਸਬੰਧੀ ਲਿਖਿਆ ਗੀਤ ਸੁਣਾ ਕੇ ਸਮੂਹ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।

ਉੱਘੇ ਕਹਾਣੀਕਾਰ ਤੇ ਨਾਵਲ ਲੇਖਕ ਕੁਲਜੀਤ ਮਾਨ ਨੇ ਇਸ ਸਬੰਧ ਵਿੱਚ ਬੋਲਦਿਆਂ ਕਿਹਾ ਕਿ ਹਰੇਕ ਪਿਤਾ ਆਪਣੇ ਬੱਚਿਆਂ ਨੂੰ ਬੇਹੱਦ ਪਿਆਰ ਕਰਦਾ ਹੈ। ਕਹਾਵਤ 'ਮਾਂ-ਪਿਓ ਦੀਆਂ ਗਾਹਲਾਂ, ਦੁੱਧ ਘਿਓ ਦੀਆਂ ਨਾਲ਼ਾਂ' ਦੇ ਹਵਾਲੇ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਿਤਾ ਦੀਆਂ ਝਿੜਕਾਂ ਤੇ ਦਬਕੇ ਆਪਣੇ ਬੱਚਿਆਂ ਦੀਆਂ ਆਦਤਾਂ ਸੁਧਾਰਨ ਲਈ ਹੁੰਦੇ ਹਨ। ਵਿਅੰਗਾਤਮਿਕ ਲਹਿਜ਼ੇ 'ਚ ਉਨ੍ਹਾਂ ਅੱਗੇ ਚੱਲ ਕੇ ਕਿਹਾ ਕਿ ਪਖੰਡੀ ਹੋਣਾ ਸਾਡੀ ਸ਼ੈਲੀ ਨਹੀਂ, ਸਗੋਂ ਲੋੜ ਹੈ ਅਤੇ ਕਈ ਵਾਰ ਅਸੀਂ ਆਪਣੇ ਪਰਿਵਾਰ ਨਾਲ ਤੇ ਆਪਣੇ ਆਪ ਨਾਲ ਵੀ ਪਖੰਡ ਕਰਦੇ ਹਾਂ।


ਸਭਾ ਦੀ ਸਰਗਰਮ ਮੈਂਬਰ ਸੁਰਿੰਦਰਜੀਤ ਕੌਰ ਨੇ ਕਿਹਾ ਕਿ ਗੁਰਬਾਣੀ ਵਿੱਚ ਪਿਤਾ ਦੀ ਪਾਣੀ ਨਾਲ ਤੁਲਣਾ ਕਰਦਿਆਂ ਹੋਇਆਂ 'ਗੁਰੂ' ਤੋਂ ਬਾਅਦ ਦੂਸਰਾ ਦਰਜਾ ਦਿੱਤਾ ਗਿਆ ਹੈ- "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ।।"ਪਿਤਾ ਦਾ ਸੁਭਾਅ ਪਾਣੀ ਵਾਂਗ ਨਿਰਮਲ, ਸ਼ਾਂਤ ਤੇ ਲਗਾਤਾਰਤਾ ਵਾਲਾ ਹੈ ਅਤੇ ਉਹ ਆਪਣੇ ਬੱਚਿਆਂ ਦੀ ਹਰੇਕ ਖ਼ੁਸ਼ੀ, ਮੰਗ ਤੇ ਚਾਹਤ ਦਾ ਕੇਵਲ ਖ਼ਿਆਲ ਹੀ ਨਹੀਂ ਰੱਖਦਾ ਹੈ, ਸਗੋਂ ਉਸ ਨੂੰ ਪੂਰਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ।

ਸਭਾ ਦੇ ਮੈਂਬਰ ਰਾਜ ਕੁਮਾਰ ਓਸ਼ੋਰਾਜ ਵੱਲੋਂ ਪ੍ਰੋ. ਸਿਕੰਦਰ ਸਿੰਘ ਬਾਰੇ ਸੰਖੇਪ ਜਾਣ-ਪਛਾਣ ਤੋਂ ਬਾਅਦ ਪੰਜਾਬੀ ਬੋਲੀ ਦੀ ਸ਼ੁਰੂਆਤ ਦੀ ਗੱਲ ਕਰਦਿਆਂ ਪ੍ਰੋ. ਸਿਕੰਦਰ ਸਿੰਘ ਨੇ ਕਿਹਾ ਕਿ ਪੰਜਾਬੀ ਬੋਲੀ ਦਾ ਇਤਿਹਾਸ ਓਨਾ ਹੀ ਪੁਰਾਣਾ ਹੈ ਜਿੰਨੀ ਪੰਜਾਂ ਦਰਿਆਵਾਂ ਦੀ ਧਰਤੀ 'ਪੰਜਾਬ' ਹੈ। ਉਨ੍ਹਾਂ ਕਿਹਾ ਕਿ ਕਈ ਵਿਦਵਾਨ ਜੋ ਸੰਸਕ੍ਰਿਤ ਨੂੰ ਕਈਆਂ ਬੋਲੀਆਂ ਦੀ ਸ਼ੁਰੂਆਤ ਮੰਨਦੇ ਹਨ, ਪੰਜਾਬੀ ਨੂੰ ਵੀ ਏਸੇ ਸ਼੍ਰੇਣੀ ਵਿੱਚ ਸ਼ਾਮਲ ਕਰਦਿਆਂ ਹੋਇਆਂ ਕਹਿੰਦੇ ਹਨ ਕਿ 'ਸੰਸਕ੍ਰਿਤ ਪੰਜਾਬੀ ਬੋਲੀ ਦੀ ਮਾਂ ਹੈ' ਜੋ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਹਰੇਕ ਬੋਲੀ ਦਾ ਆਪੋ ਆਪਣਾ ਖਾਸਾ ਹੈ ਅਤੇ ਕੋਈ ਵੀ ਬੋਲੀ ਕਿਸੇ ਦੀ ਮਾਂ ਨਹੀਂ ਹੋ ਸਕਦੀ। ਕਿਸੇ ਬੋਲੀ ਦੇ ਪਿਛੋਕੜ ਨੂੰ ਜਾਣਨ ਦਾ ਪਹਿਲਾ ਮਾਪਦੰਡ 'ਸਥਾਨਕਤਾ' ਹੈ। ਦੂਸਰਾ ਮਾਪਦੰਡ 'ਪ੍ਰਚਾਰ' ਤੇ ਤੀਸਰਾ 'ਪਸਾਰ' ਹੈ।

ਉਨ੍ਹਾਂ ਕਿਹਾ ਕਿ ਪੰਜਾਬੀ ਪੰਜਾਬ ਦੇ ਖਿੱਤੇ ਦੀ ਬੋਲੀ ਹੈ ਅਤੇ ਹਰੇਕ ਖਿੱਤੇ ਦੀ ਬੋਲੀ ਨੂੰ ਨਵੀਂ ਭਾਸ਼ਾ ਦੀ ਲੋੜ ਪੈਂਦੀ ਹੈ। ਪੰਜਾਬੀ ਬੋਲੀ ਤੇ ਭਾਸ਼ਾ ਦਾ ਜਨਮ ਪੰਜਾਬ ਵਿੱਚ ਹੋਇਆ। ਇਸ ਦੀ ਪੁਰਾਤਨਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਬੋਲੀ ਓਨੀ ਹੀ ਪੁਰਾਣੀ ਹੈ ਜਿੰਨਾ ਪੁਰਾਣਾ ਪੰਜਾਬ ਹੈ। ਉਨ੍ਹਾਂ ਕਿਹਾ ਕਿ ਪਿਆਰਾ ਸਿੰਘ ਪਦਮ ਅਤੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਈ ਹੋਰ ਵਿਦਵਾਨਾਂ ਦੀਆਂ ਪੁਸਤਕਾਂ ਇਸਦੀ ਭਰਪੂਰ ਗਵਾਹੀ ਭਰਦੀਆਂ ਹਨ। ਇਸਦੇ ਨਾਲ ਹੀ ਹੜੱਪਾ ਤੇ ਮੋਹਿੰਜੋਦਾੜੋ ਦੀਆਂ ਸੱਭਿਅਤਾਵਾਂ ਇਸ ਦੀਆਂ ਸਥੂਲ ਗਵਾਹ ਹਨ। ਉਨ੍ਹਾਂ ਹੋਰ ਕਿਹਾ ਕਿ ਭਾਸ਼ਾਵਾਂ ਦਾ ਆਪਸੀ ਰਿਸ਼ਤਾ ਹੁੰਦਾ ਹੈ ਅਤੇ ਇਸ ਨਾਲ ਸ਼ਬਦਾਂ ਦਾ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਪੰਜਾਬੀ ਦਾ ਅਰਬੀ, ਫ਼ਾਰਸੀ, ਪਾਲੀ ਅਤੇ ਸੰਸਕ੍ਰਿਤ ਨਾਲ ਵੀ ਓਹੀ ਰਿਸ਼ਤਾ ਹੈ। ਇਸ ਸਬੰਧੀ ਉਨ੍ਹਾਂ ਵੱਲੋਂ ਕਈ ਅੰਗਰੇਜ਼ੀ ਤੇ ਪੰਜਾਬੀ ਪੁਸਤਕਾਂ ਦੇ ਹਵਾਲੇ ਵੀ ਦਿੱਤੇ ਗਏ। ਉਪਰੰਤ, ਇਸ ਸਬੰਧੀ ਰਾਜਕੁਮਾਰ ਓਸ਼ੋਰਾਜ, ਭੁਪਿੰਦਰ ਦੂਲੇ, ਪ੍ਰੋ. ਆਸ਼ਿਕ ਰਹੀਲ, ਮਿਰਜ਼ਾ ਨਸੀਮ ਅਹਿਮਦ, ਡਾ. ਸੁਖਦੇਵ ਸਿੰਘ ਝੰਡ ਤੇ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਪ੍ਰੋ. ਸਿਕੰਦਰ ਸਿੰਘ ਹੁਰਾਂ ਵੱਲੋਂ ਪੂਰੇ ਤਸੱਲੀਪੂਰਵਕ ਦਿੱਤੇ ਗਏ। ਕਿਰਪਾਲ ਸਿੰਘ ਪੰਨੂੰ ਵੱਲੋਂ ਇਸ ਪਹਿਲੇ ਸੈਸ਼ਨ ਦੀ ਕਾਰਵਾਈ ਨੂੰ ਬੜੇ ਸੁਚੱਜੇ ਢੰਗ ਨਾਲ ਸਮੇਟਿਆ ਗਿਆ।

ਸਮਾਗਮ ਦੇ ਦੂਸਰੇ ਸੈਸ਼ਨ ਕਵੀ-ਦਰਬਾਰ ਦੇ ਮੰਚ-ਸੰਚਾਲਕ ਡਾ. ਜਗਮੋਹਨ ਸੰਘਾ ਵੱਲੋਂ ਸੱਭ ਤੋਂ ਪਹਿਲਾਂ ਮਕਸੂਦ ਚੌਧਰੀ ਨੂੰ ਮੰਚ 'ਤੇ ਬੁਲਾਇਆ ਗਿਆ ਅਤੇ ਫਿਰ ਨੌਜੁਆਨ ਕਵੀਆਂ ਅਮਰਜੀਤ ਭੁੱਲਰ ਤੇ ਕਰਨਦੀਪ ਸਰਤਾਜ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਪੇਸ਼ ਕੀਤੀਆਂ। ਉਨ੍ਹਾਂ ਤੋਂ ਬਾਅਦ ਗੁਰਦੇਵ ਚੌਹਾਨ, ਜੱਸੀ ਭੁੱਲਰ ਢਪਾਲੀ, ਮਲਵਿੰਦਰ, ਸਮਿੰਦਰਜੀਤ ਕੌਰ ਗਿੱਲ, ਕਰਨ ਅਜਾਇਬ ਸੰਘਾ, ਰਾਜਕੁਮਾਰ ਓਸ਼ੋਰਾਜ, ਤਲਵਿੰਦਰ ਮੰਡ, ਪਰਮਜੀਤ ਢਿੱਲੋਂ, ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਦਰਸ਼ਨ ਸਿੰਘ ਸਿੱਧੂ, ਸੁਰਿੰਦਰਜੀਤ ਕੌਰ, ਪ੍ਰੋ. ਆਸ਼ਿਕ ਰਹੀਲ, ਜਗਮੋਹਨ ਸੰਘਾ ਅਤੇ ਭੁਪਿੰਦਰ ਦੂਲੇ ਨੇ ਵਾਰੋ-ਵਾਰੀ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਸੁਣਾ ਕੇ ਪੂਰਾ ਕਾਵਿ-ਮਈ ਮਾਹੌਲ ਸਿਰਜਿਆ। ਇਸ ਮੌਕੇ 'ਪਿਤਾ-ਦਿਵਸ' ਨੂੰ ਸਮਰਪਿਤ ਬਹੁਤ ਸਾਰੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਨੇ ਸਰੋਤਿਆਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਪਰ ਨੌਜੁਆਨ ਕਵਿੱਤਰੀ ਸਮਿੰਦਰਜੀਤ ਗਿੱਲ ਦੀ ਅਤੀ-ਭਾਵੁਕ ਕਵਿਤਾ ਨੇ ਤਾਂ ਕਈਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਇਸ ਕਵੀ-ਦਰਬਾਰ ਦਾ ਵਿਸ਼ੇਸ਼ ਹਾਸਲ ਇਹ ਕਵਿੱਤਰੀ ਅਤੇ ਨੌਜੁਆਨ ਕਵੀ ਅਮਰਜੀਤ ਭੁੱਲਰ ਤੇ ਕਰਨਦੀਪ ਸਰਤਾਜ ਸਨ ਜਿਨ੍ਹਾਂ ਨੇ ਇਸ ਦੌਰਾਨ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਨਾਲ ਖ਼ੂਬ ਰੰਗ ਬੰਨ੍ਹਿਆਂ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਭੁਪਿੰਦਰ ਦੂਲੇ, ਪ੍ਰੋ. ਆਸ਼ਿਕ ਰਹੀਲ, ਦਰਸ਼ਨ ਸਿੰਘ ਸਿੱਧੂ ਅਤੇ ਸੁਰਿੰਦਰਜੀਤ ਕੌਰ ਬਿਰਾਜਮਾਨ ਸਨ।

ਅਖ਼ੀਰ ਵਿੱਚ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਪ੍ਰੋ. ਸਿਕੰਦਰ ਸਿੰਘ, ਸਮੂਹ ਬੁਲਾਰਿਆਂ, ਮਹਿਮਾਨਾਂ ਅਤੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗਮ ਵਿੱਚ ਪਹਿਲੀ ਵਾਰ ਸ਼ਾਮਲ ਹੋਏ ਨੌਜੁਆਨ ਕਵੀ ਤੇ ਕਵਿੱਤਰੀਆਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਹੋਰ ਕਵੀਆਂ ਨੂੰ ਵੀ ਆਪਣੇ ਨਾਲ ਲਿਆਉਣ ਦੀ ਕੋਸ਼ਿਸ਼ ਕਰਨ, ਕਿਉਂਕਿ ਇਸ ਪਲੇਟਫ਼ਾਰਮ 'ਤੇ ਉੱਭਰਦੇ ਕਵੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਮੌਕੇ ਸੁਹਿਰਦ ਸਰੋਤਿਆਂ ਵਿੱਚ ਲਹਿੰਦੇ ਪੰਜਾਬ ਤੋਂ ਜਨਾਬ ਸਮੀ ਉਲ੍ਹਾ, ਮਿਰਜ਼ਾ ਨਸੀਮ ਅਹਿਮਦ, ਮੁਜ਼ੱਫਰ ਰਾਜਪੂਤ ਅਤੇ ਚੜ੍ਹਦੇ ਪੰਜਾਬ ਤੋਂ ਹਰਜੀਤ ਬਾਜਵਾ, ਹਰਪਨਪ੍ਰੀਤ ਸਿੰਘ, ਹਰਬੰਸ ਸਿੰਘ 'ਸਰੋਕਾਰਾਂ ਦੀ ਆਵਾਜ਼', ਬਲਵਿੰਦਰ ਸਿੰਘ ਚੀਮਾ, ਪਤਵੰਤ ਕੌਰ ਪੰਨੂੰ ਤੇ ਕਈ ਹੋਰ ਸ਼ਾਮਲ ਸਨ।

SWIFTWRENCH AUTO & DIESEL REPAIR

Your Car, Our Care

SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding

Red Seal Certified Reliable On-Time

Mobile Mechanic Services - We Come to You!

- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs

SWIFTWRENCH AUTO & DIESEL REPAIR

Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

ਕਿਤਾਬਾਂ ਮਨੁੱਖ ਦੁਆਰਾ ਸਿਰਜੇ ਚਮਤਕਾਰਾਂ ਵਿਚੋਂ ਸਭ ਤੋਂ ਵੱਡਾ ਚਮਤਕਾਰ ਹੈ। - ਮੈਕਸਿਮ ਗੋਰਕੀ

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ

ਸਾਲ 2026 ਦਾ ਦੂਜਾ

# ਪੁਸਤਕ ਮੇਲਾ

ਮਿਤੀ : 12 ਜੁਲਾਈ 2026 (ਐਤਵਾਰ)

ਸਵੇਰੇ : 10.00 ਵਜੇ ਤੋਂ ਸ਼ਾਮੀਂ 6.00 ਵਜੇ ਤੱਕ

ਸਥਾਨ : ਗਰੀਨ ਪਲਾਜ਼ਾ (ਡਾ. ਭੁੱਲਰ)

Telus/Koodo 4818 Westwinds Dr NE #1114, Calgary, AB T3J 3Z5




ਮਾਸਟਰ ਭਜਨ: 403-455-4220 | ਹਰਚਰਨ ਪਰਹਾਰ: 403-681-8689


# AVI DHALIWAL

FOR MAYOR



IT'S TIME FOR REAL CHANGE

905.872.7000
avidhaliwal.com

elect@avidhaliwal.com

VOTE
OCT 26, 2026

✓ Lower Property Taxes
Keep more money in your pocket. Cut wasteful spending.

✓ More Jobs & Business Growth
Support local businesses. Create real opportunities for youth.

✓ Safer Neighbourhoods
Stronger policing. Faster response. Safer communities.

✓ Better Infrastructure
Fix roads. Improve transit. Build for future growth.


✓ Restoring Trust at City Hall
Transparent leadership. Accountability. Honest decisions.

# Sandhu G Construction Ltd.

Preparation- Shower Base - Water Proof

We can install Ceramic Tiles & Marble,Back Splash Tiles, Tiles on Walls, Kitchen,Washroom or anywhere in Home. You can upgrade your Kitchen or Washroom





Harmanjot Dhudike
403-975-0006

ਵਰਕਰ ਦੀ ਤੁਰੰਤ ਲੋੜ

ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ

Sharmanjot22@gmail.com

# Harpreet Parmar B.Comm. CPA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca

# BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਬੰਗਾਲ ਵਿੱਚ ਫ਼ਾਸ਼ੀਵਾਦ, ਕਮਿਊਨਿਜ਼ਮ ਅਤੇ ਹਿੰਸਾ

ਜਗਦੀਸ਼ਵਰ ਚਤੁਰਵੇਦੀ
ਅਨੁਵਾਦ : ਕਮਲ



ਮੈਂ ਜਾਣਦਾ ਹਾਂ ਕਿ ਮੈਂ ਖੁਦ ਕਮਿਊਨਿਸਟ ਨਹੀਂ ਹਾਂ। ਬੰਗਾਲ ਵਿੱਚ ਸੀਪੀਆਈ (ਐਮ) ਨੇ ਮੈਨੂੰ ਬਹੁਤ ਦਰਦ ਅਤੇ ਨਿੱਜੀ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਨੇ ਦਿਨ-ਰਾਤ ਮੈਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੁੱਖ ਦੀ ਗੱਲ ਹੈ ਕਿ ਇਹ ਮੇਰੇ ਇਕੱਲੇ ਨਾਲ ਨਹੀਂ ਹੋਇਆ। ਉਨ੍ਹਾਂ ਨੇ ਹਜ਼ਾਰਾਂ ਲੋਕਾਂ ਵਿਰੁੱਧ ਬਹੁਤ ਸਾਰੇ ਅਣਮਨੁੱਖੀ ਕੰਮ ਕੀਤੇ ਹਨ। ਇਸ ਦੇ ਬਾਵਜੂਦ, ਮੇਰੇ ਸਭ ਤੋਂ ਚੰਗੇ ਦੋਸਤ ਕਮਿਊਨਿਸਟ ਹਨ। ਬੰਗਾਲ ਦੇ ਲੋਕਾਂ ਨੇ ਕਮਿਊਨਿਸਟਾਂ ਨੂੰ ਉਨ੍ਹਾਂ ਦੇ ਅਣਮਨੁੱਖੀ ਅਤੇ ਗੈਰ-ਲੋਕਤੰਤਰੀ ਵਿਵਹਾਰ ਲਈ ਲੋਕਤੰਤਰੀ ਤੌਰ 'ਤੇ ਸਜ਼ਾ ਦਿੱਤੀ ਹੈ। ਲੋਕਾਂ ਨੇ ਉਨ੍ਹਾਂ ਨੂੰ ਤਿਆਗ ਦਿੱਤਾ ਹੈ।

ਭਾਰਤੀ ਕਮਿਊਨਿਸਟਾਂ ਦਾ ਚਰਿੱਤਰ ਦੂਜੇ ਦੇਸ਼ਾਂ ਦੇ ਕਮਿਊਨਿਸਟਾਂ ਨਾਲੋਂ ਵੱਖਰਾ ਹੈ। ਉਹ ਇੱਥੇ ਲੋਕਤੰਤਰ ਵਿੱਚ ਵੱਡੇ ਹੋਏ ਹਨ ਅਤੇ ਲੋਕਤੰਤਰੀ ਕਦਰਾਂ-ਕੀਮਤਾਂ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਸਿੱਖ ਰਹੇ ਹਨ। ਉਨ੍ਹਾਂ ਦੀ ਸਿੱਖਿਆ ਥੋੜ੍ਹੀ ਹੌਲੀ ਹੈ, ਪਰ ਉਹ ਮੂਲ ਰੂਪ ਵਿੱਚ ਲੋਕਤੰਤਰੀ ਹਨ ਅਤੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੇ ਹਨ।

ਕਮਿਊਨਿਸਟ ਇਸ ਸਮਾਜ ਤੋਂ ਆਉਂਦੇ ਹਨ ਜਿਸ ਵਿੱਚ ਅੰਧਵਿਸ਼ਵਾਸ, ਪੁਨਰ ਜਨਮ ਦੀ ਧਾਰਨਾ, ਗੀਤਾ, ਉਪਨਿਸ਼ਦ, ਰਾਮਾਇਣ, ਸ਼ਾਹਰੁਖ ਖਾਨ, ਸਲਮਾਨ ਖਾਨ, ਸਤਿਆਜੀਤ ਰੇ, ਰਿਤਵਿਕ ਘਟਕ, ਪ੍ਰੇਮਚੰਦ, ਵੱਲਾਥੋਲ, ਰਬਿੰਦਰਨਾਥ ਹਨ, ਉਹ ਇਸ ਸਭ ਵਿੱਚੋਂ ਲੰਘਦੇ ਹਨ। ਕਮਿਊਨਿਸਟ ਹੋਣ ਦਾ ਮਤਲਬ ਇੱਕੋ ਜਿਹਾ ਰਹਿਣਾ ਨਹੀਂ ਹੈ। ਜਦੋਂ ਕਿ ਦੂਜੀਆਂ ਪਾਰਟੀਆਂ ਵਿੱਚ, ਇਹ ਸਹੂਲਤ ਹੈ ਕਿ ਤੁਸੀਂ ਆਪਣੀ ਸਾਰੀ ਜ਼ਿੰਦਗੀ ਇੱਕੋ ਜਿਹੇ ਰਹੋ। ਤੁਹਾਡੇ ਨਜ਼ਰੀਏ ਵਿੱਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ ਹੈ।

ਮਾਰਕਸਵਾਦ ਅਤੇ ਕਮਿਊਨਿਸਟਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਬਹੁਤ ਸਾਰੇ ਲੋਕ ਬਦਲ ਗਏ ਹਨ, ਜਿਵੇਂ ਮੈਂ ਬਦਲਿਆ, ਮੈਂ ਬਹੁਤ ਰਵਾਇਤੀ ਸੀ, ਪੰਡਤਾਂ ਵਾਂਗ ਸੋਚਦਾ ਸੀ, ਮੇਰੇ ਵਾਂਗ ਮਾਰਕਸਵਾਦ ਅਤੇ ਕਮਿਊਨਿਸਟਾਂ ਨੇ ਹਜ਼ਾਰਾਂ ਲੋਕਾਂ ਦਾ ਜੀਵਨ ਅਤੇ ਨਜ਼ਰੀਆ ਬਦਲਿਆ ਹੈ, ਉਸੇ ਤਰ੍ਹਾਂ ਇਹ ਵੀ ਸੱਚ ਹੈ ਕਿ ਕਮਿਊਨਿਸਟਾਂ ਵਿੱਚ ਵੀ ਅਜਿਹੇ ਲੋਕ ਹਨ, ਅਸਲ ਵਿੱਚ ਅੱਜ ਕੱਲ੍ਹ ਬਹੁਤ ਸਾਰੇ ਲੋਕ ਹਨ ਜੋ ਕਮਿਊਨਿਸਟ ਪਾਰਟੀ ਵਿੱਚ ਹਨ, ਪਰ ਉਹ ਸਾਰੇ ਸਾਲਾਂ ਤੋਂ ਕਮਿਊਨਿਸਟ ਪਾਰਟੀ ਵਿੱਚ ਨਹੀਂ ਰਹੇ। ਉਹ ਅੱਜ ਵੀ ਵਫ਼ਾਦਾਰ ਬਣ ਕੇ ਆਏ ਹਨ। ਉਹ ਵਫ਼ਾਦਾਰ ਰਹੇ ਹਨ, ਪਰ ਮਾਰਕਸਵਾਦੀ ਨਹੀਂ ਬਣ ਸਕੇ ਹਨ। ਇਹ ਵੀ ਸਭ ਤੋਂ ਵੱਡੀ ਚੁਣੌਤੀ ਹੈ। ਇੱਕ ਵਫ਼ਾਦਾਰ ਕਮਿਊਨਿਸਟ ਦੀ ਅੰਨ੍ਹੀ ਸ਼ਰਧਾ ਹੁੰਦੀ ਹੈ। ਦਬਾਅ ਹੇਠ, ਉਹ ਆਪਣਾ ਵਿਸ਼ਵਾਸ ਬਦਲ ਕੇ ਕਿਸੇ ਹੋਰ ਪਾਰਟੀ ਵਿੱਚ ਜਾ ਸਕਦਾ ਹੈ ਅਤੇ ਅਸਲ ਵਿੱਚ ਬੰਗਾਲ ਅਤੇ ਤ੍ਰਿਪੁਰਾ ਵਿੱਚ ਸੀਪੀਆਈ (ਐਮ) ਨਾਲ ਅਜਿਹਾ ਹੀ ਹੋਇਆ ਹੈ, ਵਫ਼ਾਦਾਰ ਲੋਕਾਂ ਨੇ ਸੀਪੀਆਈ (ਐਮ) ਨੂੰ ਛੱਡ ਦਿੱਤਾ ਹੈ ਅਤੇ ਅੱਜਕੱਲ੍ਹ ਭਾਜਪਾ ਨਾਲ ਹਨ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਇੱਕ ਕਮਿਊਨਿਸਟ ਅਤੇ ਇੱਕ ਵਫ਼ਾਦਾਰ ਕਮਿਊਨਿਸਟ ਵਿੱਚ ਫਰਕ ਕਰਨਾ।

ਤੁਸੀਂ ਪੁੱਛ ਸਕਦੇ ਹੋ ਕਿ ਕਮਿਊਨਿਸਟਾਂ ਨੇ ਕੀ ਕੀਤਾ, ਮੈਂ ਕਹਾਂਗਾ ਕਿ ਉਨ੍ਹਾਂ ਨੇ ਇਸ ਦੇਸ਼ ਨੂੰ ਸਮਾਜਿਕ ਤਬਦੀਲੀ ਦਾ ਇੱਕ ਨਵਾਂ ਦ੍ਰਿਸ਼ਟੀਕੋਣ ਦਿੱਤਾ, ਲੱਖਾਂ ਨੌਜਵਾਨਾਂ ਨੂੰ ਇੱਕ ਨਵੇਂ ਸਮਾਜਿਕ ਦ੍ਰਿਸ਼ਟੀਕੋਣ ਨਾਲ ਲੈਸ ਕੀਤਾ। ਕਰੋੜਾਂ ਉੱਤਮ ਨਾਗਰਿਕ ਬਣਾਏ।

ਕਮਿਊਨਿਸਟ ਅੱਜ ਸੰਵਿਧਾਨ ਦੀ ਰਾਖੀ ਲਈ ਸਭ ਤੋਂ ਅੱਗੇ ਹਨ। ਜਮਹੂਰੀ ਹੱਕਾਂ ਦੇ ਪਸਾਰ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ 'ਚ ਕਮਿਊਨਿਸਟਾਂ ਦੇ ਸੰਘਰਸ਼ਾਂ ਨੇ ਅਹਿਮ ਭੂਮਿਕਾ ਨਿਭਾਈ ਹੈ।

ਇਮਾਨਦਾਰ ਅਤੇ ਸਰਲ ਪ੍ਰਸ਼ਾਸਨ ਬਣਾਉਣ ਵਿਚ ਉਹ ਬੇਮਿਸਾਲ ਰਿਹਾ ਹੈ। ਉਨ੍ਹਾਂ ਨੇ ਮਿਸਾਲ ਕਾਇਮ ਕੀਤੀ ਹੈ ਕਿ ਸਿਆਸਤਦਾਨਾਂ ਨੂੰ ਲੋਕਾਂ ਨਾਲ ਜੁੜਨਾ ਚਾਹੀਦਾ ਹੈ, ਉਨ੍ਹਾਂ ਦੇ ਸੰਘਰਸ਼ਾਂ ਤੋਂ ਬਾਹਰ ਨਿਕਲਣਾ ਚਾਹੀਦਾ ਹੈ ਅਤੇ ਸੱਤਾ ਦੇ ਨੇੜੇ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਸੰਘਰਸ਼ਾਂ ਦੀ ਰਾਖੀ ਕਰਨੀ ਚਾਹੀਦੀ ਹੈ। ਉਸ ਨੇ ਸਿਆਸਤ ਵਿੱਚ ਕਹਿਣੀ ਤੇ ਕਰਨੀ ਦਾ ਫਰਕ ਮਿਟਾ ਦਿੱਤਾ ਹੈ।

ਕਮਿਊਨਿਸਟ ਮੈਨੀਫੈਸਟੋ ਦਾ ਪਹਿਲਾ ਪੈਰਾ ਬਹੁਤ ਮਹੱਤਵਪੂਰਨ ਹੈ ਅਤੇ ਅੱਜ ਵੀ ਢੁਕਵਾਂ ਹੈ, ਲਿਖਿਆ ਹੈ, 'ਇੱਕ ਭੂਤ ਯੂਰਪ ਨੂੰ ਦਹਿਸ਼ਤਜ਼ਦਾ ਕਰ ਰਿਹਾ ਹੈ - ਕਮਿਊਨਿਜ਼ਮ ਦਾ ਭੂਤ। ਇਸ ਭੂਤ ਨੂੰ ਭਜਾਉਣ ਲਈ ਪੋਪ ਅਤੇ ਜ਼ਾਰ, ਮੈਟਰਿਨਿਚ ਅਤੇ ਗੀਜ਼ੋ, ਫਰਾਂਸੀਸੀ ਖਾੜਕੂਆਂ ਅਤੇ ਜਰਮਨ ਗੁਪਤ ਪੁਲਿਸ - ਪੁਰਾਣੇ ਯੂਰਪ ਦੀਆਂ ਸਾਰੀਆਂ ਸ਼ਕਤੀਆਂ ਨੇ ਇੱਕ ਪਵਿੱਤਰ ਸਰਬਸੱਤਾ ਕਾਇਮ ਕੀਤੀ ਹੈ।'

ਜਮਾਤੀ ਸਮਾਜ ਵਿੱਚ ਵਿਚਾਰਾਂ ਅਤੇ ਸਮਾਜਿਕ ਤਬਦੀਲੀ ਦੀ ਲੜਾਈ ਲੜਨ ਲਈ ਮਾਰਕਸਵਾਦ ਨੂੰ ਜੰਗ ਦਾ ਹਥਿਆਰ ਬਣਾਉਣ ਦੀ ਬਜਾਏ ਇਸ ਨੂੰ ਦਿਲ ਜਿੱਤਣ ਦਾ ਵਿਗਿਆਨ ਬਣਾਉਣ ਦੀ ਲੋੜ ਹੈ।

ਮਾਰਕਸਵਾਦ ਕਿਤਾਬੀ ਗਿਆਨ ਨਹੀਂ ਹੈ। ਇਹ ਇੱਕ ਵਿਹਾਰਕ ਵਿਗਿਆਨ ਹੈ। ਮਾਰਕਸਵਾਦੀ ਉਹ ਹੁੰਦਾ ਹੈ ਜਿਸ ਕੋਲ ਹਰ ਸਮੇਂ ਵਿਕਲਪ ਹੁੰਦੇ ਹਨ। ਮਾਰਕਸਵਾਦੀ ਉਹ ਨਹੀਂ ਹੈ ਜਿਸ ਕੋਲ ਸੀਮਤ ਵਿਕਲਪ ਹਨ ਜਾਂ ਜਿਸ ਕੋਲ ਮਾਰਕਸਵਾਦ ਇੱਕੋ ਇੱਕ ਵਿਕਲਪ ਹੈ। ਉਨ੍ਹਾਂ ਸਾਰੇ ਵਿਕਲਪਾਂ ਦੀ ਖੋਜ ਕੀਤੀ ਜਾਣੀ ਚਾਹੀਦੀ ਹੈ ਜੋ ਸ਼ੋਸ਼ਣ ਮੁਕਤ ਸਮਾਜ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਸਹਾਈ ਹੋਣ। ਇਹ ਸੁਪਨਾ ਹਰ ਸਮੇਂ ਵਿਕਲਪਾਂ ਦੀ ਉਪਲਬਧਤਾ ਦੇ ਆਧਾਰ 'ਤੇ ਹੀ ਸਾਕਾਰ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ, ਮੈਂ ਇਸ ਸਮੇਂ ਦਿੱਲੀ ਜਾਣਾ ਹੈ ਪਰ ਕੋਈ ਰੇਲਗੱਡੀ ਨਹੀਂ ਹੈ, ਅਜਿਹੀ ਸਥਿਤੀ ਵਿੱਚ, ਮੈਨੂੰ ਆਪਣੀ ਸਮਰੱਥਾ ਅਨੁਸਾਰ ਜੋ ਵੀ ਵਿਕਲਪ ਉਪਲਬਧ ਹੈ, ਦੀ ਵਰਤੋਂ ਕਰਨੀ ਚਾਹੀਦੀ ਹੈ। ਮਾਰਕਸਵਾਦ ਕਿਸ ਕਿਸਮ ਦਾ ਹੋਵੇਗਾ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਤਪਾਦਕ ਸ਼ਕਤੀਆਂ ਕੋਲ ਕਿਸ ਕਿਸਮ ਦੀ ਚੇਤਨਾ ਅਤੇ ਸਮਾਜਿਕ-ਮੁਹਾਰਤ ਦੀ ਸਮਰੱਥਾ ਹੈ ਅਤੇ ਮਾਰਕਸਵਾਦੀ ਸਮਕਾਲੀ ਸਮਾਜਿਕ ਚੇਤਨਾ ਨਾਲ ਕਿੰਨੇ ਸੰਪੰਨ ਹਨ।

ਜੇਕਰ ਅਸੀਂ ਬੁਰਜੂਆਜ਼ੀ ਦੇ ਭਗਤਾਂ

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla BSc.Pharm
Satvachan Lal B.Sc.Pharm
#1150, 4818 Westwindus Drive NE. Calgary
403-293-9360

Gill
Truck & Trailer Repair
& Mobile Service
Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

ਦੀ ਮੰਨੀਏ ਤਾਂ ਮਾਰਕਸਵਾਦ ਦਾ ਅੰਤ ਹੋ ਗਿਆ ਹੈ ਅਤੇ ਦੇਸ਼ ਜਾਂ ਦੁਨੀਆ ਵਿੱਚ ਕੋਈ ਮਾਰਕਸਵਾਦੀ ਨਹੀਂ ਬਚਿਆ ਹੈ। ਸਵਾਲ ਇਹ ਹੈ ਕਿ ਫਿਰ ਮਾਰਕਸਵਾਦ ਤੋਂ ਇੰਨਾ ਡਰ ਕਿਉਂ ਹੈ? ਅਸਲ ਵਿੱਚ ਉਹ ਮਾਰਕਸਵਾਦੀ ਹਨ, ਇਸੇ ਕਰਕੇ ਉਹ ਡਰਦੇ ਵੀ ਹਨ।

ਹਰ ਉਹ ਵਿਅਕਤੀ ਜੋ ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਨੂੰ ਖਤਮ ਕਰਨਾ ਚਾਹੁੰਦਾ ਹੈ, ਮਾਰਕਸਵਾਦੀ ਹੈ। ਇੱਥੋਂ ਤੱਕ ਕਿ ਜਿਨ੍ਹਾਂ ਲੋਕਾਂ ਨੇ ਕਦੇ ਮਾਰਕਸ ਦਾ ਨਾਂ ਵੀ ਨਹੀਂ ਸੁਣਿਆ, ਉਹ ਵੀ ਸ਼ੋਸ਼ਣ-ਮੁਕਤ ਸਮਾਜ ਦਾ ਸੁਪਨਾ ਦੇਖਦੇ ਹਨ। ਸ਼ੋਸ਼ਣ ਮੁਕਤ ਸਮਾਜ ਦਾ ਸੁਪਨਾ ਵੀ ਉਹ ਲੋਕ ਦੇਖਦੇ ਹਨ ਜੋ ਮਾਰਕਸਵਾਦ ਨੂੰ ਜਾਣਦੇ, ਮੰਨਦੇ ਅਤੇ ਅਪਣਾਉਂਦੇ ਹਨ। ਮਾਰਕਸਵਾਦੀ ਦਾ ਮਤਲਬ ਸੰਨਿਆਸੀ ਨਹੀਂ ਹੈ।

ਇੱਕ ਮਾਰਕਸਵਾਦੀ ਦਾ ਦਿਲ ਵੱਡਾ ਹੁੰਦਾ ਹੈ, ਜਿਨ੍ਹਾਂ ਕੋਲ ਵੱਡਾ ਦਿਲ ਨਹੀਂ ਹੁੰਦਾ ਉਹ ਕੱਟੜ ਹੀ ਰਹਿੰਦੇ ਹਨ। ਮਾਰਕਸਵਾਦੀ ਲਈ, ਕੋਈ ਵੀ ਵਿਅਕਤੀ ਅਛੂਤ ਨਹੀਂ ਹੁੰਦਾ ਅਤੇ ਕੋਈ ਵੀ ਮਨੁੱਖ ਦੁਆਰਾ ਬਣਾਈ ਚੀਜ਼, ਕੀਮਤੀ ਵਿਚਾਰ, ਸੰਬੰਧਿਤ ਆਚਰਣ ਅਤੇ ਆਦਤਾਂ ਅਛੂਤ ਨਹੀਂ ਹੁੰਦੀਆਂ।

ਉਹ ਨਾ ਸਿਰਫ਼ ਮਨੁੱਖਾਂ ਦੀ ਇੱਜ਼ਤ ਕਰਦੇ ਹਨ, ਸਗੋਂ ਉਨ੍ਹਾਂ ਨੂੰ ਤਾਕਤਵਰ ਦੇਖਣਾ ਚਾਹੁੰਦੇ ਹਨ। ਸਮਾਜ ਵਿੱਚ ਅਜਿਹੇ ਲੋਕ ਵੀ ਹਨ ਜੋ ਮਨੁੱਖ ਦਾ ਸਤਿਕਾਰ ਕਰਦੇ ਹਨ ਪਰ ਉਸਨੂੰ ਸ਼ਕਤੀਹੀਣ ਰੱਖਣਾ ਚਾਹੁੰਦੇ ਹਨ। ਮਾਰਕਸਵਾਦੀ ਦਾ ਮੂਲ ਸਰੋਕਾਰ ਮਨੁੱਖ ਨੂੰ ਤਾਕਤਵਰ ਬਣਾਉਣਾ ਹੈ।

ਮਾਰਕਸ ਇਸ ਲਈ ਮਹਾਨ ਬਣਿਆ ਕਿਉਂਕਿ ਉਹ ਸਮਾਜ ਦੇ ਤੱਤ ਦੀ ਪਛਾਣ ਕਰਨ ਵਿੱਚ ਸਫਲ ਰਿਹਾ ਸੀ।

ਕਾਂਗਰਸ ਅਤੇ ਕਮਿਊਨਿਸਟਾਂ ਵਿਚਕਾਰ ਹਿੰਸਾ ਅਤੇ ਪਿਆਰ ਦਾ ਰਿਸ਼ਤਾ ਰਿਹਾ ਹੈ। ਨਹਿਰੂ ਦੇ ਰਾਜ ਦੌਰਾਨ ਤੇਲੰਗਾਨਾ ਵਿੱਚ ਸੈਂਕੜੇ ਕਾਮਰੇਡ ਮਾਰੇ ਗਏ, ਹਜ਼ਾਰਾਂ ਕੇਸ ਸਾਲਾਂ ਤੱਕ ਚੱਲੇ, 1962 ਵਿੱਚ ਨਹਿਰੂ ਸਰਕਾਰ ਨੇ ਕਈ ਵੱਡੇ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ, ਐਮਰਜੈਂਸੀ ਦੌਰਾਨ ਸੀਪੀਆਈ ਨੇ ਕਾਂਗਰਸ ਦਾ ਸਾਥ ਦਿੱਤਾ, ਕਈ ਰਾਜਾਂ ਵਿੱਚ ਸੀਪੀਆਈ ਨੇ ਕਾਂਗਰਸ ਨਾਲ ਮਿਲ ਕੇ ਚੋਣਾਂ ਲੜੀਆਂ, ਇਸੇ ਤਰ੍ਹਾਂ ਬੰਗਾਲ ਵਿੱਚ 1972-72 ਦੇ ਰਾਜ ਵਿੱਚ ਸ਼ੰਕਰ ਦੇ ਸ਼ਾਸਨ ਦੌਰਾਨ ਵੀ ਇਹੋ ਹਾਲ ਸੀ। ਸੈਂਕੜੇ ਸੀਪੀਆਈ (ਐਮ) ਕਾਮਰੇਡ ਮਾਰੇ ਗਏ, ਹਜ਼ਾਰਾਂ ਨੂੰ ਬੰਗਾਲ ਛੱਡਣਾ ਪਿਆ, ਬਾਅਦ ਵਿੱਚ 34 ਸਾਲਾਂ ਦੇ ਖੱਬੇ-ਪੱਖੀ ਸ਼ਾਸਨ ਦੌਰਾਨ, ਲਗਭਗ 65 ਹਜ਼ਾਰ ਸਿਆਸੀ ਕਤਲ ਹੋਏ, ਜਿਨ੍ਹਾਂ ਵਿੱਚ ਕਾਂਗਰਸ ਅਤੇ ਸੀਪੀਆਈ (ਐਮ) ਦੋਵਾਂ ਦੇ ਲੋਕ ਮਾਰੇ ਗਏ, ਇਹ ਹਿੰਸਾ ਦੇ ਕੁਝ ਅੰਕੜੇ ਹਨ। ਇਸ ਸਭ ਦੇ ਬਾਵਜੂਦ, ਕਮਿਊਨਿਸਟਾਂ ਨੇ ਕਦੇ ਵੀ ਕਾਂਗਰਸ ਨਾਲ ਨਫ਼ਰਤ ਵਾਲਾ ਰਿਸ਼ਤਾ ਨਹੀਂ ਬਣਾਇਆ; ਜਦੋਂ ਵੀ ਕਾਂਗਰਸੀ ਆਗੂਆਂ ਨੇ ਗੰਭੀਰ ਸਮੱਸਿਆਵਾਂ ਬਾਰੇ ਮਦਦ ਮੰਗੀ ਤਾਂ ਕਮਿਊਨਿਸਟਾਂ ਨੇ ਮਦਦ ਕੀਤੀ। ਜਦੋਂ ਕਿ ਕਾਨੂੰਨ ਦੁਆਰਾ ਸੀਪੀਆਈ (ਐਮ) ਨੂੰ ਹਿੰਸਾ ਤੋਂ ਬਚਣਾ ਚਾਹੀਦਾ ਹੈ, ਉਹ ਬੰਗਾਲ ਵਿੱਚ ਜਦੋਂ ਤੱਕ ਸੱਤਾ ਵਿੱਚ ਸਨ, ਰਾਜਨੀਤਿਕ ਹਿੰਸਾ ਨੂੰ ਰੋਕ ਨਹੀਂ ਸਕਦੇ ਸਨ। ਅਪਰਾਧੀਆਂ ਨੂੰ ਕਾਬੂ ਨਹੀਂ ਕਰ ਸਕੇ।

ਵਿਡੰਬਨਾ ਦੇਖੋ, ਬੰਗਾਲ ਵਿੱਚ ਕਾਂਗਰਸ ਵੱਲੋਂ ਸਭ ਤੋਂ ਵੱਧ ਕਮਿਊਨਿਸਟ ਮਾਰੇ ਗਏ, ਉਸੇ ਬੰਗਾਲ ਵਿੱਚ 2016 ਅਤੇ 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਮਿਊਨਿਸਟ ਅਤੇ ਕਾਂਗਰਸ ਇਕੱਠੇ ਲੜੇ। ਕਮਿਊਨਿਸਟਾਂ ਨੇ ਕਾਂਗਰਸ ਦੀ ਅਗਵਾਈ ਵਾਲੇ ਯੂਪੀਏ-1 ਗਠਜੋੜ ਦਾ ਸਮਰਥਨ ਕੀਤਾ।

ਕਾਂਗਰਸ-ਕਮਿਊਨਿਸਟ ਸਬੰਧਾਂ ਦੀ ਦੂਜੀ ਵਿਡੰਬਨਾ ਇਹ ਹੈ ਕਿ ਕਮਿਊਨਿਸਟ ਉਦਾਰਵਾਦ ਨੂੰ ਨਾਪਸੰਦ ਕਰਦੇ ਹਨ, ਕਾਂਗਰਸ ਮਾਰਕਸਵਾਦ ਨੂੰ ਨਾਪਸੰਦ ਕਰਦੀ ਹੈ, ਫਿਰ ਵੀ ਦੋਵੇਂ ਦੋਸਤ ਹਨ। ਇਹ ਦੋਸਤੀ ਸਿਆਸੀ ਪ੍ਰੋਗਰਾਮ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਇਸ ਦਾ ਮੂਲ ਟੀਚਾ ਫਾਸੀਵਾਦ ਵਿਰੋਧੀ ਸ਼ਕਤੀਆਂ ਨੂੰ ਇਕਜੁੱਟ ਕਰਨਾ ਹੋਣਾ ਚਾਹੀਦਾ ਹੈ। ਮੋਦੀ ਸ਼ਾਸਨ: ਇਸ ਨੂੰ ਮਾਮੂਲੀ ਨਹੀਂ ਸਮਝਣਾ ਚਾਹੀਦਾ। ਇਹ ਰੁਟੀਨ ਸ਼ਾਸਨ ਨਹੀਂ ਹੈ। ਸਗੋਂ ਇਹ ਫਾਸੀਵਾਦੀ ਸ਼ਾਸਨ ਹੈ।

ਪੱਛਮੀ ਬੰਗਾਲ ਵਿੱਚ ਪਿਛਲੇ ਪੰਜਾਹ ਸਾਲਾਂ ਵਿੱਚ ਸਿਆਸੀ ਹਿੰਸਾ ਦੀਆਂ ਹਜ਼ਾਰਾਂ ਘਟਨਾਵਾਂ ਵਾਪਰੀਆਂ ਹਨ। ਮਮਤਾ ਸਰਕਾਰ 2011 ਵਿੱਚ ਹਿੰਸਾ ਦੇ ਵਿਰੋਧ ਵਿੱਚ ਪੈਦਾ ਹੋਈ ਸੀ ਪਰ ਮਮਤਾ ਹਿੰਸਾ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਹੋਈ, ਇਸਦੇ ਉਲਟ ਟੀਐਮਸੀ ਦੇ ਗੁੰਡਿਆਂ ਨੇ ਖੱਬੀਆਂ ਪਾਰਟੀਆਂ ਖਾਸ ਕਰਕੇ ਸੀਪੀਆਈ (ਐਮ) ਉੱਤੇ ਹਮਲੇ ਕੀਤੇ। 2016 ਵਿੱਚ ਵੀ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਅਣਗਿਣਤ ਹਮਲੇ ਹੋਏ ਸਨ। ਖੱਬੇਪੱਖੀਆਂ 'ਤੇ ਹਮਲੇ ਅਜਿਹੇ ਸਮੇਂ ਹੋਏ ਜਦੋਂ ਟੀਐਮਸੀ ਨੂੰ ਭਾਰੀ ਬਹੁਮਤ ਮਿਲ ਗਿਆ ਸੀ। ਟੀਐਮਸੀ ਦੇ ਲੋਕ ਜਿੱਤ ਤੋਂ ਬਾਅਦ ਵੀ ਉਦਾਰਵਾਦੀ ਬਣਨ ਲਈ ਤਿਆਰ ਨਹੀਂ ਸਨ ਅਤੇ ਲਗਾਤਾਰ ਹਮਲੇ ਕਰਦੇ ਰਹੇ। ਦੂਜੇ ਪਾਸੇ ਭਾਜਪਾ ਨੇ ਸਥਾਨਕ ਅਤੇ ਬਾਹਰੀ ਅਪਰਾਧੀ ਤੱਤਾਂ 'ਤੇ ਹਮਲਾ ਕੀਤਾ ਅਤੇ ਮਮਤਾ ਨਾਲ ਗੁੰਡਿਆਂ ਦੀ ਮਦਦ ਨਾਲ ਨਜਿੱਠਣ ਦਾ ਫੈਸਲਾ ਕੀਤਾ ਗਿਆ, ਜਿਸ ਕਾਰਨ ਹਿੰਸਾ 'ਚ ਗੁਣਾਤਮਕ ਵਾਧਾ ਹੋਇਆ ਹੈ। 2026 ਵਿੱਚ ਬੰਗਾਲ ਵਿੱਚ ਭਾਜਪਾ ਦੀ ਜਿੱਤ ਫਾਸ਼ੀਵਾਦ ਦੀ ਜਿੱਤ ਹੈ।

ਸੱਚ ਇਹ ਹੈ ਕਿ ਹਿੰਸਾ ਹਿੰਸਾ ਦਾ ਹੱਲ ਨਹੀਂ ਹੈ। 2021 ਵਿੱਚ ਟੀਐਮਸੀ ਦੀ ਜਿੱਤ ਹੋਈ, ਇਹ ਜਿੱਤ ਮੂਲ ਰੂਪ ਵਿੱਚ ਸੰਘੀ ਫਾਸ਼ੀਵਾਦ ਦੀ ਹਾਰ ਦਾ ਪ੍ਰਗਟਾਵਾ ਹੈ। ਇਸ ਜਿੱਤ ਤੋਂ ਬਾਅਦ ਵੀ ਹਿੰਸਾ ਨਹੀਂ ਰੁਕੀ। 2026 ਵਿੱਚ ਭਾਜਪਾ ਦੀ ਜਿੱਤ ਤੋਂ ਬਾਅਦ ਵੀ ਹਿੰਸਾ ਰੁਕਣ ਦੇ ਕੋਈ ਸੰਕੇਤ ਨਹੀਂ ਦਿਖਾ ਰਹੀ ਹੈ।

ਸਵਾਲ ਇਹ ਉੱਠਦਾ ਹੈ ਕਿ ਇਸ ਹਿੰਸਾ ਦੀ ਜੜ੍ਹ ਕਿੱਥੇ ਹੈ? ਹਿੰਸਾ ਉਨ੍ਹਾਂ ਲੋਕਾਂ ਦੁਆਰਾ ਕੀਤੀ ਜਾਂਦੀ ਹੈ ਜੋ ਜਨਤਾ 'ਤੇ ਭਰੋਸਾ ਨਹੀਂ ਕਰਦੇ। ਉਹ ਹਿੰਸਾ ਰਾਹੀਂ ਜਨਤਾ ਦੇ ਦਿਲਾਂ ਅਤੇ ਦਿਮਾਗਾਂ 'ਤੇ ਕਬਜ਼ਾ ਕਰਨਾ ਜਾਂ ਉਨ੍ਹਾਂ 'ਤੇ ਹਾਵੀ ਹੋਣਾ ਚਾਹੁੰਦੇ ਹਨ। ਇੱਕ ਪਾਰਟੀ ਜਿਸਦਾ ਜਨਤਾ ਵਿੱਚ ਪ੍ਰਭਾਵ ਹੈ, ਉਹ ਹਿੰਸਾ ਦਾ ਸਹਾਰਾ ਨਹੀਂ ਲਵੇਗੀ, ਪਰ ਹਿੰਸਾ ਦਾ ਜਿਨ੍ਹਾਂ ਲੋਕਾਂ ਨੇ ਕਦੇ ਮਾਰਕਸ ਦਾ ਨਾਂ ਵੀ ਨਹੀਂ ਸੁਣਿਆ, ਉਹ ਵੀ ਸ਼ੋਸ਼ਣ-ਮੁਕਤ ਸਮਾਜ ਦਾ ਸੁਪਨਾ ਦੇਖਦੇ ਹਨ। ਸ਼ੋਸ਼ਣ ਮੁਕਤ ਸਮਾਜ ਦਾ ਸੁਪਨਾ ਵੀ ਉਹ ਲੋਕ ਦੇਖਦੇ ਹਨ ਜੋ ਮਾਰਕਸਵਾਦ ਨੂੰ ਜਾਣਦੇ, ਮੰਨਦੇ ਅਤੇ ਅਪਣਾਉਂਦੇ ਹਨ। ਮਾਰਕਸਵਾਦੀ ਦਾ ਮਤਲਬ ਸੰਨਿਆਸੀ ਨਹੀਂ ਹੈ।

ਇੱਕ ਮਾਰਕਸਵਾਦੀ ਦਾ ਦਿਲ ਵੱਡਾ ਹੁੰਦਾ ਹੈ, ਜਿਨ੍ਹਾਂ ਕੋਲ ਵੱਡਾ ਦਿਲ ਨਹੀਂ ਹੁੰਦਾ ਉਹ ਕੱਟੜ ਹੀ ਰਹਿੰਦੇ ਹਨ। ਮਾਰਕਸਵਾਦੀ ਲਈ, ਕੋਈ ਵੀ ਵਿਅਕਤੀ ਅਛੂਤ ਨਹੀਂ ਹੁੰਦਾ ਅਤੇ ਕੋਈ ਵੀ ਮਨੁੱਖ ਦੁਆਰਾ ਬਣਾਈ ਚੀਜ਼, ਕੀਮਤੀ ਵਿਚਾਰ, ਸੰਬੰਧਿਤ ਆਚਰਣ ਅਤੇ ਆਦਤਾਂ ਅਛੂਤ ਨਹੀਂ ਹੁੰਦੀਆਂ।

ਉਹ ਨਾ ਸਿਰਫ਼ ਮਨੁੱਖਾਂ ਦੀ ਇੱਜ਼ਤ ਕਰਦੇ ਹਨ, ਸਗੋਂ ਉਨ੍ਹਾਂ ਨੂੰ ਤਾਕਤਵਰ ਦੇਖਣਾ ਚਾਹੁੰਦੇ ਹਨ। ਸਮਾਜ ਵਿੱਚ ਅਜਿਹੇ ਲੋਕ ਵੀ ਹਨ ਜੋ ਮਨੁੱਖ ਦਾ ਸਤਿਕਾਰ ਕਰਦੇ ਹਨ ਪਰ ਉਸਨੂੰ ਸ਼ਕਤੀਹੀਣ ਰੱਖਣਾ ਚਾਹੁੰਦੇ ਹਨ। ਮਾਰਕਸਵਾਦੀ ਦਾ ਮੂਲ ਸਰੋਕਾਰ ਮਨੁੱਖ ਨੂੰ ਤਾਕਤਵਰ ਬਣਾਉਣਾ ਹੈ।

ਮਾਰਕਸ ਇਸ ਲਈ ਮਹਾਨ ਬਣਿਆ ਕਿਉਂਕਿ ਉਹ ਸਮਾਜ ਦੇ ਤੱਤ ਦੀ ਪਛਾਣ ਕਰਨ ਵਿੱਚ ਸਫਲ ਰਿਹਾ ਸੀ।

ਕਾਂਗਰਸ ਅਤੇ ਕਮਿਊਨਿਸਟਾਂ ਵਿਚਕਾਰ ਹਿੰਸਾ ਅਤੇ ਪਿਆਰ ਦਾ ਰਿਸ਼ਤਾ ਰਿਹਾ ਹੈ। ਨਹਿਰੂ ਦੇ ਰਾਜ ਦੌਰਾਨ ਤੇਲੰਗਾਨਾ ਵਿੱਚ ਸੈਂਕੜੇ ਕਾਮਰੇਡ ਮਾਰੇ ਗਏ, ਹਜ਼ਾਰਾਂ ਕੇਸ ਸਾਲਾਂ ਤੱਕ ਚੱਲੇ, 1962 ਵਿੱਚ ਨਹਿਰੂ ਸਰਕਾਰ ਨੇ ਕਈ ਵੱਡੇ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ, ਐਮਰਜੈਂਸੀ ਦੌਰਾਨ ਸੀਪੀਆਈ ਨੇ ਕਾਂਗਰਸ ਦਾ ਸਾਥ ਦਿੱਤਾ, ਕਈ ਰਾਜਾਂ ਵਿੱਚ ਸੀਪੀਆਈ ਨੇ ਕਾਂਗਰਸ ਨਾਲ ਮਿਲ ਕੇ ਚੋਣਾਂ ਲੜੀਆਂ, ਇਸੇ ਤਰ੍ਹਾਂ ਬੰਗਾਲ ਵਿੱਚ 1972-72 ਦੇ ਰਾਜ ਵਿੱਚ ਸ਼ੰਕਰ ਦੇ ਸ਼ਾਸਨ ਦੌਰਾਨ ਵੀ ਇਹੋ ਹਾਲ ਸੀ। ਸੈਂਕੜੇ ਸੀਪੀਆਈ (ਐਮ) ਕਾਮਰੇਡ ਮਾਰੇ ਗਏ, ਹਜ਼ਾਰਾਂ ਨੂੰ ਬੰਗਾਲ ਛੱਡਣਾ ਪਿਆ, ਬਾਅਦ ਵਿੱਚ 34 ਸਾਲਾਂ ਦੇ ਖੱਬੇ-ਪੱਖੀ ਸ਼ਾਸਨ ਦੌਰਾਨ, ਲਗਭਗ 65 ਹਜ਼ਾਰ ਸਿਆਸੀ ਕਤਲ ਹੋਏ, ਜਿਨ੍ਹਾਂ ਵਿੱਚ ਕਾਂਗਰਸ ਅਤੇ ਸੀਪੀਆਈ (ਐਮ) ਦੋਵਾਂ ਦੇ ਲੋਕ ਮਾਰੇ ਗਏ, ਇਹ ਹਿੰਸਾ ਦੇ ਕੁਝ ਅੰਕੜੇ ਹਨ। ਇਸ ਸਭ ਦੇ ਬਾਵਜੂਦ, ਕਮਿਊਨਿਸਟਾਂ ਨੇ ਕਦੇ ਵੀ ਕਾਂਗਰਸ ਨਾਲ ਨਫ਼ਰਤ ਵਾਲਾ ਰਿਸ਼ਤਾ ਨਹੀਂ ਬਣਾਇਆ; ਜਦੋਂ ਵੀ ਕਾਂਗਰਸੀ ਆਗੂਆਂ ਨੇ ਗੰਭੀਰ ਸਮੱਸਿਆਵਾਂ ਬਾਰੇ ਮਦਦ ਮੰਗੀ ਤਾਂ ਕਮਿਊਨਿਸਟਾਂ ਨੇ ਮਦਦ ਕੀਤੀ। ਜਦੋਂ ਕਿ ਕਾਨੂੰਨ ਦੁਆਰਾ ਸੀਪੀਆਈ (ਐਮ) ਨੂੰ ਹਿੰਸਾ ਤੋਂ ਬਚਣਾ ਚਾਹੀਦਾ ਹੈ, ਉਹ ਬੰਗਾਲ ਵਿੱਚ ਜਦੋਂ ਤੱਕ ਸੱਤਾ ਵਿੱਚ ਸਨ, ਰਾਜਨੀਤਿਕ ਹਿੰਸਾ ਨੂੰ ਰੋਕ ਨਹੀਂ ਸਕਦੇ ਸਨ। ਅਪਰਾਧੀਆਂ ਨੂੰ ਕਾਬੂ ਨਹੀਂ ਕਰ ਸਕੇ।

ਵਿਡੰਬਨਾ ਦੇਖੋ, ਬੰਗਾਲ ਵਿੱਚ ਕਾਂਗਰਸ ਵੱਲੋਂ ਸਭ ਤੋਂ ਵੱਧ ਕਮਿਊਨਿਸਟ ਮਾਰੇ ਗਏ, ਉਸੇ ਬੰਗਾਲ ਵਿੱਚ 2016 ਅਤੇ 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਮਿਊਨਿਸਟ ਅਤੇ ਕਾਂਗਰਸ ਇਕੱਠੇ ਲੜੇ। ਕਮਿਊਨਿਸਟਾਂ ਨੇ ਕਾਂਗਰਸ ਦੀ ਅਗਵਾਈ ਵਾਲੇ ਯੂਪੀਏ-1 ਗਠਜੋੜ ਦਾ ਸਮਰਥਨ ਕੀਤਾ।

ਕਾਂਗਰਸ-ਕਮਿਊਨਿਸਟ ਸਬੰਧਾਂ ਦੀ ਦੂਜੀ ਵਿਡੰਬਨਾ ਇਹ ਹੈ ਕਿ ਕਮਿਊਨਿਸਟ ਉਦਾਰਵਾਦ ਨੂੰ ਨਾਪਸੰਦ ਕਰਦੇ ਹਨ, ਕਾਂਗਰਸ ਮਾਰਕਸਵਾਦ ਨੂੰ ਨਾਪਸੰਦ ਕਰਦੀ ਹੈ, ਫਿਰ ਵੀ ਦੋਵੇਂ ਦੋਸਤ ਹਨ। ਇਹ ਦੋਸਤੀ ਸਿਆਸੀ ਪ੍ਰੋਗਰਾਮ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਇਸ ਦਾ ਮੂਲ ਟੀਚਾ ਫਾਸੀਵਾਦ ਵਿਰੋਧੀ ਸ਼ਕਤੀਆਂ ਨੂੰ ਇਕਜੁੱਟ ਕਰਨਾ ਹੋਣਾ ਚਾਹੀਦਾ ਹੈ। ਮੋਦੀ ਸ਼ਾਸਨ: ਇਸ ਨੂੰ ਮਾਮੂਲੀ ਨਹੀਂ ਸਮਝਣਾ ਚਾਹੀਦਾ। ਇਹ ਰੁਟੀਨ ਸ਼ਾਸਨ ਨਹੀਂ ਹੈ। ਸਗੋਂ ਇਹ ਫਾਸੀਵਾਦੀ ਸ਼ਾਸਨ ਹੈ।

ਪੱਛਮੀ ਬੰਗਾਲ ਵਿੱਚ ਪਿਛਲੇ ਪੰਜਾਹ ਸਾਲਾਂ ਵਿੱਚ ਸਿਆਸੀ ਹਿੰਸਾ ਦੀਆਂ ਹਜ਼ਾਰਾਂ ਘਟਨਾਵਾਂ ਵਾਪਰੀਆਂ ਹਨ। ਮਮਤਾ ਸਰਕਾਰ 2011 ਵਿੱਚ ਹਿੰਸਾ ਦੇ ਵਿਰੋਧ ਵਿੱਚ ਪੈਦਾ ਹੋਈ ਸੀ ਪਰ ਮਮਤਾ ਹਿੰਸਾ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਹੋਈ, ਇਸਦੇ ਉਲਟ ਟੀਐਮਸੀ ਦੇ ਗੁੰਡਿਆਂ ਨੇ ਖੱਬੀਆਂ ਪਾਰਟੀਆਂ ਖਾਸ ਕਰਕੇ ਸੀਪੀਆਈ (ਐਮ) ਉੱਤੇ ਹਮਲੇ ਕੀਤੇ। 2016 ਵਿੱਚ ਵੀ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਅਣਗਿਣਤ ਹਮਲੇ ਹੋਏ ਸਨ। ਖੱਬੇ ਪੱਖੀਆਂ 'ਤੇ ਹਮਲੇ ਅਜਿਹੇ ਸਮੇਂ ਹੋਏ ਜਦੋਂ ਟੀਐਮਸੀ ਨੂੰ ਭਾਰੀ ਬਹੁਮਤ ਮਿਲ ਗਿਆ ਸੀ। ਟੀਐਮਸੀ ਦੇ ਲੋਕ ਜਿੱਤ ਤੋਂ ਬਾਅਦ ਵੀ ਉਦਾਰਵਾਦੀ ਬਣਨ ਲਈ ਤਿਆਰ ਨਹੀਂ ਸਨ ਅਤੇ ਲਗਾਤਾਰ ਹਮਲੇ ਕਰਦੇ ਰਹੇ। ਦੂਜੇ ਪਾਸੇ ਭਾਜਪਾ ਨੇ ਸਥਾਨਕ ਅਤੇ ਬਾਹਰੀ ਅਪਰਾਧੀ ਤੱਤਾਂ 'ਤੇ ਹਮਲਾ ਕੀਤਾ ਅਤੇ ਮਮਤਾ ਨਾਲ ਗੁੰਡਿਆਂ ਦੀ ਮਦਦ ਨਾਲ ਨਜਿੱਠਣ ਦਾ ਫੈਸਲਾ ਕੀਤਾ ਗਿਆ, ਜਿਸ ਕਾਰਨ ਹਿੰਸਾ 'ਚ ਗੁਣਾਤਮਕ ਵਾਧਾ ਹੋਇਆ ਹੈ। 2026 ਵਿੱਚ ਬੰਗਾਲ ਵਿੱਚ ਭਾਜਪਾ ਦੀ ਜਿੱਤ ਫਾਸ਼ੀਵਾਦ ਦੀ ਜਿੱਤ ਹੈ।

ਸੱਚ ਇਹ ਹੈ ਕਿ ਹਿੰਸਾ ਹਿੰਸਾ ਦਾ ਹੱਲ ਨਹੀਂ ਹੈ। 2021 ਵਿੱਚ ਟੀਐਮਸੀ ਦੀ ਜਿੱਤ ਹੋਈ, ਇਹ ਜਿੱਤ ਮੂਲ ਰੂਪ ਵਿੱਚ ਸੰਘੀ ਫਾਸ਼ੀਵਾਦ ਦੀ ਹਾਰ ਦਾ ਪ੍ਰਗਟਾਵਾ ਹੈ। ਇਸ ਜਿੱਤ ਤੋਂ ਬਾਅਦ ਵੀ ਹਿੰਸਾ ਨਹੀਂ ਰੁਕੀ। 2026 ਵਿੱਚ ਭਾਜਪਾ ਦੀ ਜਿੱਤ ਤੋਂ ਬਾਅਦ ਵੀ ਹਿੰਸਾ ਰੁਕਣ ਦੇ ਕੋਈ ਸੰਕੇਤ ਨਹੀਂ ਦਿਖਾ ਰਹੀ ਹੈ।

ਸਵਾਲ ਇਹ ਉੱਠਦਾ ਹੈ ਕਿ ਇਸ ਹਿੰਸਾ ਦੀ ਜੜ੍ਹ ਕਿੱਥੇ ਹੈ? ਹਿੰਸਾ ਉਨ੍ਹਾਂ ਲੋਕਾਂ ਦੁਆਰਾ ਕੀਤੀ ਜਾਂਦੀ ਹੈ ਜੋ ਜਨਤਾ 'ਤੇ ਭਰੋਸਾ ਨਹੀਂ ਕਰਦੇ। ਉਹ ਹਿੰਸਾ ਰਾਹੀਂ ਜਨਤਾ ਦੇ ਦਿਲਾਂ ਅਤੇ ਦਿਮਾਗਾਂ 'ਤੇ ਕਬਜ਼ਾ ਕਰਨਾ ਜਾਂ ਉਨ੍ਹਾਂ 'ਤੇ ਹਾਵੀ ਹੋਣਾ ਚਾਹੁੰਦੇ ਹਨ। ਇੱਕ ਪਾਰਟੀ ਜਿਸਦਾ ਜਨਤਾ ਵਿੱਚ ਪ੍ਰਭਾਵ ਹੈ, ਉਹ ਹਿੰਸਾ ਦਾ ਸਹਾਰਾ ਨਹੀਂ ਲਵੇਗੀ, ਪਰ ਹਿੰਸਾ ਦਾ ਸਹਾਰਾ ਲੈਣ ਵਾਲੀ ਪਾਰਟੀ ਸਤ ?ਹਾ 'ਤੇ ਕਹਿੰਦੀ ਹੈ ਕਿ ਉਹ ਸਵੈ-ਰੱਖਿਆ ਲਈ ਜਾਂ ਬਦਲੇ ਦੀ ਭਾਵਨਾ ਤੋਂ ਅਜਿਹਾ ਕਰ ਰਹੀ ਹੈ।

ਹਿੰਸਾ ਦਾ ਅਸਲ ਮਕਸਦ ਸਰਵਉੱਚਤਾ ਕਾਇਮ ਕਰਨਾ ਹੈ। ਸਰਬਉੱਚਤਾ ਕਾਇਮ ਕਰਨ ਦਾ ਮਨੋਦਸ਼ਾ ਸਿਆਸੀ ਕਮਜ਼ੋਰੀ ਵਿੱਚੋਂ ਪੈਦਾ ਹੁੰਦਾ ਹੈ। ਹਿੰਸਾ ਨਾ ਸਿਰਫ਼ ਉਸ ਖੇਤਰ ਵਿੱਚ ਪ੍ਰਭਾਵ ਛੱਡਦੀ ਹੈ ਜਿੱਥੇ ਇਹ ਵਾਪਰਦੀ ਹੈ, ਇਹ ਉਹਨਾਂ ਖੇਤਰਾਂ ਵਿੱਚ ਵੀ ਪ੍ਰਭਾਵ ਛੱਡਦੀ ਹੈ ਜੋ ਦੂਰ ਹਨ। ਪਰ ਹਿੰਸਾ ਹਮੇਸ਼ਾ ਇੱਕ ਚੱਕਰ ਵਿੱਚ ਕੇਂਦਰਿਤ ਰਹਿੰਦੀ ਹੈ। ਉਦਾਹਰਨ ਲਈ, ਕੇਰਲਾ ਦੇ ਜ਼ਿਲ੍ਹੇ ਵਿੱਚ ਜਿੱਥੇ ਸੀਪੀਆਈ (ਐਮ)-ਆਰਐਸਐਸ ਦਰਮਿਆਨ ਹਿੰਸਾ ਹੋ ਰਹੀ ਹੈ, ਇਹ ਵੱਧ ਤੋਂ ਵੱਧ ਕੇਰਲਾ ਜਾਂ ਸਬੰਧਤ ਜ਼ਿਲ੍ਹੇ ਤੱਕ ਸੀਮਤ ਹੋਵੇਗੀ, ਅਤੇ ਇਸ ਤੋਂ ਅੱਗੇ ਨਹੀਂ ਜਾਵੇਗੀ। ਇਸ ਅਰਥ ਵਿਚ ਹਿੰਸਾ ਸਥਾਨਕ ਅਤੇ ਸੂਬਾਈ ਹੈ।

ਬੰਗਾਲ ਵਿੱਚ ਮੌਜੂਦਾ ਹਿੰਸਾ ਦੀ ਜੜ੍ਹ ਸਿਆਸੀ ਅਸਹਿਣਸ਼ੀਲਤਾ ਵਿੱਚ ਛੁਪੀ ਹੋਈ ਹੈ। ਇਹ ਇੱਕ ਵੱਡੀ ਬਿਮਾਰੀ ਹੈ, ਸੀਪੀਆਈ(ਐਮ), ਟੀਐਮਸੀ, ਭਾਜਪਾ ਆਦਿ ਇਸਦੇ ਸ਼ਿਕਾਰ ਹਨ। ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਵਿੱਚ ਅਸਹਿਣਸ਼ੀਲਤਾ ਆਪਣੇ ਸਿਖਰ 'ਤੇ ਹੈ। ਕੋਈ ਵੀ ਅਸਹਿਣਸ਼ੀਲਤਾ ਛੱਡਣ ਲਈ ਤਿਆਰ ਨਹੀਂ ਹੈ। ਕੋਈ ਵੀ ਪਾਰਟੀ ਮੌਜੂਦਾ ਹਿੰਸਾ ਨੂੰ ਰੋਕਣ ਲਈ ਪਹਿਲ ਕਰਨ ਲਈ ਤਿਆਰ ਨਹੀਂ ਹੈ; ਇਸ ਦੀ ਬਜਾਏ, ਉਹ ਗਰਮਾ-ਗਰਮ ਬਿਆਨ ਜਾਰੀ ਕਰ ਰਹੇ ਹਨ ਜਾਂ ਚੁੱਪ-ਚਾਪ ਹਿੰਸਾ ਨੂੰ ਨਜ਼ਰਅੰਦਾਜ਼ ਕਰਕੇ ਦੇਖ ਰਹੇ ਹਨ। ਇਹ ਮਾਨਸਿਕਤਾ ਗੈਰ-ਲੋਕਤੰਤਰੀ ਅਤੇ ਹਿੰਸਕ ਹੈ। ਹਿੰਸਾ ਹਿੰਸਾ ਦਾ ਜਵਾਬ ਨਹੀਂ ਹੈ, ਅਤੇ ਪੁਲਿਸ ਹਿੰਸਾ ਦਾ ਜਵਾਬ ਨਹੀਂ ਹੈ। ਹਿੰਸਾ ਦਾ ਜਵਾਬ ਸ਼ਾਂਤੀ ਹੈ, ਅਤੇ ਇਹ ਗੱਲਬਾਤ ਅਤੇ ਸਹਿਯੋਗ ਤੋਂ ਬਿਨਾਂ ਸਥਾਪਿਤ ਨਹੀਂ ਕੀਤੀ ਜਾ ਸਕਦੀ। ਇਹ ਲੋਕਤੰਤਰ ਦੇ ਦੋ ਮਹੱਤਵਪੂਰਨ ਤੱਤ ਹਨ। ਉਹੀ ਪਾਰਟੀ ਜੋ ਕੱਲ੍ਹ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਵੋਟਾਂ ਮੰਗ ਰਹੀ ਸੀ, ਅੱਜ ਆਪਣੇ ਦਫ਼ਤਰ ਵਿੱਚ ਬੈਠੀ ਹੈ, ਗੁੱਸੇ ਅਤੇ ਗੁੱਸੇ ਵਿੱਚ ਹੈ, ਜਾਂ ਹਿੰਸਾ ਵਿੱਚ ਰੁੱਝੀ ਹੋਈ ਹੈ। ਹਿੰਸਾ ਨੂੰ ਹਿੰਸਾ ਜਾਂ ਨਫ਼ਰਤ ਜਾਂ ਨਿੰਦਾ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ। ਹਿੰਸਾ ਨੂੰ ਖਤਮ ਕਰਨ ਲਈ ਸ਼ਾਂਤੀ, ਸਹਿਯੋਗ ਅਤੇ ਗੱਲਬਾਤ ਦੀ ਲੋੜ ਹੈ। ਜੇਕਰ ਕਮਿਊਨਿਸਟ ਲੋਕਪ੍ਰਿਅਤਾ ਹਾਸਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸ਼ਾਂਤੀ ਅਤੇ ਜਮਹੂਰੀ ਹੱਕਾਂ ਦੀ ਲੜਾਈ ਦੇ ਸਮਰਥਨ ਵਿੱਚ ਨਵਾਂ ਪ੍ਰੋਗਰਾਮ ਬਣਾਉਣਾ ਪਵੇਗਾ। ਇਸ ਪ੍ਰੋਗਰਾਮ ਦੀ ਨੀਂਹ ਲੋਕਤੰਤਰ, ਸ਼ਾਂਤੀ ਅਤੇ ਨਿਆਂ ਹੋਵੇਗੀ। ਸਾਨੂੰ ਪੁਰਾਣੀਆਂ ਦੁਸ਼ਮਣੀਆਂ ਅਤੇ ਪੱਖਪਾਤ ਦੀ ਦਲਦਲ ਵਿੱਚੋਂ ਬਾਹਰ ਨਿਕਲਣਾ ਹੋਵੇਗਾ ਅਤੇ ਸੰਪਰਕ, ਸਬੰਧਾਂ ਅਤੇ ਸੰਘਰਸ਼ ਲਈ ਤਰਜੀਹਾਂ ਤੈਅ ਕਰਨੀਆਂ ਪੈਣਗੀਆਂ।

ਹੁਣ ਇਹ ਕਹਿਣਾ ਬੇਕਾਰ ਹੈ ਕਿ ਸੰਕਟ ਡੂੰਘਾ ਹੈ, ਕਿਉਂਕਿ ਅਸੀਂ ਸਾਰੇ ਮੁਸੀਬਤ ਵਿੱਚ ਘਿਰੇ ਹੋਏ ਹਾਂ। ਇਹ ਕਹਿਣਾ ਬੇਕਾਰ ਹੈ ਕਿ ਕਾਤਲ ਕਿੰਨੇ ਤਾਕਤਵਰ ਹਨ ਕਿਉਂਕਿ ਅਸੀਂ ਸਾਰੇ ਬੇਵੱਸ ਸਾਬਤ ਹੋਏ ਹਾਂ। ਜਦੋਂ ਕਿਸੇ ਬੇਕਸੂਰ ਨੂੰ ਭੀੜ ਵੱਲੋਂ ਕੁੱਟਿਆ ਜਾ ਰਿਹਾ ਹੋਵੇ ਅਤੇ ਲੋਕ ਤਮਾਸ਼ਾ ਦੇਖ ਰਹੇ ਹੋਣ, ਤਾਂ ਸਮਝੋ ਕਿ ਇਹ ਅਸੀਂ ਨਹੀਂ, ਉਹ ਹਨ, ਜੋ ਚੀਜ਼ਾਂ ਦਾ ਫੈਸਲਾ ਕਰ ਰਹੇ ਹਨ। ਇਹ 'ਉਹ' ਕੌਣ ਹਨ? ਦੱਸਣ ਦੀ ਲੋੜ ਨਹੀਂ, ਇਹ 'ਉਹ' ਸਾਡੇ ਵਿਚਕਾਰ ਹਨ। 'ਸਾਨੂੰ' ਨੂੰ 'ਉਨ੍ਹਾਂ' ਵਿੱਚ ਬਦਲਣ ਦੀ ਕਲਾ ਦਾ ਨਾਂ ਫਾਸ਼ੀਵਾਦ ਹੈ। ਇਸ ਦੀ ਕਾਰੀਗਰੀ ਬਹੁਤ ਗੁੰਝਲਦਾਰ ਹੈ।

ਫਾਸੀਵਾਦੀ ਵਿਚਾਰ ਇੱਕ ਦਿਨ, ਦੋ ਦਿਨ, ਇੱਕ ਸਾਲ ਜਾਂ ਤਿੰਨ ਸਾਲਾਂ ਵਿੱਚ ਪੈਦਾ ਨਹੀਂ ਹੁੰਦਾ, ਸਗੋਂ ਫਾਸ਼ੀਵਾਦੀ ਵਿਚਾਰ ਨੂੰ ਪੂਰੀ ਤਰ੍ਹਾਂ ਪੱਕਣ ਵਿੱਚ ਬਹੁਤ ਸਮਾਂ ਲੱਗਦਾ ਹੈ। ਭਾਰਤ ਵਿੱਚ ਫਾਸ਼ੀਵਾਦੀ ਵਿਚਾਰਾਂ ਦੀ ਫ਼ਸਲ ਇੱਕ ਦਿਨ ਵਿੱਚ ਪੈਦਾ ਨਹੀਂ ਹੋਈ, ਇਹ ਫ਼ਸਲ ਕਿਸੇ ਇੱਕ ਸੰਗਠਨ ਜਾਂ ਵਿਸ਼ੇਸ਼ ਵਿਚਾਰ ਨੇ ਨਹੀਂ ਤਿਆਰ ਕੀਤੀ, ਸਗੋਂ ਫਾਸ਼ੀਵਾਦੀ ਵਿਚਾਰ ਕਈ ਸੰਸਥਾਵਾਂ ਅਤੇ ਹਜ਼ਾਰਾਂ ਲੋਕਾਂ ਨੇ ਮਿਲ ਕੇ ਤਿਆਰ ਕੀਤੇ ਹਨ। ਇਹ ਕਿਸੇ ਦੇ ਮਨ ਦੀ ਕਲਪਨਾ ਨਹੀਂ ਹੈ, ਇਹ ਕੋਈ ਪਾ ਸਾਡੇ ਦੇਸ਼ ਵਿੱਚ ਫਾਸੀਵਾਦੀ ਵਿਚਾਰਾਂ ਦਾ ਭੌਤਿਕ ਅਤੇ ਵਿਚਾਰਧਾਰਕ ਆਧਾਰ ਪਹਿਲਾਂ ਹੀ ਮੌਜੂਦ ਹੈ, ਨਵੇਂ ਫਾਸ਼ੀਵਾਦੀਆਂ ਨੇ ਉਸ ਅਧਾਰ ਨੂੰ ਹੀ ਪਾਲਿਆ ਅਤੇ ਫੈਲਾਇਆ ਹੈ। ਅੱਜ ਹਰ ਵਿਅਕਤੀ ਅੰਦਰ ਫਾਸੀਵਾਦ ਜਾਗ ਚੁੱਕਾ ਹੈ। ਫਾਸ਼ੀਵਾਦ ਨੂੰ ਉਨ੍ਹਾਂ ਪੁਰਾਣੇ ਗੰਧਲੇ ਵਿਸ਼ਵਾਸਾਂ ਅਤੇ ਵਿਚਾਰਾਂ ਤੋਂ ਮਦਦ ਮਿਲ ਰਹੀ ਹੈ ਜਿਨ੍ਹਾਂ ਬਾਰੇ ਅਸੀਂ ਇਹ ਮੰਨ ਰਹੇ ਸੀ ਕਿ ਉਹ ਵਿਸ਼ਵਾਸ ਪੁਰਾਣੇ ਅਤੇ ਮਰ ਚੁੱਕੇ ਹਨ। ਪਰ ਅਸਲ ਵਿੱਚ, ਗੰਦੀ ਮਾਨਤਾਵਾਂ ਨਹੀਂ ਮਰਦੀਆਂ। ਭਾਰਤ ਵਿੱਚ ਪੁਰਾਣੀਆਂ ਗੰਦੀਆਂ ਧਾਰਨਾਵਾਂ ਬਿਲਕੁਲ ਨਹੀਂ ਮਰਦੀਆਂ, ਉਨ੍ਹਾਂ ਨੂੰ ਸੰਭਾਲਣਾ, ਉਨ੍ਹਾਂ ਵਿੱਚ ਰਹਿਣਾ ਅਤੇ ਉਨ੍ਹਾਂ ਦੀ ਪੂਜਾ ਕਰਨਾ ਭਾਰਤ ਦੀ ਵਿਸ਼ੇਸ਼ਤਾ ਹੈ ਅਤੇ ਇਹ ਉਹ ਸਥਾਨ ਹੈ ਜਿੱਥੋਂ ਫਾਸੀਵਾਦੀ ਲੋਕ ਆਪਣੇ ਲਈ ਬਾਲਣ ਅਤੇ ਆਸਰਾ ਇਕੱਠਾ ਕਰਦੇ ਹਨ।

'ਗਾਂ ਸਾਡੀ ਮਾਂ ਹੈ' ਉਹੀ ਪੁਰਾਣਾ ਵਿਚਾਰ ਹੈ, ਜਿਸ ਨੂੰ ਅਸੀਂ ਮੰਨ ਲਿਆ ਸੀ ਕਿ ਇਹ ਮਰ ਗਈ ਸੀ, ਪਰ ਇੰਨੀ ਤਾਕਤਵਰ ਬਣ ਕੇ ਸ. ਈਪ ਸੁਪਨਾ ਵੀ ਨਹੀਂ ਹੈ।

ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਹ ਆਵੇਗਾ। ਸੋਚੋ ਕਿ ਇਹਨਾਂ ਪੁਰਾਣੇ, ਸੜੇ ਵਿਚਾਰਾਂ ਦੇ ਨਿਸ਼ਾਨੇ ਕੌਣ ਹਨ, ਅਤੇ ਕਿਹੜਾ ਉਮਰ ਵਰਗ ਕਤਲ ਕਰ ਰਿਹਾ ਹੈ? ਫਾਸ਼ੀਵਾਦ ਆਸਾਨੀ ਨਾਲ ਇੱਕ ਸਮਾਜ ਵਿੱਚ ਪੈਦਾ ਹੁੰਦਾ ਹੈ ਜੋ ਪੁਰਾਣੇ, ਸੜੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ। ਪ੍ਰਧਾਨ ਮੰਤਰੀ ਭਾਵੇਂ ਕਿੰਨਾ ਵੀ ਰੌਲਾ ਪਾਉਣ, ਜਾਂ ਮੇਰੇ ਵਰਗੇ ਲੋਕ ਲੱਖਾਂ-ਕਰੋੜਾਂ ਸ਼ਬਦ ਖਰਚ ਕਰਨ, ਅਸੀਂ ਇਹਨਾਂ ਪੁਰਾਣੇ, ਸੜੇ ਵਿਚਾਰਾਂ ਨੂੰ ਹਰਾ ਨਹੀਂ ਸਕਦੇ।

ਇਹ ਬਹੁਤ ਵੱਡੀ ਕੁਰਬਾਨੀ ਹੈ। RSS ਅਤੇ ਇਸ ਦੀਆਂ ਜਥੇਬੰਦੀਆਂ ਨੇ ਲੱਖਾਂ ਨੌਜਵਾਨਾਂ ਨੂੰ ਪੁਰਾਣੇ, ਗੰਦੀ ਸੋਚ ਦਾ ਧਾਰਨੀ ਬਣਾ ਦਿੱਤਾ ਹੈ।

ਅਸੀਂ ਉਦੋਂ ਤੱਕ ਆਧੁਨਿਕ ਮਨੁੱਖ ਦੀ ਸਿਰਜਣਾ ਨਹੀਂ ਕਰ ਸਕਦੇ ਜਦੋਂ ਤੱਕ ਅਸੀਂ ਪੁਰਾਣੇ ਗੰਧਲੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਦੀ ਭਾਵਨਾ ਪੈਦਾ ਨਹੀਂ ਕਰਦੇ। ਅਸੀਂ ਇੱਕ ਅਜੀਬ ਗੜਬੜ ਪੈਦਾ ਕੀਤੀ ਹੈ। ਅਸੀਂ ਕੱਪੜੇ ਬਦਲੇ ਹਨ, ਸਿੱਖਿਆ ਬਦਲ ਦਿੱਤੀ ਹੈ, ਸਿਸਟਮ ਬਦਲਿਆ ਹੈ, ਸੰਚਾਰ ਦੇ ਸਾਧਨ ਬਦਲੇ ਹਨ, ਪਰ ਵਿਚਾਰਾਂ ਦੀ ਦੁਨੀਆਂ ਵਿੱਚ ਨਵੇਂ ਵਿਚਾਰਾਂ ਦਾ ਦਾਖਲਾ ਬੰਦ ਕਰ ਦਿੱਤਾ ਹੈ, ਵਿਚਾਰਾਂ ਦੀ ਦੁਨੀਆਂ ਉਹੀ ਗੰਦੀ ਸੋਚ ਨਾਲ ਭਰੀ ਹੋਈ ਹੈ।

ਫਰੈਡਰਿਕ ਏਂਗਲਜ਼ ਨੇ ਲਿਖਿਆ ਹੈ ਕਿ ਇੱਕ ਵਾਰ ਜਦੋਂ ਕੋਈ ਵਿਚਾਰ ਪੈਦਾ ਹੋ ਜਾਂਦਾ ਹੈ ਅਤੇ ਅਮਲ ਵਿੱਚ ਲਿਆ ਜਾਂਦਾ ਹੈ, ਤਾਂ ਇਹ ਆਸਾਨੀ ਨਾਲ ਨਸ਼ਟ ਨਹੀਂ ਹੁੰਦਾ ਪਰ ਸਮੇਂ ਦੇ ਬਾਅਦ ਇਹ ਇੱਕ ਪਦਾਰਥਕ ਸ਼ਕਤੀ ਬਣ ਜਾਂਦਾ ਹੈ। ਤੁਸੀਂ ਸਿਸਟਮ ਨੂੰ ਬਦਲਣ ਤੋਂ ਬਾਅਦ ਵੀ ਇਸ ਨੂੰ ਉਦੋਂ ਤੱਕ ਹਟਾ ਨਹੀਂ ਸਕਦੇ ਜਦੋਂ ਤੱਕ ਤੁਸੀਂ ਇਸ ਦਾ ਬਦਲ ਲੋਕਾਂ ਦੇ ਮਨਾਂ ਵਿੱਚ ਨਹੀਂ ਪੇਸ਼ ਕਰਦੇ। ਅੱਜ ਤੱਕ ਅਸੀਂ ਲੋਕਾਂ ਦੇ ਮਨਾਂ ਵਿੱਚੋਂ 'ਗਾਂ ਮਾਂ ਹੁੰਦੀ ਹੈ' ਆਦਿ ਵਿਚਾਰਾਂ ਨੂੰ ਨਹੀਂ ਕੱਢ ਸਕੇ। ਇਹ ਇਸ ਗੱਲ ਦਾ ਸਬੂਤ ਹੈ ਕਿ ਅਸੀਂ ਕਿੰਨੇ ਅਸਫਲ ਹਾਂ, ਸਾਡਾ ਸਿਸਟਮ ਕਿੰਨਾ ਅਕੁਸ਼ਲ ਹੈ, ਸਾਡੀ ਸਿੱਖਿਆ ਕਿੰਨੀ ਅਧੂਰੀ ਹੈ। ਜਦੋਂ ਤੱਕ ਤੁਸੀਂ ਪੁਰਾਣੇ ਗੰਧਲੇ ਵਿਚਾਰਾਂ ਨੂੰ ਆਪਣੇ ਮਨ ਵਿੱਚ ਰੱਖਦੇ ਰਹੋਗੇ, ਫਾਸ਼ੀਵਾਦੀ ਹਮਲੇ ਹੁੰਦੇ ਰਹਿਣਗੇ, ਜੁਨੈਦ-ਅਖਲਾਕ ਵਰਗੇ ਲੋਕ ਕਤਲ ਹੁੰਦੇ ਰਹਿਣਗੇ। ਮੋਦੀ ਵਾਰ-ਵਾਰ ਜਿੱਤਦੇ ਰਹਿਣਗੇ

ਫਾਸ਼ੀਵਾਦ ਸਿਰਫ਼ ਕੋਈ ਵਿਸ਼ੇਸ਼ ਸੰਗਠਨ ਨਹੀਂ ਹੈ, ਸਗੋਂ ਇਹ ਇੱਕ ਵਿਚਾਰਧਾਰਾ ਹੈ। ਇਹ ਮਨੁੱਖੀ ਇਤਿਹਾਸ ਦੀ ਸਭ ਤੋਂ ਵਹਿਸ਼ੀ ਵਿਚਾਰਧਾਰਾ ਹੈ। ਅਸੀਂ ਇਸ ਨੂੰ ਵਿਦੇਸ਼ਾਂ ਤੋਂ ਆਯਾਤ ਨਹੀਂ ਕੀਤਾ ਹੈ, ਪਰ ਸਾਨੂੰ ਵਿਰਸੇ ਵਿਚ ਮਿਲਿਆ ਹੈ, ਇਸ ਦੀਆਂ ਸਾਡੀਆਂ ਕਦਰਾਂ-ਕੀਮਤਾਂ ਵਿਚ ਡੂੰਘੀਆਂ ਜੜ੍ਹਾਂ ਹਨ, ਤਰਕਹੀਣਤਾ ਅਤੇ ਪਿੱਤਰਸੱਤਾ ਇਸ ਦੀ ਬੁਨਿਆਦ ਹਨ। ਤਰਕਸ਼ੀਲਤਾ ਅਤੇ ਚੌਵਿਨਵਾਦ ਨੂੰ ਛੱਡ ਦਿਓ, ਫਾਸੀਵਾਦ ਮਰ ਜਾਵੇਗਾ। ਜਿੰਨਾ ਚਿਰ ਤੁਸੀਂ ਤਰਕਸ਼ੀਲਤਾ ਨੂੰ ਅਪਣਾਉਂਦੇ ਰਹੋਗੇ, ਫਾਸੀਵਾਦ ਤੁਹਾਡੇ ਨਾਲ ਚਿਪਕਿਆ ਰਹੇਗਾ ਅਤੇ ਜੁਨੈਦ ਵਰਗੇ ਲੋਕ ਮਰਦੇ ਰਹਿਣਗੇ। ਕਮਿਊਨਿਸਟਾਂ ਅਤੇ ਉਦਾਰਵਾਦੀ ਸੰਗਠਨਾਂ ਦੀ ਇਹ ਸਭ ਤੋਂ ਵੱਡੀ ਚੁਣੌਤੀ ਹੈ।

# 'ਵਿਕਾਸ' ਦੇ ਨਾਂ ਹੇਠ ਕੁਦਰਤੀ ਵਸੀਲਿਆਂ ਦੀ ਧਾੜਵੀ ਲੁੱਟ ਅਤੇ ਆਦਿਵਾਸੀ ਸੰਘਰਸ਼

-ਬੂਟਾ ਸਿੰਘ ਮਹਿਮੂਦਪੁਰ



ਮਾਓਵਾਦੀ ਲਹਿਰ ਵਿਰੁੱਧ ਹਕੂਮਤੀ ਦਹਿਸ਼ਤਗਰਦੀ ਨੂੰ ਜਾਇਜ਼ ਠਹਿਰਾਉਣ ਲਈ ਭਾਰਤੀ ਹਾਕਮ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਆਦਿਵਾਸੀ ਤਾਂ ਸਰਕਾਰ ਦੇ ਵਿਕਾਸ ਪ੍ਰੋਜੈਕਟਾਂ ਦੇ ਹੱਕ ਵਿਚ ਹਨ, ਪਰ ਮਾਓਵਾਦੀਆਂ ਦੇ ਹਥਿਆਰਬੰਦ ਵਿਰੋਧ ਕਾਰਨ ਬਸਤਰ ਤੇ ਹੋਰ ਆਦਿਵਾਸੀ ਇਲਾਕਿਆਂ ਦਾ ਵਿਕਾਸ ਨਹੀਂ ਹੋਇਆ। ਇਸ ਬਿਰਤਾਂਤ ਨੂੰ ਜਿੱਥੇ 'ਮੁੱਖਧਾਰਾ' ਮੀਡੀਆ ਨੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਹੈ, ਉੱਥੇ ਪਿਛਲੇ ਦੋ ਦਹਾਕਿਆਂ 'ਚ ਖੋਜੀ ਪੱਤਰਕਾਰਾਂ ਅਤੇ ਜਮਹੂਰੀ ਹੱਕਾਂ ਦੀ ਜਥੇਬੰਦੀਆਂ ਨੇ ਬਹੁਤ ਸਾਰੀਆਂ ਤੱਥ ਖੋਜ ਰਿਪੋਰਟਾਂ 'ਚ ਹੁਕਮਰਾਨ ਧਿਰ ਦੇ ਇਨ੍ਹਾਂ ਦਾਅਵਿਆਂ ਦਾ ਝੂਠ ਬਖ਼ੂਬੀ ਨੰਗਾ ਕੀਤਾ ਹੈ। ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਵਿਆਪਕ ਉਜਾੜੇ ਅਤੇ ਜੰਗਲਾਂ-ਪਹਾੜਾਂ ਦੀ ਤਬਾਹੀ ਦੇ ਪ੍ਰੋਜੈਕਟ ਆਦਿਵਾਸੀ ਲੋਕਾਂ ਦੀ ਅਸਹਿਮਤੀ ਅਤੇ ਤਿੱਖੇ ਵਿਰੋਧ ਦੇ ਬਾਵਜੂਦ ਥੋਪੇ ਜਾ ਰਹੇ ਹਨ।

ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਮਾਓਵਾਦੀ ਪ੍ਰਭਾਵ ਵਾਲੇ ਇਲਾਕਿਆਂ ਤੋਂ ਬਿਨਾਂ ਵੀ ਜੰਗਲਾਂ-ਪਹਾੜਾਂ ਨੂੰ ਬਚਾਉਣ ਲਈ ਖਣਨ ਪ੍ਰੋਜੈਕਟਾਂ ਵਿਰੁੱਧ ਕਈ ਆਦਿਵਾਸੀ ਸੰਘਰਸ਼ ਚੱਲ ਰਹੇ ਹਨ। ਜਦਕਿ ਸਰਕਾਰਾਂ ਅਤੇ ਸਥਾਨਕ ਪੁਲਿਸ-ਪ੍ਰਸ਼ਾਸਨ ਤੋਂ ਲੈ ਕੇ ਨਿਆਂ ਪ੍ਰਣਾਲੀ ਤੱਕ ਸਮੁੱਚੀ ਰਾਜ-ਮਸ਼ੀਨਰੀ ਕਾਰਪੋਰੇਟ ਸਮੂਹਾਂ ਨਾਲ ਮਿਲਕੇ ਇਨ੍ਹਾਂ ਸੰਘਰਸ਼ਾਂ ਨੂੰ ਕੁਚਲਣ 'ਚ ਲੱਗੀ ਹੋਈ ਹੈ। 31 ਮਾਰਚ 2025 ਤੱਕ ਮਾਓਵਾਦ ਨੂੰ ਖ਼ਤਮ ਕਰਨ ਦਾ ਟੀਚਾ ਪੂਰਾ ਕਰ ਲੈਣ ਦੇ ਦਾਅਵਿਆਂ ਦੇ ਬਾਵਜੂਦ ਭਗਵਾ ਹਕੂਮਤ ਆਦਿਵਾਸੀ ਵਿਰੋਧ ਨੂੰ ਦਬਾਉਣ ਵਿਚ ਕਾਮਯਾਬ ਨਹੀਂ ਹੋ ਰਹੀ। ਬੇਸ਼ੱਕ, ਮਾਓਵਾਦੀਆਂ ਅਤੇ ਆਦਿਵਾਸੀ ਲੋਕਾਂ ਦਾ ਕਰੂਰ ਕਤਲੇਆਮ ਕਰਕੇ ਮੱਧ ਭਾਰਤ ਦੀ ਮੁੱਖ ਟਾਕਰਾ ਲਹਿਰ ਦਬਾ ਦਿੱਤੀ ਗਈ ਹੈ ਪਰ ਇਸ ਨਾਲ ਧਾੜਵੀ 'ਵਿਕਾਸ' ਮਾਡਲ ਵਿਰੁੱਧ ਆਦਿਵਾਸੀ ਲੋਕਾਂ ਦੀ ਲੜਾਈ ਖ਼ਤਮ ਨਹੀਂ ਹੋਈ। ਪੂਰਬੀ ਘਾਟ ਖੇਤਰ ਵਿੱਚ ਬਾਕਸਾਈਟ ਦੇ ਖਣਨ ਦੇ ਵਿਸਥਾਰ ਵਿਰੁੱਧ ਸੰਘਰਸ਼ ਖ਼ਾਸ ਕਰਕੇ ਜ਼ਿਕਰਯੋਗ ਹਨ।

ਇਸ ਟਕਰਾਅ ਦੀ ਜੜ੍ਹ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦਾ ਆਰਥਕ ਮਾਡਲ ਹੈ ਜਦੋਂ 1990ਵਿਆਂ 'ਚ ਆਰਥਿਕਤਾ ਦੇ ਉਦਾਰੀਕਰਨ ਦੀਆਂ ਨੀਤੀਆਂ ਅਪਣਾ ਕੇ ਭਾਰਤੀ ਹਾਕਮਾਂ ਵੱਲੋਂ ਅਜਾਰੇਦਾਰ ਸਰਮਾਏ ਲਈ ਕੁਦਰਤੀ ਵਸੀਲਿਆਂ ਨੂੰ ਲੁੱਟਣ ਦੀ ਖੁੱਲ੍ਹੀ ਛੋਟ ਦੇ ਦਿੱਤੀ ਗਈ। ਸਟੇਟ ਨੇ ਖਣਿਜਾਂ ਨਾਲ ਭਰਪੂਰ ਜੰਗਲਾਂ-ਪਹਾੜਾਂ ਤੱਕ ਕਾਰਪੋਰੇਟ ਸਰਮਾਏ ਦੀ ਬੇਰੋਕ ਪਹੁੰਚ ਬਣਾਉਣ ਵਾਲੇ ਦਲਾਲ ਦੀ ਭੂਮਿਕਾ ਅਖ਼ਤਿਆਰ ਕਰ ਲਈ। ਖਣਨ ਨੂੰ ਆਰਥਕ ਵਿਕਾਸ ਦੇ ਮੁੱਖ ਇੰਜਣ ਵਜੋਂ ਪ੍ਰਚਾਰਦੇ ਹੋਏ ਸਰਕਾਰਾਂ ਵੱਲੋਂ ਬਦੇਸ਼ੀ ਤੇ ਦੇਸੀ ਅਜਾਰੇਦਾਰ ਕਾਰਪੋਰੇਟ ਸਮੂਹਾਂ ਨਾਲ ਅਜਿਹੇ ਖੇਤਰਾਂ ਵਿੱਚ ਪੂੰਜੀ-ਨਿਵੇਸ਼ ਲਈ ਧੜਾਧੜ ਇਕਰਾਰਨਾਮੇ ਕੀਤੇ ਗਏ। ਖ਼ਾਸ ਕਰਕੇ ਛੱਤੀਸਗੜ੍ਹ, ਉੜੀਸਾ ਅਤੇ ਝਾਰਖੰਡ ਵਿਚ। ਜ਼ਮੀਨਾਂ ਹਥਿਆਉਣ ਲਈ ਜੰਗਲਾਂ-ਪਹਾੜਾਂ ਵਿਚ ਸਦੀਆਂ ਤੋਂ ਰਹਿ ਰਹੇ ਆਦਿਵਾਸੀ ਲੋਕਾਂ ਵਿਰੁੱਧ 'ਵਿਕਾਸ' ਯੁੱਧ ਛੇੜ ਦਿੱਤਾ ਗਿਆ। ਪੂਰੇ ਮੁਲਕ ਵਿਚ ਨੀਤੀਆਂ, ਕਾਨੂੰਨਾਂ ਵਿਚ ਤਿੱਖੀ ਰੱਦੋ-ਬਦਲ ਰਾਹੀਂ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟ ਕਬਜ਼ੇ ਦਾ ਰਾਹ ਪੱਧਰਾ ਕੀਤਾ ਗਿਆ। ਸਥਾਨਕ ਲੋਕਾਂ ਨੇ ਵਿਰੋਧ ਕਰਨ ਲੱਗੇ ਤਾਂ ਜਲ-ਜੰਗਲ-ਜ਼ਮੀਨਾਂ ਹਥਿਆਉਣ ਦੀ ਹਕੂਮਤੀ ਮੁਹਿੰਮ ਨੇ ਪਹਿਲਾਂ ਅੰਨ੍ਹੇ ਪੁਲਿਸ ਜਬਰ ਅਤੇ ਫਿਰ ਆਪਣੇ ਹੀ ਲੋਕਾਂ ਵਿਰੁੱਧ ਨੀਮ-ਫ਼ੌਜੀ ਅਪਰੇਸ਼ਨਾਂ ਦਾ ਰੂਪ ਅਖ਼ਤਿਆਰ ਕਰ ਲਿਆ।

ਇਸ ਜਾਬਰ ਫ਼ੌਜੀ ਮੁਹਿੰਮ ਨੂੰ ਜਚਣਹਾਰ ਬਣਾਉਣਾ ਹੁਕਮਰਾਨਾਂ ਲਈ ਵੱਡੀ ਸਮੱਸਿਆ ਸੀ। ਇਸਦਾ ਹੱਲ ਸਰਕਾਰ ਵੱਲੋਂ ਖ਼ੁਦ ਕਰਵਾਏ ਅਧਿਐਨਾਂ ਨੂੰ ਦਰਕਿਨਾਰ ਕਰਦੇ ਹੋਏ ਜਾਇਜ਼ ਵਿਰੋਧ ਨੂੰ 'ਅਮਨ-ਕਾਨੂੰਨ' ਦੇ ਮਸਲੇ ਦੇ ਤੌਰ 'ਤੇ ਪੇਸ਼ ਕਰਕੇ ਅਤੇ ਨਕਸਲਵਾਦ ਨੂੰ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਚਿੰਨ੍ਹਤ ਕਰਕੇ ਕੱਢਿਆ ਗਿਆ। ਵਿਕਾਸ ਬਨਾਮ ਕੌਮੀ ਸੁਰੱਖਿਆ ਦਾ ਬਿਰਤਾਂਤ ਜੰਗੀ ਪੱਧਰ 'ਤੇ ਪ੍ਰਚਾਰਿਆ ਗਿਆ। ਛੱਤੀਸਗੜ੍ਹ, ਝਾਰਖੰਡ, ਉੜੀਸਾ ਸਮੇਤ ਨੌਂ ਰਾਜਾਂ ਵਿਚ ਫੈਲੀ ਵਿਸ਼ਾਲ ਆਦਿਵਾਸੀ ਪੱਟੀ ਨੂੰ ਸਲਵਾ ਜੁਡਮ, ਅਪਰੇਸ਼ਨ ਗ੍ਰੀਨ ਹੰਟ, ਅਪਰੇਸ਼ਨ ਪ੍ਰਹਾਰ-ਸਮਾਧਾਨ, ਅਪਰੇਸ਼ਨ ਕਗਾਰ ਆਦਿ ਕਾਨੂੰਨੀ, ਗ਼ੈਰਕਾਨੂੰਨੀ ਅਪਰੇਸ਼ਨਾਂ ਦਾ ਦਹਾਕਿਆਂ ਲੰਮਾ ਸੰਤਾਪ ਝੱਲਣਾ ਪਿਆ ਜੋ ਹੁਣ ਵੀ ਜਾਰੀ ਹੈ।

ਹਾਕਮ ਜਮਾਤੀ ਬਿਰਤਾਂਤ ਖਣਿਜ ਵਸੀਲੇ ਕਾਰਪੋਰੇਟ ਸਰਮਾਏਦਾਰੀ ਨੂੰ ਲੁਟਾਉਣ ਦੀ ਸਾਜ਼ਿਸ਼ ਨੂੰ 'ਆਰਥਕ ਵਿਕਾਸ' ਅਤੇ 'ਕੌਮੀ ਤਰੱਕੀ' ਦਾ ਰਾਹ ਦੱਸਦਾ ਹੈ, ਜਦਕਿ ਜ਼ਮੀਨੀ ਹਕੀਕਤ ਜੰਗਲਾਂ-ਪਹਾੜਾਂ ਦੀ ਮੂਲਵਾਸੀ ਵਸੋਂ ਦੇ ਹੋਣ ਵਾਲੇ ਉਜਾੜੇ ਅਤੇ ਵਾਤਾਵਰਣ ਦੀ ਭਿਆਨਕ ਤਬਾਹੀ ਦੀ ਬਿਲਕੁਲ ਹੀ ਵੱਖਰੀ ਤਸਵੀਰ ਪੇਸ਼ ਕਰਦੀ ਹੈ। ਇਸ 'ਵਿਕਾਸ' ਪ੍ਰੋਜੈਕਟ ਵਿਚ ਮੁਲਕ ਦੇ ਲੋਕਾਂ ਦੇ ਹਿੱਤ ਅਤੇ ਉਸ ਆਦਿਵਾਸੀ ਵਸੋਂ ਦੇ ਹਿੱਤ ਪੂਰੀ ਤਰ੍ਹਾਂ ਮਨਫ਼ੀ ਹਨ ਜਿਨ੍ਹਾਂ ਦੇ ਵਿਕਾਸ ਦੇ ਦਾਅਵੇ ਕੀਤੇ ਜਾ ਰਹੇ ਹਨ, ਇਹ ਤਾਂ ਸਗੋਂ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਤੋਂ ਜੀਵਨ-ਗੁਜ਼ਾਰੇ ਦੇ ਨਿਗੂਣੇ ਵਸੀਲੇ ਵੀ ਖੋਹ ਰਿਹਾ ਹੈ। ਛੱਤੀਸਗੜ੍ਹ ਤੇ ਝਾਰਖੰਡ ਤੋਂ ਬਾਅਦ ਪੂਰਬੀ ਘਾਟ ਖੇਤਰ ਇਸ 'ਵਿਕਾਸ' ਦਾ ਨਮੂਨਾ ਹੈ ਜਿੱਥੇ ਖਣਨ ਕਾਰੋਬਾਰੀ ਹਿੱਤਾਂ ਲਈ ਰਾਜ ਮਸ਼ੀਨਰੀ ਅਤੇ ਕਾਰਪੋਰੇਟ ਸਰਮਾਏ ਦੇ ਨਾਪਾਕ ਗੱਠਜੋੜ ਨੇ ਲੋਕਾਈ ਵਿਰੁੱਧ ਸਿੱਧਾ ਹਮਲਾ ਵਿੱਢਿਆ ਹੋਇਆ ਹੈ।

ਪੂਰਬੀ ਘਾਟਾਂ ਵਿੱਚ ਬਾਕਸਾਈਟ ਖਣਨ ਨੂੰ ਲੈ ਕੇ ਚੱਲ ਰਹੀ ਲੜਾਈ ਸਿਰਫ਼ ਜ਼ਮੀਨ ਦੀ ਵਰਤੋਂ ਨੂੰ ਲੈ ਕੇ ਨਹੀਂ ਹੈ। ਇਹ ਵਿਕਾਸ ਦੇ ਦੋ ਅਸਲੋਂ ਹੀ ਵੱਖਰੇ ਦ੍ਰਿਸ਼ਟੀਕੋਣਾਂ ਅਤੇ ਬਿਲਕੁਲ ਹੀ ਵਿਰੋਧੀ ਹਿਤਾਂ ਦਰਮਿਆਨ ਸੰਘਰਸ਼ ਹੈ। ਇੱਕ ਪਾਸੇ ਜੰਗਲਾਂ-ਪਹਾੜਾਂ-ਨਦੀਆਂ ਨੂੰ ਤਬਾਹ ਕਰਕੇ ਖਣਨ-ਕੇਂਦਰਿਤ ਵਿਕਾਸ ਮਾਡਲ ਲਈ ਵਚਨਬੱਧ ਰਾਜ ਅਤੇ ਕਾਰਪੋਰੇਟਾਂ ਦਾ ਗੱਠਜੋੜ ਹੈ। ਦੂਜੇ ਪਾਸੇ ਉਹ ਆਦਿਵਾਸੀ ਭਾਈਚਾਰੇ ਹਨ ਜਿਨ੍ਹਾਂ ਦੀ ਜ਼ਿੰਦਗੀ ਜੰਗਲਾਂ, ਜਲ ਸਰੋਤਾਂ ਅਤੇ ਖੇਤਰ 'ਤੇ ਸਾਂਝੇ ਅਧਿਕਾਰਾਂ ਦੀ ਸਲਾਮਤੀ ਤੇ ਰਾਖੀ 'ਤੇ ਨਿਰਭਰ ਹੈ। ਖਣਨ ਕੰਪਨੀਆਂ ਲਈ ਇਹ ਪਹਾੜ ਵੱਡੇ ਮੁਨਾਫ਼ਿਆਂ ਦੀ ਖਾਣ ਹਨ। ਆਦਿਵਾਸੀ ਭਾਈਚਾਰਿਆਂ ਲਈ ਇਹ ਜ਼ਿੰਦਗੀ ਦੀ ਬੁਨਿਆਦ, ਆਦਿਵਾਸੀ ਤਰਜ਼-ਜ਼ਿੰਦਗੀ ਦੇ ਜ਼ਾਮਨ ਅਤੇ ਧਾਰਮਿਕ ਆਸਥਾ ਦੇ ਚਿੰਨ੍ਹ ਹਨ।

ਖਣਨ ਪ੍ਰੋਜੈਕਟਾਂ ਵਿਰੁੱਧ ਸੰਘਰਸ਼ ਭਾਰਤ ਦੇ ਕਥਿਤ ਲੋਕਤੰਤਰ ਦੇ ਵਜੂਦ-ਸਮੋਏ ਕੇਂਦਰੀ ਟਕਰਾਅ ਨੂੰ ਉਜਾਗਰ ਕਰਦੇ ਹਨ। ਜਿਸ ਰਾਜ ਨੇ ਸੰਵਿਧਾਨ ਵਿਚ ਸੂਚੀਦਰਜ ਮੂਲਵਾਸੀ ਸਮੂਹਾਂ ਦੀ ਰਾਖੀ ਦਾ ਵਚਨ ਦਿੱਤਾ ਹੋਇਆ ਹੈ, ਉਹ ਸੂਚੀਦਰਜ ਖੇਤਰਾਂ ਨੂੰ ਕਾਰਪੋਰੇਟ ਸਰਮਾਏ ਦੇ ਹਵਾਲੇ ਕਰਨ ਲਈ ਉਜਾੜੇ ਦਾ ਸੰਦ ਬਣਕੇ ਵਾਰ-ਵਾਰ ਤਬਾਹੀ ਮਚਾਉਂਦਾ ਹੈ ਅਤੇ ਇਸ ਲਈ ਕਰੂਰਤਾ ਦੀ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੋ ਜਾਂਦਾ ਹੈ। ਅਜਿਹੇ 'ਵਿਕਾਸ' ਨੂੰ ਅੰਜਾਮ ਦੇਣ ਵਾਲੀਆਂ ਤਾਕਤਾਂ ਨੂੰ ਸਥਾਨਕ ਵਸੋਂ ਦੀ ਰਸਮੀਂ ਸਹਿਮਤੀ ਲੈਣਾ ਅਤੇ ਸਮਾਜਿਕ ਸਰੋਕਾਰਾਂ ਨੂੰ ਮੁਖ਼ਾਤਬ ਹੋਣਾ ਵੀ ਜ਼ਰੂਰੀ ਨਹੀਂ ਲੱਗਦਾ ਸਗੋਂ ਕਾਰਪੋਰੇਟ ਸਰਮਾਏ ਦਾ ਮੁਨਾਫ਼ਾ ਤਬਾਹੀ, ਉਜਾੜੇ, ਜ਼ੋਰ-ਜ਼ਬਰਦਸਤੀ, ਜਾਅਲਸਾਜ਼ੀ ਅਤੇ ਮਨੁੱਖੀ ਤੇ ਜਮਹੂਰੀ ਹੱਕਾਂ ਦੇ ਬੇਕਿਰਕ ਘਾਣ ਰਾਹੀਂ ਅੱਗੇ ਵਧਦਾ ਹੈ। 2025 'ਚ ਭਾਰਤ ਨੂੰ 143 ਮੁਲਕਾਂ ਵਿੱਚੋਂ ਦੁਨੀਆ ਦਾ ਛੇਵਾਂ ਸਭ ਤੋਂ ਪ੍ਰਦੂਸ਼ਿਤ ਮੁਲਕ ਮੰਨਿਆ ਗਿਆ ਹੈ। ਜੋ ਇਸਦਾ ਸਬੂਤ ਹੈ ਕਿ ਇਸ ਕਥਿਤ ਵਿਕਾਸ ਵਿਚ ਵਾਤਾਵਰਣ ਦੇ ਸਰੋਕਾਰਾਂ ਅਤੇ ਸਮਾਜਿਕ-ਸੱਭਿਆਚਾਰਕ ਜ਼ਿੰਦਗੀ ਲਈ ਕੋਈ ਥਾਂ ਨਹੀਂ ਹੈ।

ਖਣਨ ਪ੍ਰੋਜੈਕਟਾਂ ਦਾ ਲਾਭ ਆਦਿਵਾਸੀਆਂ ਨੂੰ ਨਹੀਂ ਮਿਲਦਾ। ਕਾਰਪੋਰੇਟ ਸ਼ੇਅਰਹੋਲਡਰ, ਖਣਨ ਨਾਲ ਜੁੜੇ ਹੋਰ ਉਦਯੋਗਾਂ ਦੇ ਕਾਰੋਬਾਰੀ, ਵਿਸ਼ੇਸ਼ ਰਾਜਨੀਤਕ ਵਰਗ ਅਤੇ ਨੌਕਰਸ਼ਾਹੀ ਆਦਿ ਵੱਡੀ ਕਮਾਈ ਕਰਦੇ ਹਨ। ਆਦਿਵਾਸੀ ਬਖ਼ੂਬੀ ਜਾਣਦੇ ਹਨ ਕਿ ਖਣਨ ਅਤੇ ਹੋਰ ਪ੍ਰੋਜੈਕਟ ਉਨ੍ਹਾਂ ਨੂੰ ਕਿਵੇਂ ਬਰਬਾਦ ਕਰਦੇ ਹਨ ਅਤੇ ਲਾਭ ਲੈਣ ਵਾਲੇ ਕੌਣ ਹਨ। ਉਪਰੋਕਤ ਖਣਨ ਪ੍ਰੋਜੈਕਟਾਂ ਵਿੱਚ ਤਾਂ ਇਹ ਵੀ ਸਪਸ਼ਟ ਨਹੀਂ ਹੈ ਕਿ 600 ਅਤੇ 246 ਵਿਅਕਤੀਆਂ ਨੂੰ ਸਿੱਧਾ ਰੁਜ਼ਗਾਰ ਪੈਦਾ ਹੋਣ ਦਾ ਜੋ ਦਾਅਵਾ ਕੀਤਾ ਗਿਆ ਹੈ ਉਸਨੂੰ ਹਾਸਲ ਕਰਨ ਲਈ ਸਥਾਨਕ ਲੋਕ ਨਿਰਧਾਰਤ ਲੋੜਾਂ ਅਤੇ ਯੋਗਤਾ ਪੈਮਾਨਿਆਂ ਉੱਪਰ ਤਾਂ ਪੂਰੇ ਨਹੀਂ ਉੱਤਰ ਸਕਣਗੇ, ਫਿਰ ਉਨ੍ਹਾਂ ਨੂੰ ਪ੍ਰੋਜੈਕਟਾਂ ਦਾ ਇਹ ਨਿਗੂਣਾ ਲਾਭ ਵੀ ਕਿਵੇਂ ਮਿਲੇਗਾ।

ਡੋਂਗਰੀਆ ਕੌਂਧ ਅਤੇ ਹੋਰ ਆਦਿਵਾਸੀ ਭਾਈਚਾਰਿਆਂ ਲਈ ਪਹਾੜ ਕੋਈ ਵਸਤੂ ਨਹੀਂ ਹਨ। ਉਨ੍ਹਾਂ ਲਈ ਇਹ ਭੋਜਨ, ਰਵਾਇਤੀ ਇਲਾਜ ਲਈ ਵਰਤੀਆਂ ਜਾਂਦੀਆਂ ਜੜ੍ਹੀਆਂ-ਬੂਟੀਆਂ, ਪਾਣੀ ਆਦਿ ਦੇ ਸਰੋਤ, ਸੱਭਿਆਚਾਰਕ ਪਛਾਣ ਅਤੇ ਅਧਿਆਤਮਕ ਮਹੱਤਵ ਰੱਖਦੇ ਕੁਦਰਤੀ ਸਰੋਤ ਹਨ। ਇਕ ਟਨ ਐਲਮਿਨੀਅਮ ਬਣਾਉਣ ਲਈ 1300 ਟਨ ਪਾਣੀ ਵਰਤੋਂ 'ਚ ਆਉਂਦਾ ਹੈ। ਲਿਹਾਜ਼ਾ, ਇਨ੍ਹਾਂ ਭੂ-ਦ੍ਰਿਸ਼ਾਂ ਦੀ ਤਬਾਹੀ ਸਿਰਫ਼ ਆਰਥਿਕ ਉਜਾੜਾ ਨਹੀਂ ਹੈ, ਸਗੋਂ ਇਸ ਵਿਚ ਆਦਿਵਾਸੀ ਭਾਈਚਾਰਿਆਂ ਦੀ ਹੋਂਦ ਨੂੰ ਮਿਟਾ ਦੇਣ ਅਤੇ ਪੌਣਪਾਣੀ ਤਬਦੀਲੀਆਂ ਦਾ ਸੰਕਟ ਪੈਦਾ ਕਰਨ ਦੇ ਬਹੁਤ ਗੰਭੀਰ ਖ਼ਤਰੇ ਸਮੋਏ ਹੋਏ ਹਨ। ਹਾਕਮ ਜਮਾਤੀ 'ਰਾਸ਼ਟਰੀ ਹਿੱਤ' ਦੇ ਅਨੁਸਾਰ ਇਸ ਆਰਥਕ ਵਾਧੇ ਵਿਚ ਉੱਥੋਂ ਦੇ ਮੂਲ ਵਾਸੀਆਂ ਨੂੰ ਵਾਤਾਵਰਣ ਦੀ ਤਬਾਹੀ ਅਤੇ ਇਕ ਸਾਲਮ ਤਰਜ਼-ਜ਼ਿੰਦਗੀ ਦੇ ਉਜਾੜੇ ਦੇ ਰੂਪ 'ਚ ਜੋ ਕੀਮਤ ਚੁਕਾਉਣੀ ਪੈ ਰਹੀ ਹੈ ਉਸ ਨੂੰ ਇਹ ਕਹਿਕੇ ਜਾਇਜ਼ ਠਹਿਰਾਇਆ ਜਾਂਦਾ ਹੈ ਕਿ ਦੇਸ਼ ਦੇ ਵਿਕਾਸ ਲਈ ਕਿਸੇ ਨੂੰ ਤਾਂ ਕੁਰਬਾਨੀ ਕਰਨੀ ਹੀ ਪੈਣੀ ਹੈ!

ਬਾਕਸਾਈਟ ਵਿਸ਼ਵ ਸਰਮਾਏਦਾਰੀ ਲਈ ਬਹੁਤ ਮਹੱਤਤਾ ਰੱਖਦਾ ਹੈ। ਐਲੂਮੀਨੀਅਮ ਦੀ ਪੈਦਾਵਾਰ ਲਈ ਮੁੱਖ ਕੱਚੇ ਮਾਲ ਵਜੋਂ, ਇਹ ਉਸਾਰੀ, ਆਵਾਜਾਈ, ਰੱਖਿਆ ਅਤੇ ਏਅਰੋਸਪੇਸ ਵਰਗੇ ਉਦਯੋਗਾਂ ਦੀ ਬੁਨਿਆਦ ਹੈ। ਵਿਸ਼ਵ ਪੱਧਰੀ ਉਦਯੋਗਿਕ ਮੰਗ ਨੇ ਖਣਿਜ-ਭਰਪੂਰ ਖੇਤਰਾਂ 'ਤੇ ਦਬਾਅ ਵਧਾ ਦਿੱਤਾ ਹੈ, ਜਿਸ ਕਾਰਨ ਦੂਰ-ਦਰਾਜ ਦੇ ਆਦਿਵਾਸੀ ਖੇਤਰ ਕੌਮਾਂਤਰੀ ਸਰਮਾਏ ਦੇ ਗੇੜ ਦੇ ਅੰਦਰ ਖਿੱਚੇ ਜਾ ਰਹੇ ਹਨ। ਇੰਡੀਅਨ ਮਿਨਰਲਜ਼ ਈਅਰਬੁੱਕ 2023 ਦੇ ਮੁਤਾਬਿਕ ਮੁਲਕ ਦੇ 51% ਬਾਕਸਾਈਟ ਭੰਡਾਰ ਉੜੀਸਾ ਵਿਚ ਹਨ ਅਤੇ ਐਲੂਮਿਨੀਅਮ ਦੀ ਕੁਲ ਪੈਦਾਵਾਰ ਵਿਚ ਇਸ ਰਾਜ ਦਾ ਯੋਗਦਾਨ 75% ਹੈ। ਵੇਦਾਂਤਾ ਅਤੇ ਅਡਾਨੀ ਵਰਗੇ ਕਾਰਪੋਰੇਟ ਸਮੂਹਾਂ ਦੀ ਅੱਖ ਇਨ੍ਹਾਂ ਵਡਮੁੱਲੇ ਬਾਕਸਾਈਟ ਭੰਡਾਰਾਂ ਉੱਪਰ ਐਵੇਂ ਨਹੀਂ ਹੈ।

ਭਾਰਤ ਦੇ ਕੁਝ ਕਾਨੂੰਨੀ ਸੁਰੱਖਿਆ ਉਪਾਅ ਖਣਨ ਕਾਰੋਬਾਰੀ ਹਿੱਤਾਂ ਲਈ ਵੱਡਾ ਅੜਿੱਕਾ ਬਣਦੇ ਹਨ। ਇਸ ਅੜਿੱਕੇ ਨੂੰ ਦੂਰ ਕਰਨ ਲਈ ਪ੍ਰਸ਼ਾਸਨਿਕ ਮਸ਼ੀਨਰੀ ਦਬਾਅ, ਦਹਿਸ਼ਤ ਅਤੇ ਧੋਖੇਬਾਜ਼ੀ ਦਾ ਸਹਾਰਾ ਲੈ ਕੇ ਸਥਾਨਕ ਵਸੋਂ ਦੀ ਜਾਅਲੀ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਆਦਿਵਾਸੀ ਸਹਿਮਤੀ ਨਹੀਂ ਦਿੰਦੇ ਤਾਂ ਰਾਜ ਲੋਕ-ਰਾਇ ਨੂੰ ਕਬੂਲ ਨਹੀਂ ਕਰਦਾ ਸਗੋਂ ਜਮਹੂਰੀ ਮਖੌਟਾ ਲਾਹ ਕੇ ਧੱਕੇ ਅਤੇ ਧੋਖੇਬਾਜ਼ੀ ਨਾਲ 'ਸਹਿਮਤੀ' ਲੈਣ ਦੀਆਂ ਚਾਲਾਂ ਚੱਲਦਾ ਹੈ। ਇਹ ਪਹਿਲਾਂ ਨਿਆਮਗਿਰੀ 'ਚ ਹੋਇਆ ਅਤੇ ਹੁਣ ਸਿਜੀਮਾਲੀ ਤੇ ਕੁਤਰੂਮਾਲੀ ਵਿਚ ਹੋ ਰਿਹਾ ਹੈ।

ਵੇਦਾਂਤਾ ਸਮੂਹ ਦੀ ਨਿਆਮਗਿਰੀ ਪਹਾੜੀਆਂ 'ਚ ਮੌਜੂਦ 880 ਲੱਖ ਟਨ ਬਾਕਸਾਈਟ ਹਥਿਆਉਣ ਦੀ ਕੋਸ਼ਿਸ਼ ਆਦਿਵਾਸੀ ਸੰਘਰਸ਼ ਨੇ ਅਸਫ਼ਲ ਬਣਾ ਦਿੱਤੀ ਸੀ। ਫਿਰ ਵੇਦਾਂਤਾ ਅਤੇ ਅਡਾਨੀ ਨੇ ਹੋਰ ਬਾਕਸਾਈਟ ਭੰਡਾਰ ਹਥਿਆਉਣ ਦੀ ਯੋਜਨਾ ਬਣਾਈ। ਸਿਜੀਮਾਲੀ ਅਤੇ ਕੁਤਰੂਮਾਲੀ ਦੇ ਇਲਾਕੇ ਬਾਕਸਾਈਟ ਦੇ ਵੱਡੇ ਭੰਡਾਰ ਹਨ। ਕਾਲਾਹਾਂਡੀ ਜ਼ਿਲ੍ਹੇ ਦੇ 10 ਅਤੇ ਰਾਇਗੜਾ ਜ਼ਿਲ੍ਹੇ ਦੇ 8 ਪਿੰਡਾਂ ਵਿੱਚ ਸਥਿਤ ਵਿੱਚ ਲਗਭਗ 31.1 ਕਰੋੜ ਟਨ ਬਾਕਸਾਈਟ, ਇਸੇ ਤਰ੍ਹਾਂ, ਕਾਲਾਹਾਂਡੀ ਅਤੇ ਰਾਇਗੜ੍ਹ ਜ਼ਿਲ੍ਹਿਆਂ ਦੇ ਚਾਰ ਪਿੰਡਾਂ ਵਿੱਚ ਲਗਭਗ 12.7 ਕਰੋੜ ਟਨ ਬਾਕਸਾਈਟ ਹੋਣ ਦਾ ਅੰਦਾਜ਼ਾ ਹੈ। ਇਹ ਦੋਵੇਂ ਬਾਕਸਾਈਟ ਬਲਾਕ ਭਾਰਤ ਦੇ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਤਹਿਤ ਐਲਾਨੇ ਖੇਤਰਾਂ ਵਿੱਚ ਸਥਿਤ ਹਨ। ਪਰ ਹੁਕਮਰਾਨਾਂ ਦੀ ਵਚਨਬੱਧਤਾ ਸੰਵਿਧਾਨ ਦੀ ਬਜਾਏ ਕਾਰਪੋਰੇਟ ਹਿਤਾਂ ਨਾਲ ਹੋਣ ਕਾਰਨ ਉਨ੍ਹਾਂ ਲਈ ਪੰਜਵੀਂ ਅਨੁਸੂਚੀ ਕੋਈ ਮਾਇਨੇ ਨਹੀਂ ਰੱਖਦੀ।

ਸਿਜੀਮਾਲੀ ਬਾਕਸਾਈਟ ਬਲਾਕ ਵਾਤਾਵਰਣ ਪੱਖੋਂ ਅਤਿ ਸੰਵੇਦਨਸ਼ੀਲ ਇਲਾਕੇ ਵਿੱਚ ਸਥਿਤ ਹੈ, ਜਿਸ ਦੇ 10 ਕਿਲੋਮੀਟਰ ਦੇ ਘੇਰੇ ਵਿੱਚ 21 ਰਾਖਵੇਂ ਜੰਗਲ ਅਤੇ 9 ਜਲ ਸਰੋਤ ਮੌਜੂਦ ਹਨ। ਇਸੇ ਤਰ੍ਹਾਂ ਕੁਤਰੂਮਾਲੀ ਬਲਾਕ ਵੀ ਵਾਤਾਵਰਣ ਪੱਖੋਂ ਬਹੁਤ ਸੰਵੇਦਨਸ਼ੀਲ ਹੈ। ਸਰਕਾਰ ਨੇ ਵਾਤਾਵਰਣ ਦੀ ਸੁਰੱਖਿਆ ਕਰਨ ਦੀ ਬਜਾਏ ਸਾਰਾ ਜ਼ੋਰ ਖਣਨ ਦਾ ਰਾਹ ਪੱਧਰਾ ਕਰਨ 'ਤੇ ਲਾਇਆ ਹੋਇਆ ਹੈ। ਇਸ ਪ੍ਰੋਜੈਕਟ ਨਾਲ 52 ਪਿੰਡਾਂ ਦੀ ਜ਼ਿੰਦਗੀ ਬਰਬਾਦ ਹੋ ਜਾਵੇਗੀ। ਬਾਕਸਾਈਟ ਖਣਨ ਦਾ ਪਿਛਲਾ ਤਜਰਬਾ ਇਸਦਾ ਗਵਾਹ ਹੈ: ਭਾਰਤ ਦੀ ਨੈਸ਼ਨਲ ਐਲਮਿਨੀਅਮ ਕੰਪਨੀ (ਨਾਲਕੋ) ਦੁਆਰਾ 40 ਸਾਲ ਤੱਕ ਖਣਨ ਕੀਤੇ ਜਾਣ ਕਾਰਨ ਪੰਚਪਟਮਾਲੀ ਦੇ ਬਾਰਾਂਮਾਸੀ (ਸਾਰਾ ਸਾਲ ਵਗਦੇ ਰਹਿਣ ਵਾਲੇ) ਪਾਣੀ ਦੇ ਸਰੋਤ ਸੁੱਕ ਗਏ, ਜੰਗਲ ਤਬਾਹ ਹੋ ਗਏ ਅਤੇ ਨੇੜੇ-ਤੇੜੇ ਦੇ ਇਲਾਕਿਆਂ ਵਿਚ ਰਹਿਣ ਵਾਲੇ ਪਿੰਡਾਂ ਦੇ ਲੋਕ ਘੋਰ ਗ਼ਰੀਬੀ ਨਾਲ ਘੁਲ਼ ਰਹੇ ਹਨ।

ਕੇਂਦਰ ਦੀ ਭਾਜਪਾ ਸਰਕਾਰ ਅਤੇ ਓੜੀਸਾ ਦੀ ਤਤਕਾਲੀ ਨਵੀਨ ਪਟਨਾਇਕ ਸਰਕਾਰ ਵੱਲੋਂ ਮਿਲਕੇ ਸਿਜੀਮਾਲੀ ਬਲਾਕ 1 ਮਾਰਚ 2023 ਨੂੰ ਵੇਦਾਂਤਾ ਗਰੁੱਪ ਦੀ ਕੰਪਨੀ ਅਲੂਮਿਨਾ ਰਿਫਾਈਨਰੀ ਨੂੰ ਅਤੇ ਕੁਤਰੂਮਾਲੀ ਬਾਕਸਾਈਟ ਬਲਾਕ 27 ਫ਼ਰਵਰੀ 2023 ਨੂੰ ਅਡਾਨੀ ਗਰੁੱਪ ਦੀ ਕਾਲਿੰਗਾ ਅਲੂਮਿਨਾ ਕੰਪਨੀ ਨੂੰ ਅਲਾਟ ਕੀਤੇ ਗਏ। ਇੱਥੇ ਅਲੂਮਿਨਾ ਰਿਫਾਈਨਰੀ ਦੀ ਮੌਜੂਦਾ ਸਮਰੱਥਾ 20 ਲੱਖ ਟਨ ਸਾਲਾਨਾ ਹੈ। ਸਮਰੱਥਾ ਤਿੱਗਣੀ ਕਰਨ ਦੇ ਟੀਚੇ ਲਈ ਸਲਾਨਾ 1.80 ਕਰੋੜ ਟਨ ਬਾਕਸਾਈਟ ਦੀ ਲੋੜ ਹੈ। ਜਦੋਂ ਉੜੀਸਾ ਵਿਚ ਵੀ ਭਾਜਪਾ ਦੀ ਸਰਕਾਰ ਬਣ ਗਈ ਤਾਂ 'ਆਦਿਵਾਸੀ' ਮੁੱਖ ਮੰਤਰੀ ਮੋਹਨ ਚਰਣ ਮਾਝੀ ਨੇ ਫਾਸਟ-ਟਰੈਕ ਕਦਮ ਚੁੱਕਦੇ ਹੋਏ ਕਲੀਰੈਂਸਾਂ ਦੀ ਰਫ਼ਤਾਰ ਹੋਰ ਤੇਜ਼ ਕਰ ਦਿੱਤੀ।

ਸੂਚੀਦਰਜ ਇਲਾਕਿਆਂ ਦੀ ਵਿਸ਼ੇਸ਼



ਸੰਵਿਧਾਨਕ ਵਿਵਸਥਾ ਅਨੁਸਾਰ ਜੰਗਲ ਦੀ ਜ਼ਮੀਨ ਉੱਪਰ ਖਣਨ ਕਰਨ ਲਈ ਉਨ੍ਹਾਂ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਦੀ ਸੁਤੰਤਰ, ਅਗਾਊਂ ਅਤੇ ਬਾਕਾਇਦਾ ਸੂਚਿਤ ਕਰਕੇ ਸਹਿਮਤੀ ਲੈਣੀ ਲਾਜ਼ਮੀ ਹੈ। ਰਾਜ ਸਰਕਾਰ ਨੇ ਕਾਨੂੰਨੀ ਪ੍ਰਕਿਰਿਆ ਦੀ ਬਜਾਏ ਜਾਅਲੀ ਸਹਿਮਤੀ ਦਾ ਸਹਾਰਾ ਲਿਆ। ਗ੍ਰਾਮ ਸਭਾਵਾਂ ਪੁਲਿਸ ਦੀ ਮੌਜੂਦਗੀ 'ਚ ਜਾਂ ਭਾਈਚਾਰੇ ਦੀ ਗਿਣਨਯੋਗ ਸ਼ਮੂਲੀਅਤ ਤੋਂ ਬਿਨਾਂ ਕੀਤੀਆਂ ਗਈਆਂ ਹੋਣ ਕਾਰਨ ਸਹਿਮਤੀ ਫਰਜ਼ੀ ਸੀ ਜਾਂ ਰਾਜ ਮਸ਼ੀਨਰੀ ਦੇ ਦਬਾਅ ਹੇਠ ਲਈ ਗਈ ਸੀ। ਕਈ ਗ੍ਰਾਮ ਸਭਾਵਾਂ ਹੋਈਆਂ ਹੀ ਨਹੀਂ। ਰਿਕਾਰਡ ਵਿਚ ਨਾਬਾਲਗਾਂ, ਮ੍ਰਿਤਕਾਂ ਤੋਂ ਇਲਾਵਾ ਅਜਿਹੇ ਲੋਕਾਂ ਦੇ ਦਸਖ਼ਤ ਵੀ ਕੀਤੇ ਹੋਏ ਮਿਲੇ ਜੋ ਉੱਥੇ ਦੇ ਵਸਨੀਕ ਹੀ ਨਹੀਂ ਹਨ। ਖਣਨ ਬਲਾਕਾਂ ਨੂੰ ਦੋ-ਪੜਾਵੀ ਕਲੀਰੈਂਸ ਦੇਣ ਦੇ ਅਮਲ ਵਿਚ ਸਰਕਾਰਾਂ ਅਤੇ ਵੱਖ-ਵੱਖ ਵਿਭਾਗਾਂ ਦੀ ਭੂਮਿਕਾ ਕਾਰਪੋਰੇਟ ਸਰਮਾਏ ਦੇ ਦਲਾਲ ਵਾਲੀ ਰਹੀ ਹੈ। ਵੇਦਾਂਤਾ ਵੱਲੋਂ ਸੜਕ ਦਾ ਵੱਖਰਾ ਪ੍ਰੋਜੈਕਟ ਪੇਸ਼ ਕਰਕੇ ਜੰਗਲ ਸਾਫ਼ ਕਰਨ ਦੀ ਵੱਖਰੀ ਕਲੀਰੈਂਸ ਲੈਣ ਦੀ ਚਾਲ ਖੇਡੀ ਗਈ ਹੈ। ਕੇਂਦਰੀ ਵਾਤਾਵਰਣ, ਵਣ ਅਤੇ ਕਲਾਈਮੇਟ ਚੇਂਜ ਮੰਤਰਾਲੇ ਨੇ ਇਨ੍ਹਾਂ ਸਰਕਾਰੀ ਅਦਾਰਿਆਂ ਦੀਆਂ ਦਲੀਲਾਂ ਮੰਨਕੇ ਵੇਦਾਂਤਾ ਦੇ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਜੰਗਲ ਸਾਫ਼ ਕਰਨ ਲਈ ਕਾਰਪੋਰੇਟ ਬੁਲਡੋਜ਼ਰ ਭੇਜ ਦਿੱਤੇ ਗਏ। ਆਦਿਵਾਸੀਆਂ ਨੇ ਇਸਦਾ ਡੱਟਕੇ ਵਿਰੋਧ ਕੀਤਾ।

6 ਅਪ੍ਰੈਲ 2026 ਨੂੰ ਹਥਿਆਰਬੰਦ ਪੁਲਿਸ ਅਤੇ ਕੰਪਨੀ ਦੇ ਨਕਾਬਪੋਸ਼ ਗੁੰਡਿਆਂ ਵੱਲੋਂ ਕਾਂਟਾਮਾਲਾ ਪਿੰਡ ਨੂੰ ਘੇਰ ਲਿਆ ਗਿਆ। ਦਰਵਾਜ਼ੇ ਤੋੜ ਦਿੱਤੇ ਗਏ। ਬਿਜਲੀ ਕੱਟ ਦਿੱਤੀ ਗਈ। ਸੜਕ ਬਣਾਏ ਜਾਣ ਦਾ ਵਿਰੋਧ ਕਰਨ ਵਾਲਿਆਂ ਉੱਪਰ ਬੇਤਹਾਸ਼ਾ ਜਬਰ ਕੀਤਾ ਗਿਆ। 70 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। 23 ਪਿੰਡ ਵਾਸੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਓਦੋਂ ਤੋਂ ਸੜਕ ਬਣਾਉਣ ਦਾ ਕੰਮ ਠੱਪ ਹੈ। ਪਰ 5 ਮਈ ਨੂੰ ਵਾਤਾਵਰਣ ਮੰਤਰਾਲੇ ਵੱਲੋਂ ਸੜਕ ਨੂੰ ਦੂਜੇ ਪੜਾਅ ਦੀ ਅੰਤਿਮ ਕਲੀਰੈਂਸ ਦੇ ਦਿੱਤੀ ਗਈ ਹੈ। 27 ਮਈ ਨੂੰ ਪ੍ਰੋਜੈਕਟਾਂ ਦਾ ਮੁਲੰਕਣ ਕਰਨ ਲਈ ਮਾਹਰਾਂ ਦੀ ਕਮੇਟੀ ਵੱਲੋਂ ਸਿਜੀਮਾਲੀ ਬਾਕਸਾਈਟ ਪ੍ਰੋਜੈਕਟ ਲਈ ਵੱਖਰੀ ਖਣਨ ਲੀਜ਼ ਨੂੰ ਵਾਤਾਵਰਣ ਕਲੀਰੈਂਸ ਦੇਣ ਦੀ ਸਿਫਾਰਸ਼ ਕਰ ਦਿੱਤੀ ਗਈ ਹੈ। ਇਸ ਘੋਰ ਲਾਕਾਨੂੰਨੀ ਤੇ ਧੱਕੇਸ਼ਾਹੀ ਦਾ ਮੁਲਕ ਦੇ 125 ਵਕੀਲਾਂ, ਲੀਗਲ ਫੈਕਲਟੀ ਅਤੇ ਕਾਨੂੰਨ ਦੇ ਵਿਦਿਆਰਥੀਆਂ ਵੱਲੋਂ ਵੀ ਡੱਟਕੇ ਵਿਰੋਧ ਕੀਤਾ ਗਿਆ ਹੈ। ਸੜਕ ਬਣਾਉਣ ਦੀ ਕਲੀਰੈਂਸ ਦਾ ਮਾਮਲਾ ਫਰਵਰੀ 2026 ਤੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅੱਗੇ ਸੁਣਵਾਈ ਅਧੀਨ ਹੈ। ਟ੍ਰਿਬਿਊਨਲ ਨੇ ਅਜੇ ਫ਼ੈਸਲਾ ਦੇਣਾ ਹੈ। ਕੁਲ-ਮਿਲਾਕੇ, ਵੇਦਾਂਤਾ ਦੀ 700 ਹੈਕਟੇਅਰ ਜੰਗਲਾਤ ਜ਼ਮੀਨ ਖਣਨ ਲਈ ਵਰਤਣ ਦੀ ਤਜਵੀਜ਼ ਹਕੀਕਤ ਬਣਨ ਵੱਲ ਵਧ ਰਹੀ ਜਾਪਦੀ ਹੈ।

ਜਾਅਲੀ ਸਹਿਮਤੀ ਨੂੰ ਸ਼ੁਰੂ ਤੋਂ ਹੀ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਆਦਿਵਾਸੀ ਇਹ ਵਿਰੋਧ ਜਮਹੂਰੀ ਤਰੀਕਿਆਂ ਨਾਲ ਕਰਦੇ ਹਨ ਜਿਵੇਂ ਗ੍ਰਾਮ ਸਭਾਵਾਂ ਕਰਕੇ ਅਸਹਿਮਤੀ ਪ੍ਰਗਟਾਉਣਾ, ਸ਼ਾਂਤਮਈ ਪ੍ਰਦਰਸ਼ਨ ਕਰਨਾ, ਪ੍ਰਸ਼ਾਸਨ ਨੂੰ ਅਰਜ਼ੀਆਂ ਦੇਣਾ, ਕਾਨੂੰਨੀ ਚੁਣੌਤੀ ਦੇਣਾ ਅਤੇ ਜਨਤਕ ਮੁਹਿੰਮਾਂ ਰਾਹੀਂ ਵਿਰੋਧ ਦਰਜ ਕਰਾਉਣਾ। ਸਰਕਾਰ ਨੇ ਇਸ ਪੁਰਅਮਨ



ਅਸਹਿਮਤੀ ਨੂੰ ਹੀ ਅਪਰਾਧ ਬਣਾ ਦਿੱਤਾ। ਲੋਕਾਂ ਦਾ ਪੱਖ ਸੁਣਨ ਦੀ ਬਜਾਏ ਪ੍ਰਸ਼ਾਸਨਿਕ ਅਧਿਕਾਰੀ ਵਿਰੋਧ ਨੂੰ ਤਾਕਤ ਨਾਲ ਕੁਚਲਕੇ ਸਹਿਮਤੀ ਦਾ ਜਾਅਲੀ ਪੁਲੰਦਾ ਬਣਾ ਲੈਂਦੇ ਹਨ ਅਤੇ ਇਸਦੇ ਆਧਾਰ 'ਤੇ ਖਣਨ ਸ਼ੁਰੂ ਕਰਾਉਣ ਲਈ ਹਰ ਹਰਬਾ ਵਰਤਦੇ ਹਨ।

ਭਾਰਤ ਦੇ ਕੰਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਮਾਲੀ ਸਾਲਾਂ 2017-18 ਤੋਂ 2021-22 ਦੀ ਰਿਪੋਰਟ ਕਹਿੰਦੀ ਹੈ ਕਿ ਸੂਚੀ ਦਰਜ ਖੇਤਰਾਂ ਵਿੱਚ ਜ਼ਮੀਨ ਐਕਵਾਇਰ ਕਰਨ ਲਈ ਗ੍ਰਾਮ ਸਭਾ ਦੀ ਅਗਾਊਂ ਸਹਿਮਤੀ ਲੈਣਾ ਪੂਰਵ ਸ਼ਰਤ ਹੈ, ਜਦੋਂਕਿ ਜ਼ਮੀਨ ਗ੍ਰਹਿਣ ਦੇ 294 ਮਾਮਲਿਆਂ ਵਿੱਚੋਂ 126 (43%) ਮਾਮਲਿਆਂ ਵਿੱਚ, ਗ੍ਰਾਮ ਸਭਾ ਮੀਟਿੰਗਾਂ ਕੀਤੇ ਬਿਨਾਂ, ਲੋੜੀਂਦੇ ਕੋਰਮ ਤੋਂ ਬਿਨਾਂ ਗ੍ਰਾਮ ਸਭਾ ਮੀਟਿੰਗਾਂ ਕਰਕੇ, ਗ੍ਰਾਮ ਸਭਾ ਦੀ ਸਹਿਮਤੀ ਦੀ ਅਣਹੋਂਦ ਵਿੱਚ ਅਤੇ ਪਿਛਲੀਆਂ ਤਰੀਕਾਂ 'ਚ ਗ੍ਰਾਮ ਸਭਾਵਾਂ ਕਰਕੇ ਜ਼ਮੀਨ ਐਕਵਾਇਰ ਕਰਨ ਲਈ ਮੁੱਢਲੇ ਨੋਟੀਫਿਕੇਸ਼ਨਾਂ ਜਾਰੀ ਕਰ ਦਿੱਤੇ ਗਏ। ਜਦੋਂ ਸਰਕਾਰੀ ਆਡਿਟ ਸੰਸਥਾ ਐਨੀਆਂ ਬੇਨਿਯਮੀਆਂ ਮੰਨ ਰਹੀ ਹੈ ਤਾਂ ਜ਼ਮੀਨੀ ਪੱਧਰ 'ਤੇ ਘਾਲੇਮਾਲੇ ਦੀ ਵਿਆਪਕਤਾ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਇਹ ਵਰਤਾਰਾ ਉਪਰੋਕਤ ਮਾਮਲਿਆਂ ਵਿਚ ਬਹੁਤ ਉੱਘੜਵਾਂ ਹੈ। ਸਥਾਨਕ ਆਦਿਵਾਸੀ ਅਤੇ ਦਲਿਤ 'ਮਾ, ਮਾਟੀ, ਮਾਲੀ ਸੁਰੱਕਸ਼ਾ ਮੰਚ' ਬਣਾਕੇ ਖਣਨ ਵਿਰੁੱਧ ਸੰਘਰਸ਼ ਕਰ ਰਹੇ ਹਨ। ਜਦੋਂ ਉਨ੍ਹਾਂ ਨੇ ਜਾਅਲੀ ਸਹਿਮਤੀ ਵਿਰੁੱਧ ਦਸੰਬਰ 2023 'ਚ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਤਾਂ ਅਦਾਲਤ ਨੇ ਉਸੇ ਕੇਂਦਰ ਸਰਕਾਰ ਨੂੰ ਸ਼ਿਕਾਇਤਾਂ ਉੱਪਰ ਗ਼ੌਰ ਕਰਨ ਦਾ ਆਦੇਸ਼ ਦੇ ਕੇ ਕੇਸ ਬੰਦ ਕਰ ਦਿੱਤਾ ਜਿਸਦੀ ਖਣਨ ਪ੍ਰੋਜੈਕਟ ਲਗਾਏ ਜਾਣ ਵਿਚ ਮਿਲੀਭੁਗਤ ਹੈ। ਲੋਕਾਂ ਨੇ ਸੰਘਰਸ਼ ਜਾਰੀ ਰੱਖਿਆ ਅਤੇ ਸਥਾਨਕ ਪੁਲਿਸ ਤੇ ਨੀਮ-ਫ਼ੌਜੀ ਤਾਕਤਾਂ ਨਾਲ ਉਨ੍ਹਾਂ ਦੀਆਂ ਝੜਪਾਂ ਵੀ ਹੁੰਦੀਆਂ ਰਹੀਆਂ। ਪ੍ਰੋਜੈਕਟ ਦਾ ਵਿਰੋਧ ਕਰਨ ਦੇ ਕਾਰਨ 2023 ਤੋਂ ਲੈ ਕੇ ਘੱਟੋਘੱਟ 40 ਲੋਕਾਂ ਨੂੰ ਅਤੇ ਸਤੰਬਰ 2024 ਤੋਂ ਲੈ ਕੇ 50 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕਈ ਜੇਲ੍ਹ 'ਚ ਵੀ ਰਹੇ ਅਤੇ ਜੇਲ੍ਹਾਂ, ਗ੍ਰਿ ?ਫ਼ਤਾਰੀਆਂ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਇਕ ਪਰਿਵਾਰ ਦੇ ਛੇ ਜੀਆਂ ਵਿੱਚੋਂ ਪੰਜ ਵਿਰੁੱਧ ਕੇਸ ਬਣਾਏ ਗਏ ਹਨ। ਕੁਝ ਪ੍ਰਦਰਸ਼ਨਕਾਰੀਆਂ ਨੂੰ ਅਦਾਲਤੀ ਆਦੇਸ਼ਾਂ ਅਨੁਸਾਰ ਰਿਹਾਈ ਦੀ ਸ਼ਰਤ ਵਜੋਂ (ਉੜੀਸਾ ਹਾਈ ਕੋਰਟ ਦੇ ਜਸਟਿਸ ਐੱਸ.ਕੇ.ਪਾਨੀਗ੍ਰਹੀ



ਦੇ ਆਦੇਸ਼ ਸਮੇਤ) ਦੋ ਮਹੀਨੇ ਤੱਕ ਥਾਣਿਆਂ ਦੀ ਸਫ਼ਾਈ ਕਰਨ ਦੀ ਜ਼ਲਾਲਤ ਵੀ ਝੱਲਣੀ ਪਈ ਹੈ। ਸਥਾਨਕ ਅਦਾਲਤਾਂ ਅਤੇ ਹਾਈ ਕੋਰਟ ਦੇ ਅਜਿਹੇ ਅੱਠ ਆਦੇਸ਼ਾਂ ਵਿੱਚੋਂ ਪੰਜ ਨੂੰ ਲਾਗੂ ਕਰਾਏ ਜਾਣ ਦੀ ਰਿਪੋਰਟ ਨਿਤਾਣੇ ਭਾਈਚਾਰਿਆਂ ਪ੍ਰਤੀ ਨਿਆਂ ਪ੍ਰਣਾਲੀ ਦੇ ਤੁਅੱਸਬਾਂ ਨੂੰ ਦਰਸਾਉਂਦੀ ਹੈ।

ਸੁਰੱਖਿਆ ਕੈਂਪ ਅਤੇ ਪੁਲਿਸ ਦੀ ਭਾਰੀ ਮੌਜੂਦਗੀ ਖਣਨ-ਪ੍ਰਭਾਵਿਤ ਖੇਤਰਾਂ ਦੀ ਆਮ ਵਿਸ਼ੇਸ਼ਤਾ ਬਣ ਚੁੱਕੀ ਹੈ। ਡਰੋਨਾਂ ਨਾਲ ਪਿੰਡਾਂ ਦੀ ਨਿਗਰਾਨੀ, ਪੁਲਿਸ ਤੇ ਨੀਮ-ਫ਼ੌਜੀ ਤਾਕਤਾਂ ਦੇ ਜਬਰ, ਕੰਪਨੀ ਦੇ ਗੁੰਡਿਆਂ ਦੇ ਹਿੰਸਕ ਹਮਲਿਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਨੇ ਜਨ-ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਡਰੋਨ ਨਿਗਰਾਨੀ ਨੇ ਔਰਤਾਂ ਦੀ ਜਲ ਸਰੋਤਾਂ ਉੱਪਰ ਜਾ ਕੇ ਇਸ਼ਨਾਨ ਕਰਨ ਦੀ ਨਿੱਜਤਾ ਵੀ ਖੋਹ ਲਈ ਹੈ। ਲੋਕਾਂ ਨੂੰ ਪੁਲਿਸ ਜਬਰ, ਧਮਕੀਆਂ, ਗ੍ਰਿਫ਼ਤਾਰੀਆਂ ਅਤੇ ਝੂਠੇ ਮੁਕੱਦਮਿਆਂ ਦਾ ਸਾਹਮਣਾ ਕਰਨਾ ਪੈ ਰਿਹਾ। ਜਾਇਦਾਦ ਦੀ ਭੰਨਤੋੜ ਕਰਨ, ਹਥਿਆਰਾਂ ਨਾਲ ਹਮਲੇ ਕਰਨ, ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਕੇਸ ਬਣਾਏ ਜਾਂਦੇ ਹਨ। ਖੁੱਲ੍ਹੀਆਂ ਐੱਫ.ਆਈ.ਆਰ. ਦੇ ਤਹਿਤ ਪੁਲਿਸ ਅਧਿਕਾਰੀ ਅਤੇ ਕੰਪਨੀ ਵਾਲੇ ਜਿਸਨੂੰ ਚਾਹੁਣ ਫੜਕੇ ਜੇਲ੍ਹ ਭੇਜ ਦਿੰਦੇ ਹਨ। ਜ਼ਮਾਨਤ 'ਤੇ ਰਿਹਾਅ ਹੋਏ ਲੋਕਾਂ ਨੂੰ ਹੋਰ ਝੂਠੇ ਕੇਸਾਂ ਵਿਚ ਮੁੜ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਔਰਤ ਕਾਰਕੁਨਾਂ ਨੂੰ ਕੰਪਨੀ ਦੇ ਗੁੰਡੇ ਸਰੇਆਮ ਬਲਾਤਕਾਰ ਦੀਆਂ ਧਮਕੀਆਂ ਦਿੰਦੇ ਹਨ। ਇਹ ਸਿਰਫ਼ ਉੜੀਸਾ ਦੀ ਕਹਾਣੀ ਨਹੀਂ ਹੈ। ਛੱਤੀਸਗੜ੍ਹ ਵਿਚ ਵੀ ਸੜਕ ਅਤੇ ਖਣਨ ਪ੍ਰੋਜੈਕਟਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਆਮ ਹੀ ਗ੍ਰਿਫ਼ਤਾਰੀਆਂ ਅਤੇ ਝੂਠੇ ਕੇਸਾਂ ਦੇ ਤਹਿਤ ਜੇਲ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਆਦਿਵਾਸੀ ਕਾਰਕੁਨ ਯੂ.ਏ.ਪੀ.ਏ. ਲਗਾਏ ਜਾਣ ਕਾਰਨ ਲੰਮੇ ਸਮੇਂ ਤੋਂ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਬੰਦ ਹਨ। ਝਾਰਖੰਡ ਦੇ ਹਜ਼ਾਰੀ ਬਾਗ ਵਿਚ ਅਡਾਨੀ ਦੇ ਤਜਵੀਜ਼ਤ ਖਣਨ ਪ੍ਰੋਜੈਕਟ ਦਾ ਵਿਰੋਧ ਕਰਨ ਵਾਲੇ ਆਦਿਵਾਸੀ, ਦਲਿਤ, ਮੁਸਲਮਾਨ ਅਤੇ ਓ.ਬੀ.ਸੀ. ਭਾਈਚਾਰਿਆਂ ਦੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਕਈ ਮਹੀਨੇ ਜੇਲ੍ਹ 'ਚ ਬੰਦ ਰੱਖਿਆ ਗਿਆ। ਅਰੁਣਾਂਚਲ ਪ੍ਰਦੇਸ਼ ਵਿਚ ਵੱਡੇ ਪਣ-ਬਿਜਲੀ ਪ੍ਰੋਜੈਕਟਾਂ ਦਾ ਤਿੱਖਾ ਜਨਤਕ ਵਿਰੋਧ ਹੋ ਰਿਹਾ ਹੈ। ਅਜਿਹੇ ਸੰਘਰਸ਼ ਹੋਰ ਰਾਜਾਂ 'ਚ ਹੋ ਰਹੇ ਹਨ।

ਹੁਕਮਰਾਨ ਕਿਸੇ ਵੀ ਕੀਮਤ 'ਤੇ ਖਣਨ ਅਤੇ ਹੋਰ ਪ੍ਰੋਜੈਕਟ ਥੋਪਣ ਲਈ ਬਜ਼ਿੱਦ ਹਨ। ਲੋਕ ਆਪਣੇ ਜਲ-ਜੰਗਲ-ਜ਼ਮੀਨ ਨੂੰ ਹਰ ਹਾਲਤ 'ਚ ਬਚਾਉਣ ਲਈ ਦ੍ਰਿੜ ਹਨ। ਔਰਤਾਂ ਅੱਗੇ ਹੋ ਕੇ ਲੜ ਰਹੀਆਂ ਹਨ ਅਤੇ ਜਿਨਸੀ ਹਿੰਸਾ, ਝੂਠੇ ਕੇਸਾਂ, ਗ੍ਰਿਫ਼ਤਾਰੀਆਂ ਅਤੇ ਜੇਲਬੰਦੀ ਦਾ ਦਲੇਰੀ ਨਾਲ ਸਾਹਮਣਾ ਕਰ ਰਹੀਆਂ ਹਨ। ਆਉਣ ਵਾਲੇ ਸਮੇਂ 'ਚ ਅਜਿਹੇ ਸੰਘਰਸ਼ ਹੋਰ ਫੈਲਣਗੇ ਅਤੇ ਤਿੱਖੇ ਵੀ ਹੋਣਗੇ। ਬੁਨਿਆਦੀ ਤੌਰ 'ਤੇ ਇਹ ਆਪਣੇ ਜੀਵਨ-ਗੁਜ਼ਾਰੇ ਦੇ ਵਸੀਲਿਆਂ ਅਤੇ ਮੁਲਕ ਦੇ ਪੌਣਪਾਣੀ ਨੂੰ ਬਚਾਉਣ ਵਾਲੇ ਭਾਈਚਾਰਿਆਂ ਅਤੇ ਉਨ੍ਹਾਂ ਸਰਕਾਰੀ ਤੇ ਗ਼ੈਰਸਰਕਾਰੀ ਤਾਕਤਾਂ ਦਰਮਿਆਨ ਟਕਰਾਅ ਹੈ ਜੋ ਇਨ੍ਹਾਂ ਖੇਤਰਾਂ ਨੂੰ ਆਪਣੇ ਲੋਟੂ ਸਰਮਾਏ ਨੂੰ ਜ਼ਰਬਾਂ ਦੇਣ ਅਤੇ ਆਪਣੇ ਮੁਨਾਫ਼ੇ ਵਧਾਉਣ ਦੇ ਕੇਂਦਰਾਂ ਵਿੱਚ ਬਦਲਣ ਲਈ ਤਾਹੂ ਹਨ।

ਭਾਰਤ ਦੀਆਂ ਬਾਕਸਾਈਟ ਖਾਣਾਂ ਮਹਿਜ਼ ਖਣਨ ਉਦਯੋਗ ਨਹੀਂ ਹਨ, ਇਹ ਫ਼ੌਜੀ-ਉਦਯੋਗਿਕ ਢਾਂਚੇ ਦਾ ਅਟੁੱਟ ਹਿੱਸਾ ਬਣ ਚੁੱਕੀਆਂ ਹਨ। ਇੱਕ ਤਰ੍ਹਾਂ ਨਾਲ ਇਹ "ਦੋਹਰੀ ਮੌਤ" ਦਾ ਚਿੰਨ੍ਹ ਹਨ—ਇੱਕ ਪਾਸੇ ਖਣਨ ਸਥਾਨਾਂ 'ਤੇ ਪੌਣਪਾਣੀ ਪ੍ਰਣਾਲੀਆਂ ਅਤੇ ਆਦਿਵਾਸੀ ਜੀਵਨ-ਗੁਜ਼ਾਰੇ ਦੀ ਤਬਾਹੀ, ਅਤੇ ਦੂਜੇ ਪਾਸੇ ਇਸੇ ਖਣਿਜ ਤੋਂ ਤਿਆਰ ਕੀਤੇ ਹਥਿਆਰਾਂ ਰਾਹੀਂ ਦੂਰ-ਦਰਾਜ ਖੇਤਰਾਂ ਵਿੱਚ ਹਿੰਸਾ ਅਤੇ ਮੌਤ ਦਾ ਪਸਾਰਾ। "ਮਿਜ਼ਾਇਲ ਮੈਨ" ਵਜੋਂ ਮਸ਼ਹੂਰ ਭਾਰਤ ਦੇ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਨੇ ਫ਼ੌਜੀ ਆਤਮਨਿਰਭਰਤਾ ਲਈ ਐਲੂਮਿਨੀਅਮ ਉਦਯੋਗ ਨੂੰ ਯੁੱਧਨੀਤਿਕ ਖੇਤਰ ਵਜੋਂ ਉਭਾਰਿਆ ਸੀ। ਕੋਰਾਪੁਟ ਵਿੱਚ ਸਰਕਾਰੀ ਨੈਸ਼ਨਲ ਐਲਮਿਨੀਅਮ ਕੰਪਨੀ ਦੇ ਨੇੜੇ ਸਥਾਪਤ ਹਿੰਦੁਸਤਾਨ ਏਰੋਨਾਟਿਕਸ ਲਿਮਿਟੇਡ (ਐੱਚ.ਏ.ਐੱਲ.) ਨੇ ਹਜ਼ਾਰਾਂ ਆਦਿਵਾਸੀਆਂ ਨੂੰ ਉਜਾੜਿਆ, ਅਤੇ ਅੱਜ ਇਹ ਕੰਪਨੀ ਇਜ਼ਰਾਈਲੀ ਹਥਿਆਰ ਨਿਰਮਾਤਾਵਾਂ ਨਾਲ ਸਾਂਝੇ ਉੱਦਮ ਵਿੱਚ ਸ਼ਾਮਲ ਹੈ। ਇਸੇ ਤਰ੍ਹਾਂ, ਹੈਦਰਾਬਾਦ ਨੇੜੇ ਅਡਾਨੀ ਅਤੇ ਇਜ਼ਰਾਈਲ ਦੀ ਐਲਬਿਟ ਸਿਸਟਮਜ਼ ਦੇ ਸਾਂਝੇ ਉੱਦਮ ਨਾਲ ਚੱਲ ਰਹੀ ਡਰੋਨ ਨਿਰਮਾਣ ਇਕਾਈ ਭਾਰਤ ਦੀ ਖਣਿਜ ਆਰਥਿਕਤਾ ਨੂੰ ਵਿਸ਼ਵ ਪੱਧਰ ਦੇ ਹਥਿਆਰ ਸਪਲਾਈ ਸਿਲਸਿਲੇ ਨਾਲ ਜੋੜਦੀ ਹੈ, ਜਿਨ੍ਹਾਂ ਵਿੱਚ ਇਜ਼ਰਾਈਲ ਨੂੰ ਕੀਤੀ ਜਾਣ ਵਾਲੀ ਸਪਲਾਈ ਵੀ ਸ਼ਾਮਲ ਹੈ।

ਇਹ ਫ਼ੌਜੀ ਗੱਠਜੋੜ ਮਹਿਜ਼ ਹਥਿਆਰ ਬਣਾਉਣ ਤੱਕ ਸੀਮਤ ਨਹੀਂ ਹੈ। ਇਜ਼ਰਾਈਲੀ ਵਿਰੋਧੀ-ਬਗ਼ਾਵਤ ਯੁੱਧਨੀਤੀਆਂ, ਨਿਗਰਾਨੀ ਤਕਨੀਕਾਂ ਅਤੇ ਜਾਸੂਸੀ ਸਾਫਟਵੇਅਰ ਹੁਣ ਭਾਰਤੀ ਪੁਲਿਸ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਬਣ ਚੁੱਕੇ ਹਨ। ਮੱਧ ਭਾਰਤ, ਖ਼ਾਸ ਕਰਕੇ ਛੱਤੀਸਗੜ੍ਹ ਵਿੱਚ, ਡਰੋਨ ਨਿਗਰਾਨੀ ਅਤੇ ਹਵਾਈ ਹਮਲਿਆਂ ਦਾ ਇਸਤੇਮਾਲ ਮਾਓਵਾਦੀ ਇਨਕਲਾਬੀਆਂ ਦੇ ਨਾਲ-ਨਾਲ ਆਦਿਵਾਸੀ ਭਾਈਚਾਰਿਆਂ ਵਿਰੁੱਧ ਵੀ ਕੀਤਾ ਗਿਆ ਹੈ। ਰਿਪੋਰਟਾਂ ਮੁਤਾਬਕ, ਤਿਜਮਾਲੀ ਬਾਕਸਾਈਟ ਖਣਨ ਪ੍ਰੋਜੈਕਟ ਦੇ ਵਿਰੋਧ ਵਿੱਚ ਚੱਲ ਰਹੇ ਲੋਕ ਅੰਦੋਲਨ ਨੂੰ ਡਰਾਉਣ ਅਤੇ ਦਬਾਉਣ ਲਈ ਵੀ ਡਰੋਨਾਂ ਦੀ ਵਰਤੋਂ ਕੀਤੀ ਗਈ ਹੈ। ਇਹ ਸਾਰੇ ਘਟਨਾਕ੍ਰਮ ਦਰਸਾਉਂਦੇ ਹਨ ਕਿ ਖਣਿਜ ਲੁੱਟ, ਫ਼ੌਜੀਕਰਨ ਅਤੇ ਅੰਤਰਰਾਸ਼ਟਰੀ ਹਥਿਆਰ ਭਾਈਵਾਲੀਆਂ ਕਿਵੇਂ ਮਿਲ ਕੇ ਉਜਾੜੇ, ਜਬਰ ਅਤੇ ਸਟੇਟ ਦੀ ਸਰਪ੍ਰਸਤੀ ਵਾਲੀ ਹਿੰਸਾ ਨੂੰ ਹੋਰ ਡੂੰਘੇਰਾ ਕਰ ਰਹੀਆਂ ਹਨ।

ਆਦਿਵਾਸੀ ਲੋਕਾਂ ਵੱਲੋਂ ਕੀਤਾ ਜਾ ਰਿਹਾ ਸੰਘਰਸ਼ ਸਾਡੇ ਲੋਕਾਂ ਨੂੰ ਰਾਹ ਦਿਖਾਉਂਦਾ ਹੈ ਕਿ ਜੇਕਰ ਦੇਸ਼ ਦੇ ਵਡਮੁੱਲੇ ਕੁਦਰਤੀ ਵਸੀਲਿਆਂ ਨੂੰ ਕਾਰਪੋਰੇਟ ਸਰਮਾਏ ਵੱਲੋਂ ਹੜੱਪ ਲਏ ਜਾਣ ਤੋਂ ਬਚਾਉਣਾ ਹੈ ਤਾਂ ਇਸ ਕਥਿਤ ਵਿਕਾਸ ਮਾਡਲ ਵਿਰੁੱਧ ਜਾਗਰੂਕ ਲੋਕ-ਰਾਇ ਉਸਾਰਕੇ ਲੰਮੇ ਜਨਤਕ ਸੰਘਰਸ਼ ਲੜਨੇ ਪੈਣਗੇ। ਲੋਕਤੰਤਰ ਕਹਾਉਣ ਵਾਲੇ ਰਾਜ ਅਤੇ ਬਦਲ-ਬਦਲਕੇ ਸਰਕਾਰਾਂ ਬਣਾਉਣ ਵਾਲੇ ਰਾਜਨੀਤਕ ਕੋੜਮੇ ਨੂੰ ਇਹ ਸਵਾਲ ਕਰਨੇ ਹੋਣਗੇ ਕਿ ਜਿਨ੍ਹਾਂ ਰਾਸ਼ਟਰੀ ਹਿਤਾਂ ਦੇ ਨਾਂ 'ਤੇ ਵਿਕਾਸ ਦੇ ਦਾਅਵੇ ਕੀਤੇ ਜਾ ਰਹੇ ਹਨ, ਉਨ੍ਹਾਂ ਵਿੱਚੋਂ ਲੋਕ ਮਨਫ਼ੀ ਕਿਉਂ ਹਨ? ਅਜਾਰੇਦਾਰ ਸਰਮਾਏ ਅਤੇ ਇਸ ਨਾਲ ਘਿਓ-ਖਿੱਚੜੀ ਨੌਕਰਸ਼ਾਹੀ ਤੇ ਰਾਜਨੀਤਕ ਮਾਫ਼ੀਏ ਦੇ ਹਿੱਤ ਰਾਸ਼ਟਰੀ ਹਿੱਤਾਂ ਦੇ ਸਮਾਨਅਰਥੀ ਕਿਵੇਂ ਹੋ ਗਏ? ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਤੇ ਨਿਤਾਣੇ ਹਿੱਸਿਆਂ ਤੋਂ ਜੀਵਨ-ਗੁਜ਼ਾਰੇ ਦੇ ਨਿਗੂਣੇ ਵਸੀਲੇ ਖੋਹਣ ਵਾਲੇ ਅਤੇ ਆਰਥਕ ਨਾਬਰਾਬਰੀ ਤੇ ਸਮਾਜਿਕ ਪਾੜੇ ਨੂੰ ਵਧਾਉਣ ਵਾਲੇ ਅਨਿਆਂਕਾਰੀ ਆਰਥਕ ਵਾਧੇ ਨੂੰ ਦੇਸ਼ ਦੇ ਲੋਕ ਆਪਣੀ ਹੋਣੀ ਵਜੋਂ ਸਵੀਕਾਰ ਕਿਉਂ ਕਰਨ? ਉਹ ਆਪਣੀਆਂ ਜਿਊਣ ਹਾਲਤਾਂ ਨੂੰ ਸੁਧਾਰਨ ਦੇ ਜਮਹੂਰੀ ਹੱਕ ਦੀ ਵਰਤੋਂ ਕਰਦਿਆਂ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਰੱਦ ਕਰਾਉਣ ਲਈ ਕਿਉਂ ਨਾ ਲੜਨ? ਆਰਥਕ ਤੌਰ 'ਤੇ ਕਮਜ਼ੋਰ ਅਤੇ ਪਿੱਛੜੇ ਹੋਏ ਹਿੱਸੇ ਇਸ ਕਥਿਤ ਵਿਕਾਸ ਦੀ ਕੀਮਤ ਕਿਉਂ ਦੇਣ ਜਿਨ੍ਹਾਂ ਦੀ ਤਰਜ਼ੇ-ਜ਼ਿੰਦਗੀ ਕੁਦਰਤ ਦੇ ਸਭ ਤੋਂ ਨੇੜੇ ਹੈ ਅਤੇ ਜੋ ਕੁਦਰਤੀ ਵਸੀਲਿਆਂ, ਜੰਗਲਾਂ-ਪਹਾੜਾਂ, ਨਦੀਆਂ ਅਤੇ ਪਾਣੀ ਦੇ ਹੋਰ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਕਰਨ ਅਤੇ ਇਨ੍ਹਾਂ ਦੀ ਰਾਖੀ ਕਰਨ ਵਾਲੀ ਸੱਚੀ ਤਾਕਤ ਹਨ।

## ਕੋਈ ਹਰਿਆ ਬੂਟਾ ਰਹਿਓ ਰੀ

**ਡਾ. ਟੀ.ਏ. ਕਨਗਾਰਾਥੀਨਮ (1927-2025) : ਤਾਮਿਲਨਾਡੂ ਦੇ ਹਰਮਨ ਪਿਆਰੇ 'ਦਸ ਰੁਪਏ ਵਾਲੇ ਡਾਕਟਰ'**

ਅੱਜ ਡਾ. ਟੀ.ਏ. ਕਨਗਾਰਾਥੀਨਮ ਦੀ ਪਹਿਲੀ ਬਰਸੀ ਹੈ। ਉਨ੍ਹਾਂ ਨੂੰ ਪੂਰੇ ਤਾਮਿਲਨਾਡੂ ਵਿੱਚ 'ਦਸ ਰੁਪਏ ਵਾਲਾ ਡਾਕਟਰ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਸਾਲ 2025 ਵਿੱਚ ਅੱਜ ਦੇ ਹੀ ਦਿਨ 96 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਆਖਰੀ ਸਾਹ ਲਏ। ਉਹ ਇੱਕ ਮਸ਼ਹੂਰ ਗਾਇਨੀਕੋਲੋਜਿਸਟ (ਔਰਤ ਰੋਗਾਂ ਦੇ ਮਾਹਿਰ)




ਸਨ, ਜਿਨ੍ਹਾਂ ਨੇ ਥੰਜਾਵੁਰ ਜ਼ਿਲ੍ਹੇ ਵਿੱਚ 50,000–60,000 ਸੁਰੱਖਿਅਤ ਜਣੇਪੇ ਕਰਵਾਏ, ਉਹ ਵੀ ਸਿਰਫ਼ ਰੁ. 10 ਫੀਸ ਲੈ ਕੇ! ਉਮਰ ਦੇ ਤਕਾਜ਼ੇ ਅਤੇ ਬਿਮਾਰੀ ਕਾਰਨ ਉਹ ਆਖਰੀ ਪੰਜ ਸਾਲਾਂ ਤੋਂ ਮੰਜੇ 'ਤੇ ਹੀ ਸਨ ਅਤੇ ਅਪਣੇ ਸ਼੍ਰੀਨਿਵਾਸਪੁਰਮ ਵਾਲੇ ਘਰ ਵਿੱਚ ਅੱਜ ਦੇ ਦਿਨ ਗਰੀਬ ਮਰੀਜ਼ਾਂ ਦਾ ਇਹ ਪਿਆਰਾ ਡਾਕਟਰ ਸਾਥੋਂ ਸਦਾ ਲਈ ਰੁਖ਼ਸਤ ਹੋ ਗਿਆ।

ਉਨ੍ਹਾਂ ਨੇ 1950 ਦੇ ਦਹਾਕੇ ਦੇ ਅਖੀਰ ਵਿੱਚ ਅਪਣੀ ਪ੍ਰੈਕਟਿਸ ਸ਼ੁਰੂ ਕੀਤੀ ਸੀ ਅਤੇ 1960 ਦੇ ਦਹਾਕੇ ਦੌਰਾਨ ਪੱਟੂਕੋਟੀ ਦੇ ਪੇਰੀਆ ਥੇਰੂ ਵਿੱਚ ਅਪਣਾ ਇੱਕ ਛੋਟਾ ਜਿਹਾ ਕਲੀਨਿਕ ਖੋਲ੍ਹਿਆ। ਇਹ ਛੋਟੀ ਜਿਹੀ ਜਗ੍ਹਾ ਗਰੀਬਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਸੀ। ਲੱਗਭੱਗ 60 ਸਾਲਾਂ ਦੇ ਅਪਣੇ ਸਫ਼ਰ ਵਿੱਚ ਉਨ੍ਹਾਂ ਨੇ ਅਪਣੀ ਫੀਸ ਬਹੁਤ ਹੌਲੀ-ਹੌਲੀ ਵਧਾਈ; ਪਹਿਲਾਂ 2, ਫਿਰ 5 ਅਤੇ 1990 ਵਿੱਚ ਜਾ ਕੇ 10 ਰੁਪਏ ਕੀਤੀ। ਇਸ ਤੋਂ ਬਾਅਦ ਮਹਿੰਗਾਈ ਭਾਵੇਂ ਜਿੰਨੀ ਮਰਜ਼ੀ ਵਧਦੀ ਗਈ, ਪਰ ਉਨ੍ਹਾਂ ਨੇ ਇਹ ਫੀਸ 10 ਰੁਪਏ ਹੀ ਰੱਖੀ।

ਡਾਕਟਰ ਸਾਹਿਬ ਦੀ ਜੀਵਨੀ 'ਏਨ ਵੇਰਗਲ ਵਿਝੂਥੁਗਲ' (ਮੇਰੀਆਂ ਜੜ੍ਹਾਂ, ਮੇਰੇ ਫੁੱਲ) ਦੇ ਸਹਿ-ਲੇਖਕ ਸੇਵਾਮੁਕਤ ਹੈੱਡਮਾਸਟਰ ਐੱਨ. ਸੇਲਵਮ ਦੱਸਦੇ ਹਨ ਕਿ ਜਿਹੜੇ ਲੋਕ ਪੈਸੇ ਦੇਣ ਦੇ ਕਾਬਲ ਨਹੀਂ ਹੁੰਦੇ ਸਨ, ਉਨ੍ਹਾਂ ਤੋਂ ਉਹ ਇੱਕ ਧੇਲਾ ਵੀ ਨਹੀਂ ਸਨ ਲੈਂਦੇ, ਸਗੋਂ ਕਈ ਵਾਰ ਤਾਂ ਦਵਾਈਆਂ ਵੀ ਅਪਣੇ ਕੋਲੋਂ ਹੀ ਮੁਫ਼ਤ ਦੇ ਦਿੰਦੇ ਸਨ।' ਉਨ੍ਹਾਂ ਦੀ ਦਰਿਆਦਿਲੀ ਸਿਰਫ਼ ਇਲਾਜ ਤੱਕ ਹੀ ਸੀਮਤ ਨਹੀਂ ਸੀ। ਕੋਰੋਨਾ ਮਹਾਂਮਾਰੀ (COVID-19) ਦੇ ਦਿਨਾਂ ਵਿੱਚ, ਉਨ੍ਹਾਂ ਨੇ ਅਪਣੇ ਕਲੀਨਿਕ ਦੇ ਨਾਲ ਲਗਦੇ ਕਮਰਸ਼ੀਅਲ ਕੰਪਲੈਕਸ ਦੇ ਕਿਰਾਏਦਾਰਾਂ ਦਾ 9 ਲੱਖ ਦਾ ਕਿਰਾਇਆ ਵੀ ਮਾਫ਼ ਕਰ ਦਿੱਤਾ ਸੀ।

ਡਾ. ਕਨਗਾਰਾਥੀਨਮ ਕੋਈ ਕਰੋੜਾਂ ਦੀ ਦੌਲਤ ਤਾਂ ਨਹੀਂ, ਪਰ ਲੱਖਾਂ ਲੋਕਾਂ ਦੀਆਂ ਦੁਆਵਾਂ ਅਤੇ ਇੱਕ ਅਜਿਹੀ ਵਿਰਾਸਤ ਛੱਡ ਕੇ ਗਏ ਜੋ ਯਾਦ ਦਿਵਾਉਂਦੀ ਹੈ ਕਿ ਅਸਲੀ ਇਲਾਜ ਉੱਥੇ ਸ਼ੁਰੂ ਹੁੰਦਾ ਹੈ ਜਿੱਥੇ ਪੈਸੇ ਦੀ ਅਹਿਮੀਅਤ ਖ਼ਤਮ ਹੋ ਜਾਂਦੀ ਹੈ।

ਅੱਜ ਜਦੋਂ ਸਿਹਤ ਸੰਭਾਲ ਅਤੇ ਇਲਾਜ ਪੂਰਾ ਸੂਰਾ ਵਪਾਰ ਬਣ ਚੁੱਕਿਆ ਹੋਵੇ ਤੇ ਉਪਰੋਂ ਵੱਡੀ ਬਹੁ ਗਿਣਤੀ ਆਮ ਲੋਕਾਂ ਨੂੰ ਬਨਦੀਆਂ ਸਿਹਤ ਸਹੂਲਤਾਂ ਦੇਣ ਤੋਂ ਸਰਕਾਰ ਸ਼੍ਰੇਆਮ ਭੱਜ ਰਹੀ ਹੋਵੇ ਤਾਂ ਸਾਡੇ ਸਮਾਜ ਨੂੰ ਡਾ. ਕਨਗਾਰਾਥੀਨਮ ਵਰਗੇ ਨਾਇਕਾਂ ਦੀ ਅਤਿਅੰਤ ਲੋੜ ਹੈ। ਪਰ ਨਾਲ ਹੀ ਸਾਡਾ ਇਹ ਵੀ ਮੰਨਣਾ ਹੈ ਕਿ ਇਹ ਵਿਰਾਟ ਮਸਲਾ ਕੁੱਝ ਕੁ ਲੋਕਪੱਖੀ ਡਾਕਟਰਾਂ ਤੇ ਕੁਝ ਗੈਰ ਸਰਕਾਰੀ ਸੰਸਥਾਵਾਂ ਦੀ ਨਿਰੋਲ ਸੇਵਾ ਭਾਵਨਾ ਨਾਲ ਹੱਲ ਹੋਣ ਵਾਲਾ ਨਹੀਂ। ਸਿਹਤ ਅਤੇ ਮਾੜੇ ਇਲਾਜ ਪ੍ਰਬੰਧ ਜਿਹੇ ਅਹਿਮ ਮਸਲਿਆਂ 'ਤੇ ਲੋਕਾਂ ਨੂੰ ਜਾਗਰੂਕ ਤੇ ਜਥੇਬੰਦ ਹੋਣ ਦੀ ਵੀ ਬਹੁਤ ਲੋੜ ਹੈ ਤਾਂ ਕਿ ਸਰਕਾਰ ਉੱਪਰ ਜਰਜਰ ਹੋ ਰਹੇ ਸਰਕਾਰੀ ਸਿਹਤ ਢਾਂਚੇ ਨੂੰ ਬਚਾਉਣ ਲਈ ਜਨਤਕ ਦਬਾਅ ਬਣਾਇਆ ਜਾ ਸਕੇ। ਅਤੇ ਲੋਕਾਂ ਤੋਂ ਟੈਕਸ ਦੇ ਰੂਪ ਵਿੱਚ ਅਰਬਾਂ ਖਰਬਾਂ ਦੀ ਇਕੱਠੀ ਕੀਤੀ ਰਾਸ਼ੀ ਦਾ ਚੋਖਾ ਹਿੱਸਾ ਸਿਹਤ ਖੇਤਰ ਨੂੰ ਹੋਰ ਬਿਹਤਰ ਬਣਾਉਣ ਲਈ ਵਰਤਣ ਵਾਸਤੇ ਸਰਕਾਰ ਨੂੰ ਮਜਬੂਰ ਕੀਤਾ ਜਾ ਸਕੇ।

ਅਸੀਂ ਡਾ. ਕਨਗਾਰਾਥੀਨਮ ਦੀ ਲੋਕਪੱਖੀ ਵਿਰਾਸਤ ਨੂੰ ਦਿਲੋਂ ਸਲਾਮ ਕਰਦੇ ਹਾਂ।

– ਟੀਮ ਸਾਡਾ ਡਾਕਟਰ

# ਕੈਨੇਡਾ ਦੀਆਂ ਖਾਨਾਂ ਵਿੱਚ ਪੈਂਟਾਗਨ ਦਾ ਵੱਧ ਰਿਹਾ ਪੂੰਜੀ ਨਿਵੇਸ਼

*(ਇਹ ਆਰਟੀਕਲ ਪਹਿਲੀ ਵਾਰ ਆਨਲਾਈਨ ਸਾਈਟ ਬ੍ਰੀਚ ਮੀਡੀਆ (https://breachmedia.ca) 'ਤੇ 22 ਮਈ 2026 ਨੂੰ ਛਪਿਆ ਸੀ । ਪੰਜਾਬੀ ਪਾਠਕਾਂ ਲਈ ਇਸ ਦਾ ਅਨੁਵਾਦ ਪੇਸ਼ ਹੈ । ਕਿਰਪਾ ਕਰਕੇ ਨੋਟ ਕਰੋ ਕਿ ਪੰਜਾਬੀ ਅਨੁਵਾਦ ਵਿੱਚ ਇਸ ਦੇ ਸਿਰਲੇਖ ਵਿੱਚ ਥੋੜ੍ਹੀ ਜਿਹੀ ਤਬਦੀਲੀ ਕੀਤੀ ਗਈ ਹੈ ।)*

**ਸ਼ੀਰੀ ਪੈਸਟਰਨੈਕ ਅਤੇ ਨੈਂਸੀ ਨੈਨਕੀਵੈਲ**
**ਅਨੁਵਾਦ: ਸੁਖਵੰਤ ਹੁੰਦਲ**

ਜਦੋਂ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਕੈਨੇਡਾ ਦੀ ਆਰਥਿਕ ਖ਼ੁਦਮੁਖ਼ਤਿਆਰੀ ਦੀ ਰੱਖਿਆ ਲਈ ਆਪਣੀਆਂ ਯੋਜਨਾਵਾਂ ਦਾ ਐਲਾਨ ਕਰ ਰਹੇ ਹਨ, ਦੇਸ਼ ਦੇ ਕ੍ਰਿਟੀਕਲ ਮਿਨਰਲ (ਮਹੱਤਵਪੂਰਨ ਖਣਿਜ) ਅਮਰੀਕੀ ਹਥਿਆਰਾਂ ਦਾ ਹਿੱਸਾ ਬਣਨ ਜਾ ਰਹੇ ਹਨ।

ਕਾਨੂੰਨੀ ਮਾਹਿਰਾਂ ਅਨੁਸਾਰ, ਅਮਰੀਕਾ ਕੈਨੇਡਾ ਦੀਆਂ ਖਾਣਾਂ ਦੀ ਮਾਲਕੀ ਹਾਸਲ ਕਰਨ ਲਈ ਸੰਭਵ ਤੌਰ 'ਤੇ ਅਜਿਹੇ ਕਦਮ ਚੁੱਕ ਰਿਹਾ ਹੈ ਜਿਹਨਾਂ ਦੀ ਪਹਿਲਾਂ ਮਿਸਾਲ ਨਹੀਂ ਮਿਲਦੀ ਅਤੇ ਕੈਨੇਡਾ ਅਤੇ ਫਸਟ ਨੇਸ਼ਨਜ਼ ਦੇ ਇਲਾਕਿਆਂ–ਜਿਹਨਾਂ ਵਿੱਚੋਂ ਖਣਿਜ ਕੱਢੇ ਜਾਂਦੇ ਹਨ– ਨੂੰ ਅਮਰੀਕੀ ਖਣਨ ਖੇਤਰ (ਮਾਈਨਿੰਗ ਟੈਰੇਟਰੀ) ਵਿੱਚ ਤਬਦੀਲ ਕਰ ਰਿਹਾ ਹੈ। ਕੈਨੇਡਾ ਦੀ ਸਰਕਾਰ ਇਹਨਾਂ ਪ੍ਰੋਜੈਕਟਾਂ ਨੂੰ ਫੰਡ ਕਰਨ ਅਤੇ ਤੇਜ਼ੀ ਨਾਲ ਮਨਜ਼ੂਰੀ ਦੇਣ ਵਿੱਚ ਮਦਦ ਕਰ ਰਹੀ ਹੈ।

ਸੂਬਾਈ ਪੱਧਰ ਤੋਂ ਫੈਡਰਲ ਪੱਧਰ ਤੱਕ, ਕੈਨੇਡਾ ਆਪਣੇ ਦੂਰ–ਦੁਰਾਡੇ ਦੇ ਉੱਤਰੀ ਇਲਾਕਿਆਂ ਤੋਂ ਕ੍ਰਿਟੀਕਲ ਮਿਨਰਲਾਂ (ਮਹੱਤਵਪੂਰਨ ਖਣਿਜਾਂ) ਦੀ ਖੁਦਾਈ ਨੂੰ ਤੇਜ਼ ਕਰਨ ਵਿੱਚ ਲੱਗਿਆ ਹੋਇਆ ਹੈ। ਇਹਨਾਂ ਖਣਿਜਾਂ ਨੂੰ ਪਹਿਲਾਂ ਸਾਫ਼ ਊਰਜਾ (ਕਲੀਨ ਐਨਰਜੀ) ਵੱਲ ਤਬਦੀਲੀ ਲਈ ਅਤੇ ਫਿਰ ਅਮਰੀਕਾ ਵਲੋਂ ਆਪਣੇ ਵਿੱਚ ਮਿਲਾ ਲੈਣ (ਅਨੈਕਸੇਸ਼ਨ) ਦੀਆਂ ਧਮਕੀਆਂ ਦੇ ਵਿਚਕਾਰ ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਲਈ 'ਬਹੁਤ ਜ਼ਰੂਰੀ' ਕਰਾਰ ਦਿੱਤਾ ਗਿਆ ਸੀ।

ਨਿੱਕਲ, ਤਾਂਬਾ, ਗ੍ਰੇਫਾਈਟ, ਕੋਬਾਲਟ, ਟੰਗਸਟਨ, ਕ੍ਰੋਮੀਅਮ ਅਤੇ ਰੇਅਰ ਅਰਥ ਐਲੀਮੈਂਟ ਸਿਰਫ਼ ਬੈਟਰੀਆਂ ਅਤੇ ਹਵਾ ਤੋਂ ਬਿਜਲੀ ਪੈਦਾ ਕਰਨ ਵਾਲੇ ਟਰਬਾਈਨਾਂ (ਵਿੰਡ ਟਰਬਾਈਨਜ਼) ਲਈ ਹੀ ਕੱਚਾ ਮਾਲ (ਇਨਪੁਟ) ਨਹੀਂ ਹਨ ਸਗੋਂ ਇਹਨਾਂ ਦੀ ਲੋੜ ਲੜਾਕੂ ਜਹਾਜ਼ਾਂ (ਫਾਈਟਰ ਜੈੱਟਸ), ਡਰੋਨਾਂ, ਮਿਜ਼ਾਈਲਾਂ, ਰਾਡਾਰ ਸਿਸਟਮਾਂ, ਪਣਡੁੱਬੀਆਂ, ਬਕਤਰਬੰਦ ਸਾਜ਼–ਸਮਾਨ (ਆਰਮਰ) ਅਤੇ ਗੋਲਾ–ਬਾਰੂਦ ਬਣਾਉਣ ਲਈ ਵੀ ਹੁੰਦੀ ਹੈ।

ਕੈਨੇਡਾ ਲੰਬੇ ਸਮੇਂ ਤੋਂ ਅਮਰੀਕਾ ਦੀਆਂ ਜੰਗਾਂ ਲਈ ਕੱਚੇ ਮਾਲ (ਇਨਪੁਟ) ਦਾ ਭਰੋਸੇਯੋਗ ਸਪਲਾਇਰ ਰਿਹਾ ਹੈ। ਕੈਨੇਡਾ ਦੇ ਧਰਤੀ ਹੇਠਲੇ ਖਜ਼ਾਨਿਆਂ ਤੋਂ ਅਮਰੀਕਾ ਦੇ ਪਰਮਾਣੂ ਬੰਬਾਂ ਲਈ ਯੂਰੇਨੀਅਮ, ਉਸ ਦੇ ਜੰਗੀ ਜਹਾਜ਼ਾਂ ਦੀਆਂ ਬਕਤਰਬੰਦ ਪਲੇਟਾਂ (ਆਰਮਰ ਪਲੇਟਸ) ਲਈ ਨਿੱਕਲ ਅਤੇ ਉਸ ਦੇ ਜੰਗੀ ਜਹਾਜ਼ਾਂ ਲਈ ਐਲੂਮੀਨੀਅਮ ਆਉਂਦਾ ਰਿਹਾ ਹੈ।

ਪਰ ਜਦੋਂ ਕੈਨੇਡਾ ਦੇ ਖਣਿਜਾਂ ਨੂੰ ਵਿਦੇਸ਼ੀ ਫੌਜੀ ਉਤਪਾਦਨ ਲਈ ਰਾਖਵਾਂ ਕੀਤਾ ਜਾ ਰਿਹਾ ਹੋਵੇ ਤਾਂ ਕੀ ਇਹ ਸੱਚਮੁੱਚ ਕੈਨੇਡਾ ਦੇ ਰਾਸ਼ਟਰੀ ਹਿੱਤ ਵਿੱਚ ਹੈ ?

**ਬੈਟਰੀਆਂ ਜਾਂ ਬੰਬ ?**

ਇਹਨਾਂ ਖਣਿਜਾਂ ਨੂੰ ਹਾਸਲ ਕਰਨ ਲਈ, ਇਤਿਹਾਸਕ ਤੌਰ 'ਤੇ ਅਮਰੀਕਾ ਕੈਨੇਡੀਅਨ ਖਣਨ (ਮਾਈਨਿੰਗ) ਕੰਪਨੀਆਂ ਨੂੰ ਸਟੇਟ ਬੈਕਡ ਭਾਵ ਸਟੇਟ ਦੇ ਸਮਰਥਨ ਵਾਲੀਆਂ ਗ੍ਰਾਂਟਾਂ ਅਤੇ ਸਬਸਿਡੀਆਂ ਦਿੰਦਾ ਰਿਹਾ ਹੈ। ਪਰ ਅਮਰੀਕਾ ਦੀ ਚੀਨ ਨਾਲ ਠੰਢੀ ਜੰਗ ਦੀ ਵਧਦੀ ਤੀਬਰਤਾ ਦੇ ਨਾਲ, ਪੈਂਟਾਗਨ (ਅਮਰੀਕਾ ਦੇ ਡਿਫੈਂਸ ਡਿਪਾਰਟਮੈਂਟ ਦਾ ਹੈੱਡਕੁਆਰਟਰ) ਆਪਣੇ ਨਿਵੇਸ਼ਾਂ ਨੂੰ ਵਧਾ ਰਿਹਾ ਹੈ। 2022 ਦੇ ਸ਼ੁਰੂ ਤੋਂ ਅਮਰੀਕਾ ਦੇ ਜੰਗੀ ਵਿਭਾਗ (ਡਿਪਾਰਟਮੈਂਟ ਔਫ ਵਾਰ) ਨੇ ਕ੍ਰਿਟੀਕਲ ਮਿਨਰਲ (ਮਹੱਤਵਪੂਰਨ ਖਣਿਜ) ਕੱਢਣ ਵਾਲੀਆਂ ਕੈਨੇਡਾ ਦੀਆਂ ਖਣਨ (ਮਾਈਨਿੰਗ) ਕੰਪਨੀਆਂ ਵਿੱਚ ਦਹਿ–ਲੱਖਾਂ (ਮਿਲੀਅਨਜ਼) ਡਾਲਰ ਲਾਉਣੇ ਸ਼ੁਰੂ ਕਰ ਦਿੱਤੇ ਹਨ।

ਉਸ ਸਮੇਂ, ਕੈਨੇਡਾ ਵਿੱਚ ਇਸ ਖਬਰ ਬਾਰੇ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਇਸ ਦੀ ਬਜਾਏ, ਅਖਬਾਰਾਂ ਫੈਡਰਲ ਅਤੇ ਸੂਬਾਈ ਵਾਅਦਿਆਂ ਬਾਰੇ ਸੁਰਖੀਆਂ ਲਗਾ ਰਹੀਆਂ ਸਨ ਕਿ ਇਹੀ ਖਣਿਜ ਪਦਾਰਥ ਇਲੈਕਟ੍ਰਿਕ ਵਾਹਨਾਂ ਅਤੇ ਬੈਟਰੀ ਪਲਾਂਟਾਂ ਨਾਲ ਉਸਰੇ ਕਲੀਨ–ਟੈੱਕ ਰੈਵੂਲੂਸ਼ਨ (ਸਾਫ ਤਕਨੀਕੀ ਇਨਕਲਾਬ) ਨੂੰ ਊਰਜਾ ਦੇਣਗੇ।



8ਵੀਂ ਫਾਇਰ ਰਾਈਜ਼ਿੰਗ ਖੋਜ ਸਮੂਹ ਦੇ ਹਿੱਸੇ ਵਜੋਂ, ਅਸੀਂ ਕ੍ਰਿਟੀਕਲ ਮਿਨਰਲ ਸੈਕਟਰ (ਮਹੱਤਵਪੂਰਨ ਖਣਿਜ ਖੇਤਰ) ਨਾਲ ਸੰਬੰਧਿਤ ਨਵੀਆਂ ਸਪਲਾਈ ਚੇਨਾਂ ਦੀ ਜਾਂਚ ਕੀਤੀ ਹੈ। ਅਸੀਂ ਜਾਣਿਆ ਹੈ ਕਿ ਕੈਨੇਡਾ ਦੇ ਕ੍ਰਿਟੀਕਲ ਮਿਨਰਲਾਂ (ਮਹੱਤਵਪੂਰਨ ਖਣਿਜਾਂ) ਦੇ ਨਵੇਂ ਰੁਝਾਣ ਪਿੱਛੇ ਆਉਣ ਵਾਲੀ ਨਵੀਂ ਫੰਡਿੰਗ ਅਸਲ ਵਿੱਚ ਪੈਂਟਾਗਨ ਤੋਂ ਆ ਰਹੀ ਹੈ, ਜੋ ਧਰਤੀ ਉੱਤੇ ਸਭ ਤੋਂ ਵੱਧ ਗ੍ਰੀਨਹਾਊਸ ਗੈਸਾਂ ਪੈਦਾ ਕਰਨ ਵਾਲੀ ਇਕਾਈ ਅਮਰੀਕਾ ਦੀ ਫੌਜ ਦੀ ਪ੍ਰਬੰਧਕ ਹੈ।

2024 ਅਤੇ 2025 ਦੇ ਸਿਰਫ਼ ਦੋ ਸਾਲਾਂ ਵਿੱਚ, ਪੈਂਟਾਗਨ ਨੇ ਕੈਨੇਡਾ ਵਿੱਚ ਖਣਨ ਪ੍ਰੋਜੈਕਟਾਂ ਨੂੰ ਚਲਾਉਣ ਵਾਲੀਆਂ ਕੰਪਨੀਆਂ – ਫਾਰਚਿਊਨ ਮਿਨਰਲਜ਼, ਲੋਮੀਕੋ ਮੈਟਲਜ਼, ਫਾਇਰਵੀਡ ਮੈਟਲਜ਼, ਨੌਰਥਕਲਿੱਫ ਰਿਸੋਰਸਿਜ਼, ਨੈਨੋ ਵੰਨ ਮਟੀਰੀਅਲਜ਼, ਅਤੇ ਇਲੈਕਟ੍ਰਾ ਬੈਟਰੀ ਮਟੀਰੀਅਲਜ਼ – ਵਿੱਚ 7 ਕ੍ਰੋੜ 80 ਲੱਖ (78 ਮਿਲੀਅਨ) ਅਮਰੀਕੀ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ।

ਸਹਿਯੋਗ ਵਜੋਂ ਪੇਸ਼ ਕੀਤੇ ਗਏ ਇਸ ਪ੍ਰਬੰਧ ਨੇ ਕੈਨੇਡਾ ਦੀਆਂ ਖਣਨ ਤਰਜੀਹਾਂ (ਕੈਨੇਡੀਅਨ ਮਾਈਨਿੰਗ ਪ੍ਰਾਇਰਟੀਜ਼) ਨੂੰ ਅਮਰੀਕੀ ਫੌਜੀ ਲੋੜਾਂ ਅਨੁਸਾਰ ਢਾਲ ਦਿੱਤਾ ਹੈ—ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੇ ਤਣਾਅ ਦੇ ਸਮੇਂ ਦੌਰਾਨ ਵੀ।

ਫਿਰ 2025 ਵਿੱਚ, ਅਮਰੀਕਾ ਦੇ ਜੰਗੀ ਵਿਭਾਗ (ਡਿਪਾਰਟਮੈਂਟ ਆਫ ਵਾਰ) ਨੇ ਅਲਾਸਕਾ ਦੇ ਤਾਂਬੇ, ਕੋਬਾਲਟ, ਸੋਨੇ ਅਤੇ ਚਾਂਦੀ ਨੂੰ ਕੱਢਣ ਦੀ ਯੋਜਨਾ ਬਣਾ ਰਹੀ ਵੈਨਕੂਵਰ–ਅਧਾਰਿਤ ਖਣਨ ਕੰਪਨੀ ਟ੍ਰਾਇਲੋਜੀ ਮੈਟਲਜ਼ ਵਿੱਚ 10 ਫੀਸਦੀ ਦੀ ਇਕੁਇਟੀ ਹਿੱਸੇਦਾਰੀ ਹਾਸਲ ਕਰਨ ਲਈ 3 ਕ੍ਰੋੜ 56 ਲੱਖ (35.6 ਮਿਲੀਅਨ) ਅਮਰੀਕੀ ਡਾਲਰ ਖਰਚ ਕੀਤੇ। ਇਸ ਨਾਲ ਭਵਿੱਖ ਵਿੱਚ ਆਪਣੀ ਮਾਲਕੀ ਵਧਾਉਣ ਦੀ ਚੋਣ ਅਤੇ ਇੱਕ ਬੋਰਡ ਮੈਂਬਰ ਨਿਯੁਕਤ ਕਰਨ ਦਾ ਅਧਿਕਾਰ ਵੀ ਮਿਲਿਆ।

ਅਮਰੀਕਾ ਦੇ ਊਰਜਾ ਵਿਭਾਗ (ਡਿਪਾਰਟਮੈਂਟ ਔਫ ਐਨਰਜੀ) ਨੇ ਵੀ ਵੈਨਕੂਵਰ ਆਧਾਰਿਤ ਕੰਪਨੀ ਲੀਥੀਅਮ ਅਮੈਰੀਕਾਜ਼ ਵਿੱਚ 5 ਫੀਸਦੀ ਦੀ ਹਿੱਸੇਦਾਰੀ ਖਰੀਦੀ। ਇਹ ਕੰਪਨੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਲੀਥੀਅਮ ਖਾਣਾਂ ਵਿੱਚੋਂ ਇੱਕ ਨੂੰ ਵਿਕਸਤ ਕਰ ਰਹੀ ਹੈ।

ਅੰਤਰਰਾਸ਼ਟਰੀ ਵਕੀਲ ਲਾਰੈਂਸ ਹਰਮਨ ਅਨੁਸਾਰ ਅਮਰੀਕਾ ਦੀ ਫੈਡਰਲ ਸਰਕਾਰ ਦਾ ਕੈਨੇਡਾ ਦੀਆਂ ਖਣਨ ਕੰਪਨੀਆਂ (ਕੈਨੇਡੀਅਨ ਮਾਈਨਿੰਗ ਕੰਪਨੀਆਂ) ਵਿੱਚ ਹਿੱਸੇਦਾਰ (ਸ਼ੇਅਰਹੋਲਡਰ) ਹੋਣਾ ਸ਼ਾਇਦ ਇਕ ਅਜਿਹਾ ਪ੍ਰਬੰਧ ਹੈ, ਜਿਸ ਦੀ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ।

ਇਹ ਕੰਟਰੋਲਿੰਗ ਸ਼ੇਅਰ ਨਹੀਂ ਹਨ, ਪਰ ਐਂਟੀ–ਟ੍ਰਸਟ ਖੇਤਰ ਨਾਲ ਸੰਬੰਧਿਤ ਵਕੀਲ ਸੈਂਡੀ ਵਾਕਰ ਨੇ ਚਿਤਾਵਨੀ ਦਿੱਤੀ ਹੈ ਕਿ ਇੱਕ ਵਾਰ ਜਦੋਂ ਇਹ ਖਾਣਾਂ ਕੰਮ ਕਰਨ ਲੱਗ ਜਾਣਗੀਆਂ, ਤਾਂ ਅਮਰੀਕਾ ਦੀ ਸਰਕਾਰ ਇਸ ਗੱਲ 'ਤੇ ਜ਼ੋਰ ਦੇ ਸਕਦੀ ਹੈ ਕਿ ਇਹ ਖਣਿਜ ਸਿਰਫ਼ ਅਮਰੀਕਾ ਨੂੰ ਹੀ ਜਾਣ।

ਕੈਨੇਡਾ ਕੋਲ ਅਜਿਹੀਆਂ ਨੀਤੀਆਂ ਹਨ ਜੋ ਉਸ ਨੂੰ ਵਿਦੇਸ਼ੀ ਸਰਕਾਰਾਂ ਦੇ (ਕੈਨੇਡਾ ਦੇ) ਘਰੇਲੂ ਨਿਵੇਸ਼ਾਂ 'ਤੇ ਪਾਬੰਦੀ ਲਗਾਉਣ ਦੀ ਇਜਾਜ਼ਤ ਦਿੰਦੀਆਂ ਹਨ—ਖਾਸ ਕਰਕੇ ਜੇ ਇਹ ਨਿਵੇਸ਼ ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਲਈ 'ਨੁਕਸਾਨਦੇਹ' ਹੋ ਸਕਦੇ ਹੋਣ। 2022 ਵਿੱਚ, ਕੈਨੇਡੀਅਨ ਸਰਕਾਰ ਨੇ ਚੀਨ ਦੀਆਂ ਤਿੰਨ ਕੰਪਨੀਆਂ ਨੂੰ ਕੈਨੇਡਾ ਦੀਆਂ ਕ੍ਰਿਟੀਕਲ ਮਿਨਰਲ ਕੰਪਨੀਆਂ ਵਿੱਚ ਲਾਈ ਆਪਣੀ ਪੂੰਜੀ ਨੂੰ ਬਾਹਰ ਕੱਢ ਲੈਣ ਦਾ ਹੁਕਮ ਦਿੱਤਾ ਸੀ। ਅਮਰੀਕਾ ਦੀ ਸਰਕਾਰ (ਸਟੇਟ) ਵਲੋਂ ਟਰਾਇਲੋਜੀ ਮੈਟਲਜ਼ ਜਾਂ ਲੀਥੀਅਮ ਅਮੈਰੀਕਾਜ਼ ਵਿੱਚ ਕੀਤੇ ਨਿਵੇਸ਼ਾਂ ਖਿਲਾਫ ਅਜਿਹਾ ਕੋਈ ਹੁਕਮ ਨਹੀਂ ਦਿੱਤਾ ਗਿਆ।

**ਜਲਵਾਯੂ ਦੇ ਨਾਂ 'ਤੇ ਧੋਖਾ**

ਲਗਭਗ ਉਹਨਾਂ ਸਾਰੇ ਖਣਨ ਪ੍ਰੋਜੈਕਟਾਂ ਨੂੰ, ਜਿਹਨਾਂ ਵਿੱਚ ਪੈਂਟਾਗਨ ਨੇ ਪੂੰਜੀ ਲਾਈ ਹੈ, ਜਲਵਾਯੂ ਦੇ ਹੱਲਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਕਿਊਬੈਕ ਵਿੱਚ, ਲੋਮੀਕੋ ਮੈਟਲਜ਼ ਆਪਣੀ ਪ੍ਰਸਤਾਵਿਤ ਲਾ ਲੂਤਰੇ ਗ੍ਰੇਫਾਈਟ ਖਾਣ ਨੂੰ 'ਨਵਿਆਉਣਯੋਗ ਊਰਜਾ ਦੇ ਇੱਕ ਸਥਾਨਕ ਪ੍ਰਬੰਧ (ਈਕੋਸਿਸਟਮ)' ਦੇ ਹਿੱਸੇ ਵਜੋਂ ਪੇਸ਼ ਕਰ ਰਹੀ ਹੈ। ਇਸ ਨੂੰ ਪੈਂਟਾਗਨ ਤੋ 84 ਲੱਖ (8.4 ਮਿਲੀਅਨ) ਅਮਰੀਕੀ ਡਾਲਰ ਦੀ ਗ੍ਰਾਂਟ ਦਿੱਤੀ ਗਈ ਸੀ, ਜਿਸ ਵਿੱਚ ਨੈਚੁਰਲ ਰਿਸੋਰਸਿਜ਼ ਕੈਨੇਡਾ ਨੇ 49 ਲੱਖ (4.9 ਮਿਲੀਅਨ) ਡਾਲਰ ਦੀ ਹੋਰ ਗ੍ਰਾਂਟ ਦੇ ਕੇ ਵਾਧਾ ਕੀਤਾ ਸੀ।

ਪਰ ਇਹ ਖੁੱਲ੍ਹੀ–ਖਾਣ ਫੌਜੀ ਸਨਅਤ ਵਿੱਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਸਮਗਰੀ ਗ੍ਰੇਫਾਈਟ ਪੈਦਾ ਕਰਦੀ ਹੈ। ਇਸ ਗੱਲ ਦੇ ਮੱਦੇਨਜ਼ਰ ਕਿ ਅਮਰੀਕਾ ਨੇ 1950ਵਿਆਂ ਤੋਂ ਬਾਅਦ ਆਪ ਗ੍ਰੇਫਾਈਟ ਪੈਦਾ ਨਹੀਂ ਕੀਤਾ ਅਤੇ ਬਹੁਤ ਵੱਡੀ ਪੱਧਰ 'ਤੇ ਚੀਨੀ ਸਪਲਾਈ 'ਤੇ ਨਿਰਭਰ ਰਿਹਾ ਹੈ, ਜੰਗੀ ਵਿਭਾਗ (ਡਿਪਾਰਟਮੈਂਟ ਆਫ ਵਾਰ) ਦਾ ਇਹ ਨਿਵੇਸ਼ ਬਹੁਤ ਰਣਨੀਤਕ ਹੈ।

ਗ੍ਰੇਫਾਈਟ ਸਮੇਤ, ਇਹਨਾਂ ਪ੍ਰੋਜੈਕਟਾਂ ਰਾਹੀਂ ਲੱਭੇ ਜਾ ਰਹੇ ਬਹੁਤ ਸਾਰੇ ਖਣਿਜ 'ਦੋਹਰੀ ਵਰਤੋਂ' ਵਾਲੇ ਹਨ, ਭਾਵ ਇਹ ਸਿਵਲੀਅਨ ਅਤੇ ਫੌਜੀ ਕੰਮਾਂ ਲਈ ਵਰਤੇ ਜਾ ਸਕਦੇ ਹਨ। ਪਰ ਕੈਨੇਡਾ ਦੇ ਵਾਤਾਵਰਨ ਮੁੱਲਾਂਕਣ (ਇਨਵਾਇਰਮੈਂਟਲ ਅਸੈੱਸਮੈਂਟ) ਨਾਲ ਸੰਬੰਧਿਤ ਅਮਲ ਇਹ ਨਹੀਂ ਪੁੱਛਦੇ ਕਿ ਖਾਣਾਂ ਵਿੱਚੋਂ ਨਿਕਲਣ ਤੋਂ ਬਾਅਦ ਅਖੀਰ ਵਿੱਚ ਖਣਿਜ ਕਿੱਥੇ ਜਾਣਗੇ। ਉਹ ਇਹ ਨਹੀਂ ਪੁੱਛਦੇ ਕਿ ਕੱਢੀ ਗਈ ਸਮੱਗਰੀ ਬੈਟਰੀਆਂ ਨੂੰ ਊਰਜਾ ਦੇਵੇਗੀ ਜਾਂ ਹਥਿਆਰਾਂ ਨੂੰ।

ਇਹ ਮਾਇਨੇ ਰੱਖਦਾ ਹੈ ਕਿਉਂਕਿ ਕ੍ਰਿਟੀਕਲ ਮਿਨਰਲਾਂ (ਮਹੱਤਵਪੂਰਨ ਖਣਿਜਾਂ) ਦੀਆਂ ਸਪਲਾਈ ਚੇਨਾਂ ਬਹੁਤ ਅਸਪਸ਼ਟ ਹਨ। ਖਣਿਜਾਂ ਨੂੰ ਕਈ ਅਧਿਕਾਰ ਖੇਤਰਾਂ ਵਿੱਚ ਮਿਲਾਇਆ ਜਾਂਦਾ ਹੈ, ਵੇਚਿਆ/ਖ਼੍ਰੀਦਿਆ ਜਾਂਦਾ ਹੈ, ਪ੍ਰੋਸੈੱਸ ਕੀਤਾ ਜਾਂਦਾ ਅਤੇ ਬਦਲਿਆਂ ਜਾਂਦਾ ਹੈ, ਇਸ ਲਈ ਉਹਨਾਂ ਦੀ ਅੰਤਿਮ ਵਰਤੋਂ ਦੀ ਸੂਹ ਲਾਉਣਾ (ਟਰੇਸ ਕਰਨਾ) ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਇਹ ਉਦੋਂ ਇੱਕ ਸਮੱਸਿਆ ਬਣ ਜਾਂਦਾ ਹੈ ਜਦੋਂ ਇਹਨਾਂ ਖਣਿਜਾਂ ਨੂੰ ਕੱਢਣ ਨੂੰ ਇਸ ਦਲੀਲ ਨਾਲ ਜਾਇਜ਼ ਠਹਿਰਾਇਆ ਜਾਂਦਾ ਹੈ ਕਿ ਕੈਨੇਡਾ ਨੂੰ ਘਰੇਲੂ ਪੱਧਰ 'ਤੇ ਜਲਵਾਯੂ ਤਬਦੀਲੀ ਦੇ ਹੱਲ ਤਿਆਰ ਕਰਨ ਦੀ ਲੋੜ ਹੈ।

ਇਸ ਦਲੀਲ ਅਧੀਨ ਵਾਤਾਵਰਨ ਮੁਲਾਂਕਣਾਂ (ਇਨਵਾਇਰਮੈਂਟਲ ਅਸੈੱਸਮੈਂਟਾਂ) ਅਤੇ ਮੂਲ ਨਿਵਾਸੀਆਂ ਨਾਲ ਸਲਾਹ–ਮਸ਼ਵਰੇ ਨੂੰ ਜਲਵਾਯੂ ਦੀ ਤਬਦੀਲੀ ਬਾਰੇ ਤੁਰੰਤ ਕਾਰਵਾਈ ਕਰਨ ਦੇ ਰਾਹ ਵਿੱਚ ਬੇਲੋੜੀਆਂ ਰੁਕਾਵਟਾਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਚੋਣ ਮੁਹਿੰਮ ਦੌਰਾਨ ਕਾਰਨੀ ਵੱਲੋਂ 'ਬਿਲਡ ਬੇਬੀ, ਬਿਲਡ ਭਾਵ ਉਸਾਰੀ ਅਤੇ ਹੋਰ ਉਸਾਰੀ' ਦੇ ਕੀਤੇ ਵਾਅਦਿਆਂ ਦਾ ਨਤੀਜਾ ਅਜਿਹੇ ਫੈਡਰਲ ਅਤੇ ਸੂਬਾਈ ਕਾਨੂੰਨਾਂ ਵਿੱਚ ਨਿਕਲਿਆ ਹੈ ਜੋ 'ਰਾਸ਼ਟਰੀ ਹਿਤ' ਵਿੱਚ ਮੰਨੇ ਜਾਣ ਵਾਲੇ ਪ੍ਰੋਜੈਕਟਾਂ ਦੁਆਲੇ 'ਰੈੱਡ ਟੇਪ ਭਾਵ ਲਾਲਾ ਫੀਤਾਸ਼ਾਹੀ' ਨੂੰ ਘਟਾਉਂਦੇ ਹਨ।

ਔਟਾਵਾ ਸਿਰਫ ਕੈਨੇਡਾ ਦੇ ਕ੍ਰਿਟੀਕਲ ਮਿਨਰਲਾਂ (ਮਹੱਤਵਪੂਰਨ ਖਣਿਜਾਂ) ਉੱਤੇ ਅਮਰੀਕਾ ਦਾ ਕਬਜ਼ਾ ਹੁੰਦਾ ਹੀ ਨਹੀਂ ਦੇਖ ਰਿਹਾ, ਸਗੋਂ ਉਹ ਇਸ ਦੇ ਖਰਚਿਆਂ ਦੀ ਅਦਾਇਗੀ ਵਿੱਚ ਮਦਦ ਕਰ ਰਿਹਾ ਹੈ। ਜਿਵੇਂ ਕਿ ਟ੍ਰਾਂਜ਼ਿਸ਼ਨ ਸਿਕਿਉਰਿਟੀ ਪ੍ਰੋਜੈਕਟ ਬਾਰੇ ਖੋਜ ਦਰਸਾਉਂਦੀ ਹੈ ਕਿ ਅਮਰੀਕਾ ਦੇ ਜੰਗੀ ਵਿਭਾਗ (ਡਿਪਾਰਟਮੈਂਟ ਆਫ ਵਾਰ) ਵਲੋਂ ਹਾਲ ਵਿੱਚ ਹੀ ਕੀਤੇ ਹਰ ਇਕ ਨਿਵੇਸ਼ ਵਿੱਚ ਕੈਨੇਡਾ ਦੇ ਜਨਤਕ ਫੰਡਾਂ ਵਿੱਚੋਂ ਪੈਸੇ ਦੇ ਕੇ ਵਾਧਾ ਕੀਤਾ ਗਿਆ ਹੈ। ਜਦੋਂ ਕਿ ਪੈਂਟਾਗਨ ਨੇ ਕ੍ਰਿਟੀਕਲ ਮਿਨਰਲਾਂ (ਮਹੱਤਵਪੂਰਨ ਖਣਿਜਾਂ) ਦੇ ਉੱਪਰ ਦੱਸੇ ਗਏ ਛੇ ਕੈਨੇਡੀਅਨ ਪ੍ਰੋਜੈਕਟਾਂ ਲਈ 7 ਕ੍ਰੋੜ 80 ਲੱਖ (78 ਮਿਲੀਅਨ) ਅਮਰੀਕੀ ਡਾਲਰ ਤੋਂ ਵੱਧ ਫੰਡ ਅਲਾਟ ਕੀਤੇ, ਕੈਨੇਡੀਅਨ ਸਰਕਾਰ ਨੇ ਉਹਨਾਂ ਨਿਵੇਸ਼ਾਂ ਲਈ 6 ਕ੍ਰੋੜ 90 ਲੱਖ (69 ਮਿਲੀਅਨ) ਕੈਨੇਡੀਅਨ ਡਾਲਰ ਦੇ ਕੇ ਸਾਡੇ ਕੁਦਰਤੀ ਸ੍ਰੋਤਾਂ ਦੇ ਖੇਤਰ ਵਿੱਚ ਅਮਰੀਕਨ ਸਟੇਟ ਦੇ ਪ੍ਰਭਾਵ ਨੂੰ ਕਾਰਗਰ ਢੰਗ ਨਾਲ ਸਬਸਿਡੀ ਦਿੱਤੀ।

ਇਹ ਵਰਤਾਰਾ ਸਿਰਫ਼ ਕੈਨੇਡਾ ਦੀ ਅਜ਼ਾਦੀ, ਜਲਵਾਯੂ ਅਤੇ ਵਾਤਾਵਰਨ ਲਈ ਹੀ ਖਤਰਾ ਨਹੀਂ ਹੈ, ਸਗੋਂ ਇਹ ਮੂਲਵਾਸੀਆਂ ਦੀ ਖ਼ੁਦਮੁਖ਼ਤਿਆਰੀ ਲਈ ਵੀ ਇੱਕ ਖ਼ਤਰਾ ਹੈ। ਜੇਕਰ ਮੂਲਵਾਸੀਆਂ ਦੇ ਖੇਤਰਾਂ ਵਿੱਚੋਂ ਖਣਿਜ ਹਥਿਆਰ ਬਣਾਉਣ ਲਈ ਕੱਢੇ ਜਾ ਰਹੇ ਹਨ, ਤਾਂ ਕੀ ਇਸ ਬਾਰੇ ਸਥਾਨਕ ਫਸਟ ਨੇਸ਼ਨਜ਼ ਨੂੰ ਪਤਾ ਨਹੀਂ ਲੱਗਣਾ ਚਾਹੀਦਾ ? ਕੀ ਉਹ ਇਸ ਬਾਰੇ ਇਨਕਾਰ ਕਰ ਸਕਦੇ ਹਨ ? ਪ੍ਰਭਾਵਿਤ ਫਸਟ ਨੇਸ਼ਨਾਂ ਨੂੰ ਜਲਵਾਯੂ ਬਾਰੇ ਕਾਰਵਾਈ ਦੇ ਨਾਮ 'ਤੇ ਆਪਣੀਆਂ ਜੱਦੀ ਧਰਤੀਆਂ ਨੂੰ ਹੋਣ ਵਾਲੇ ਨੁਕਸਾਨ ਨੂੰ ਸਹਿਣ ਲਈ ਕਿਹਾ ਜਾ ਰਿਹਾ ਹੈ, ਜਦੋਂ ਕਿ ਅਸਲੀ ਮਕਸਦ ਅਮਰੀਕਾ ਦਾ ਫੌਜੀ ਵਿਸਤਾਰ ਹੋ ਸਕਦਾ ਹੈ।

ਮੂਲਵਾਸੀਆਂ ਵਲੋਂ ਕੈਨੇਡਾ ਭਰ ਵਿੱਚ ਵਿਰੋਧ ਹੋ ਰਿਹਾ ਹੈ। ਕਿਟੀਗਨ ਜ਼ੀਬੀ ਅਨੀਸ਼ਿਨਾਬੇਗ ਫਸਟ ਨੇਸ਼ਨ ਨੇ ਗ੍ਰੇਫਾਈਟ ਦੀ ਲਾ ਲੂਤਰੇ ਖਾਣ ਦਾ ਸਖ਼ਤ ਵਿਰੋਧ ਕੀਤਾ ਹੈ ਜਿਸ ਕਰਕੇ ਕਿਊਬਕ ਨੇ 'ਸੋਸ਼ਲ ਐਕਸੈਪਟੇਬਿਲਟੀ ਭਾਵ ਸਮਾਜਕ ਪ੍ਰਵਾਨਗੀ' ਦੀ ਘਾਟ ਕਰਕੇ ਪ੍ਰੋਜੈਕਟ ਨੂੰ ਫੰਡ ਦੇਣ ਤੋਂ ਇਨਕਾਰ ਕੀਤਾ ਹੈ। ਅਲਾਸਕਾ ਵਿੱਚ ਟ੍ਰਾਇਲੋਜੀ ਮੈਟਲਜ਼ ਵੱਲੋਂ ਤਾਂਬੇ ਅਤੇ ਕੋਬਾਲਟ ਦੇ ਭੰਡਾਰਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਬਣਾਈਆਂ ਜਾਣ ਵਾਲੀਆਂ ਖਣਨ ਸੜਕਾਂ (ਮਾਈਨਿੰਗ ਰੋਡਜ਼) ਦੇ ਪ੍ਰਸਤਾਵ ਦਾ ਅਲਾਸਕਾ ਦੇ 40 ਮੂਲਵਾਸੀ ਕਬੀਲਿਆਂ ਵਲੋਂ ਸਖਤ ਵਿਰੋਧ ਕੀਤਾ ਜਾ ਰਿਹਾ ਹੈ।

ਨਿਊਬਰਨਜ਼ਵਿਕ ਵਿੱਚ ਨੌਰਥਕਲਿੱਫ ਰਿਸੋਰਸਜ਼ ਦੀ ਮਲਕੀਅਤ ਵਾਲੇ ਪ੍ਰਸਤਾਵਿਤ ਸਿਸਨ ਟੰਗਸਟਨ ਪ੍ਰੋਜੈਕਟ ਲਈ ਪੈਂਟਾਗਨ ਵਲੋਂ 1 ਕ੍ਰੋੜ 50 ਲੱਖ (15 ਮਿਲੀਅਨ) ਅਮਰੀਕਨ ਡਾਲਰ ਦਿੱਤੇ ਗਏ ਹਨ। ਟੰਗਸਟਨ ਕਾਰਬਾਈਡ ਇਕ ਬਹੁਤ ਹੀ ਸਖਤ ਧਾਤ ਹੈ ਜਿਸ ਦੀ ਵਰਤੋਂ ਬਕਤਰਬੰਦ ਸਮੱਗਰੀ (ਆਰਮਰ) ਨੂੰ ਤੋੜਨ ਲਈ ਕੀਤੀ ਜਾਂਦੀ ਹੈ। ਵੋਲਾਸਟੋਕਵੇ ਦੇ ਆਗੂ ਕਈ ਸਾਲਾਂ ਤੋਂ ਇਸ ਪ੍ਰੋਜੈਕਟ ਦਾ ਵਿਰੋਧ ਕਰ ਰਹੇ ਹਨ। ਇਕ ਬਜ਼ੁਰਗ ਆਲਮਾ ਬਰੂਕਸ ਨੇ ਕਿਹਾ ਹੈ ਕਿ ਉਹ 'ਅਮਰੀਕਾ ਜਾਂ ਕੈਨੇਡਾ ਦੀਆਂ ਫੌਜਾਂ ਦੀਆਂ ਜੰਗੀ ਕੋਸ਼ਿਸ਼ਾਂ ਵਿੱਚ ਸਹਾਇਤਾ ਕਰਨ ਵਾਲੀ ਕਿਸੇ ਵੀ ਚੀਜ਼ ਦੇ ਬਿਲਕੁਲ ਅਤੇ ਪੂਰੀ ਤਰ੍ਹਾਂ ਖ਼ਿਲਾਫ਼ ਹਨ।'

ਪੈਂਟਾਗਨ ਦੀ ਨਵੀਂ ਨਿਵੇਸ਼ ਰਣਨੀਤੀ ਤੋਂ ਇਕ ਜਨਤਕ ਸਮਝ ਬਣਨੀ ਚਾਹੀਦੀ ਹੈ। ਕੈਨੇਡਾ ਸਿਰਫ਼ ਇੱਕ ਗਰੀਨ ਇਕਾਨਮੀ (ਹਰੀ ਆਰਥਿਕਤਾ) ਨਹੀਂ ਉਸਾਰ ਰਿਹਾ ਸਗੋਂ ਇਸ ਨੂੰ ਅਮਰੀਕਾ ਦੀ ਜੰਗੀ ਸਨਅਤ ਨਾਲ ਹੋਰ ਡੂੰਘਾਈ ਨਾਲ ਜੋੜਿਆ ਜਾ ਰਿਹਾ ਹੈ।

## ਚਿੱਟੇ ਕੌਮਵਾਦੀ (ਵਾਈਟ ਨੈਸ਼ਨਲਿਸਟ)

# ਨਸਲਪ੍ਰਸਤ ਨਾਲ ਫਿਨਲੀ ਦੀ ਫੋਟੋ ਦਾ ਭੇਦ

*(ਕੈਰੀ ਲਿਨ ਫਿਨਲੀ 30 ਮਈ ਸਨਿੱਚਰਵਾਰ ਨੂੰ ਬੀ ਸੀ ਦੀ ਕਨਜ਼ਰਵੇਟਿਵ ਪਾਰਟੀ ਦੀ ਲੀਡਰ ਚੁਣੀ ਗਈ ਹੈ। ਉਸ ਰਾਤ ਨੂੰ ਇਕ ਚਿੱਟੇ ਕੌਮਵਾਦੀ (ਵਾਈਟ ਨੈਸ਼ਨਲਿਸਟ) ਨੌਜਵਾਨ ਟਿੱਪਣੀਕਾਰ ਨਾਲ ਖਿਚਵਾਈ ਗਈ ਇਕ ਫੋਟੋ ਦੇ ਸਾਹਮਣੇ ਆਉਣ 'ਤੇ ਫੋਟੋ ਬਾਰੇ ਇਕ ਵਿਵਾਦ ਖੜ੍ਹਾ ਹੋ ਗਿਆ। ਇਸ ਸੰਬੰਧ ਵਿੱਚ ਆਨਲਾਈਨ ਸਾਈਟ 'ਟਾਈ' ਉੱਤੇ 3 ਜੂਨ ਨੂੰ ਇਕ ਰਿਪੋਰਟ ਪ੍ਰਕਾਸ਼ਤ ਕੀਤੀ ਗਈ ਹੈ। ਪੰਜਾਬੀ ਪਾਠਕਾਂ ਲਈ ਇਸ ਰਿਪੋਰਟ ਦਾ ਅਨੁਵਾਦ ਪੇਸ਼ ਹੈ।)*

**ਲੇਖਕ: ਜੈਨ ਸਟੀ ਡੈਨਿਸ**
**ਅਨੁਵਾਦ: ਸੁਖਵੰਤ ਹੁੰਦਲ**

ਕੈਰੀ-ਲਿਨ ਫਿਨਲੀ ਵਲੋਂ ਬੀ. ਸੀ. ਦੀ ਕੰਜ਼ਰਵੇਟਿਵ ਪਾਰਟੀ ਦੀ ਲੀਡਰ ਬਣਨ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਪਹਿਲਾਂ ਹੀ ਨਸਲੀ ਕਰਾਰ ਦਿੱਤਾ ਜਾ ਰਿਹਾ ਸੀ, ਜਦੋਂ ਉਸ ਨੇ ਲੀਡਰ ਦੀ ਚੋਣ ਵਾਲੀ ਰਾਤ ਨੂੰ ਇਕ ਚਿੱਟੇ ਕੌਮਵਾਦੀ (ਵਾਈਟ ਨੈਸ਼ਨਲਿਸਟ) ਨੌਜਵਾਨ ਟਿੱਪਣੀਕਾਰ ਨਾਲ ਫੋਟੋ ਖਿਚਵਾਈ।

ਪਾਰਟੀ ਦਾ ਕਹਿਣਾ ਹੈ ਕਿ ਫਿਨਲੀ ਨੂੰ ਸ਼ਨੀਵਾਰ ਸ਼ਾਮ ਨੂੰ ਫੋਟੋ ਖਿੱਚੇ ਜਾਣ ਵੇਲੇ ਪਤਾ ਨਹੀਂ ਸੀ ਕਿ ਮੈਕਸ ਜਿਨੈਸਟ ਕੌਣ ਸੀ, ਜਿਹੜਾ ਉਹਨਾਂ ਦਰਜਨਾਂ ਉਤਸ਼ਾਹੀ ਸਮਰਥਕਾਂ ਵਿੱਚ ਸ਼ਾਮਲ ਸੀ ਜੋ ਨਵੀਂ ਆਗੂ ਨਾਲ ਸੈਲਫੀ ਲੈਣ ਲਈ ਉਤਸੁਕ ਸਨ।

ਪਰ ਇਹ ਫੋਟੋ ਆਪਣੇ ਚਿੱਟੇ ਕੌਮਵਾਦੀ ਵਿਚਾਰਾਂ ਬਾਰੇ ਆਨਲਾਈਨ ਖੁੱਲ੍ਹ ਕੇ ਗੱਲਬਾਤ ਕਰਨ ਵਾਲੇ ਨੌਜਵਾਨ ਸੋਸ਼ਲ ਮੀਡੀਆ ਟਿੱਪਣੀਕਾਰ ਜਿਨੈਸਟ ਲਈ ਇੱਕ ਟਰਾਫੀ ਸੀ। ਜਿਨੈਸਟ ਵਾਰ-ਵਾਰ ਚਿੱਟੇ ਲੋਕਾਂ ਦੀ ਘੱਟ ਰਹੀ ਅਬਾਦੀ ਦੇ ਖਤਰਿਆਂ ਬਾਰੇ ਪੋਸਟਾਂ ਪਾਉਂਦਾ ਹੈ, ਕੈਨੇਡਾ ਦੇ ਸਾਊਥ ਏਸ਼ੀਅਨ ਸਿਆਸਤਦਾਨਾਂ ਨੂੰ ਡਿਪੋਰਟ ਕਰਨ ਦੀ ਗੱਲ ਕਰਦਾ ਹੈ, ਇੰਮੀਗ੍ਰੈਂਟਾਂ ਨੂੰ ਵੱਡੀ ਪੱਧਰ 'ਤੇ ਡਿਪੋਰਟ ਕੀਤੇ ਜਾਣ ਦਾ ਸਮਰਥਨ ਕਰਦਾ ਹੈ ਅਤੇ ਸਮਲਿੰਗੀ ਲੋਕਾਂ ਵਿਰੋਧੀ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ।

ਮਈ ਮਹੀਨੇ ਵਿੱਚ ਐਕਸ 'ਤੇ ਪਾਈ ਇੱਕ ਪੋਸਟ ਵਿੱਚ ਜਿਨੈਸਟ ਨੇ ਇੱਕ ਮੂਲਵਾਸੀ ਕਾਰਕੁਨ ਨੂੰ ਕਿਹਾ, 'ਚਿੱਟੇ ਯੂਰਪੀਅਨਾਂ ਤੋਂ ਬਿਨਾਂ, ਤੁਸੀਂ ਅਜੇ ਵੀ ਪੱਥਰ ਯੁੱਗ ਦੇ ਜੰਗਲੀਆਂ ਵਾਂਗ ਰਹਿ ਰਹੇ ਹੋਣਾ ਸੀ।' ਐਕਸ 'ਤੇ ਹੀ 16 ਮਈ ਨੂੰ ਕਿਸੇ ਵਲੋਂ ਪਾਈ ਗਈ ਇਕ ਪੋਸਟ, ਜਿਸ ਵਿੱਚ ਪੁੱਛਿਆ ਗਿਆ ਸੀ ਕਿ ਕੀ ਭਾਰਤ ਤੋਂ ਆਉਣ ਵਾਲੇ ਸੈਲਾਨੀ ਕੈਨੇਡਾ ਵਿੱਚ ਸੁਰੱਖਿਅਤ ਮਹਿਸੂਸ ਕਰਨਗੇ, ਦੇ ਜਵਾਬ ਵਿੱਚ ਉਸ ਨੇ ਲਿਖਿਆ ਸੀ, 'ਸਾਡਾ ਨਸਲਵਾਦ ਨੂੰ ਵਧਾਉਣ ਦਾ ਕਾਰਜ ਕੰਮ ਕਰ ਰਿਹਾ ਹੈ। ਹਿਮਾਇਤ ਕਰਨ ਵਾਲਿਓ ਆਪਣਾ ਕੰਮ ਜਾਰੀ ਰੱਖੋ।'

ਲੀਡਰਸ਼ਿੱਪ ਦੀਆਂ ਵੋਟਾਂ ਵਾਲੇ ਦਿਨ, ਜਿਨੈਸਟ ਨੇ ਲੀਡਰ ਦੀ ਚੋਣ ਵਾਲੀ ਵੈਨਕੂਵਰ ਵਿਚਲੀ ਥਾਂ ਦੇ ਅੰਦਰੋਂ ਤਸਵੀਰਾਂ ਪੋਸਟ ਕੀਤੀਆਂ, ਅਤੇ ਫਿਰ ਫਿਨਲੀ ਨਾਲ ਬੈਠੇ ਦੀ ਆਪਣੇ ਇੱਕ ਤਸਵੀਰ ਪੋਸਟ ਕੀਤੀ, ਜਿਸ ਦੇ ਹੇਠਾਂ ਲਿਖਿਆ ਸੀ, 'ਅੱਜ ਰਾਤ ਅਸੀਂ @KoryCPC ਨੂੰ ਵਾਪਸ ਓਨਟਾਰੀਓ ਨੂੰ ਡਿਪੋਰਟ ਕਰ ਦਿੱਤਾ ਹੈ।' ਕੋਰੀ ਟੈਨੇਕੀ ਸਟੀਫਨ ਹਾਰਪਰ ਦੀ ਸਰਕਾਰ ਵਿੱਚ ਇੱਕ ਤਾਕਤਵਰ ਸ਼ਖ਼ਸੀਅਤ ਸੀ ਅਤੇ ਓਨਟਾਰੀਓ ਵਿੱਚ ਡੱਗ ਫੋਰਡ ਦੀਆਂ ਦੋ ਸਫਲ ਚੋਣ ਮੁਹਿੰਮਾਂ ਦਾ ਮੈਨੇਜਰ ਸੀ ਅਤੇ ਲੀਡਰਸ਼ਿਪ ਦੀ ਦੌੜ ਦੇ ਚੌਥੇ ਦੌਰ ਵਿੱਚ ਮਾਮੂਲੀ ਫਰਕ ਨਾਲ ਹਾਰਨ ਵਾਲੀ ਕੈਰੋਲਾਈਨ ਇਲੀਅਟ ਦੀ ਚੋਣ ਮੁਹਿੰਮ ਦਾ ਮੈਨੇਜਰ ਸੀ।


ਜਿਨੈਸਟ ਨੇ ਟਾਈ ਦੁਆਰਾ ਇੰਟਰਵਿਊ ਲਈ ਭੇਜੀ ਗਈ ਬੇਨਤੀ ਦਾ ਕੋਈ ਜਵਾਬ ਨਹੀਂ ਦਿੱਤਾ।

ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਐਗਜ਼ੈਕਟਿਵ ਡਾਇਰੈਕਟਰ ਐਂਜਲੋ ਇਸੀਦੋਰੂ ਨੇ ਟਾਈ ਨੂੰ ਈਮੇਲ ਰਾਹੀਂ ਦੱਸਿਆ 'ਸ਼੍ਰੀਮਤੀ ਫਿਨਲੀ ਉਸ ਵਿਅਕਤੀ ਬਾਰੇ ਨਹੀਂ ਜਾਣਦੀ ਜਿਸ ਬਾਰੇ ਸਵਾਲ ਕੀਤਾ ਜਾ ਰਿਹਾ ਹੈ। ਬਹੁਤ ਸਾਰੇ ਆਗੂਆਂ ਵਾਂਗ, ਉਹ ਹਰੇਕ ਵਿਅਕਤੀ ਦੇ ਪਿਛੋਕੜ ਬਾਰੇ ਜਾਣੇ ਬਿਨਾਂ ਸੈਂਕੜੇ ਲੋਕਾਂ ਨਾਲ ਤਸਵੀਰਾਂ ਖਿਚਵਾਉਂਦੀ ਹੈ।'

ਜਦੋਂ ਟਾਈ ਨੇ ਇਸੀਦੋਰੂ 'ਤੇ ਦਬਾਅ ਪਾਇਆ ਕਿ ਕੀ ਪਾਰਟੀ ਜਿਨੈਸਟ ਦੇ ਪ੍ਰਗਟਾਏ ਵਿਚਾਰਾਂ ਬਾਰੇ ਕੋਈ ਬਿਆਨ ਦੇਣਾ ਚਾਹੁੰਦੀ ਹੈ, ਤਾਂ ਉਸ ਨੇ ਲਿਖਿਆ, 'ਅਸੀਂ ਕਿਸੇ ਵੀ ਨਸਲੀ ਜਾਂ ਪੱਖਪਾਤੀ ਵਿਚਾਰਾਂ ਨੂੰ ਰੱਦ ਕਰਦੇ ਹਾਂ।'

ਬੀ. ਸੀ. ਦੇ ਇਕ ਕੰਜ਼ਰਵੇਟਿਵ ਜੌਨਾਥਨ ਰੌਸ ਨੇ ਐਕਸ 'ਤੇ ਕਿਹਾ ਸੀ ਕਿ ਜਿਨੈਸਟ ਦਾ ਪਾਰਟੀ ਦੀ ਲੀਡਰਸਿ ?ਪ ਦੇ ਚੋਣ ਸਮਾਗਮ ਵਿੱਚ 'ਸੁਆਗਤ ਨਹੀਂ' ਸੀ। ਉਸ ਨੇ ਟਾਈ ਨੂੰ ਦੱਸਿਆ, 'ਮੈਂ ਉਸ ਦੇ ਘਿਣਾਉਣੇ ਵਿਚਾਰਾਂ ਨੂੰ ਪੂਰੇ ਦਿਲ ਨਾਲ ਰੱਦ ਕਰਦਾ ਹਾਂ ਅਤੇ ਬ੍ਰਿਟਿਸ਼ ਕੋਲੰਬੀਆ ਦੀ ਕੰਜ਼ਰਵੇਟਿਵ ਪਾਰਟੀ ਅਤੇ ਇਸ ਦੀ ਨਵੀਂ ਲੀਡਰ ਕੈਰੀ ਲਿਨ ਫਿਨਲੀ ਵੀ ਇਸ ਤਰ੍ਹਾਂ ਕਰਦੀ ਹੈ।'

ਕੈਨੇਡੀਅਨ ਐਂਟੀ-ਹੇਟ ਨੈੱਟਵਰਕ ਦੇ ਐਗਜ਼ੈਕਟਿਵ ਡਾਇਰੈਕਟਰ ਈਵਾਨ ਬਾਲਗੋਰਡ ਨੇ ਕਿਹਾ ਕਿ ਜਿਨੈਸਟ ਦਾ ਵਿਹਾਰ ਚਿੱਟੇ ਕੌਮਵਾਦੀਆਂ (ਵਾਈਟ ਨੈਸ਼ਨਲਿਸਟਸ) ਵਲੋਂ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਨੂੰ ਪ੍ਰਭਾਵਿਤ ਕਰਨ ਲਈ ਹਾਲ ਹੀ ਵਿੱਚ ਕੀਤੀਆਂ ਕੋਸ਼ਿਸ਼ਾਂ ਨਾਲ ਮੇਲ ਖਾਂਦਾ ਹੈ। ਕੈਨੇਡਾ ਦੀ 20 ਪ੍ਰਤੀਸ਼ਤ ਆਬਾਦੀ ਨੂੰ ਦੇਸ਼ ਨਿਕਾਲਾ ਦੇਣ ਦਾ ਸੁਨੇਹਾ ਦੇ ਰਹੀ ਇਕ ਸੰਸਥਾ ਡੁਮੀਨੀਅਨ ਸੁਸਾਇਟੀ ਨੇ ਹਾਲ ਹੀ ਵਿੱਚ ਫੈਡਰਲ ਕੰਜ਼ਰਵੇਟਿਵਾਂ ਦੀ ਕਨਵੈਨਸ਼ਨ ਵਿੱਚ ਇਕ ਬੈਨਰ ਲਾ ਕੇ ਵਿਰੋਧ ਪ੍ਰਦਰਸ਼ਨ



ਕੀਤਾ ਸੀ, ਜਿਸ ਬੈਨਰ 'ਤੇ ਲਿਖਿਆ ਹੋਇਆ ਸੀ 'ਕੀ ਬਚਾਉਣਾ ਹੈ?' ਅਤੇ 'ਹੁਣ ਹੀ ਪੁਨਰ-ਪਰਵਾਸ (ਰੀਮਾਈਗ੍ਰੇਸ਼ਨ)'।

ਚਿੱਟੇ ਕੌਮਵਾਦੀਆਂ ਦੀਆਂ ਸੰਸਥਾਵਾਂ 'ਪੁਨਰ-ਪਰਵਾਸ (ਰੀਮਾਈਗ੍ਰੇਸ਼ਨ)' ਸ਼ਬਦ ਦੀ ਵਰਤੋਂ ਵੱਡੀ ਪੱਧਰ 'ਤੇ ਕੀਤੇ ਜਾਣ ਵਾਲੇ ਦੇਸ਼ ਨਿਕਾਲਿਆਂ (ਮਾਸ ਡਿਪੋਰਟੇਸ਼ਨਜ਼) ਲਈ ਵਰਤਦੀਆਂ ਹਨ, ਖਾਸ ਤੌਰ 'ਤੇ ਗੈਰ-ਚਿੱਟੇ ਇੰਮੀਗ੍ਰੈਂਟਾਂ ਦੇ ਦੇਸ਼ ਨਿਕਾਲਿਆਂ ਲਈ।

ਬਾਲਗੋਰਡ ਨੇ ਕਿਹਾ 'ਉਨ੍ਹਾਂ ਦੀ ਰਣਨੀਤੀ ਇਹ ਹੈ ਕਿ ਆਪਣੀ ਸਿਆਸਤ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇ ਅਤੇ ਵਿਚਾਰਾਂ ਨੂੰ, ਜਿਸ ਹੱਦ ਤੱਕ ਵਧਾਇਆ ਜਾ ਸਕਦਾ ਹੋਵੇ, ਉਸ ਹੱਦ ਤੱਕ ਅੱਗੇ ਵਧਾਇਆ ਜਾਵੇ ਅਤੇ ਅਸਰ ਪਾਇਆ ਜਾਵੇ।' ਬਾਲਗੋਰਡ ਨੇ ਇਹ ਵੀ ਦੱਸਿਆ ਕਿ ਜਿਨੈਸਟ ਨੇ ਵਿਨੀਪੈੱਗ ਦੇ ਆਲੇ-ਦੁਆਲੇ ਪੋਸਟਰ ਲਗਾ ਕੇ ਡੁਮੀਨੀਅਨ ਸੁਸਾਇਟੀ ਦਾ ਸਮਰਥਨ ਕੀਤਾ ਹੈ।

ਫਿਨਲੀ ਅਤੇ ਇਲੀਅਟ ਦੋਵਾਂ ਨੇ ਲੀਡਰਸ਼ਿੱਪ ਲਈ ਆਪਣੀਆਂ ਚੋਣ ਮੁਹਿੰਮਾਂ ਦੌਰਾਨ ਇੱਕ ਸਮਾਜਿਕ ਤੌਰ 'ਤੇ ਕਨਜ਼ਰਵੇਟਿਵ ਨਜ਼ਰੀਆ ਪੇਸ਼ ਕੀਤਾ ਸੀ, ਜਿਸ ਵਿੱਚ ਸਕੂਲਾਂ ਵਿਚਲੀ ਬੀ ਸੀ ਦੀ ਸੈਕਸੁਅਲ ਓਰੀਏਨਟੇਸ਼ਨ ਐਂਡ ਜੈਂਡਰ ਆਈਡੈਂਟਿਟੀ (ਕਾਮੁਕ ਰੁਚੀ ਅਤੇ ਲਿੰਗਕ ਪਛਾਣ) ਦੀ ਪਾਲਸੀ ਅਤੇ ਜਾਇਦਾਦ ਦੇ ਅਧਿਕਾਰਾਂ ਬਾਰੇ ਡਰ ਪੈਦਾ ਕਰਨ ਵਾਲੇ ਅਦਾਲਤੀ ਫੈਸਲਿਆਂ ਦੇ ਮੱਦੇਨਜ਼ਰ ਮੂਲਵਾਸੀ ਅਧਿਕਾਰਾਂ (ਇਨਡਿਜਨਸ ਰਾਈਟਸ) ਦਾ ਵਿਰੋਧ ਕਰਨਾ ਸ਼ਾਮਲ ਸੀ।

ਫਿਨਲੀ ਇੱਕ ਵਕੀਲ ਹੈ ਅਤੇ ਸਾਊਥ ਸਰੀ-ਵਾਈਟ ਰੌਕ ਦੇ ਹਲਕੇ ਤੋਂ ਕਨਜ਼ਰਵੇਟਿਵ ਪਾਰਟੀ ਦੀ ਸਾਬਕਾ ਐਮ ਪੀ ਰਹਿ ਚੁੱਕੀ ਹੈ ਅਤੇ ਉਸ ਨੇ ਸਟੀਫਨ ਹਾਰਪਰ ਦੀ ਸਰਕਾਰ ਵਿੱਚ ਕੈਬਿਨਟ ਮੰਤਰੀ ਵਜੋਂ ਸੇਵਾ ਨਿਭਾਈ ਸੀ। ਲੀਡਰਸ਼ਿੱਪ ਦੀ ਚੋਣ ਮੁਹਿੰਮ ਦੌਰਾਨ ਉਸ ਨੂੰ ਉਸ ਸਮੇਂ ਵਿਆਪਕ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਉਸ ਨੇ ਆਪਣੇ ਵਿਰੋਧੀ ਪੀਟਰ ਮਿਲੋਬਾਰ ਬਾਰੇ ਸਵਾਲ ਉਠਾਇਆ ਸੀ ਕਿ ਉਸ ਦਾ ਫਸਟ ਨੇਸ਼ਨਜ਼ ਨਾਲ ਸਬੰਧਤ ਭਵਿੱਖ ਦੇ ਸਰਕਾਰੀ ਫੈਸਲਿਆਂ ਵਿੱਚ ਹਿੱਤਾਂ ਦਾ ਟਕਰਾਅ ਹੋ ਸਕਦਾ ਹੈ ਕਿਉਂਕਿ ਉਸ ਦੇ ਪਰਿਵਾਰਕ ਮੈਂਬਰ ਮੂਲਵਾਸੀ ਹਨ।

ਫਿਨਲੀ ਦੀ ਜਿੱਤ ਦੇ ਪ੍ਰਤੀਕਰਮ ਵਜੋਂ, ਬੀ.ਸੀ. ਦੀ ਐਨ.ਡੀ.ਪੀ. ਨੇ ਉਸ ਟਿੱਪਣੀ ਕਾਰਨ ਇਕਦਮ ਉਸ ਦੀ ਮੁਹਿੰਮ ਨੂੰ ਨਸਲੀ ਕਰਾਰ ਦਿੱਤਾ ਸੀ।

ਫਿਨਲੀ ਨੇ ਇਸ ਦੇ ਜੁਆਬ ਵਿੱਚ ਕਿਹਾ 'ਉਹ ਜੋ ਕਹਿੰਦੇ ਹਨ, ਕਹਿਣ ਦਿਉ। ਮੇਰਾ ਮੰਨਣਾ ਹੈ ਕਿ ਐਨ. ਡੀ. ਪੀ. ਵਾਲੇ ਵਿਚਾਰਕ ਤੌਰ 'ਤੇ ਕੱਟੜ ਹਨ—ਉਹ ਅੱਤਵਾਦੀ ਹਨ।'

ਜਿਨੈਸਟ ਫਿਨਲੀ ਦੀ ਪੂਰੀ ਮੁਹਿੰਮ ਦੌਰਾਨ ਉਸ ਦਾ ਸਮਰਥਕ ਸੀ ਅਤੇ ਉਸ ਨੇ ਇੱਕ ਵੀਡੀਓ ਪੋਸਟ ਕਰਕੇ ਦੱਸਿਆ ਸੀ ਕਿ ਉਹ ਫਿਨਲੀ ਦਾ ਸਮਰਥਨ ਕਿਉਂ ਕਰਦਾ ਹੈ। ਇਸ ਵੀਡੀਓ ਵਿੱਚ ਉਹ ਕਹਿੰਦਾ ਹੈ ਕਿ ਗੌਰਡਨ ਕੈਂਬਲ ਦੀ ਸਰਕਾਰ ਦੌਰਾਨ ਵਿਧਾਨ ਸਭਾ ਦੇ ਸਟਾਫ ਦਾ ਮੈਂਬਰ ਰਹੀ ਅਤੇ ਲੰਮੇ ਸਮੇਂ ਤੋਂ ਬੀ ਸੀ ਦੀ ਲਿਬਰਲ ਪਾਰਟੀ ਲਈ ਵਾਲੰਟੀਅਰ ਵਜੋਂ ਕੰਮ ਕਰਨ ਵਾਲੀ ਇਲੀਅਟ ਨੂੰ ਫੈਡਰਲ ਕਨਜ਼ਰਵੇਟਿਵਾਂ ਦੀ 'ਸਥਾਪਤੀ' ਤੋਂ ਮਿਲਿਆ ਸਮਰਥਨ ਇਸ ਗੱਲ ਦਾ ਸੰਕੇਤ ਸੀ ਕਿ ਉਸ ਦੀ ਮੁਹਿੰਮ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਉਹ ਮਿਲੋਬਾਰ ਦੇ ਮੂਲਵਾਸੀ ਪਰਿਵਾਰਕ ਮੈਂਬਰਾਂ ਬਾਰੇ ਫਿਨਲੀ ਦੀਆਂ ਟਿੱਪਣੀਆਂ ਦੀ ਆਲੋਚਨਾ ਕਰਨ ਵਾਲੇ ਦੂਜੇ ਕਨਜ਼ਰਵੇਟਿਵਾਂ ਵਲੋਂ 'ਤਾਲਮੇਲ ਕਰਕੇ ਕੀਤੇ ਹਮਲਿਆਂ' ਬਾਰੇ ਵੀ ਸ਼ਿਕਾਇਤ ਕਰਦਾ ਹੈ। ਵੀਡੀਓ ਦੇ ਅੰਤ ਵਿੱਚ ਜਿਨੈਸਟ ਪ੍ਰਵਾਨਗੀ ਭਰੇ ਢੰਗ ਨਾਲ ਇਕ ਫੋਟੋ ਵਿੱਚ ਫਿਨਲੀ ਨਾਲ ਬੈਠੇ 'ਨੌਜਵਾਨ ਚਿੱਟੇ ਜ਼ੂਮਰ' ਮਰਦ ਵੱਲ ਧਿਆਨ ਦਿਵਾਉਂਦਾ ਹੈ ਕਿ ਉਸ ਨੇ ਰੈੱਡ ਐਨਸਾਈਨ ਲਾਇਆ ਹੋਇਆ ਹੈ। ਜਿਨੈਸਟ ਸਮਝਦਾ ਹੈ ਕਿ ਇਹ ਨੌਜਵਾਨ ਫਿਨਲੀ ਦੀ ਮੁਹਿੰਮ ਨਾਲ ਸੰਬੰਧਿਤ ਹੈ। (ਨੋਟ ਕਰੋ ਕਿ 'ਜ਼ੂਮਰ' 1997 ਅਤੇ 2012 ਵਿਚਕਾਰ ਜਨਮੇ ਜਨਰੇਸ਼ਨ ਜ਼ੈੱਡ ਨਾਲ ਸੰਬੰਧਿਤ ਲੋਕਾਂ ਨੂੰ ਕਿਹਾ ਜਾਂਦਾ ਹੈ-ਅਨੁਵਾਦਕ)। ਰੈੱਡ ਐਨਸਾਈਨ (ਬਰਤਾਨੀਆ ਦਾ ਸਮੁੰਦਰੀ ਝੰਡਾ) 1967 ਵਿੱਚ ਮੇਪਲ ਦੇ ਪੱਤੇ ਵਾਲੇ ਝੰਡੇ ਦੇ ਅਪਨਾਏ ਜਾਣ ਤੋਂ ਪਹਿਲਾਂ ਕੈਨੇਡਾ ਦਾ ਝੰਡਾ ਹੁੰਦਾ ਸੀ ਜਿਸ ਨੂੰ ਚਿੱਟੇ ਕੌਮਵਾਦੀਆਂ ਵਲੋਂ ਵੱਲੋਂ ਇੱਕ ਪ੍ਰਤੀਕ ਵਜੋਂ ਅਪਣਾਇਆ ਗਿਆ ਹੈ।

ਬੀ.ਸੀ. ਦੀ ਕੰਜ਼ਰਵੇਟਿਵ ਪਾਰਟੀ ਨੇ ਟਾਈ ਵਲੋਂ ਪੁੱਛੇ ਗਏ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਕੀ ਫੋਟੋ ਵਿੱਚ ਮੌਜੂਦ ਵਿਅਕਤੀ ਫਿਨਲੀ ਦੀ ਚੋਣ ਮੁਹਿੰਮ ਦੀ ਟੀਮ ਦਾ ਮੈਂਬਰ ਹੈ।

ਬਾਲਗੋਰਡ ਨੇ ਕਿਹਾ ਕਿ ਜਦੋਂ ਅਤਿਵਾਦੀ ਵਿਚਾਰਾਂ ਵਾਲੇ ਲੋਕ ਆਪਣੇ ਆਪ ਨੂੰ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਨਾਲ ਜੋੜਨ ਵਿੱਚ ਕਾਮਯਾਬ ਹੋ ਜਾਂਦੇ ਹਨ, ਤਾਂ ਉਹਨਾਂ ਪਾਰਟੀਆਂ ਨੂੰ ਉਹਨਾਂ ਦੇ ਨਸਲਵਾਦੀ ਵਿਚਾਰਾਂ ਨੂੰ ਰੱਦ ਕਰਨ ਦੀ ਲੋੜ ਹੁੰਦੀ ਹੈ।

ਬਾਲਗੋਰਡ ਨੇ ਅੱਗੇ ਕਿਹਾ 'ਉਹਨਾਂ (ਮੁੱਖ ਧਾਰਾ ਦੀਆਂ ਪਾਰਟੀਆਂ) ਨੂੰ ਉਹਨਾਂ (ਅਤਿਵਾਦੀ ਵਿਚਾਰਾਂ ਵਾਲੇ ਲੋਕਾਂ) ਦੇ ਅਜੰਡੇ ਦੀ ਸਪਸ਼ਟ ਤੌਰ 'ਤੇ ਨਿਖੇਧੀ ਕਰਨੀ ਚਾਹੀਦੀ ਹੈ, ਜੋ ਸਿਰਫ ਇਹ ਕਹਿਣ ਜਿੰਨਾ ਸੌਖਾ ਹੈ ਕਿ 'ਮੈਂ ਵਿਆਪਕ ਨਸਲਵਾਦੀ ਦੇਸ਼ ਨਿਕਾਲਿਆਂ (ਡਿਪੋਰਟਸ਼ਨਾਂ) ਦਾ ਵਿਰੋਧ ਕਰਦੀ ਹਾਂ ਅਤੇ ਇਹਨਾਂ ਦਾ ਕਦੇ ਵੀ ਸਮਰਥਨ ਨਹੀਂ ਕਰਾਂਗੀ।'

# ਭਾਰਤੀ ਪਾਸਪੋਰਟ-ਬਿੱਗ ਜ਼ੀਰੋ !

**-ਸੁਖਦੇਵ ਸਲੇਮਪੁਰੀ**
**9780620233**

ਤੁਹਾਡੇ ਕੋਲ ਭਾਰਤੀ ਪਾਸਪੋਰਟ ਹੈ ਤਾਂ ਤੁਸੀਂ ਕਿਸੇ ਵੀ ਸਰਕਾਰੀ/ਅਰਧ-ਸਰਕਾਰੀ/ ਗੈਰ-ਸਰਕਾਰੀ ਸੰਸਥਾ ਵਿੱਚ ਕਿਸੇ ਕੰਮ ਲਈ ਆਪਣੇ ਬਾਰੇ ਪਛਾਣ ਕਰਵਾਉਣ ਲਈ ਸਬੂਤ ਵਜੋਂ ਇਸ ਦੀ ਵਰਤੋਂ ਕਰ ਸਕਦੇ ਹੋ। ਜੇ ਤੁਹਾਡੇ ਕੋਲ ਵੋਟਰ ਕਾਰਡ ਨਹੀਂ ਹੈ, ਪਰ ਵੋਟਰ ਸੂਚੀ ਵਿੱਚ ਤੁਹਾਡਾ ਨਾਂ ਦਰਜ ਹੈ ਤਾਂ ਵਿਧਾਨ ਸਭਾ, ਲੋਕ ਸਭਾ ਸਮੇਤ ਹਰ ਤਰ੍ਹਾਂ ਦੀਆਂ ਚੋਣਾਂ ਸਮੇਂ ਸਬੂਤ ਵਜੋਂ ਪਾਸਪੋਰਟ ਦੀ ਵਰਤੋਂ ਕਰ ਸਕਦੇ ਹੋ। ਪਾਸਪੋਰਟ ਤੁਹਾਡੀ ਨਾਗਰਿਕਤਾ ਦਾ ਸਭ ਤੋਂ ਵੱਡਾ ਸਬੂਤ ਹੈ। ਪਾਸਪੋਰਟ ਬਣਵਾਉਣ ਲਈ ਬਹੁਤ ਗੁੰਝਲਦਾਰ ਪ੍ਰਕਿਰਿਆ ਵਿੱਚੋਂ ਦੀ ਲੰਘਣਾ ਪੈਂਦਾ ਹੈ, ਤਾਂ ਜਾ ਕੇ ਪਾਸਪੋਰਟ ਹੱਥ ਵਿੱਚ ਆਉਂਦਾ ਹੈ। ਕਿਸੇ ਵਿਅਕਤੀ ਦਾ ਪਾਸਪੋਰਟ ਬਣਾਉਣ ਤੋਂ ਪਹਿਲਾਂ ਸਰਕਾਰ ਡੂੰਘੀ ਜਾਂਚ ਕਰਦੀ ਹੈ। ਪਾਸਪੋਰਟ ਦੇ ਜ਼ਰੀਏ ਅਸੀਂ ਵਿਦੇਸ਼ ਵਿੱਚ ਜਾ ਸਕਦੇ ਹਾਂ, ਘੁੰਮ ਸਕਦੇ ਹਾਂ। ਪਰ ਭਾਰਤ ਸਰਕਾਰ ਨੇ ਇਸ ਦੀ ਕੀਮਤ ਨੂੰ 'ਬਿੱਗ ਜ਼ੀਰੋ' ਬਣਾ ਦਿੱਤਾ ਹੈ, ਜਿਸ ਕਰਕੇ ਹੁਣ ਭਾਰਤੀ ਪਾਸਪੋਰਟ ਮਹਿਜ਼ ਇੱਕ ਕਾਗਜ਼ ਦੇ ਟੁਕੜੇ ਤੋਂ ਵੱਧ ਕੁੱਝ ਵੀ ਨਹੀਂ ਰਿਹਾ। ਵਿਦੇਸ਼ ਜਾਣ ਸਮੇਂ ਟਿਕਟ ਖ਼ਰੀਦਣ ਲਈ ਇੱਕ ਸਹਾਇਕ ਕਾਗਜ਼ ਦਾ ਟੁਕੜਾ ਹੈ, ਇਸ ਤੋਂ ਵੱਧ ਕੁਝ ਵੀ ਨਹੀਂ ਹੈ। ਹੁਣ ਜੇ ਤੁਸੀਂ ਸਰਕਾਰੇ-ਦਰਬਾਰੇ ਜਾਂ ਕਿਸੇ ਹੋਰ ਕੰਮ ਲਈ ਆਪਣੀ ਪਛਾਣ ਦਰਸਾਉਣ ਲਈ ਪਾਸਪੋਰਟ ਦੀ ਸਬੂਤ ਵਜੋਂ ਵਰਤੋਂ ਕਰੋਗੇ ਤਾਂ ਨਹੀਂ ਮੰਨੀ ਜਾਵੇਗੀ, ਕਿਉਂਕਿ ਹੁਣ ਇਹ ਤੁਹਾਨੂੰ ਭਾਰਤੀ ਨਾਗਰਿਕ ਹੋਣ ਦਾ ਸਬੂਤ ਨਹੀਂ ਦੇਵੇਗਾ। ਭਾਰਤ ਨੂੰ ਛੱਡ ਕੇ ਸੰਸਾਰ ਦੇ ਬਾਕੀ ਦੇਸ਼ਾਂ ਦੇ ਨਾਗਰਿਕਾਂ ਕੋਲ ਜੇਕਰ ਆਪਣੇ ਦੇਸ਼ ਦਾ ਪਾਸਪੋਰਟ ਹੈ, ਤਾਂ ਉਥੋਂ ਦੀ ਨਾਗਰਿਕਤਾ ਨੂੰ ਸਪੱਸ਼ਟ ਕਰਦਾ ਹੈ, ਪਰ ਭਾਰਤੀ ਪਾਸਪੋਰਟ ਭਾਰਤੀ ਨਾਗਰਿਕਤਾ ਦਾ ਸਬੂਤ ਨਹੀਂ ਮੰਨਿਆ ਜਾਵੇਗਾ। ਉਂਝ ਵੀ ਜਦੋਂ ਅਸੀਂ ਹੇਨਲੇ ਪਾਸਪੋਰਟ ਇੰਡੈਕਸ ਦੀ ਰਿਪੋਰਟ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕੌਮਾਂਤਰੀ ਪੱਧਰ 'ਤੇ ਭਾਰਤੀ ਪਾਸਪੋਰਟ ਦਾ ਰੈਂਕ 75 ਤੋਂ 80 ਦੇ ਵਿਚਕਾਰ ਆਉਂਦਾ ਹੈ ਜਦਕਿ ਸਿੰਗਾਪੁਰ, ਜਪਾਨ, ਫਰਾਂਸ, ਯੂ. ਏ. ਈ, ਸਪੇਨ ਵਰਗੇ ਦੇਸ਼ਾਂ ਦੇ ਪਾਸਪੋਰਟਾਂ ਦਾ ਰੈਂਕ ਭਾਰਤ ਤੋਂ ਬਹੁਤ ਉੱਪਰ ਹੈ। ਹੁਣ ਸੋਚਣ ਵਾਲੀ ਗੱਲ ਹੈ ਕਿ ਭਾਰਤੀ ਪਾਸਪੋਰਟ ਦੀ ਕੀਮਤ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਕਦਮ ਜ਼ੀਰੋ ਕਿਉਂ ਬਣਾ ਦਿੱਤੀ ਹੈ। ਇਸ ਦਾ ਵੱਡਾ ਕਾਰਨ ਹੈ ਕਿ ਪੰਜਾਬ ਵਿੱਚ ਅਗਲੇ ਸਾਲ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪਹਿਲਾਂ ਪੰਜਾਬ ਵਿੱਚ ਵੋਟਾਂ ਦੀ ਸੁਧਾਈ (ਐਸ.ਆਈ.ਆਰ.) ਦਾ ਕੰਮ 26 ਜੂਨ ਤੋਂ ਦੂਜੇ ਪੜਾਅ ਤਹਿਤ ਸ਼ੁਰੂ ਹੋ ਗਿਆ ਹੈ। ਭਾਜਪਾ ਸਰਕਾਰ ਹਰ ਕੀਮਤ 'ਤੇ ਪੰਜਾਬ ਚੋਣਾਂ ਜਿੱਤਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੀ ਹੈ, ਜਿਸ ਕਾਰਨ ਕਰਕੇ ਪਾਸਪੋਰਟ ਦੀ ਕੀਮਤ ਖਤਮ ਕਰ ਦਿੱਤੀ ਗਈ ਹੈ। ਭਾਜਪਾ ਇਸ ਗੱਲ ਤੋਂ ਭਲੀ-ਭਾਂਤ ਜਾਣਦੀ ਹੈ ਕਿ ਪੰਜਾਬ ਵਿੱਚ ਲਗਭਗ 32 ਫ਼ੀਸਦੀ ਲੋਕਾਂ ਕੋਲ ਪਾਸਪੋਰਟ ਹਨ, ਉਹ ਵੋਟਾਂ ਦੀ ਸੁਧਾਈ ਸਮੇਂ ਭਾਰਤੀ ਨਾਗਰਿਕ ਦੇ ਸਬੂਤ ਵਜੋਂ ਇਸ ਦੀ ਵਰਤੋਂ ਕਰ ਸਕਦੇ ਹਨ, ਇਸ ਲਈ ਪਾਸਪੋਰਟ ਦੀ ਮਹੱਤਤਾ ਖ਼ਤਮ ਕਰ ਦਿੱਤੀ ਗਈ ਹੈ ਤਾਂ ਜੋ ਵੱਧ ਤੋਂ ਵੱਧ ਵੋਟਾਂ ਕੱਟੀਆਂ ਜਾ ਸਕਣ। ਭਾਜਪਾ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਚੋਣਾਂ ਜਿੱਤਣ ਲਈ ਚੋਣਾਂ ਤੋਂ ਪਹਿਲਾਂ ਜਿੱਥੇ ਵੋਟਾਂ ਦੀ ਸੁਧਾਈ ਕਰਵਾਈ ਹੈ, ਉਥੋਂ-ਉਥੋਂ ਦੀ ਵੋਟ ਸਥਿਤੀ ਨੂੰ ਵੇਖਦਿਆਂ ਵੋਟ ਸੁਧਾਈ ਲਈ ਸ਼ਰਤਾਂ ਖੜ੍ਹੀਆਂ ਕੀਤੀਆਂ, ਜਿਵੇਂ ਬਿਹਾਰ ਵਿੱਚ ਚੋਣਾਂ ਜਿੱਤਣ ਲਈ ਵੋਟਾਂ ਦੀ ਸੁਧਾਈ ਲਈ ਹੋਰ ਨਿਯਮ/ਸ਼ਰਤਾਂ ਬਣਾਈਆਂ, ਪੱਛਮੀ ਬੰਗਾਲ ਅਤੇ ਅਸਾਮ ਵਰਗੇ ਰਾਜਾਂ ਵਿੱਚ ਉੱਥੋਂ ਦੀਆਂ ਵੋਟ ਪ੍ਰਸਥਿਤੀਆਂ ਅਨੁਸਾਰ ਵੋਟ ਸੁਧਾਈ ਲਈ ਨਿਯਮ ਨਿਰਧਾਰਿਤ ਕਰ ਦਿੱਤੇ, ਹੁਣ ਪੰਜਾਬ ਦੀ ਵੋਟ ਸਥਿਤੀ ਅਨੁਸਾਰ ਪਾਸਪੋਰਟ ਦੀ ਮਹੱਤਤਾ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ ਹੈ। ਭਾਜਪਾ ਇਸ ਗੱਲ ਤੋਂ ਵੀ ਜਾਣੂ ਹੈ ਕਿ ਪੰਜਾਬ ਦੇ ਲੋਕ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਵਿੱਚ ਬੈਠੇ ਹਨ ਜਦਕਿ ਬਿਹਾਰ, ਉਤਰ ਪ੍ਰਦੇਸ਼ ਹਿਮਾਚਲ ਪ੍ਰਦੇਸ਼ ਤੋਂ ਇਲਾਵਾ ਹੋਰ ਕਈ ਰਾਜਾਂ ਦੇ ਲੋਕ ਬਹੁਤ ਵੱਡੀ ਗਿਣਤੀ ਵਿੱਚ ਪੰਜਾਬ ਵਿੱਚ ਆ ਕੇ ਵੱਸ ਰਹੇ ਹਨ। ਪ੍ਰਵਾਸੀ ਲੋਕਾਂ ਵਿੱਚ ਪੰਜਾਬ ਵਿੱਚ ਧੜਾਧੜ ਵੋਟਾਂ ਬਣਾਉਣ ਦੀ ਹੋੜ ਲੱਗੀ ਹੋਈ ਹੈ। ਇਸ ਤਰ੍ਹਾਂ ਭਾਜਪਾ ਪੰਜਾਬ ਜਿੱਤਣ ਲਈ ਪੂਰੀ ਤਰ੍ਹਾਂ ਪੱਬਾਂ ਭਾਰ ਹੋਈ ਬੈਠੀ ਹੈ। ਭਾਜਪਾ ਇਹ ਵੀ ਭਲੀ-ਭਾਂਤ ਜਾਣਦੀ ਹੈ ਕਿ ਪੰਜਾਬੀ ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਦੇ ਲੋਕਾਂ ਦੀ ਤਰ੍ਹਾਂ ਲਕੀਰ ਦੇ ਫ਼ਕੀਰ ਨਹੀਂ ਹਨ, ਇਹ ਵੱਖਰਾ ਰਾਹ ਬਣਾ ਕੇ ਚਲਣ ਦੇ ਆਦੀ ਹਨ। ਪੰਜਾਬੀ ਇਹ ਵੀ ਸਮਝ ਗਏ ਹਨ ਕਿ ਪੰਜਾਬ ਚੋਣਾਂ ਤੋਂ ਬਾਅਦ ਪਾਸਪੋਰਟ ਦੀ ਮਹੱਤਤਾ ਸਬੰਧੀ ਜਾਰੀ ਕੀਤੇ ਹੁਕਮ ਰੱਦ ਕਰ ਦਿੱਤੇ ਜਾਣਗੇ। ਇਹ ਸਭ ਕੁਝ ਚੋਣਾਂ ਜਿੱਤਣ ਲਈ ਮਹਿਜ਼ ਇੱਕ ਹੱਥ-ਕੰਡਾ ਹੈ। ਭਾਰਤੀ ਨਾਗਰਿਕਤਾ ਨੂੰ ਦਰਸਾਉਂਦਾ ਭਾਰਤੀ ਪਾਸਪੋਰਟ ਦੀ ਮਹੱਤਤਾ ਨੂੰ ਖ਼ਤਮ ਕਰਕੇ ਭਾਜਪਾ ਸਰਕਾਰ ਨੇ ਬਹੁਤ ਵੱਡੀ ਗਲਤੀ ਕੀਤੀ ਹੈ, ਪਰ ਪੰਜਾਬ ਉਪਰ ਕਬਜ਼ਾ ਕਰਨ ਲਈ ਅਜਿਹਾ ਕਦਮ ਚੁੱਕਣਾ ਭਾਜਪਾ ਦੀ ਕਮਜ਼ੋਰੀ ਬਣ ਗਿਆ ਹੈ। ਅਫ਼ਸੋਸ, ਇਸ ਗੱਲ ਦਾ ਹੈ ਕਿ ਫਰਜ਼ ਕਰੋ ਜੇਕਰ ਕੈਨੇਡਾ/ਅਮਰੀਕਾ ਵਿੱਚ ਪਾਕਿਸਤਾਨੀ, ਚੀਨੀ, ਜਾਪਾਨੀ, ਬੰਗਲਾਦੇਸ਼ੀ, ਇਰਾਨੀ, ਇਰਾਕੀ, ਨੇਪਾਲੀ, ਭੁਟਾਨੀ ਕਿਸੇ ਮਹਿਫ਼ਲ ਵਿੱਚ ਬੈਠੇ ਹੋਣਗੇ ਤਾਂ ਉਹ ਜਦੋਂ ਆਪਣੇ ਜਾਂ ਆਪਣੇ ਦੇਸ਼ ਬਾਰੇ ਜਾਣ/ਪਛਾਣ ਕਰਵਾਉਣਗੇ ਤਾਂ ਆਪਣਾ ਪਾਸਪੋਰਟ ਵਿਖਾਉਣਗੇ। ਉਹ ਬਹੁਤ ਹੀ ਫ਼ਖਰ ਨਾਲ ਆਪਣੇ ਦੇਸ਼ ਪਾਸਪੋਰਟ ਆਪਣੇ ਦੇਸ਼ ਦੀ ਨਾਗਰਿਕਤਾ ਦਾ ਸਬੂਤ ਪੇਸ਼ ਕਰਨ ਲਈ ਵਿਖਾਉਣਗੇ, ਪਰ ਜਦੋਂ ਕੋਈ ਭਾਰਤੀ ਆਪਣੀ ਨਾਗਰਿਕਤਾ ਦਾ ਸਬੂਤ ਦੇਣ ਲਈ ਆਪਣਾ ਪਾਸਪੋਰਟ ਵਿਖਾਏਗਾ ਤਾਂ ਉਸ ਨੂੰ ਭਾਰੀ ਨਮੋਸ਼ੀ ਝੱਲਣੀ ਪਵੇਗੀ, ਕਿਉਂਕਿ ਭਾਰਤ ਸਰਕਾਰ ਨੇ ਭਾਰਤੀ ਪਾਸਪੋਰਟ ਦੀ ਮਹੱਤਤਾ ਖਤਮ ਕਰ ਦਿੱਤੀ ਹੈ, ਜਿਸ ਕਰਕੇ ਵਿਦੇਸ਼ਾਂ ਵਿੱਚ ਵਸਦੇ ਭਾਰਤੀ ਪਾਸਪੋਰਟ ਵਾਲਿਆਂ ਸਮੇਤ ਭਾਰਤ ਵਿੱਚ ਵਸਦੇ ਭਾਰਤੀ ਪਾਸਪੋਰਟ ਵਾਲੇ ਭਾਰਤੀਆਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਹੁਣ ਨਾਗਰਿਕਤਾ ਦੇ ਪ੍ਰਮਾਣ-ਪੱਤਰ ਵਜੋਂ ਮੰਨਿਆ ਜਾਂਦਾ ਪਾਸਪੋਰਟ ਦਸਤਾਵੇਜ਼ ਅਸਲ ਵਿੱਚ ਨਾਗਰਿਕਤਾ ਦਾ ਦਸਤਾਵੇਜ਼ ਨਹੀਂ ਰਿਹਾ। ਇਸ ਤੋਂ ਪਹਿਲਾਂ ਦੇਸ਼ ਵਿੱਚ ਆਧਾਰ ਕਾਰਡ, ਵੋਟਰ ਕਾਰਡ ਅਤੇ ਪੈਨ ਕਾਰਡ ਨੂੰ ਵੀ ਨਾਗਰਿਕਤਾ ਦਸਤਾਵੇਜ਼ ਨਾ ਮੰਨਣ 'ਤੇ ਬਹਿਸ ਛਿੜੀ ਹੋਈ ਹੈ ਅਤੇ ਇਸ ਦੇ ਨਾਲ ਹੀ ਲੋਕ ਗੱਲਾਂ ਕਰ ਰਹੇ ਹਨ ਕਿ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਵੀ ਭਾਰਤੀ ਨਾਗਰਿਕਤਾ ਦਾ ਕੋਈ ਅਧਿਕਾਰਤ ਦਸਤਾਵੇਜ਼ ਹੈ ਜਾਂ ਨਹੀਂ, ਜੇ ਕੋਈ ਦਸਤਾਵੇਜ਼ ਹੈ ਤਾਂ ਕਿਹੜਾ ਦਸਤਾਵੇਜ਼ ਹੈ?

# ਫ਼ਲਸਤੀਨ ਗਜ਼ਾ ਵਲੋਂ ਹੋਂਦ ਦੀ ਲੜਾਈ, ਮਰ ਰਹੇ ਕੌਮਾਂਤਰੀ ਕਾਨੂੰਨ



ਗੁਰਪ੍ਰੀਤ ਸਿੰਘ
ਬਿਲਿੰਗ
75086-98066

ਸਾਲ 2024 ਦੇ ਜਨਵਰੀ ਮਹੀਨੇ ਦੀ ਇੱਕ ਸਰਦ ਸਵੇਰ ਨੂੰ ਨੀਦਰਲੈਂਡ ਦੇ ਸ਼ਹਿਰ 'ਦ ਹੇਗ' ਵਿਖੇ ਸਥਿਤ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ਅੰਤਰਰਾਸ਼ਟਰੀ ਅਦਾਲਤ) ਦੇ ਬਾਹਰ ਹਜ਼ਾਰਾਂ ਲੋਕ ਇਸਰਾਇਲ ਵਲੋਂ ਫ਼ਲਸਤੀਨ ਗਜ਼ਾ ਵਿੱਚ ਹੋ ਰਹੀ ਨਸਲਕੁਸ਼ੀ ਦੇ ਵਿਰੋਧ ਵਿੱਚ ਇਕੱਠੇ ਹੋਏ ਸਨ। ਉਸ ਵੇਲੇ ਦੁਨੀਆ ਇੱਕ ਇਤਿਹਾਸਕ ਮੋੜ 'ਤੇ ਖੜ੍ਹੀ ਸੀ। ਦੂਜੇ ਪਾਸੇ, ਹਜ਼ਾਰਾਂ ਕਿਲੋਮੀਟਰ ਦੂਰ ਗਜ਼ਾ ਦੀ ਮਿੱਟੀ ਵਿੱਚ ਦੱਬੇ ਹੋਏ ਬੱਚੇ, ਮਾਵਾਂ, ਬਜ਼ੁਰਗ ਅਤੇ ਘਰ ਆਪਣੀ ਹੀ ਤਬਾਹੀ ਦਾ ਸਿੱਧਾ ਪ੍ਰਸਾਰਣ ਦੁਨੀਆ ਨੂੰ ਦਿਖਾ ਰਹੇ ਸਨ। ਇਹ ਮਨੁੱਖੀ ਇਤਿਹਾਸ ਦਾ ਸ਼ਾਇਦ ਪਹਿਲਾ ਐਸਾ ਮੰਜ਼ਰ ਸੀ, ਜਿੱਥੇ ਇੱਕ ਕੌਮ ਆਪਣੀ ਨਸਲਕੁਸ਼ੀ ਨੂੰ ਮੋਬਾਈਲ ਫ਼ੋਨਾਂ ਅਤੇ ਇੰਟਰਨੈੱਟ ਰਾਹੀਂ ਦੁਨੀਆ ਅੱਗੇ ਰੋਜ਼ ਲਾਈਵ ਕਰ ਰਹੀ ਸੀ, ਪਰ ਇਸ ਦੇ ਬਾਵਜੂਦ, ਦੁਨੀਆ ਦੇ ਵੱਡੇ ਦੇਸ਼, ਮਨੁੱਖੀ ਅਧਿਕਾਰਾਂ ਦੀਆਂ ਗੱਲਾਂ ਕਰਨ ਵਾਲੀਆਂ ਸਰਕਾਰਾਂ, ਲੋਕ ਸਮੂਹ, ਸੰਸਥਾਵਾਂ ਅਤੇ ਲੋਕਤੰਤਰ ਦੇ ਠੇਕੇਦਾਰ ਦੇਸ਼ ਜਾਂ ਤਾਂ ਚੁੱਪ ਸਨ ਜਾਂ ਉਹਨਾਂ ਨੇ ਇਸਰਾਇਲ ਲਈ ਹਥਿਆਰਾਂ ਦੀਆਂ ਸਪਲਾਈ ਲਾਈਨਾਂ ਖੁੱਲ੍ਹੀਆਂ ਰੱਖੀਆਂ ਹੋਈਆਂ ਸਨ।

ਇੰਗਲੈਂਡ ਅਤੇ ਆਇਰਲੈਂਡ ਵਿੱਚ ਬਤੌਰ ਵਕੀਲ ਸੇਵਾਵਾਂ ਨਿਭਾਉਂਦੀ ਅਤੇ ਵਿਸ਼ਵ ਵਿੱਚ ਮਨੁੱਖੀ ਅਧਿਕਾਰਾਂ ਦੀ ਚੋਟੀ ਦੀ ਹਮਾਇਤੀ, ਐਡਵੋਕੇਟ ਬਲਿੰਨੇ ਨੀ ਘਰਾਲੇਘ ਨੇ ਅਦਾਲਤ ਵਿੱਚ ਖੜ੍ਹ ਕੇ ਬਹੁਤ ਹੀ ਭਾਵੁਕ ਅਤੇ ਤਾਰਕਿਕ ਲਹਿਜੇ ਵਿੱਚ ਕਿਹਾ ਸੀ ਕਿ "ਇਹ ਇਤਿਹਾਸ ਦੀ ਪਹਿਲੀ ਨਸਲਕੁਸ਼ੀ ਹੈ, ਜਿੱਥੇ ਪੀੜਤ ਲੋਕ ਆਪਣੀ ਤਬਾਹੀ ਨੂੰ ਖੁਦ ਲਾਈਵ ਪ੍ਰਸਾਰਿਤ ਕਰ ਰਹੇ ਹਨ।" ਉਸ ਸਮੇਂ ਹਰ ਦਿਨ ਔਸਤਨ 247 ਫ਼ਲਸਤੀਨੀ ਮਾਰੇ ਜਾ ਰਹੇ ਸਨ। ਹਰ ਦਿਨ 48 ਮਾਵਾਂ ਦਮ ਤੋੜ ਰਹੀਆਂ ਸਨ ਅਤੇ ਹਰ ਘੰਟੇ ਪੰਜ ਤੋਂ ਵੱਧ ਮਾਸੂਮ ਬੱਚੇ ਮਾਰੇ ਜਾ ਰਹੇ ਸਨ। ਹਾਲਾਤ ਦੀ ਭਿਆਨਕਤਾ ਨੂੰ ਦੇਖਦਿਆਂ ਡਾਕਟਰਾਂ ਨੇ ਇੱਕ ਨਵਾਂ ਡਾਕਟਰੀ ਸ਼ਬਦ ਬਣਾਇਆ ਸੀ। - WCNSF- ਮਤਲਬ "Wounded Child, No Surviving Family" ਅਰਥਾਤ ਅਜਿਹਾ ਜ਼ਖ਼ਮੀ ਬੱਚਾ, ਜਿਸ ਦਾ ਸਾਰਾ ਪਰਿਵਾਰ ਜੰਗ ਵਿੱਚ ਮਾਰਿਆ ਜਾ ਚੁੱਕਾ ਹੋਵੇ)।

26 ਜਨਵਰੀ 2024 ਨੂੰ ਅੰਤਰਰਾਸ਼ਟਰੀ ਅਦਾਲਤ ਨੇ ਸੁਣਵਾਈ ਕਰਦਿਆਂ ਸਪਸ਼ਟ ਕਿਹਾ ਸੀ ਕਿ ਫ਼ਲਸਤੀਨ ਦੇ ਗਜ਼ਾ ਖੇਤਰ ਵਿੱਚ "ਨਸਲਕੁਸ਼ੀ ਦਾ ਸੰਭਾਵੀ ਖ਼ਤਰਾ" ਮੌਜੂਦ ਹੈ ਅਤੇ ਸਾਰੇ ਦੇਸ਼ਾਂ ਨੂੰ ਉਨ੍ਹਾਂ ਦੇ ਮਨੁੱਖੀ ਫ਼ਰਜ਼ ਯਾਦ ਕਰਵਾਏ ਸਨ। ਪਰ ਉਸ ਤੋਂ ਬਾਅਦ ਕੀ ਹੋਇਆ? ਕੀ ਦੁਨੀਆ ਨੇ ਇਸਰਾਇਲ ਨੂੰ ਹਥਿਆਰ ਭੇਜਣੇ ਰੋਕ ਦਿੱਤੇ? ਕੀ ਮਨੁੱਖੀ ਅਧਿਕਾਰਾਂ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਨੇ ਇਸਰਾਇਲ ਨੂੰ ਇੱਕਲਾ ਛੱਡ ਦਿੱਤਾ? ਜਵਾਬ ਹੈ—ਬਿਲਕੁਲ ਨਹੀਂ। ਅਸਲ ਵਿੱਚ, ਇਸ ਦੇ ਉਲਟ ਹੋਇਆ। ਅਦਾਲਤੀ ਆਦੇਸ਼ਾਂ ਨੂੰ ਛਿੱਕੇ ਟੰਗ ਕੇ ਹਥਿਆਰਾਂ ਦੀਆਂ ਖੇਪਾਂ ਹੋਰ ਵਧਾ ਦਿੱਤੀਆਂ ਗਈਆਂ।

ਅਲ-ਜਜ਼ੀਰਾ ਨਿਊਜ਼ ਗਰੁੱਪ ਦੀ ਮਈ 2026 ਵਿੱਚ ਪ੍ਰਕਾਸ਼ਿਤ ਹੋਈ ਇੱਕ ਲੰਬੀ ਖੋਜ ਰਿਪੋਰਟ ਨੇ ਹੈਰਾਨ ਅਤੇ ਆਮ ਮਨਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਇੱਕ ਵੱਡਾ ਖੁਲਾਸਾ ਕੀਤਾ। ਇਸਰਾਇਲੀ ਟੈਕਸ ਅਥਾਰਟੀ (ITA) ਅਤੇ ਕਸਟਮ ਵਿਭਾਗ ਦੇ ਅਧਿਕਾਰਤ ਅੰਕੜਿਆਂ ਮੁਤਾਬਕ, ਫ਼ਲਸਤੀਨ ਜੰਗ ਦੌਰਾਨ ਘੱਟੋ-ਘੱਟ 51 ਦੇਸ਼ਾਂ ਅਤੇ ਖ਼ੁਦਮੁਖ਼ਤਿਆਰ ਖੇਤਰਾਂ ਤੋਂ ਫ਼ੌਜੀ ਸਮਾਨ, ਹਥਿਆਰਾਂ ਦੇ ਪੁਰਜ਼ੇ, ਵਿਸਫੋਟਕ, ਗੋਲਾ-ਬਾਰੂਦ ਅਤੇ ਬਖਤਰਬੰਦ ਗੱਡੀਆਂ ਆਦਿ ਦੇ ਹਿੱਸੇ ਲਗਾਤਾਰ ਇਸਰਾਇਲ ਤੱਕ ਪਹੁੰਚਦੇ ਰਹੇ। ਇਹ ਸਿਰਫ਼ ਇਕੱਲੇ ਅਮਰੀਕਾ ਦੀ ਕਹਾਣੀ ਨਹੀਂ ਸੀ, ਬਲਕਿ ਇਸ ਖ਼ੂਨੀ ਖੇਡ ਰੋਮਾਨੀਆ, ਤਾਈਵਾਨ, ਚੈਕ ਗਣਰਾਜ, ਜਰਮਨੀ, ਬਰਤਾਨੀਆ, ਫ਼ਰਾਂਸ, ਇਟਲੀ, ਕੈਨੇਡਾ, ਸਿੰਗਾਪੁਰ, ਤੁਰਕੀ ਅਤੇ ਹੋਰ ਕਈ ਦੇਸ਼ ਬਰਾਬਰ ਸ਼ਾਮਲ ਸਨ।

ਇਹ ਸਿਰਫ਼ ਹਥਿਆਰਾਂ ਦੀ ਸਾਧਾਰਨ ਵਿਕਰੀ ਦਾ ਮਾਮਲਾ ਨਹੀਂ ਸੀ, ਬਲਕਿ ਇਹ ਇੱਕ ਗਲੋਬਲ ਪੱਧਰੀ ਜੰਗੀ ਸਪਲਾਈ ਚੇਨ (Global War Supply Chain) ਸੀ, ਜਿਸ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ, ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਅਤੇ ਮਨੁੱਖੀ ਅਧਿਕਾਰਾਂ ਦੀ ਦੁਹਾਈ ਦੇਣ ਵਾਲੀਆਂ ਨਾਮਵਰ ਸਰਕਾਰਾਂ ਵੀ ਸ਼ਾਮਲ ਸਨ।

ਇਸਰਾਇਲੀ ਟੈਕਸ ਅਥਾਰਟੀ ਦੇ ਡਾਟਾ ਮੁਤਾਬਕ, ਅਕਤੂਬਰ 2023 ਤੋਂ ਅਕਤੂਬਰ 2025 ਤੱਕ 2,603 ਜੰਗੀ ਖੇਪਾਂ ਇਸਰਾਇਲ ਵਿੱਚ ਦਾਖ਼ਲ ਹੋਈਆਂ। ਇਨ੍ਹਾਂ ਦੀ ਕੁੱਲ ਕੀਮਤ 3.22 ਬਿਲੀਅਨ ਸ਼ੇਕਲ ਯਾਨੀ ਲਗਭਗ 885 ਮਿਲੀਅਨ ਡਾਲਰ ਸੀ। ਸਭ ਤੋਂ ਹੈਰਾਨੀ ਅਤੇ ਅਫ਼ਸੋਸ ਦੀ ਗੱਲ ਇਹ ਸੀ ਕਿ ਇਸ ਦਾ 91 ਫ਼ੀਸਦੀ ਹਿੱਸਾ ਉਸ ਸਮੇਂ ਤੋਂ ਬਾਅਦ ਆਇਆ, ਜਦੋਂ ਅੰਤਰਰਾਸ਼ਟਰੀ ਅਦਾਲਤ ਨੇ ਫ਼ਲਸਤੀਨ ਦੇ ਗਜ਼ਾ ਖੇਤਰ ਵਿੱਚ "ਨਸਲਕੁਸ਼ੀ ਦੇ ਸੰਭਾਵੀ ਖ਼ਤਰੇ" ਦੀ ਗੱਲ ਨੂੰ ਸਵੀਕਾਰ ਕਰ ਲਿਆ ਸੀ। ਜੰਗ ਤੋਂ ਪਹਿਲਾਂ ਦੇ 20 ਮਹੀਨਿਆਂ ਵਿੱਚ ਇਹ ਆਯਾਤ 1.41 ਬਿਲੀਅਨ ਸ਼ੇਕਲ ਸੀ ਅਰਥਾਤ ਜੰਗ ਸ਼ੁਰੂ ਹੋਣ ਤੋਂ ਬਾਅਦ ਇਹ ਵਪਾਰ ਲਗਭਗ ਦੋਗੁਣੀ ਤੋਂ ਵੀ ਵੱਧ ਹੋ ਗਿਆ।

ਹੁਣ ਸਵਾਲ ਪੈਦਾ ਹੋਵੇਗਾ ਕਿ ਉਹ ਕਿਹੜੇ ਦੇਸ਼ ਹਨ, ਜੋ ਇਸਰਾਇਲ ਦੇ ਸਭ ਤੋਂ ਵੱਡੇ ਜੰਗੀ ਸਾਜੋ-ਸਾਮਾਨ ਦੇ ਸਪਲਾਇਰ ਸਨ? ਖੋਜ ਪੜਤਾਲ ਅਨੁਸਾਰ ਅਮਰੀਕਾ 42 ਫ਼ੀਸਦੀ, ਰੋਮਾਨੀਆ 8 ਫ਼ੀਸਦੀ, ਤਾਈਵਾਨ 4 ਫ਼ੀਸਦੀ ਅਤੇ ਚੈਕ ਗਣਰਾਜ 3 ਫ਼ੀਸਦੀ ਦੀ ਹਿੱਸੇਦਾਰੀ ਨਾਲ ਸਭ ਤੋਂ ਵੱਡੇ ਸਪਲਾਇਰ ਦੇਸ਼ ਰਹੇ। ਇਹ ਚਾਰੇ ਦੇਸ਼ ਮਿਲ ਕੇ ਇਸਰਾਇਲ ਦੇ ਕੁੱਲ ਜੰਗੀ ਆਯਾਤ ਦਾ ਲਗਭਗ 60 ਫ਼ੀਸਦੀ ਹਿੱਸਾ ਬਣਦੇ ਹਨ।

ਬਾਕੀ ਕੁਝ ਵੱਡੇ ਦੇਸ਼ ਇਸ ਪ੍ਰਕਾਰ ਹਨ—ਜਰਮਨੀ, ਬਰਤਾਨੀਆ, ਫ਼ਰਾਂਸ, ਇਟਲੀ, ਸਪੇਨ, ਕੈਨੇਡਾ, ਬੈਲਜੀਅਮ, ਨੀਦਰਲੈਂਡ, ਆਸਟਰੀਆ, ਹੰਗਰੀ, ਸਲੋਵਕੀਆ, ਬੁਲਗਾਰੀਆ, ਪੋਲੈਂਡ, ਸਿੰਗਾਪੁਰ, ਤੁਰਕੀ (ਰਿਪੋਰਟ ਮੁਤਾਬਕ ਤੁਰਕੀ ਦੇ ਜਨਤਕ ਤੌਰ 'ਤੇ ਸਖ਼ਤ ਬਿਆਨਬਾਜ਼ੀ ਅਤੇ ਵਪਾਰਕ ਪਾਬੰਦੀਆਂ ਦੇ ਬਾਵਜੂਦ ਕਸਟਮ ਰਿਕਾਰਡ ਵਿੱਚ ਉਸ ਦੇ ਖ਼ੁਫੀਆ ਸਪਲਾਈ ਲਿੰਕ ਸਾਹਮਣੇ ਆਏ), ਜਾਪਾਨ, ਦੱਖਣੀ ਕੋਰੀਆ, ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਆਦਿ ਦੇਸ਼ ਹਨ।

ਅਲ-ਜਜ਼ੀਰਾ ਗਰੁੱਪ ਨੇ ਆਪਣੀ ਰਿਪੋਰਟ ਵਿੱਚ ਸਪਸ਼ਟ ਕੀਤਾ ਹੈ ਕਿ ਇਹਨਾਂ 51 ਦੇਸ਼ਾਂ ਵਿੱਚੋਂ ਕਈਆਂ ਤੋਂ ਇਹ ਸਮਾਨ ਸਿੱਧਾ ਇਸਰਾਇਲ ਨਹੀਂ ਭੇਜਿਆ ਗਿਆ, ਬਲਕਿ 'ਥਰਡ-ਪਾਰਟੀ ਲਾਇਸੈਂਸ' (Third-Party License) ਜਾਂ 'ਇਨਕਾਰਪੋਰੇਸ਼ਨ ਲਾਇਸੈਂਸ' ਦੇ ਤਹਿਤ ਭੇਜਿਆ ਗਿਆ ਸੀ। ਇਸ ਦਾ ਮਤਲਬ ਹੈ ਕਿ ਹਥਿਆਰਾਂ ਦੇ ਪੁਰਜ਼ੇ ਪਹਿਲਾਂ ਕਿਸੇ ਦੂਜੇ ਦੇਸ਼ (ਜਿਵੇਂ ਅਮਰੀਕਾ ਜਾਂ ਜਰਮਨੀ) ਵਿੱਚ ਹਥਿਆਰ ਤਿਆਰ ਕਰਨ ਲਈ ਭੇਜੇ ਗਏ ਅਤੇ ਉੱਥੋਂ ਪੂਰੀ ਤਰ੍ਹਾਂ ਤਿਆਰ ਹੋ ਕੇ ਉਹ ਇਸਰਾਇਲ ਦੀ ਫ਼ੌਜ ਤੱਕ ਪਹੁੰਚੇ। ਇਹ ਅੰਕੜੇ ਸਿਰਫ਼ ਵਪਾਰਕ ਕਾਰੋਬਾਰ ਨਹੀਂ ਦਿਖਾਉਂਦੇ, ਬਲਕਿ ਇਹ ਦੱਸਦੇ ਹਨ ਕਿ ਫ਼ਲਸਤੀਨ ਦੇ ਗਜ਼ਾ ਉੱਤੇ ਡਿੱਗਣ ਵਾਲੇ ਬੰਬਾਂ ਦੀ ਖ਼ੂਨੀ ਲੜੀ ਦੁਨੀਆ ਭਰ ਦੇ ਕਾਰਖ਼ਾਨਿਆਂ, ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਕਾਰਪੋਰੇਟ ਜੰਗੀ ਉਦਯੋਗਾਂ ਨਾਲ ਕਿੰਨੀ ਡੂੰਘੀ ਜੁੜੀ ਹੋਈ ਸੀ।

ਇਸਰਾਇਲ ਬਨਾਮ ਫ਼ਲਸਤੀਨ ਦੀ ਜੰਗ ਨੇ ਇਹ ਵੀ ਸਾਬਤ ਕੀਤਾ ਕਿ ਆਧੁਨਿਕ ਜੰਗਾਂ ਹੁਣ ਸਿਰਫ਼ ਸਰਹੱਦਾਂ ਜਾਂ ਕੌਮਾਂ ਵਿਚਾਲੇ ਨਹੀਂ ਲੜੀਆਂ ਜਾਂਦੀਆਂ, ਸਗੋਂ ਇਹ ਗਲੋਬਲ ਅਰਥਵਿਵਸਥਾ ਦਾ ਇੱਕ ਬਹੁਤ ਵੱਡਾ ਮੁਨਾਫ਼ੇ ਵਾਲਾ ਕਾਰੋਬਾਰ ਬਣ ਚੁੱਕੀਆਂ ਹਨ। ਯੂਰਪੀ ਸ਼ੇਅਰ ਬਾਜ਼ਾਰਾਂ ਵਿੱਚ ਜੰਗ ਦੌਰਾਨ ਵੱਡੀਆਂ ਰੱਖਿਆ (Defense) ਕੰਪਨੀਆਂ ਦੇ ਸ਼ੇਅਰ ਲਗਾਤਾਰ ਚੜ੍ਹਦੇ ਰਹੇ। ਲਾਕਹੀਡ ਮਾਰਟਿਨ (Lockheed Martin), ਰੇਥੀਓਨ (Raytheon), ਨੌਰਥਰੋਪ ਗਰੁਮੈਨ (Northrop Grumman) ਅਤੇ ਬੀ.ਏ.ਈ ਸਿਸਟਮਜ਼ (BAE Systems) ਵਰਗੀਆਂ ਨਾਮਵਰ ਕੰਪਨੀਆਂ ਨੇ ਅਰਬਾਂ ਡਾਲਰ ਦੇ ਨਵੇਂ ਜੰਗੀ ਠੇਕੇ ਹਾਸਲ ਕੀਤੇ। ਜੰਗ ਜਿੰਨੀ ਲੰਮੀ ਖਿੱਚਦੀ ਗਈ, ਮਨੁੱਖੀ ਲਾਸ਼ਾਂ ਦੇ ਢੇਰਾਂ 'ਤੇ ਹਥਿਆਰ ਉਦਯੋਗ ਦਾ ਮੁਨਾਫ਼ਾ ਉਨਾ ਹੀ ਵਧਦਾ ਗਿਆ।

ਵੱਖ-ਵੱਖ ਦੇਸ਼ਾਂ ਜਾਂ ਕੰਪਨੀਆਂ ਵੱਲੋਂ ਭੇਜੇ ਗਏ ਸਮਾਨ ਵਿੱਚ ਹੈਵੀ ਫਰਾਗ ਕੰਪੋਨੈਂਟ, 155 ਐਮਐਮ ਪ੍ਰੋਜੈਕਟਾਈਲ ਬਾਡੀਆਂ, ਬੂਸਟਰ ਪੈਲਟ ਅਤੇ ਗੋਲਾ-ਬਾਰੂਦ ਆਦਿ ਦੇ ਧਾਤੂ ਹਿੱਸੇ ਸ਼ਾਮਲ ਸਨ। ਹਥਿਆਰਾਂ ਦੇ ਮਾਹਿਰਾਂ ਮੁਤਾਬਕ, ਇਹ ਉਹ ਘਾਤਕ ਹਿੱਸੇ ਹਨ ਜੋ ਧਮਾਕਿਆਂ ਦੌਰਾਨ ਬੰਬ ਦੇ ਧਾਤੂ ਟੁਕੜਿਆਂ (Splinters) ਨੂੰ ਬਹੁਤ ਵੱਡੇ ਖੇਤਰ ਵਿੱਚ ਫੈਲਾ ਕੇ ਵਧੇਰੇ ਜਾਨੀ ਨੁਕਸਾਨ ਕਰਦੇ ਹਨ। ਰਾਫੇਲ ਐਡਵਾਂਸ ਡਿਫੈਂਸ ਸਿਸਟਮ ਅਤੇ ਆਈ.ਐਮ.ਆਈ. ਸਿਸਟਮ ਵਰਗੀਆਂ ਇਸਰਾਇਲੀ ਕੰਪਨੀਆਂ ਨੂੰ ਵੱਖ-ਵੱਖ ਦੇਸ਼ਾਂ ਦੀਆਂ ਕੰਪਨੀਆਂ ਵੱਲੋਂ ਸਿੱਧੇ ਤੌਰ 'ਤੇ ਹਥਿਆਰਾਂ ਦੇ ਭਾਗ ਭੇਜੇ ਗਏ।

ਇਸਰਾਇਲ ਬਨਾਮ ਫ਼ਲਸਤੀਨ ਦੇ ਗਜ਼ਾ ਦੀ ਜੰਗ ਨੇ ਇਹ ਵੀ ਬੇਨਕਾਬ ਕੀਤਾ ਕਿ ਇੱਕਵੀਹੀਂ ਸਦੀ ਦਾ ਸਰਮਾਏਦਾਰ ਜੰਗੀ ਨਿਜ਼ਾਮ (Capitalist War Machine) ਹੁਣ ਸਿਰਫ਼ ਬੰਦੂਕਾਂ ਅਤੇ ਮਿਸਾਇਲਾਂ ਦਾ ਸਧਾਰਨ ਮਾਮਲਾ ਨਹੀਂ ਰਿਹਾ। ਸਗੋਂ ਇਹ ਬਹੁ-ਰਾਸ਼ਟਰੀ ਕਾਰਪੋਰੇਟ ਗਠਜੋੜਾਂ, ਨਿੱਜੀ ਰੱਖਿਆ ਉਦਯੋਗਾਂ, ਡਾਟਾ ਨਿਗਰਾਨੀ ਪ੍ਰਣਾਲੀਆਂ ਅਤੇ ਭੂ-ਰਾਜਨੀਤਿਕ ਸਾਂਝਾਂ ਦਾ ਇੱਕ ਬਹੁਤ ਵੱਡਾ ਅਤੇ ਗੁੰਝਲਦਾਰ ਜਾਲ ਬਣ ਚੁੱਕਿਆ ਹੈ।

ਪ੍ਰਸਿੱਧ ਅਮਰੀਕੀ ਵਿਦਵਾਨ ਨੋਆਮ ਚੌਮਸਕੀ ਕਈ ਸਾਲ ਪਹਿਲਾਂ ਲਿਖ ਚੁੱਕੇ ਹਨ ਕਿ ਆਧੁਨਿਕ ਜੰਗਾਂ ਹੁਣ "ਲੋਕਤੰਤਰ ਦੀ ਰੱਖਿਆ"ਦੇ ਸੁੰਦਰ ਨਾਮ 'ਤੇ ਲੜੀਆਂ ਜਾਂਦੀਆਂ ਹਨ, ਪਰ ਅਸਲ ਵਿੱਚ ਉਹ ਗਲੋਬਲ ਸਰਮਾਏ (Global Capital) ਦੀ ਹਿਫ਼ਾਜ਼ਤ ਅਤੇ ਮੁਨਾਫ਼ੇ ਲਈ ਹੁੰਦੀਆਂ ਹਨ। ਗਜ਼ਾ ਖੇਤਰ ਦੀ ਜੰਗ ਇਸੇ ਸਿਧਾਂਤ ਦੀ ਸਭ ਤੋਂ ਭਿਆਨਕ ਅਤੇ ਤਾਜ਼ਾ ਮਿਸਾਲ ਵਜੋਂ ਸਾਹਮਣੇ ਆਈ ਹੈ। ਇੱਕ ਪਾਸੇ ਦੁਨੀਆ ਦੇ ਸਭ ਤੋਂ ਵੱਡੇ ਮੀਡੀਆ ਘਰਾਣੇ "ਆਤਮ-ਰੱਖਿਆ" (Self-Defense) ਦੀ ਭਾਸ਼ਾ ਵਰਤ ਰਹੇ ਸਨ, ਜਦਕਿ ਦੂਜੇ ਪਾਸੇ ਉਨ੍ਹਾਂ ਦੇ ਆਪਣੇ ਮੁਲਕ ਇਸਰਾਇਲ ਨੂੰ ਗੋਲਾ-ਬਾਰੂਦ, ਜੰਗੀ ਜਹਾਜ਼ਾਂ ਦੇ ਹਿੱਸੇ, ਉੱਨਤ ਨਿਗਰਾਨੀ ਤਕਨਾਲੋਜੀ ਅਤੇ ਖ਼ੁਫ਼ੀਆ ਸਹਾਇਤਾ ਮੁਹੱਈਆ ਕਰਵਾ ਰਹੇ ਸਨ।

ਇਹ ਪੂਰਾ ਢਾਂਚਾ ਉਸ "ਮਿਲਟਰੀ-ਇੰਡਸਟਰੀਅਲ ਕੰਪਲੈਕਸ" (Military-Industrial Complex) ਦੀ ਯਾਦ ਦਿਵਾਉਂਦਾ ਹੈ, ਜਿਸ ਬਾਰੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡਵਾਈਟ ਡੀ. ਆਈਜ਼ਨਹਾਵਰ ਨੇ 1961 ਵਿੱਚ ਬੜੀ ਦੂਰਅੰਦੇਸ਼ੀ ਨਾਲ ਚੇਤਾਵਨੀ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਜੇਕਰ ਜੰਗੀ ਉਦਯੋਗ ਅਤੇ ਸਿਆਸੀ ਤਾਕਤ ਆਪਸ ਵਿੱਚ ਇੱਕਮਿਕ ਹੋ ਗਏ ਤਾਂ ਲੋਕਤੰਤਰ ਸਿਰਫ਼ ਇੱਕ ਖ਼ਾਲੀ ਨਾਅਰਾ ਬਣ ਕੇ ਰਹਿ ਜਾਵੇਗਾ। ਗਜ਼ਾ ਵਿੱਚ ਬਿਲਕੁਲ ਉਹੀ ਹੁੰਦਾ ਦਿਖਿਆ, ਜਿੱਥੇ ਕਰੋੜਾਂ ਮਨੁੱਖੀ ਜਾਨਾਂ ਅਤੇ ਮਾਸੂਮਾਂ ਦੇ ਖ਼ੂਨ ਨਾਲੋਂ ਵਧੇਰੇ ਅਹਿਮੀਅਤ ਹਥਿਆਰਾਂ ਦੇ ਅਰਬਾਂ ਡਾਲਰ ਦੇ ਠੇਕਿਆਂ ਅਤੇ ਰਣਨੀਤਕ ਗਠਜੋੜਾਂ ਨੂੰ ਦਿੱਤੀ ਗਈ।




ਇਸੇ ਦੌਰਾਨ ਦੂਜੇ ਪਾਸੇ, ਯੂਰਪ ਦੀਆਂ ਸਰਕਾਰਾਂ ਸਭ ਤੋਂ ਵੱਧ ਦੋਹਰੇ ਚਿਹਰੇ (Double Standards) ਨਾਲ ਸਾਹਮਣੇ ਆਈਆਂ। ਸਪੇਨ, ਫ਼ਰਾਂਸ, ਜਰਮਨੀ, ਬਰਤਾਨੀਆ, ਇਟਲੀ ਵਰਗੇ ਦੇਸ਼ ਜਨਤਕ ਮੰਚਾਂ 'ਤੇ ਜੰਗਬੰਦੀ (Ceasefire) ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੇ ਰਹੇ, ਪਰ ਪਰਦੇ ਦੇ ਪਿੱਛੇ ਉਨ੍ਹਾਂ ਦੀ ਜੰਗੀ ਸਪਲਾਈ ਬੇਰੋਕ ਜਾਰੀ ਰਹੀ। ਇਸੇ ਲੜੀ 'ਚ ਕੇਨੈਡਾ ਵੀ ਸ਼ਾਮਿਲ ਹੈ।

ਬਰਤਾਨੀਆ ਨੇ ਸਤੰਬਰ 2024 ਵਿੱਚ ਦਿਖਾਵੇ ਲਈ ਕੁਝ ਹਥਿਆਰ ਲਾਇਸੰਸ ਸਸਪੈਂਡ (ਮੁਅੱਤਲ) ਕੀਤੇ, ਪਰ ਲਗਭਗ 350 ਬਾਕੀ ਅਹਿਮ ਲਾਇਸੰਸ ਚਾਲੂ ਰੱਖੇ। ਸਭ ਤੋਂ ਘਾਤਕ 'ਐਫ-35 ਜੰਗੀ ਜਹਾਜ਼ ਪ੍ਰੋਗਰਾਮ' ਲਈ ਪੁਰਜ਼ਿਆਂ ਦੀ ਸਪਲਾਈ ਨੂੰ ਬਿਲਕੁਲ ਨਹੀਂ ਰੋਕਿਆ ਗਿਆ। ਬਰਤਾਨੀਆ ਤੋਂ ਇਸਰਾਇਲ ਨੂੰ ਲੱਖਾਂ ਪੌਂਡਾਂ ਦੇ ਜਹਾਜ਼ੀ ਹਿੱਸੇ, ਆਧੁਨਿਕ ਨੇਵੀਗੇਸ਼ਨ ਸਿਸਟਮ ਅਤੇ ਟਾਰਗੇਟਿੰਗ (ਨਿਸ਼ਾਨਾ ਲਗਾਉਣ ਵਾਲੇ) ਉਪਕਰਣ ਲਗਾਤਾਰ ਭੇਜੇ ਗਏ। ਇਸ ਨਾਲ ਇੱਕ ਵੱਡਾ ਸਵਾਲ ਉੱਠਦਾ ਹੈ ਕਿ ਕੀ ਇਹ "ਪਾਬੰਦੀਆਂ" ਸਿਰਫ਼ ਲੋਕਾਂ ਨੂੰ ਮੂਰਖ ਬਣਾਉਣ ਵਾਲੇ ਰਾਜਨੀਤਿਕ ਬਿਆਨ ਹੁੰਦੇ ਹਨ? ਕੀ ਸਰਕਾਰਾਂ ਜਨਤਕ ਗੁੱਸੇ ਨੂੰ ਠੰਡਾ ਕਰਨ ਲਈ ਅਜਿਹੇ ਪ੍ਰਤੀਕਾਤਮਕ ਐਲਾਨ ਕਰਦੀਆਂ ਹਨ, ਜਦਕਿ ਜੰਗੀ ਕਾਰੋਬਾਰ ਪਿੱਛੇ ਚੁੱਪਚਾਪ ਚਲਦਾ ਰਹਿੰਦਾ ਹੈ?

ਦੂਜੇ ਵਿਸ਼ਵ ਯੁੱਧ ਦੇ ਇਤਿਹਾਸਕ ਦੋਸ਼ਾਂ ਅਤੇ ਹੀਣਤਾ ਨੂੰ ਝੱਲਦਾ ਜਰਮਨੀ ਲੰਬੇ ਸਮੇਂ ਤੋਂ ਇਸਰਾਇਲ ਦਾ ਸਭ ਤੋਂ ਵੱਡਾ ਰਣਨੀਤਕ ਸਾਥੀ ਰਿਹਾ ਹੈ। ਗਜ਼ਾ ਖੇਤਰ ਦੀ ਪੂਰਨ ਤਬਾਹੀ ਤੋਂ ਬਾਅਦ ਵੀ ਜਰਮਨੀ ਨੇ ਹਥਿਆਰਾਂ ਦੀ ਸਪਲਾਈ ਨੂੰ ਬਿਲਕੁਲ ਬੰਦ ਨਹੀਂ ਕੀਤਾ, ਬਲਕਿ ਲਗਭਗ ਜੰਗ ਦੇ ਅੰਤ ਨੇੜੇ ਜਾ ਕੇ ਹੀ ਇਸ ਨੂੰ ਥੋੜ੍ਹਾ ਸੀਮਿਤ ਕੀਤਾ। ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਜਨਤਕ ਤੌਰ 'ਤੇ ਹਥਿਆਰ ਰੋਕਣ ਦੀ ਗੱਲ ਕਹੀ, ਪਰ ਅਧਿਕਾਰਤ ਡਾਟਾ ਦਿਖਾਉਂਦਾ ਹੈ ਕਿ ਇਸ ਬਿਆਨ ਤੋਂ ਬਾਅਦ ਵੀ ਫ਼ਰਾਂਸੀਸੀ ਹਥਿਆਰਾਂ ਦੀਆਂ ਖੇਪਾਂ ਇਸਰਾਇਲ ਪਹੁੰਚਦੀਆਂ ਰਹੀਆਂ। ਇਟਲੀ ਨੇ ਵੀ "ਅਸਥਾਈ ਰੋਕ" ਦਾ ਡਰਾਮਾ ਕੀਤਾ, ਪਰ ਪੁਰਾਣੇ ਸਾਰੇ ਲਾਇਸੰਸ ਜਾਰੀ ਰੱਖੇ ਗਏ। ਇਹ ਸਾਰੇ ਮਾਮਲੇ ਇਹ ਸਾਬਤ ਕਰਦੇ ਹਨ ਕਿ ਗਲੋਬਲ ਪੂੰਜੀਵਾਦੀ ਜੰਗੀ ਉਦਯੋਗ ਵਿੱਚ "ਮਨੁੱਖੀ ਅਧਿਕਾਰ" ਅਤੇ "ਅੰਤਰਰਾਸ਼ਟਰੀ ਕਾਨੂੰਨ" ਵਰਗੇ ਸ਼ਬਦ ਅਕਸਰ ਰਾਜਨੀਤਿਕ ਭਾਸ਼ਣਾਂ ਅਤੇ ਫ਼ਾਈਲਾਂ ਤੱਕ ਹੀ ਸੀਮਿਤ ਰਹਿੰਦੇ ਹਨ।

ਯੂਰਪੀ ਮੁਲਕਾਂ ਦੀ ਇਸ ਨਕਾਰਾਤਮਕ ਭੂਮਿਕਾ ਦਾ ਅਧਿਐਨ ਕਰਦੇ ਸਮੇਂ ਇੱਕ ਹੋਰ ਡੂੰਘੀ ਇਤਿਹਾਸਕ ਵਿਡੰਬਨਾ ਸਾਹਮਣੇ ਆਉਂਦੀ ਹੈ। ਜਿਹੜਾ ਯੂਰਪ ਕਦੇ ਮਨੁੱਖੀ ਹੱਕਾਂ, ਉਦਾਰ ਲੋਕਤੰਤਰ (Liberal Democracy) ਅਤੇ ਅੰਤਰਰਾਸ਼ਟਰੀ ਕਾਨੂੰਨ ਦਾ ਸਭ ਤੋਂ ਵੱਡਾ ਪੈਰੋਕਾਰ ਅਤੇ ਗੁਰੂ ਬਣਦਾ ਰਿਹਾ, ਉਹੀ ਯੂਰਪ ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ ਦੇ ਮਾਮਲੇ ਵਿੱਚ ਨੈਤਿਕ ਤੌਰ 'ਤੇ ਬੁਰੀ ਤਰ੍ਹਾਂ ਵੰਡਿਆ ਹੋਇਆ ਨਜ਼ਰ ਆਇਆ। ਜਰਮਨੀ ਵਰਗੇ ਮੁਲਕ, ਜੋ ਦੂਜੇ ਵਿਸ਼ਵ ਯੁੱਧ ਅਤੇ 'ਦਾ ਹੋਲੋਕਾਸਟ' (ਯਹੂਦੀ ਘੱਲੂਘਾਰਾ) ਦੀ ਇਤਿਹਾਸਕ ਯਾਦ ਅਤੇ ਪਛਤਾਵੇ ਨੂੰ ਆਪਣੀ ਰਾਜਨੀਤਿਕ ਨੈਤਿਕਤਾ ਦਾ ਕੇਂਦਰ ਮੰਨਦੇ ਹਨ, ਉਹ ਵੀ ਫ਼ਲਸਤੀਨੀ ਨਾਗਰਿਕਾਂ ਦੀ ਸਮੂਹਕ ਤਬਾਹੀ ਦੇ ਮਾਮਲੇ ਵਿੱਚ ਇੱਕ ਸਾਫ਼, ਸਪਸ਼ਟ ਅਤੇ ਮਜ਼ਬੂਤ ਮਨੁੱਖੀ ਰੁਖ਼ ਲੈਣ ਤੋਂ ਬੁਰੀ ਤਰ੍ਹਾਂ ਕਤਰਾਉਂਦੇ ਰਹੇ।

ਮਸ਼ਹੂਰ ਫ਼ਰਾਂਸੀਸੀ ਦਰਸ਼ਨ ਸ਼ਾਸਤਰੀ ਮਿਸ਼ੇਲ ਫੂਕੋ (Michel Foucault) ਨੇ ਕਿਹਾ ਸੀ ਕਿ ਆਧੁਨਿਕ ਰਾਜ ਸਿਰਫ਼ ਕਾਨੂੰਨ ਨਾਲ ਨਹੀਂ, ਸਗੋਂ "ਨਿਗਰਾਨੀ ਅਤੇ ਨਿਯੰਤਰਣ" (Surveillance and Control) ਦੇ ਵੱਖ-ਵੱਖ ਤੰਤਰਾਂ ਨਾਲ ਚੱਲਦੇ ਹਨ। ਗਜ਼ਾ ਖੇਤਰ ਇਸ ਸਿਧਾਂਤ ਦੀ ਇੱਕ ਜ਼ਿੰਦਾ ਅਤੇ ਬੇਹੱਦ ਭਿਆਨਕ ਪ੍ਰਯੋਗਸ਼ਾਲਾ ਬਣ ਗਿਆ, ਜਿੱਥੇ ਹਾਈ-ਟੈਕ ਡਰੋਨ ਨਿਗਰਾਨੀ, ਚਿਹਰਾ ਪਛਾਣ ਪ੍ਰਣਾਲੀ (Facial Recognition), ਡਿਜ਼ਿਟਲ ਟਰੈਕਿੰਗ ਅਤੇ ਸਖ਼ਤ ਸਰਹੱਦੀ ਕੰਟਰੋਲ ਰਾਹੀਂ ਇੱਕ ਪੂਰੀ ਹੱਸਦੀ-ਖੇਡਦੀ ਆਬਾਦੀ ਨੂੰ ਦੁਨੀਆ ਦੀ ਸਭ ਤੋਂ ਵੱਡੀ 'ਖੁੱਲ੍ਹੀ ਜੇਲ੍ਹ' ਵਿੱਚ ਤਬਦੀਲ ਕਰ ਦਿੱਤਾ ਗਿਆ। ਯੂਰਪ ਦੀਆਂ ਹਕੂਮਤਾਂ ਨੇ ਭਾਵੇਂ ਜਨਤਕ ਤੌਰ 'ਤੇ ਉੱਪਰੋਂ-ਉੱਪਰੋਂ "ਚਿੰਤਾ" ਜ਼ਾਹਰ ਕੀਤੀ, ਪਰ ਉਹਨਾਂ ਦੇ ਰੱਖਿਆ ਉਦਯੋਗਾਂ, ਵੱਡੇ ਬੈਂਕਿੰਗ ਨੈੱਟਵਰਕਾਂ ਅਤੇ ਫੌਜੀ ਗਠਜੋੜਾਂ ਨੇ ਇਸਰਾਇਲ ਦੀ ਜੰਗੀ ਮਸ਼ੀਨ ਨੂੰ ਇੱਕ ਪਲ ਲਈ ਵੀ ਰੁਕਣ ਨਹੀਂ ਦਿੱਤਾ। ਇਹ ਉਹੀ ਦੋਹਰਾ ਚਿਹਰਾ ਹੈ ਜਿਸ ਵਿੱਚ ਮਨੁੱਖੀ ਅਧਿਕਾਰਾਂ ਦੀ ਭਾਸ਼ਾ ਵੀ ਬੋਲੀ ਜਾਂਦੀ ਹੈ ਅਤੇ ਨਾਲ ਦੀ ਨਾਲ ਅਰਬਾਂ ਡਾਲਰਾਂ ਦਾ ਜੰਗੀ ਕਾਰੋਬਾਰ ਵੀ ਚਲਾਇਆ ਜਾਂਦਾ ਹੈ।

ਇਸੇ ਤਰ੍ਹਾਂ, ਗਜ਼ਾ ਦੀ ਜੰਗ ਨੇ ਸਿਰਫ਼ ਪੱਛਮੀ ਦੁਨੀਆ ਦੀ ਨੈਤਿਕ ਕੰਗਾਲੀ ਨੂੰ ਹੀ ਨਹੀਂ, ਸਗੋਂ ਅਰਬ ਅਤੇ ਮੁਸਲਿਮ ਦੁਨੀਆ ਦੀ ਘੋਰ ਸਿਆਸੀ ਬੇਬਸੀ ਅਤੇ ਅੰਦਰੂਨੀ ਟੁੱਟ-ਫੁੱਟ ਨੂੰ ਵੀ ਬੁਰੀ ਤਰ੍ਹਾਂ ਨੰਗਾ ਕਰ ਦਿੱਤਾ। ਜਿਹੜੇ ਇਸਲਾਮਿਕ ਮੁਲਕ ਦਹਾਕਿਆਂ ਤੋਂ ਫ਼ਲਸਤੀਨ ਦੇ ਨਾਮ 'ਤੇ ਆਪਣੀ ਜਨਤਾ ਅੱਗੇ ਜਜ਼ਬਾਤੀ ਖ਼ਿਤਾਬ ਅਤੇ ਭਾਸ਼ਣ ਕਰਦੇ ਰਹੇ, ਉਹਨਾਂ ਵਿਚੋਂ ਬਹੁਤੇ ਜੰਗ ਦੇ ਸਭ ਤੋਂ ਭਿਆਨਕ ਦੌਰ ਵਿੱਚ ਸਿਰਫ਼ ਕਾਗਜ਼ੀ ਬਿਆਨਾਂ ਤੱਕ ਸੀਮਿਤ ਰਹਿ ਗਏ। ਅਰਬ ਲੀਗ (Arab League) ਦੀਆਂ ਕਈ ਮੀਟਿੰਗਾਂ ਹੋਈਆਂ, ਆਰਗੇਨਾਈਜ਼ੇਸ਼ਨ ਆਫ਼ ਇਸਲਾਮਿਕ ਕੋਪਰੇਸ਼ਨ (OIC) ਨੇ ਵੱਡੇ-ਵੱਡੇ ਮਤੇ ਪਾਸ ਕੀਤੇ, ਪਰ ਗਜ਼ਾ ਖੇਤਰ ਦੀ ਬੇਰਹਿਮ ਤਬਾਹੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਕੋਈ ਵੀ ਸਾਂਝਾ, ਮਜ਼ਬੂਤ ਰਾਜਨੀਤਿਕ ਜਾਂ ਆਰਥਿਕ ਦਬਾਅ ਪੈਦਾ ਨਾ ਹੋ ਸਕਿਆ।

ਤੇਲ ਦੀ ਅਥਾਹ ਤਾਕਤ ਰੱਖਣ ਵਾਲੇ ਖਾੜੀ ਮੁਲਕ (Gulf Countries), ਜੋ ਜੇ ਚਾਹੁੰਦੇ ਤਾਂ ਆਪਣੀਆਂ ਨੀਤੀਆਂ ਨਾਲ ਪੂਰੀ ਦੁਨੀਆ ਦੀ ਅਰਥਵਿਵਸਥਾ ਨੂੰ ਹਿਲਾ ਸਕਦੇ ਸਨ, ਉਹ ਵੀ ਅਮਰੀਕੀ ਅਤੇ ਪੱਛਮੀ ਰਣਨੀਤਕ ਗਠਜੋੜਾਂ ਅਤੇ ਆਪਣੇ ਨਿੱਜੀ ਹਿੱਤਾਂ ਤੋਂ ਬਾਹਰ ਨਿਕਲਣ ਦੀ ਹਿੰਮਤ ਨਾ ਕਰ ਸਕੇ। ਪ੍ਰਸਿੱਧ ਫ਼ਲਸਤੀਨੀ-ਅਮਰੀਕੀ ਸਿਆਸੀ ਵਿਸ਼ਲੇਸ਼ਕ ਅਤੇ ਵਿਦਵਾਨ ਐਡਵਰਡ ਸਈਦ (Edward Said) ਨੇ ਕਦੇ ਬਹੁਤ ਸਹੀ ਲਿਖਿਆ ਸੀ ਕਿ ਫ਼ਲਸਤੀਨ ਦਾ ਮਸਲਾ ਸਿਰਫ਼ ਜ਼ਮੀਨ ਦਾ ਇੱਕ ਟੁਕੜਾ ਹਾਸਲ ਕਰਨ ਦਾ ਮਸਲਾ ਨਹੀਂ, ਸਗੋਂ ਇਹ ਸਮੁੱਚੀ ਅਰਬ ਦੁਨੀਆ ਦੀ ਸਿਆਸੀ ਇਰਾਦਾ-ਸ਼ਕਤੀ (Political Will) ਦੀ ਸਭ ਤੋਂ ਵੱਡੀ ਕਸੌਟੀ ਵੀ ਹੈ। ਗਜ਼ਾ ਦੀ ਇਸ ਜੰਗ ਦੌਰਾਨ ਇਹ ਗੱਲ ਮੁੜ ਅੱਖਰ-

ਅੱਖਰ ਸੱਚ ਸਾਬਤ ਹੋਈ, ਜਿੱਥੇ ਅਰਬ ਦੇਸ਼ਾਂ ਦੇ ਆਮ ਲੋਕ ਤਾਂ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰ ਰਹੇ ਸਨ, ਪਰ ਉਨ੍ਹਾਂ ਦੀਆਂ ਹਕੂਮਤਾਂ ਆਪਣੇ ਸਵਾਰਥਾਂ ਲਈ ਇੱਕ ਗੂੜ੍ਹੀ ਰਣਨੀਤਕ ਖ਼ਾਮੋਸ਼ੀ ਵਿੱਚ ਡੁੱਬੀਆਂ ਹੋਈਆਂ ਸਨ। ਇਹ ਖ਼ਾਮੋਸ਼ੀ ਵੀ ਇਸ ਜੰਗ ਦੀ ਇੱਕ ਬੇਹੱਦ ਅਹਿਮ ਅਤੇ ਸ਼ਰਮਨਾਕ ਸਿਆਸੀ ਪਰਤ ਬਣ ਕੇ ਸਾਹਮਣੇ ਆਈ।

ਇਹ ਜੰਗ ਸਿਰਫ਼ ਆਧੁਨਿਕ ਗੋਲੀਆਂ, ਬੰਬਾਂ ਜਾਂ ਮਿਸਾਇਲਾਂ ਨਾਲ ਹੀ ਨਹੀਂ, ਬਲਕਿ ਭੁੱਖਮਰੀ ਵਰਗੇ ਅਣਮਨੁੱਖੀ ਹਥਿਆਰ ਨਾਲ ਵੀ ਲੜੀ ਗਈ। ਸਾਲ 2025 ਤੱਕ ਆਉਂਦੇ-ਆਉਂਦੇ ਗਜ਼ਾ ਖੇਤਰ ਵਿੱਚ ਭੁੱਖ ਨੂੰ ਇੱਕ ਯੁੱਧਨੀਤੀ (Weapon of War) ਵਜੋਂ ਵਰਤਿਆ ਗਿਆ। ਸੰਯੁਕਤ ਰਾਸ਼ਟਰ ਨੇ ਅਧਿਕਾਰਤ ਤੌਰ 'ਤੇ ਚੇਤਾਵਨੀ ਦਿੱਤੀ ਕਿ ਗਜ਼ਾ ਪੂਰੀ ਤਰ੍ਹਾਂ ਅਕਾਲ (Famine) ਦੇ ਕਿਨਾਰੇ 'ਤੇ ਖੜ੍ਹਾ ਹੈ। ਮਾਸੂਮ ਲੋਕ ਖਾਣੇ ਦੇ ਪੈਕੇਟ ਅਤੇ ਰੋਟੀ ਵਾਸਤੇ ਲੰਮੀਆਂ ਲਾਈਨਾਂ ਵਿੱਚ ਖੜ੍ਹੇ-ਖੜ੍ਹੇ ਹੀ ਗੋਲੀਆਂ ਦੇ ਸ਼ਿਕਾਰ ਹੋ ਕੇ ਮਰ ਰਹੇ ਸਨ। ਸਹਾਇਤਾ ਕੇਂਦਰਾਂ (Aid Centers) ਕੋਲ ਬੇਸਹਾਰਾ ਲੋਕਾਂ 'ਤੇ ਸਿੱਧੀਆਂ ਗੋਲੀਆਂ ਚਲਾਈਆਂ ਜਾਂਦੀਆਂ ਸਨ।

ਉੱਥੋਂ ਦੇ ਇੱਕ 16 ਸਾਲਾ ਫ਼ਲਸਤੀਨੀ ਨੌਜਵਾਨ ਖਾਲਿਦ ਅਬੂ ਜਮਿਆ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਦੱਸਿਆ ਸੀ ਕਿ ਉਹ ਅਤੇ ਉਸ ਦੇ ਸਾਥੀ ਜਦੋਂ ਸਿਰਫ਼ ਖਾਣੇ ਦੀ ਖੋਜ ਵਿੱਚ ਬਾਹਰ ਗਏ ਸਨ, ਉਦੋਂ ਅਚਾਨਕ ਹੀ ਇਸਰਾਇਲੀ ਫ਼ੌਜ ਵੱਲੋਂ ਗੋਲੀਆਂ ਚੱਲਣ ਲੱਗੀਆਂ, ਜਿਨ੍ਹਾਂ ਦੀ ਲਪੇਟ ਵਿੱਚ ਆਉਣ ਨਾਲ ਉਸ ਦਾ ਪਿਆਰਾ ਦੋਸਤ ਨਾਦਰ ਮੌਕੇ 'ਤੇ ਹੀ ਮਾਰਿਆ ਗਿਆ। ਮਈ 2025 ਤੋਂ ਅਕਤੂਬਰ 2025 ਦੇ ਸਿਰਫ਼ ਛੇ ਮਹੀਨਿਆਂ ਦੇ ਅੰਦਰ, ਆਪਣੇ ਪਰਿਵਾਰ ਲਈ ਖਾਣਾ ਲੈਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਦੇ ਹੋਏ 2,600 ਤੋਂ ਵੱਧ ਫ਼ਲਸਤੀਨੀ ਨਾਗਰਿਕ ਬੇਰਹਿਮੀ ਨਾਲ ਮਾਰੇ ਗਏ। ਇਹ ਸਿਰਫ਼ ਦੋ ਫ਼ੌਜਾਂ ਵਿਚਕਾਰ ਜੰਗ ਨਹੀਂ ਸੀ, ਬਲਕਿ ਇੱਕ ਨਿਹੱਥੀ ਆਬਾਦੀ ਨੂੰ ਦਿੱਤੀ ਜਾ ਰਹੀ ਇੱਕ ਯੋਜਨਾਬੱਧ ਸਮੂਹਿਕ ਸਜ਼ਾ (Collective Punishment) ਸੀ।

ਜੇਕਰ ਸਮਾਜ ਸ਼ਾਸਤਰ (Sociology) ਅਤੇ ਰਾਜਨੀਤਿਕ ਅਰਥਸ਼ਾਸਤਰ (Political Economy) ਦੀ ਨਜ਼ਰ ਨਾਲ ਡੂੰਘਾਈ ਵਿੱਚ ਵੇਖਿਆ ਜਾਵੇ, ਤਾਂ ਗਜ਼ਾ ਖੇਤਰ ਦੀ ਜੰਗ ਸਿਰਫ਼ ਇੱਕ ਰਵਾਇਤੀ ਫੌਜੀ ਹਮਲਾ ਨਹੀਂ ਸੀ, ਸਗੋਂ ਇਹ ਮਨੁੱਖੀ "ਜੀਵਨ ਦੀਆਂ ਸਭ ਤੋਂ ਬੁਨਿਆਦੀ ਸ਼ਰਤਾਂ" ਉੱਤੇ ਮੁਕੰਮਲ ਕਬਜ਼ਾ ਕਰਨ ਦੀ ਇੱਕ ਕਰੂਰ ਜੰਗ ਸੀ। ਪਾਣੀ, ਰੋਟੀ, ਦਵਾਈ, ਬਿਜਲੀ ਅਤੇ ਇੰਟਰਨੈੱਟ-ਸੰਚਾਰ ਪ੍ਰਣਾਲੀ ਉੱਤੇ ਪੂਰਨ ਕਾਬੂ ਹਾਸਲ ਕਰਕੇ, ਇੱਕ ਪੂਰੀ ਸਵੈ-ਅਭਿਮਾਨੀ ਆਬਾਦੀ ਨੂੰ ਮਨੋਵਿਗਿਆਨਕ, ਸਰੀਰਕ ਅਤੇ ਸਮਾਜਿਕ ਤੌਰ 'ਤੇ ਪੂਰੀ ਤਰ੍ਹਾਂ ਢਾਹੁਣ ਅਤੇ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਮਹਾਨ ਚਿੰਤਕ ਕਾਰਲ ਮਾਰਕਸ (Karl Marx) ਨੇ ਲਿਖਿਆ ਸੀ ਕਿ ਸਰਮਾਏਦਾਰੀ ਸਿਰਫ਼ ਮਜ਼ਦੂਰ ਦੀ ਮਿਹਨਤ ਉੱਤੇ ਹੀ ਨਹੀਂ, ਸਗੋਂ ਉਸ ਦੀ ਜ਼ਿੰਦਗੀ ਦੇ ਜਿਊਣ ਦੀਆਂ ਬੁਨਿਆਦੀ ਲੋੜਾਂ ਉੱਤੇ ਵੀ ਹੌਲੀ-ਹੌਲੀ ਕਬਜ਼ਾ ਕਰਦੀ ਹੈ। ਗਜ਼ਾ ਵਿੱਚ ਮਾਰਕਸ ਦਾ ਇਹ ਸਿਧਾਂਤ ਇੱਕ ਬਿਲਕੁਲ ਨਵੇਂ, ਨਿਰਦਈ ਅਤੇ ਭਿਆਨਕ ਰੂਪ ਵਿੱਚ ਸਾਹਮਣੇ ਆਇਆ।

ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਸਾਲ 2025 ਤੱਕ ਗਜ਼ਾ ਖੇਤਰ ਦੀ 90 ਫ਼ੀਸਦੀ ਤੋਂ ਵੱਧ ਆਬਾਦੀ ਪੂਰੀ ਤਰ੍ਹਾਂ ਬੇਘਰ ਹੋ ਚੁੱਕੀ ਸੀ। ਮਾਸੂਮ ਬੱਚਿਆਂ ਵਿੱਚ ਭੁੱਖ ਅਤੇ ਕੁਪੋਸ਼ਣ (Malnutrition) ਦੀ ਦਰ ਇਤਿਹਾਸ ਦੇ ਸਭ ਤੋਂ ਉੱਚੇ ਅਤੇ ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਸੀ। ਹਸਪਤਾਲਾਂ ਦੀ ਹਾਲਤ ਇਹ ਸੀ ਕਿ ਉੱਥੇ ਬੇਹੋਸ਼ੀ ਦੀਆਂ ਬੁਨਿਆਦੀ ਦਵਾਈਆਂ (Anesthesia) ਤੱਕ ਖ਼ਤਮ ਹੋ ਚੁੱਕੀਆਂ ਸਨ ਅਤੇ ਮਜਬੂਰਨ ਡਾਕਟਰਾਂ ਨੂੰ ਬਿਨਾਂ ਸੁੰਨ ਕੀਤੇ ਹੀ ਮਾਸੂਮ ਬੱਚਿਆਂ ਦੇ ਅੰਗ (Amputation) ਕੱਟਣੇ ਪੈ ਰਹੇ ਸਨ। ਇਹ ਦ੍ਰਿਸ਼ ਸਿਰਫ਼ ਜੰਗ ਦੀ ਆਮ ਤਬਾਹੀ ਨਹੀਂ, ਸਗੋਂ ਇੱਕ ਯੋਜਨਾਬੱਧ ਸਮਾਜਿਕ ਟੁੱਟ-ਭੱਜ (Social Destruction) ਦੀ ਉਹ ਭਿਆਨਕ ਤਸਵੀਰ ਪੇਸ਼ ਕਰਦੇ ਹਨ, ਜਿੱਥੇ ਲੋਕਾਂ ਤੋਂ ਨਾ ਸਿਰਫ਼ ਉਨ੍ਹਾਂ ਦੀ ਪੁਰਖਿਆਂ ਦੀ ਜ਼ਮੀਨ, ਬਲਕਿ ਉਨ੍ਹਾਂ ਦੇ ਅੰਦਰੋਂ ਜਿਊਣ ਦੀ ਆਖਰੀ ਇੱਛਾ ਵੀ ਖੋਹ ਲੈਣ ਦੀ ਸਾਜ਼ਿਸ਼ ਰਚੀ ਗਈ।

ਸੰਯੁਕਤ ਰਾਸ਼ਟਰ ਸੈਟਲਾਈਟ ਸੈਂਟਰ (UNOSAT) ਦੀ ਅਧਿਕਾਰਤ ਰਿਪੋਰਟ ਮੁਤਾਬਕ, ਅਕਤੂਬਰ 2025 ਤੱਕ ਗਜ਼ਾ ਖੇਤਰ ਦੀਆਂ ਲਗਭਗ 81 ਫ਼ੀਸਦੀ ਇਮਾਰਤਾਂ, ਘਰ ਅਤੇ ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਤਬਾਹ ਜਾਂ ਬੁਰੀ ਤਰ੍ਹਾਂ ਨੁਕਸਾਨਗ੍ਰਸਤ ਹੋ ਚੁੱਕੇ ਸਨ। ਇਸ ਛੋਟੇ ਜਿਹੇ ਖੇਤਰ ਉੱਤੇ ਤਕਰੀਬਨ 200,000 ਟਨ ਤੋਂ ਵੱਧ ਆਧੁਨਿਕ ਧਮਾਕਾਖੇਜ਼ ਸਮੱਗਰੀ ਗਜ਼ਾ ਦੇ ਲੋਕਾਂ ਉੱਤੇ ਸੁੱਟੀ ਗਈ। ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਮਨੁੱਖੀ ਇਤਿਹਾਸ ਵਿੱਚ ਸਭ ਤੋਂ ਭਿਆਨਕ ਸ਼ਹਿਰੀ ਤਬਾਹੀਆਂ (Urban Destruction) ਵਿਚੋਂ ਇੱਕ ਸੀ। ਫ਼ਲਸਤੀਨ-ਗਜ਼ਾ ਵਿੱਚ ਸਕੂਲ, ਯੂਨੀਵਰਸਿਟੀਆਂ, ਹਸਪਤਾਲ, ਸਦੀਆਂ ਪੁਰਾਣੀਆਂ ਮਸਜਿਦਾਂ, ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀ ਕੈਂਪ (Refugee Camps) ਅਤੇ ਪਾਣੀ ਦੇ ਸਾਫ਼ ਕਰਨ ਵਾਲੇ ਪਲਾਂਟ ਕੁਝ ਵੀ ਇਸਰਾਇਲੀ ਬੰਬਾਰੀ ਤੋਂ ਸੁਰੱਖਿਅਤ ਨਹੀਂ ਰਿਹਾ। ਇੱਥੋਂ ਤੱਕ ਕਿ ਇਸਰਾਇਲੀ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ (Israel Katz) ਨੇ ਖੁਦ ਹੰਕਾਰ ਵਿੱਚ ਸੋਸ਼ਲ ਮੀਡੀਆ 'ਤੇ ਲਿਖਿਆ ਸੀ ਕਿ "ਗਜ਼ਾ ਸੜ ਰਿਹਾ ਹੈ।" ਇਹ ਸਿਰਫ਼ ਇੱਕ ਆਮ ਸਿਆਸੀ ਬਿਆਨ ਨਹੀਂ ਸੀ, ਬਲਕਿ ਇਹ ਉਸ ਕਰੂਰ ਨਸਲਕੁਸ਼ੀ ਮਨੋਵਿਗਿਆਨ (Genocidal Mindset) ਦੀ ਸਿੱਧੀ ਝਲਕ ਸੀ, ਜਿਸ ਵਿੱਚ ਇੱਕ ਪੂਰੀ ਜਿਊਂਦੀ-ਜਾਗਦੀ ਆਬਾਦੀ ਨੂੰ ਸਿਰਫ਼ "ਦੁਸ਼ਮਣ ਖੇਤਰ" ਵਿੱਚ ਬਦਲ ਕੇ ਮਿਟਾ ਦੇਣਾ ਜਾਇਜ਼ ਮੰਨ ਲਿਆ ਜਾਂਦਾ ਹੈ।

ਗਜ਼ਾ ਦੀ ਇਸ ਬੇਅੰਤ ਤਬਾਹੀ ਨੂੰ ਸਿਰਫ਼ ਮਲਬੇ, ਮੌਤਾਂ ਦੇ ਅੰਕੜਿਆਂ ਅਤੇ ਧਮਾਕਿਆਂ ਦੀ ਗਿਣਤੀ ਨਾਲ ਕਦੇ ਵੀ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਇਹ ਅਸਲ ਵਿੱਚ ਇੱਕ ਪੂਰੀ ਜਿਊਂਦੀ ਕੌਮ ਦੀ ਮਨੋਵਿਗਿਆਨਕ ਅਤੇ ਸਭਿਆਚਾਰਕ ਯਾਦਾਸ਼ਤ (Cultural Memory) ਉੱਤੇ ਕੀਤਾ ਗਿਆ ਇੱਕ ਯੋਜਨਾਬੱਧ ਹਮਲਾ ਸੀ। ਜਦੋਂ ਕਿਸੇ ਸਮਾਜ ਦੇ ਸਕੂਲ ਤਬਾਹ ਹੁੰਦੇ ਹਨ, ਇਤਿਹਾਸਕ ਲਾਇਬ੍ਰੇਰੀਆਂ ਸਾੜ ਦਿੱਤੀਆਂ ਜਾਂਦੀਆਂ ਹਨ, ਯੂਨੀਵਰਸਿਟੀਆਂ ਨਾਮੋ-ਨਿਸ਼ਾਨ ਤੋਂ ਮਿਟਾਈਆਂ ਜਾਂਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਹੀ ਪੁਰਖਿਆਂ ਦੇ ਘਰਾਂ ਤੋਂ ਹਮੇਸ਼ਾ ਲਈ ਬੇਦਖ਼ਲ ਕਰ ਦਿੱਤੀਆਂ ਜਾਂਦੀਆਂ ਹਨ, ਉਦੋਂ ਸਿਰਫ਼ ਇੱਟਾਂ-ਗਾਰੇ ਦੀਆਂ ਇਮਾਰਤਾਂ ਨਹੀਂ ਡਿੱਗਦੀਆਂ, ਸਗੋਂ ਉਸ ਸਮਾਜ ਦੀ ਸਾਂਝੀ ਇਤਿਹਾਸਕ ਯਾਦ, ਉਸ ਦੀ ਮੂਲ ਪਛਾਣ ਅਤੇ ਉਸ ਦਾ ਭਵਿੱਖ ਵੀ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਸੰਯੁਕਤ ਰਾਸ਼ਟਰ ਦੀਆਂ ਰਿਪੋਰਟਾਂ ਮੁਤਾਬਕ, ਗਜ਼ਾ ਖੇਤਰ ਵਿੱਚ ਲੱਖਾਂ ਮਾਸੂਮ ਬੱਚੇ ਗੰਭੀਰ ਮਾਨਸਿਕ ਸਦਮੇ (PTSD), ਅੰਨ੍ਹੇ ਡਰ, ਨੀਂਦ ਦੀ ਕਮੀ ਅਤੇ ਸਥਾਈ ਜੰਗੀ ਤਣਾਅ ਨਾਲ ਜੂਝ ਰਹੇ ਹਨ। ਮਾਨਸਿਕ ਸਿਹਤ ਦੇ ਮਾਹਿਰਾਂ ਅਤੇ ਮਨੋਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਗਜ਼ਾ ਦੀ ਪੂਰੀ ਇੱਕ ਨਵੀਂ ਪੀੜ੍ਹੀ ਨੂੰ ਇੱਕ "ਸਥਾਈ ਜੰਗੀ ਮਨੋਦਸ਼ਾ" (Permanent War Psychosis) ਦੇ ਅੰਧਕਾਰ ਵਿੱਚ ਧੱਕਿਆ ਜਾ ਰਿਹਾ ਹੈ। ਮਹਾਨ ਫ਼ਲਸਤੀਨੀ ਕਵੀ ਮਹਿਮੂਦ ਦਰਵੇਸ਼ (Mahmoud Darwish) ਨੇ ਕਦੇ ਬਹੁਤ ਦਰਦ ਨਾਲ ਲਿਖਿਆ ਸੀ ਕਿ "ਜਦੋਂ ਕਿਸੇ ਕੌਮ ਤੋਂ ਉਸ ਦੀ ਧਰਤੀ ਖੋਹ ਲਈ ਜਾਂਦੀ ਹੈ, ਉਦੋਂ ਉਹ ਸਭ ਤੋਂ ਪਹਿਲਾਂ ਆਪਣੀਆਂ ਯਾਦਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ।

ਪਰ ਗਜ਼ਾ ਵਿੱਚ ਅੱਜ ਇਹ ਯਾਦਾਂ ਵੀ ਹੌਲੀ-ਹੌਲੀ ਬੰਬਾਂ ਦੇ ਮਲਬੇ ਹੇਠ ਦੱਬਦੀਆਂ ਨਜ਼ਰ ਆ ਰਹੀਆਂ ਹਨ। ਇਸ ਲਈ ਇਹ ਜੰਗ ਸਿਰਫ਼ ਭੂਗੋਲ ਦੀ ਜਾਂ ਹੱਦ ਸਰਹੱਦ ਦੀ ਨਹੀਂ ਸੀ, ਸਗੋਂ ਇਹ ਇਤਿਹਾਸ, ਸਭਿਆਚਾਰ ਅਤੇ ਇੱਕ ਕੌਮ ਦੀ ਸਮੂਹਿਕ ਚੇਤਨਾ (Collective Consciousness) ਨੂੰ ਜੜ੍ਹੋਂ ਮਿਟਾਉਣ ਦੀ ਜੰਗ ਬਣ ਗਈ ਸੀ।

ਅੱਜ ਸਭ ਤੋਂ ਵੱਡਾ ਅਤੇ ਅਹਿਮ ਸਵਾਲ ਇਹ ਨਹੀਂ ਹੈ ਕਿ ਗਜ਼ਾ ਖੇਤਰ ਵਿੱਚ ਕੀ-ਕੀ ਭਿਆਨਕ ਹਾਦਸੇ ਹੋਏ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੁਨੀਆ ਦੀ ਸਾਰੀ ਮਨੁੱਖਤਾ ਨੇ ਇਸ ਭਿਆਨਕ ਕਾਂਡ ਨੂੰ ਆਪਣੀਆਂ ਅੱਖਾਂ ਸਾਹਮਣੇ ਹੋਣ ਕਿਉਂ ਦਿੱਤਾ? ਜੇਕਰ ਸੰਸਾਰ ਦੀ ਸਭ ਤੋਂ ਉੱਚੀ ਅੰਤਰਰਾਸ਼ਟਰੀ ਅਦਾਲਤ (ICJ) ਦੀ ਸਖ਼ਤ ਚੇਤਾਵਨੀ ਤੋਂ ਬਾਅਦ ਵੀ ਵੱਖ-ਵੱਖ ਦੇਸ਼ਾਂ ਤੋਂ ਇਸਰਾਇਲ ਨੂੰ ਹਥਿਆਰਾਂ ਦੀ ਸਪਲਾਈ ਬੇਰੋਕ ਜਾਂਦੀ ਰਹੀ ਤਾਂ ਫਿਰ ਇਸ ਅੰਤਰਰਾਸ਼ਟਰੀ ਕਾਨੂੰਨ ਦੀ ਅਸਲੀ ਤਾਕਤ ਅਤੇ ਹੋਂਦ ਕੀ ਹੈ? ਜੇ "ਨਸਲਕੁਸ਼ੀ ਦੇ ਪ੍ਰਤੱਖ ਸੰਭਾਵੀ ਖ਼ਤਰੇ" ਦੇ ਬਾਵਜੂਦ ਸ਼ਕਤੀਸ਼ਾਲੀ ਸਰਕਾਰਾਂ ਆਪਣਾ ਜੰਗੀ ਵਪਾਰ ਜਾਰੀ ਰੱਖਦੀਆਂ ਹਨ, ਤਾਂ ਕੀ ਸੰਯੁਕਤ ਰਾਸ਼ਟਰ (UN) ਸਿਰਫ਼ ਇੱਕ ਕਾਗਜ਼ੀ ਅਤੇ ਦੰਦ-ਹੀਣ ਸੰਸਥਾ ਬਣ ਕੇ ਰਹਿ ਗਿਆ ਹੈ? ਜੇ ਮਨੁੱਖੀ ਅਧਿਕਾਰਾਂ ਦੇ ਨਿਯਮ ਸਿਰਫ਼ ਗਰੀਬ ਅਤੇ ਕਮਜ਼ੋਰ ਦੇਸ਼ਾਂ 'ਤੇ ਹੀ ਜ਼ਬਰਦਸਤੀ ਲਾਗੂ ਹੁੰਦੇ ਹਨ ਅਤੇ ਤਾਕਤਵਰ ਦੇਸ਼ਾਂ ਜਾਂ ਉਨ੍ਹਾਂ ਦੇ ਚਹੇਤੇ ਸਾਥੀਆਂ 'ਤੇ ਨਹੀਂ, ਤਾਂ ਕੀ ਇਹ ਮੰਨ ਲਿਆ ਜਾਵੇ ਕਿ ਦੁਨੀਆ ਇੱਕ ਵਾਰ ਫਿਰ ਇੱਕ ਨਵੇਂ ਕਿਸਮ ਦੇ ਉਪਨਿਵੇਸ਼ੀ ਕਾਨੂੰਨ (Neo-Colonial Law) ਵੱਲ ਤੇਜ਼ੀ ਨਾਲ ਵੱਧ ਰਹੀ ਹੈ?

ਇਕ ਵਾਰ ਲੰਡਨ ਵਿਖੇ ਸਥਿਤ ਵਿਸ਼ਵ-ਪ੍ਰਸਿੱਧ ਸੰਸਥਾ 'ਲੰਡਨ ਸਕੂਲ ਆਫ਼ ਇਕਨਾਮਿਕਸ' (LSE) ਦੇ ਅੰਤਰਰਾਸ਼ਟਰੀ ਕਾਨੂੰਨ ਦੇ ਉੱਘੇ ਵਿਦਵਾਨ ਸਟੀਫ਼ਨ ਹਮਫ਼ਰੀਜ਼ (Stephen Humphreys) ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਬਹੁਤ ਵੱਡਾ ਗੰਭੀਰ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਇਸਰਾਇਲ ਨੂੰ ਇਸ ਨਸਲਕੁਸ਼ੀ ਦੇ ਦੌਰਾਨ ਹਥਿਆਰ ਦੇਣ ਵਾਲੇ ਸਾਰੇ ਦੇਸ਼ "ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਜੰਗੀ ਅਪਰਾਧਾਂ (War Crimes) ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਵਿੱਚ ਉਸ ਦੇ ਸਿੱਧੇ ਸਹਿ-ਦੋਸ਼ੀ (Accomplices)" ਬਣਦੇ ਹਨ। ਇਹ ਬਹੁਤ ਵੱਡਾ ਅਤੇ ਇਤਿਹਾਸਕ ਦੋਸ਼ ਹੈ, ਜੋ ਸਿਰਫ਼ ਇਕੱਲੇ ਇਸਰਾਇਲ ਉੱਤੇ ਨਹੀਂ, ਬਲਕਿ ਅੱਜ ਦੀ ਪੂਰੀ ਗਲੋਬਲ ਰਾਜਨੀਤਿਕ ਪ੍ਰਣਾਲੀ ਦੇ ਮੂੰਹ 'ਤੇ ਇੱਕ ਕਰਾਰੀ ਚਪੇੜ ਵੀ ਹੈ।

ਪਰ ਇਸ ਘੋਰ ਜੰਗੀ ਹਨੇਰੇ ਅਤੇ ਨਿਰਾਸ਼ਾ ਦੇ ਵਿਚਕਾਰ ਇੱਕ ਉਮੀਦ ਦੀ ਕਿਰਨ ਵਾਲੀ ਤਸਵੀਰ ਵੀ ਦੇਖਣ ਨੂੰ ਮਿਲੀ। ਲੰਡਨ, ਨਿਊਯਾਰਕ, ਟੋਰਾਂਟੋ, ਪੈਰਿਸ, ਇਸਤਾਂਬੁਲ, ਮੈਡਰਿਡ ਅਤੇ ਦਿੱਲੀ ਤੱਕ, ਦੁਨੀਆ ਭਰ ਦੇ ਕੋਨੇ-ਕੋਨੇ ਵਿੱਚ ਲੱਖਾਂ ਆਮ ਲੋਕ ਇਸ ਜ਼ੁਲਮ ਦੇ ਰੋਸ ਵਜੋਂ ਸਵੈ-ਇੱਛਾ ਨਾਲ ਸੜਕਾਂ 'ਤੇ ਨਿਕਲੇ। ਬਹਾਦਰ ਵਿਦਿਆਰਥੀਆਂ ਨੇ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ ਦੇ ਕੈਂਪਸ ਘੇਰੇ ਅਤੇ ਉੱਥੇ ਧਰਨੇ ਦਿੱਤੇ। ਵੱਖ-ਵੱਖ ਬੰਦਰਗਾਹਾਂ ਦੇ ਡਾਕ ਵਰਕਰਾਂ (Dock Workers) ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਇਸਰਾਇਲ ਜਾਣ ਵਾਲੇ ਜੰਗੀ ਜਹਾਜ਼ਾਂ ਨੂੰ ਲੋਡ ਕਰਨ ਤੋਂ ਸਾਫ਼ ਮਨਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਕਈ ਨਿਰਪੱਖ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਆਪਣੀਆਂ ਹੀ ਸਰਕਾਰਾਂ ਦੇ ਖ਼ਿਲਾਫ਼ ਅਦਾਲਤਾਂ ਵਿੱਚ ਕੇਸ ਦਰਜ ਕੀਤੇ। ਇਹ ਸਭ ਕੁਝ ਸਾਬਤ ਕਰਦਾ ਹੈ ਕਿ ਦੁਨੀਆ ਦੀਆਂ ਸਵਾਰਥੀ ਸਰਕਾਰਾਂ ਅਤੇ ਦੁਨੀਆ ਦੇ ਆਮ ਲੋਕ ਹਮੇਸ਼ਾਂ ਇੱਕੋ ਜਿਹੇ ਨਹੀਂ ਹੁੰਦੇ। ਆਮ ਮਨੁੱਖ ਦੇ ਅੰਦਰ ਅਜੇ ਵੀ ਇਨਸਾਨੀਅਤ ਜ਼ਿੰਦਾ ਹੈ।

ਹੁਣ ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ ਦੀ ਇਹ ਲੜਾਈ ਸਿਰਫ਼ ਫ਼ਲਸਤੀਨ ਦੀ ਇੱਕ ਸਥਾਨਕ ਭੂਗੋਲਿਕ ਲੜਾਈ ਨਹੀਂ ਰਹਿ ਗਈ ਹੈ। ਇਹ ਅਸਲ ਵਿੱਚ ਸਮੁੱਚੀ ਵਿਸ਼ਵ ਨੈਤਿਕਤਾ (Global Morality), ਅੰਤਰਰਾਸ਼ਟਰੀ ਕਾਨੂੰਨ ਦੀ ਹੋਂਦ, ਮੁੱਖ ਧਾਰਾ ਦੇ ਮੀਡੀਆ ਦੀ ਭੂਮਿਕਾ, ਕਾਰਪੋਰੇਟ ਜੰਗੀ ਉਦਯੋਗ ਦੇ ਨੈੱਟਵਰਕ ਅਤੇ ਸਮੁੱਚੀ ਮਨੁੱਖੀ ਜ਼ਮੀਰ ਦੀ ਸਭ ਤੋਂ ਵੱਡੀ ਅੰਤਿਮ ਕਸੌਟੀ ਬਣ ਚੁੱਕੀ ਹੈ।

ਇਹ ਬਿਨਾਂ ਕਿਸੇ ਝਿਜਕ ਦੇ ਮੰਨਣਾ ਪਵੇਗਾ ਕਿ ਗਜ਼ਾ ਖੇਤਰ ਅੱਜ ਸਿਰਫ਼ ਨਕਸ਼ੇ 'ਤੇ ਇੱਕ ਜਗ੍ਹਾ ਦਾ ਨਾਮ ਨਹੀਂ ਹੈ, ਬਲਕਿ ਇਹ ਅੱਜ ਦੀ ਦੁਨੀਆ ਦਾ ਇੱਕ ਨਿਸ਼ਛਲ ਸ਼ੀਸ਼ਾ (Mirror) ਹੈ। ਗਜ਼ਾ ਦੀ ਸਵਾਹ ਵਿੱਚ ਸਿਰਫ਼ ਫ਼ਲਸਤੀਨੀਆਂ ਦੇ ਬੇਸ਼ੁਮਾਰ ਘਰ ਨਹੀਂ ਸੜੇ, ਬਲਕਿ ਉਸ ਸਵਾਹ ਵਿੱਚ ਪੱਛਮ ਦੇ ਅੰਤਰਰਾਸ਼ਟਰੀ ਕਾਨੂੰਨ ਦੀ ਰਹੀ-ਸਹੀ ਭਰੋਸੇਯੋਗਤਾ ਵੀ ਪੂਰੀ ਤਰ੍ਹਾਂ ਸੜ ਕੇ ਕੋਲਾ ਹੋ ਚੁੱਕੀ ਹੈ। ਉੱਥੇ ਮਨੁੱਖੀ ਅਧਿਕਾਰਾਂ ਦੇ ਵੱਡੇ-ਵੱਡੇ ਦਾਅਵਿਆਂ ਦੀ ਖੋਖਲੀ ਨੈਤਿਕਤਾ ਵੀ ਸੜ ਚੁੱਕੀ ਹੈ। ਗਜ਼ਾ ਦੀ ਜੰਗ ਵਿੱਚ ਉਹ ਸਾਰੀ ਆਧੁਨਿਕ ਵਿਸ਼ਵ ਵਿਵਸਥਾ (New World Order) ਪੂਰੀ ਤਰ੍ਹਾਂ ਨੰਗੀ ਹੋ ਗਈ ਹੈ, ਜੋ ਮੰਚਾਂ ਤੋਂ "ਕਾਨੂੰਨ ਅਤੇ ਸ਼ਾਂਤੀ" ਦੀ ਗੱਲ ਤਾਂ ਬਹੁਤ ਉੱਚੀ ਆਵਾਜ਼ ਵਿੱਚ ਕਰਦੀ ਹੈ, ਪਰ ਅਰਬਾਂ ਡਾਲਰਾਂ ਦੇ ਹਥਿਆਰਾਂ ਦੇ ਵਪਾਰ ਅਤੇ ਮੁਨਾਫ਼ੇ ਅੱਗੇ ਗੋਡੇ ਟੇਕ ਕੇ ਚੁੱਪ ਹੋ ਜਾਂਦੀ ਹੈ। ਗਜ਼ਾ ਅੱਜ ਉਹ ਇਤਿਹਾਸਕ ਸ਼ੀਸ਼ਾ ਹੈ, ਜਿਸ ਵਿੱਚ ਦੁਨੀਆ ਦੀਆਂ ਸਰਕਾਰਾਂ ਜੇ ਚਾਹੁਣ ਤਾਂ ਆਪਣਾ ਅਸਲੀ ਕਰੂਰ ਅਤੇ ਦੋਹਰਾ ਚਿਹਰਾ ਸਾਫ਼ ਵੇਖ ਸਕਦੀਆਂ ਹਨ।

ਇਸਰਾਇਲ ਬਨਾਮ ਫ਼ਲਸਤੀਨ-ਗਜ਼ਾ ਦੀ ਇਸ ਜੰਗ ਨੇ ਸੰਯੁਕਤ ਰਾਸ਼ਟਰ ਪ੍ਰਣਾਲੀ (UN System) ਅਤੇ ਦੂਜੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਬਣੇ ਸਮੁੱਚੇ ਗਲੋਬਲ ਕਾਨੂੰਨੀ ਢਾਂਚੇ ਦੀਆਂ ਸੀਮਾਵਾਂ ਅਤੇ ਨਾਕਾਮੀਆਂ ਨੂੰ ਪੂਰੀ ਤਰ੍ਹਾਂ ਜਨਤਕ ਤੌਰ 'ਤੇ ਬੇਨਕਾਬ ਕਰ ਦਿੱਤਾ ਹੈ। ਸਾਲ 1945 ਤੋਂ ਬਾਅਦ ਸੰਸਾਰ ਦੇ ਆਮ ਲੋਕਾਂ ਨੂੰ ਇਹ ਯਕੀਨ ਦਿਵਾਇਆ ਗਿਆ ਸੀ ਕਿ ਹੁਣ ਦੁਨੀਆ ਵਿੱਚ "ਕਦੇ ਵੀ ਨਸਲਕੁਸ਼ੀ (Never Again) ਨਹੀਂ ਹੋਣ ਦਿੱਤੀ ਜਾਵੇਗੀ।" ਪਰ ਰਵਾਂਡਾ ਦੇਸ਼ ਵਿਚਲੀ ਭਿਆਨਕ ਨਸਲਕੁਸ਼ੀ ਤੋਂ ਲੈ ਕੇ ਬੋਸਨੀਆ ਦੀ ਨਸਲਕੁਸ਼ੀ ਅਤੇ ਹੁਣ ਗਜ਼ਾ ਦੇ ਇਸ ਮਹਾਂ-ਕਤਲੇਆਮ ਤੱਕ, ਇਤਿਹਾਸ ਨੇ ਵਾਰ-ਵਾਰ ਇਹ ਕੌੜਾ ਸੱਚ ਦਿਖਾਇਆ ਹੈ ਕਿ ਜਦੋਂ ਵੀ ਸੰਸਾਰ ਦੀਆਂ ਮਹਾਂਸ਼ਕਤੀਆਂ (Superpowers) ਦੇ ਨਿੱਜੀ ਰਣਨੀਤਕ ਅਤੇ ਆਰਥਿਕ ਹਿੱਤ ਦਾਅ 'ਤੇ ਲੱਗੇ ਹੋਣ, ਤਾਂ ਅੰਤਰਰਾਸ਼ਟਰੀ ਕਾਨੂੰਨ ਅਕਸਰ ਇੱਕ ਬੇਬਸ ਖਿਡੌਣਾ ਬਣ ਕੇ ਰਹਿ ਜਾਂਦਾ ਹੈ।

ਅਮਰੀਕਾ ਨੇ ਵਾਰ-ਵਾਰ ਆਪਣੀ ਅੰਨ੍ਹੀ ਤਾਕਤ ਦਾ ਪ੍ਰਦਰਸ਼ਨ ਕਰਦੇ ਹੋਏ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ (UN Security Council) ਵਿੱਚ ਗਜ਼ਾ ਜੰਗਬੰਦੀ ਨਾਲ ਜੁੜੇ ਹਰ ਇੱਕ ਮਹੱਤਵਪੂਰਨ ਪ੍ਰਸਤਾਵ ਉੱਤੇ ਬਿਨਾਂ ਕਿਸੇ ਸ਼ਰਮ ਦੇ ਆਪਣੀ 'ਵੀਟੋ ਪਾਵਰ' (Veto Power) ਦੀ ਵਰਤੋਂ ਕੀਤੀ ਹੈ। ਇਸ ਪੱਖਪਾਤੀ ਰੁਖ਼ ਨਾਲ ਇਹ ਵੀ ਬਿਲਕੁਲ ਸਪਸ਼ਟ ਹੋ ਗਿਆ ਕਿ ਮੌਜੂਦਾ ਵਿਸ਼ਵ ਵਿਵਸਥਾ ਵਿੱਚ ਇਨਸਾਫ਼ ਦਾ ਮਾਪਦੰਡ ਸਭ ਲਈ ਇੱਕੋ ਜਿਹਾ ਬਿਲਕੁਲ ਨਹੀਂ ਹੈ। ਕਮਜ਼ੋਰ ਅਤੇ ਗਰੀਬ ਮੁਲਕਾਂ ਉੱਤੇ ਤਾਂ ਮਾਮੂਲੀ ਗੱਲ 'ਤੇ ਵੀ ਤੁਰੰਤ ਸਖ਼ਤ ਆਰਥਿਕ ਅਤੇ ਰਾਜਨੀਤਿਕ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ, ਪਰ ਜਦੋਂ ਗੱਲ ਤਾਕਤਵਰ ਮੁਲਕਾਂ ਅਤੇ ਉਨਾਂ ਦੇ ਚਹੇਤੇ ਸਾਥੀਆਂ ਦੀ ਆਉਂਦੀ ਹੈ, ਤਾਂ ਕਾਨੂੰਨ ਦੀਆਂ ਪਰਿਭਾਸ਼ਾਵਾਂ ਅਤੇ ਵਿਆਖਿਆਵਾਂ ਰਾਤੋ-ਰਾਤ ਬਦਲ ਦਿੱਤੀਆਂ ਜਾਂਦੀਆਂ ਹਨ। ਇਸ ਕੌੜੀ ਹਕੀਕਤ ਨੇ ਅੱਜ 'ਗਲੋਬਲ ਸਾਊਥ' (Global South – ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ) ਦੇ ਕਈ ਮੁਲਕਾਂ ਅਤੇ ਉੱਥੋਂ ਦੇ ਲੋਕਾਂ ਵਿੱਚ ਇਹ ਭਾਵਨਾ ਹੋਰ ਜ਼ਿਆਦਾ ਪੱਕੀ ਅਤੇ ਮਜ਼ਬੂਤ ਕਰ ਦਿੱਤੀ ਹੈ ਕਿ ਮੌਜੂਦਾ ਅੰਤਰਰਾਸ਼ਟਰੀ ਨਿਜ਼ਾਮ ਅਸਲ ਵਿੱਚ ਨਿਆਂ ਦੇ ਉੱਚ ਅਸੂਲਾਂ ਉੱਤੇ ਨਹੀਂ, ਸਗੋਂ ਸਿਰਫ਼ ਅਤੇ ਸਿਰਫ਼ ਜਿਸਦੀ ਲਾਠੀ ਉਸਦੀ ਮੱਜ (ਤਾਕਤ ਦੇ ਸੰਤੁਲਨ) ਉੱਤੇ ਚੱਲਦਾ ਹੈ।

ਗਜ਼ਾ ਖੇਤਰ ਦੀ ਇਸ ਜੰਗ ਨੇ ਸੰਸਾਰ ਦੇ ਮੁੱਖ ਧਾਰਾ ਦੇ ਮੀਡੀਆ, ਵੱਡੇ ਬੌਧਿਕ ਵਰਗ (Intellectuals) ਅਤੇ ਜਾਣਕਾਰੀ ਦੇ ਨਿਯੰਤਰਣ (Control of Information) ਦੇ ਪਿੱਛੇ ਕੰਮ ਕਰਦੀਆਂ ਗੰਧਲੀਆਂ ਸਾਜ਼ਿਸ਼ਾਂ ਨੂੰ ਵੀ ਬਹੁਤ ਡੂੰਘਾਈ ਨਾਲ ਬੇਨਕਾਬ ਕੀਤਾ ਹੈ। ਪੱਛਮੀ ਮੀਡੀਆ ਦੇ ਇੱਕ ਬਹੁਤ ਵੱਡੇ ਅਤੇ ਪ੍ਰਭਾਵਸ਼ਾਲੀ ਹਿੱਸੇ ਨੇ ਜੰਗ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਇਸਰਾਇਲੀ ਸਰਕਾਰ ਦੀ ਪੱਖਪਾਤੀ ਬਿਆਨਬਾਜ਼ੀ ਨੂੰ ਲਗਭਗ ਬਿਨਾਂ ਕੋਈ ਸਵਾਲ ਕੀਤੇ ਅੰਨ੍ਹੇਵਾਹ ਦੁਹਰਾਇਆ। ਜਦਕਿ ਦੂਜੇ ਪਾਸੇ, ਹਜ਼ਾਰਾਂ ਫ਼ਲਸਤੀਨੀ ਨਾਗਰਿਕਾਂ ਅਤੇ ਮਾਸੂਮ ਬੱਚਿਆਂ ਦੀਆਂ ਦਰਦਨਾਕ ਮੌਤਾਂ ਨੂੰ ਅਕਸਰ "ਸਹਾਇਕ ਨੁਕਸਾਨ" (Collateral Damage) ਜਾਂ "ਸੁਰੱਖਿਆ ਕਾਰਵਾਈ" ਦੀ ਚਾਲਾਕ ਭਾਸ਼ਾ ਵਿੱਚ ਲੁਕਾ ਕੇ ਪੇਸ਼ ਕੀਤਾ ਗਿਆ।

ਪਰ ਇਸ ਦੇ ਬਾਵਜੂਦ ਅੱਜ ਦੇ ਆਧੁਨਿਕ ਸੋਸ਼ਲ ਮੀਡੀਆ ਅਤੇ ਸੁਤੰਤਰ ਨਾਗਰਿਕ ਪੱਤਰਕਾਰਿਤਾ (Citizen Journalism) ਨੇ ਮੀਡੀਆ ਦੇ ਇਸ ਇੱਕ-ਪੱਖੀ ਝੂਠੇ ਕਥਾ-ਪ੍ਰਸੰਗ (Narrative) ਨੂੰ ਬਹੁਤ ਵੱਡੀ ਚੁਣੌਤੀ ਦਿੱਤੀ। ਗਜ਼ਾ ਦੇ ਸਥਾਨਕ ਬਹਾਦਰ ਪੱਤਰਕਾਰ ਜਾਨ ਦੀ ਪਰਵਾਹ ਨਾ ਕਰਦੇ ਹੋਏ, ਬੰਬਾਂ ਦੇ ਮਲਬੇ ਅਤੇ ਲਾਸ਼ਾਂ ਦੇ ਵਿਚਕਾਰੋਂ ਸਿੱਧੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ ਰਾਹੀਂ ਦੁਨੀਆ ਤੱਕ ਭੇਜ ਰਹੇ ਸਨ। ਸਾਲ 2025 ਤੱਕ ਆਉਂਦੇ-ਆਉਂਦੇ, ਸੱਚ ਨੂੰ ਦੁਨੀਆ ਤੱਕ ਪਹੁੰਚਾਉਣ ਦੀ ਕੀਮਤ ਚੁਕਾਉਂਦੇ ਹੋਏ ਗਜ਼ਾ ਵਿੱਚ 200 ਤੋਂ ਵੱਧ ਪੱਤਰਕਾਰ ਇਸਰਾਇਲੀ ਹਮਲਿਆਂ ਵਿੱਚ ਮਾਰੇ ਜਾ ਚੁੱਕੇ ਸਨ, ਜਿਸ ਨੂੰ ਦੁਨੀਆ ਭਰ ਦੀਆਂ ਕਈ ਪ੍ਰਮੁੱਖ ਮਨੁੱਖੀ ਹੱਕ ਸੰਸਥਾਵਾਂ ਅਤੇ ਪ੍ਰੈਸ ਫੋਰਮਾਂ ਨੇ ਆਧੁਨਿਕ ਇਤਿਹਾਸ ਵਿੱਚ ਪੱਤਰਕਾਰਾਂ ਲਈ ਸਭ ਤੋਂ ਖ਼ਤਰਨਾਕ ਅਤੇ ਖ਼ੂਨੀ ਜੰਗੀ ਦੌਰ ਐਲਾਨਿਆ ਹੈ। ਮਸ਼ਹੂਰ ਅਮਰੀਕੀ ਵਿਦਵਾਨ ਐਡਵਰਡ ਐਸ. ਹਰਮਨ (Edward S. Herman) ਅਤੇ ਨੋਆਮ ਚੌਮਸਕੀ ਨੇ ਆਪਣੀ ਵਿਸ਼ਵ-ਪ੍ਰਸਿੱਧ ਇਤਿਹਾਸਕ ਕਿਤਾਬ "Manufacturing Consent: The Political Economy of the Mass Media" ਵਿੱਚ ਬਹੁਤ ਪਹਿਲਾਂ ਲਿਖਿਆ ਸੀ ਕਿ ਵੱਡਾ ਕਾਰਪੋਰੇਟ ਮੀਡੀਆ ਅਕਸਰ ਤਾਕਤਵਰ ਰਾਜਨੀਤਿਕ ਅਤੇ ਕਾਰਪੋਰੇਟ ਹਿੱਤਾਂ ਦੇ ਅਨੁਕੂਲ ਹੀ ਲੋਕਾਂ ਦੀ ਸੋਚ (ਲੋਕਧਾਰਨਾ) ਨੂੰ ਯੋਜਨਾਬੱਧ ਤਰੀਕੇ ਨਾਲ ਤਿਆਰ ਕਰਦਾ ਹੈ। ਗਜ਼ਾ ਦੀ ਜੰਗ ਵਿੱਚ ਚੌਮਸਕੀ ਦਾ ਇਹ ਪ੍ਰਸਿੱਧ ਸਿਧਾਂਤ ਇੱਕ ਵਾਰ ਫਿਰ ਅੱਖਰ-ਅੱਖਰ ਸੱਚ ਸਾਬਤ ਹੁੰਦਾ ਨਜ਼ਰ ਆਇਆ, ਜਿੱਥੇ ਜ਼ਮੀਨੀ ਜੰਗ ਦੇ ਨਾਲ-ਨਾਲ ਜਾਣਕਾਰੀ ਦੀ ਜੰਗ (Information War) ਵੀ ਬੰਬਾਂ ਅਤੇ ਮਿਸਾਇਲਾਂ ਜਿੰਨੀ ਹੀ ਅਹਿਮ ਅਤੇ ਖ਼ਤਰਨਾਕ ਬਣ ਚੁੱਕੀ ਸੀ।

ਗਜ਼ਾ ਖੇਤਰ ਦੀ ਇਸ ਲੰਮੀ ਜੰਗ ਨੇ ਭਵਿੱਖ ਵਿੱਚ ਉਭਰ ਰਹੇ ਨਵੇਂ ਵਿਸ਼ਵ ਕ੍ਰਮ (New World Order) ਦੀ ਦਿਸ਼ਾ ਅਤੇ ਦਸ਼ਾ ਬਾਰੇ ਵੀ ਦੁਨੀਆ ਭਰ ਦੇ ਚਿੰਤਕਾਂ ਅੱਗੇ ਕਈ ਡੂੰਘੇ ਅਤੇ ਚਿੰਤਾਜਨਕ ਸਵਾਲ ਖੜ੍ਹੇ ਕੀਤੇ ਹਨ। ਯੂਨਾਈਟਡ ਸਟੇਟਸ (ਅਮਰੀਕਾ), ਚੀਨ ਅਤੇ ਰੂਸ ਵਿਚਾਲੇ ਵਧ ਰਹੇ ਭੂ-ਰਾਜਨੀਤਿਕ ਟਕਰਾਅ (Geopolitical Rivalry) ਦੇ ਇਸ ਨਵੇਂ ਦੌਰ ਵਿੱਚ, ਫ਼ਲਸਤੀਨ ਇੱਕ ਵਾਰ ਫਿਰ ਸੰਸਾਰ ਦੀਆਂ ਇਨ੍ਹਾਂ ਸੁਆਰਥੀ ਮਹਾਸ਼ਕਤੀਆਂ ਦੀ ਰਣਨੀਤਕ ਸ਼ਤਰੰਜ ਦੀ ਖੇਡ ਦਾ ਇੱਕ ਮੋਹਰਾ ਅਤੇ ਖ਼ੂਨੀ ਮੈਦਾਨ ਬਣਦਾ ਦਿਖ ਰਿਹਾ ਹੈ।। ਇੱਕ ਪਾਸੇ ਜਿੱਥੇ ਅਮਰੀਕਾ ਨੇ ਅੰਨ੍ਹੇਵਾਹ ਇਸਰਾਇਲ ਦੀ ਹਰ ਤਰ੍ਹਾਂ ਦੀ ਫੌਜੀ, ਆਰਥਿਕ ਅਤੇ ਕੂਟਨੀਤਿਕ ਹਿਮਾਇਤ ਜਾਰੀ ਰੱਖੀ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਅਤੇ ਰੂਸ ਨੇ ਪੱਛਮੀ ਦੇਸ਼ਾਂ ਦੇ ਇਸ ਦੋਹਰੇ ਮਾਪਦੰਡਾਂ ਉੱਤੇ ਸੰਸਾਰ ਮੰਚਾਂ 'ਤੇ ਤਿੱਖੇ ਸਵਾਲ ਤਾਂ ਜ਼ਰੂਰ ਚੁੱਕੇ, ਪਰ ਉਹ ਖੁਦ ਵੀ ਆਪਣੀਆਂ ਸਿਆਸੀ ਹੱਦਾਂ ਕਾਰਨ ਇਸ ਭਿਆਨਕ ਜੰਗ ਨੂੰ ਰੋਕਣ ਲਈ ਕੋਈ ਠੋਸ ਜਾਂ ਨਿਰਣਾਇਕ ਗਲੋਬਲ ਢਾਂਚਾ ਖੜ੍ਹਾ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ।

ਇਸ ਜੰਗ ਨੇ ਇਹ ਪੂਰੀ ਤਰ੍ਹਾਂ ਸਾਬਤ ਕਰ ਦਿੱਤਾ ਹੈ ਕਿ ਆਉਣ ਵਾਲੇ ਦੌਰ ਦੀ ਵਿਸ਼ਵ ਰਾਜਨੀਤੀ ਵਿੱਚ "ਮਨੁੱਖੀ ਅਧਿਕਾਰ" ਅਤੇ "ਇਨਸਾਨੀਅਤ" ਵਰਗੀ ਸੁੰਦਰ ਭਾਸ਼ਾ ਦੀ ਵਰਤੋਂ ਤਾਂ ਸਿਰਫ਼ ਭਾਸ਼ਣਾਂ ਨੂੰ ਚਮਕਾਉਣ ਲਈ ਬਹੁਤ ਕੀਤੀ ਜਾਵੇਗੀ, ਪਰ ਜ਼ਮੀਨ 'ਤੇ ਅਸਲ ਫ਼ੈਸਲੇ ਸਿਰਫ਼ ਦੇਸ਼ਾਂ ਦੇ ਆਪਣੇ ਰਣਨੀਤਕ ਹਿੱਤਾਂ, ਹਥਿਆਰਾਂ ਦੇ ਅਰਬਾਂ ਡਾਲਰ ਦੇ ਬਾਜ਼ਾਰਾਂ, ਤੇਲ-ਊਰਜਾ ਦੇ ਲੰਘਣ ਵਾਲੇ ਰੂਟਾਂ ਅਤੇ ਨਵੇਂ ਭੂ-ਰਾਜਨੀਤਿਕ ਗਠਜੋੜਾਂ ਦੇ ਨਫ਼ੇ-ਨੁਕਸਾਨ ਦੇ ਆਧਾਰ 'ਤੇ ਹੀ ਲਏ ਜਾਣਗੇ। ਇਸ ਇਤਿਹਾਸਕ ਅਰਥ ਵਿੱਚ, ਗਜ਼ਾ ਸਿਰਫ਼ ਇੱਕ ਆਮ ਖੇਤਰੀ ਜੰਗ ਨਹੀਂ ਹੈ, ਸਗੋਂ ਇਹ ਇੱਕ ਅਜਿਹੀ ਭਿਆਨਕ ਇਤਿਹਾਸਕ ਪ੍ਰਯੋਗਸ਼ਾਲਾ (Historical Laboratory) ਬਣ ਗਿਆ ਹੈ, ਜਿੱਥੇ ਇੱਕਵੀਹੀਂ ਸਦੀ ਦੇ ਬੇਰਹਿਮ ਨਵੇਂ ਵਿਸ਼ਵ ਨਿਜ਼ਾਮ ਦੀਆਂ ਕਰੂਰ ਹਕੀਕਤਾਂ ਪੂਰੀ ਤਰ੍ਹਾਂ ਖੁੱਲ੍ਹ ਕੇ ਦੁਨੀਆ ਦੇ ਸਾਹਮਣੇ ਆਈਆਂ ਹਨ।

ਸਭ ਤੋਂ ਵੱਡਾ ਅਤੇ ਬੁਨਿਆਦੀ ਸਵਾਲ ਸਿਰਫ਼ ਇਹ ਨਹੀਂ ਹੈ ਕਿ ਇਸਰਾਇਲ ਨੇ ਗਜ਼ਾ ਖੇਤਰ ਵਿੱਚ ਕੀ-ਕੀ ਅਣਮਨੁੱਖੀ ਕਾਰੇ ਕੀਤੇ ਹਨ। ਅਸਲ ਸਵਾਲ ਇਹ ਵੀ ਹੈ ਕਿ ਇਸ ਸੰਸਾਰ ਦੀ ਵਿਵਸਥਾ ਵਿੱਚ ਕਿਸ-ਕਿਸ ਨੇ ਪਰਦੇ ਦੇ ਪਿੱਛੇ ਰਹਿ ਕੇ ਉਸ ਨੂੰ ਇਹ ਸਭ ਕੁਝ ਕਰਨ ਦੀ ਖੁੱਲ੍ਹ ਦਿੱਤੀ? ਕਿਸਨੇ ਉਸ ਨੂੰ ਮਾਸੂਮਾਂ ਨੂੰ ਮਾਰਨ ਲਈ ਆਧੁਨਿਕ ਹਥਿਆਰ ਦਿੱਤੇ? ਕਿਸਨੇ ਉਸ ਨੂੰ ਅੰਤਰਰਾਸ਼ਟਰੀ ਨਿਯਮਾਂ ਨੂੰ ਤੋੜਨ ਦੇ ਅਧਿਕਾਰ ਦਿੱਤੇ? ਕਿਸਨੇ ਉਸ ਦੇ ਅੰਦਰਖਾਤੇ ਬਣੇ ਵਪਾਰਕ ਅਤੇ ਰਾਜਨੀਤਿਕ ਹਮਾਇਤੀਆਂ ਨੂੰ ਇੱਕ ਖੂੰਖਾਰ ਅਤੇ ਗੁਨਾਹਗਾਰ ਚੁੱਪ ਦਿੱਤੀ? ਅਤੇ ਕਿਸਨੇ ਬੜੀ ਚਾਲਾਕੀ ਨਾਲ ਦੁਨੀਆ ਨੂੰ ਨੈਤਿਕਤਾ, ਵਿਸ਼ਵ ਭਲਾਈ, ਲੋਕਤੰਤਰ, 'ਸਾਰਾ ਸੰਸਾਰ ਇੱਕ ਪਰਿਵਾਰ ਹੈ', ਦਹਿਸ਼ਤਗਰਦੀ ਦਾ ਖ਼ਾਤਮਾ ਅਤੇ ਭਲੇਮਾਨਸੀ ਦਾ ਪਾਠ ਉੱਚੀ-ਉੱਚੀ ਪੜ੍ਹਾਉਣ ਦੀ ਪਖੰਡੀ ਚਾਲਾਕੀ ਦਿੱਤੀ? ਅਤੇ ਕਿਸਨੇ ਮਨੁੱਖਤਾ ਦੇ ਨਾਮ 'ਤੇ ਸਿਰਫ਼ ਕਾਗਜ਼ੀ ਬਿਆਨ ਜਾਰੀ ਕਰਕੇ ਆਪਣੇ ਫ਼ਰਜ਼ਾਂ ਤੋਂ ਪੱਲਾ ਝਾੜ ਲਿਆ?

ਸਵਾਲ ਬਹੁਤ ਹਨ ਅਤੇ ਬੇਹੱਦ ਗੰਭੀਰ ਵੀ ਹਨ, ਪਰ ਅੱਜ ਦੀ ਇਸ ਪੂੰਜੀਵਾਦੀ ਅਤੇ ਤਾਕਤ-ਪ੍ਰਸਤ ਦੁਨੀਆ ਦਾ ਸਭ ਤੋਂ ਵੱਡਾ ਕੌੜਾ ਸੱਚ ਇਹੀ ਹੈ ਕਿ ਇੱਥੇ ਅਮੀਰ ਅਤੇ ਸ਼ਕਤੀਸ਼ਾਲੀ ਸਦਾ ਸਹੀ ਕਿਉਂ ਹੁੰਦਾ ਹੈ? ਜਿਵੇਂ ਸਾਡੇ ਬਜ਼ੁਰਗ ਕਹਿੰਦੇ ਆਏ ਹਨ ਕਿ ਜਿਸ ਦੇ ਘਰ ਦਾਣੇ ਹੁੰਦੇ ਹਨ, ਉਸ ਦੇ ਕਮਲੇ (ਝੱਲੇ) ਵੀ ਦੁਨੀਆ ਨੂੰ ਸਿਆਣੇ ਕਿਉਂ ਲੱਗਦੇ ਹਨ? ਠੀਕ ਇਦਾਂ ਹੀ ਅਮਰੀਕਾ ਦਿ ਇਸਰਾਇਲ ਸਭ ਨੂੰ 100% ਸਹੀ ਲੱਗ ਰਿਹਾ ਹੈ ਅਤੇ ਦੂਜੇ ਪਾਸੇ ਫ਼ਲਸਤੀਨ ਦੇ ਮਰਦੇ ਬਾਲਕ ਗਾਜਰ ਮੂਲੀ ਲੱਗ ਰਹੇ ਹਨ। ਗਜ਼ਾ ਦੀ ਜੰਗ ਨੇ ਇਸ ਲੋਕ-ਸਿਆਣਪ ਦੇ ਪਿੱਛੇ ਲੁਕੇ ਸੰਸਾਰ ਰਾਜਨੀਤੀ ਦੇ ਸਭ ਤੋਂ ਕਰੂਰ ਸੱਚ ਨੂੰ ਸਾਡੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ।

gurpreetnews@gmail.com

# ਪੰਜਾਬ ਦੀ ਕਿਸਾਨੀ ਦੀ ਤਰਾਸਦੀ



ਗੁਰਮੇਲ ਸਿੰਘ ਬੌਡੇ

ਪੰਜਾਬ ਸਮੁੱਚੇ ਦੇਸ਼ ਦਾ ਅੰਨ ਭੰਡਾਰ ਹੈ। ਜਿਸਦੀ ਧਰਤੀ ਦੀ ਉੱਪਰਲੀ ਤਿੰਨ ਫੁੱਟ ਮਿੱਟੀ ਜੋ ਕਿ ਹਜ਼ਾਰਾਂ ਸਾਲਾਂ ਦੌਰਾਨ ਦਰਿਆਵਾਂ ਦੀ ਵਿਛਾਈ ਉਪਜਾਊ ਪਰਤ ਦੀ ਬਦੌਲਤ ਹੈ। ਹਕੀਕਤ ਤਾਂ ਇਹ ਹੈ ਕਿ ਜੈਵਿਕ ਖਾਦ ਅਤੇ ਪਸ਼ੂਆਂ ਦੇ ਗੋਬਰ ਦੀ ਖਾਦ ਤੋਂ ਬਿਨਾਂ ਕਿਸੇ ਵੀ ਮਨਸੂਈ ਖਾਦਾਂ ਅਤੇ ਕੀੜੇ ਮਾਰ ਅਤੇ ਨਦੀਨ ਨਾਸ਼ਕਾਂ ਦੀ ਕੋਈ ਵੀ ਲੋੜ ਨਹੀਂ ਸੀ। ਪਰ ਅਸੀਂ ਇਹ ਕੁਦਰਤੀ ਪਰਤ ਤੋੜ ਕੇ ਇਸ ਉਪਰ ਮਨਸੂਈ ਖਾਦਾਂ ਦੀ ਪਰਤ ਵਿਛਾ ਦਿੱਤੀ ਹੈ। ਇਹ ਸਾਮਰਾਜੀ ਮੁਲਕਾਂ ਵੱਲੋਂ ਇਸ ਧਰਤ ਦੇ ਲੋਕਾਂ ਨੂੰ ਲਾਲਚ ਦੇ ਕੇ ਲੁੱਟਣ ਦਾ ਖੁਫ਼ੀਆਂ ਮਨੋਰਥ ਸੀ। ਖੇਤੀਬਾੜੀ ਯੂਨੀਵਰਸਿਟੀਆਂ ਦੀ ਸਥਾਪਨਾ ਪਿੱਛੇ ਏਹੀ ਨੀਤੀ ਕੰਮ ਕਰ ਰਹੀ ਹੈ। ਦਰਅਸਲ ਇਹ ਯੂਨੀਵਰਸਿਟੀਆਂ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸਾਧਨਾਂ ਧਰਤੀ ਪਾਣੀ ਅਤੇ ਉਪਜਾਊ ਸ਼ਕਤੀ ਨਾਲ ਛੇੜ ਛਾੜ ਕਰਕੇ ਉਨ੍ਹਾ ਦੀਆਂ ਸਾਮਰਾਜਵਾਦੀ ਨੀਤੀਆਂ ਦੀਆਂ ਪ੍ਰਯੋਗਸ਼ਾਲਾਵਾਂ ਸਿੱਧ ਹੋਈਆਂ ਹਨ। ਹਰੇ ਇਨਕਲਾਬ ਦਾ ਛੁਣਛਣਾ ਸਾਨੂੰ ਤਬਾਹੀ ਦੀ ਕਗਾਰ ਤੇ ਲੈ ਆਇਆ ਹੈ ਅਤੇ ਸਥਿਤੀ ਅੱਗੇ ਖੂਹ ਅਤੇ ਪਿੱਛੇ ਖਾਤਾ ਵਾਲੀ ਸਥਿਤੀ ਹੈ। ਅੱਜ ਸਭ ਤੋਂ ਵੱਧ ਗੰਭੀਰ ਸਥਿਤੀ ਪਾਣੀ ਦੀ ਹੈ। ਕਿਸੇ ਸਮੇਂ ਪੰਜਾਬ ਦੀ ਵਿਰਾਸਤ ਵਿੱਚ ਦੁੱਧ ਵੇਚਣਾ ਵੀ ਪੁੱਤ ਵੇਚਣ ਦੇ ਸਮਾਨ ਸੀ। ਵਰਤਮਾਨ ਸਮੇਂ ਪਾਣੀ ਵੀ ਸ਼ਰੇਆਮ ਵਿਕ ਰਿਹਾ ਹੈ। ਕ੍ਰਿਕਟ ਦੇ ਖਿਡਾਰੀ ਸੱਤ ਸੌ ਰੁਪਏ ਦੀ ਬੋਤਲ ਦਾ ਪਾਣੀ ਅਤੇ ਸਤਾ ਤੇ ਕਾਬਜ ਸਿਆਸਤਦਾਨ ਬਾਰ੍ਹਾਂ ਸੌ ਵਾਲੀ ਬੋਤਲ ਦਾ ਪਾਣੀ ਪੀ ਰਹੇ ਹਨ ਅਤੇ ਉਨ੍ਹਾਂ ਲੋਕਾਂ ਦੇ ਮੁਕਾਬਲੇ ਸਾਡੀ ਦਸ ਰੁਪਏ ਦੀ ਬੋਤਲ ਜਾਂ ਘਰਾਂ ਵਿੱਚ ਲੱਗੇ ਆਰ ਓ ਦਾ ਪਾਣੀ ਛੱਪੜ ਦੇ ਪਾਣੀ ਜਿੰਨੀ ਅਹਿਮੀਅਤ ਰੱਖਦਾ ਹੈ। ਕਿਉਂਕਿ ਕਿ ਮਨਸੂਈ ਖਾਦਾਂ ਅਤੇ ਕੀਟਨਾਸ਼ਕ ਅਤੇ ਨਦੀਨ ਨਾਸ਼ਕਾਂ ਨੇ ਧਰਤੀ ਹੇਠਲੇ ਪਾਣੀ ਦੀ ਸ਼ੁੱਧਤਾ ਖਤਮ ਕਰ ਦਿੱਤੀ ਹੈ। ਫ਼ਸਲਾਂ ਲਈ ਨਹਿਰੀ ਪਾਣੀ ਦੇਸੀ ਘਿਓ ਵਾਂਗ ਸੀ। ਜਦੋਂ ਦੀ ਪੰਜਾਬ ਵੰਡ ਹੋਈ ਹੈ ਉਸ ਸਮੇਂ ਤੋਂ ਰਿਪੇਰੀਅਨ ਕਾਨੂੰਨ ਦੇ ਉਲਟ ਪੰਜਾਬ ਦਾ ਆਪਣੇ ਹੀ ਨਹਿਰੀ ਪਾਣੀਆਂ ਅਤੇ ਭਾਖੜੇ ਦੀ ਬਿਜਲੀ ਤੇ ਕੋਈ ਵੀ ਹੱਕ ਨਹੀਂ। ਪੰਜਾਬ ਦੇ ਸ਼ਾਸ਼ਕ ਪਤਾ ਨਹੀਂ ਕਿਉਂ ਕਿਹੜੀ ਸਾਢੇ ਤਿੰਨ ਫੁੱਟ ਜ਼ਹਿਰੀਲੀ ਮਿੱਟੀ ਤੇ ਪੰਜਾਬ ਦੀ ਖੁਸ਼ਹਾਲੀ ਦੀਆਂ ਡੀਂਗਾ ਮਾਰ ਰਹੇ ਹਨ। ਇੱਕ ਪਿੰਡ ਦੀ ਸਹਿਕਾਰੀ ਖੇਤੀ ਨੂੰ ਪੰਜ ਟਰੈਕਟਰ ਪੰਜ ਟਿਊਬਲ ਸੂਏ ਕੱਸੀਆਂ ਸਾਂਭ ਸਕਦੇ ਹਨ। ਜੇ ਪੁਰਖਿਆਂ ਦੇ ਚਾਰ ਪੰਜ ਖੂਹ ਪਾਣੀ ਨਾਲ ਤੇ ਪੰਦਰ੍ਹਾਂ ਬਲਦ ਤੇ ਗੱਡੇ ਸਵਸਥ ਖੁਰਾਕ ਤੇ ਸੰਤੁਸ਼ਟੀ ਦੇ ਸਕਦੇ ਸਨ ਤਾਂ ਹੁਣ ਪੰਜ ਟਿਊਬਲ ਤੇ ਟਰੈਕਟਰ ਕਿਉਂ ਨਹੀਂ। ਅੱਜ ਪੰਜਾਬ ਵਿੱਚ ਸੱਤਰ ਲੱਖ ਟਿਊਬਲ ਪੰਜ ਲੱਖ ਟਰੈਕਟਰ ਤੇ ਬੇਲੋੜੀ ਮਸ਼ੀਨਰੀ ਨੇ ਕਿਸਾਨਾਂ ਨੂੰ ਕਰਜ਼ਾਈ ਅਤੇ ਖੁਦਕੁਸ਼ੀਆਂ ਦੀ ਕਗਾਰ ਤੇ ਖੜਾ ਕਰ ਦਿੱਤਾ ਹੈ। ਖੇਤੀ ਦੇ ਸੰਦ, ਮਨਸੂਈ ਖਾਦਾਂ, ਕੀੜੇ ਮਾਰ, ਨਦੀਨ ਨਾਸ਼ਕਾਂ ਨੂੰ ਬਣਾਉਣ ਤੇ ਵੇਚਣ ਵਾਲੀਆਂ ਕੰਪਨੀਆਂ ਨੇ ਖਰਬਾਂ ਰੁਪਏ ਕਮਾ ਲਏ ਹਨ। ਇਹ ਹੈ ਸਾਮਰਾਜਵਾਦ ਦੀ ਕਟਾਰ ਜੋ ਕਿ ਕਿਸਾਨੀ ਦੀ ਘੰਡੀ ਤੇ ਹੈ। ਉਨ੍ਹਾਂ ਦਾ ਦੂਸਰਾ ਕਦਮ ਸੀ ਪੰਜਾਬ ਦੀ ਦੇਸੀ ਅਤੇ ਰਵਾਇਤੀ ਬੀਜ ਅਤੇ ਦਰਖਤ ਖਤਮ ਕਰਕੇ ਹਾਈਬ੍ਰਿਡ ਬੀਜ, ਸਫੈਦਾ, ਪੋਪਲਰ ਜੋ ਕਿ ਪੰਜਾਬ ਦੇ ਦਰਖਤ ਹੀ ਨਹੀਂ ਹਨ ਅਤੇ ਪਾਣੀ ਵੱਧ ਡਕਾਰਦੇ ਹਨ ਨੂੰ ਲਿਆਉਣਾ ਜਿਵੇਂ ਕਿ ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਹੈ ਜਿਸਨੇ ਕਪਾਹ, ਨਰਮੇਂ, ਮੱਕੀ, ਬਾਜਰਾ ਖਤਮ ਕਰਕੇ ਆਪਣਾ ਸਾਮਰਾਜ ਇਸ ਧਰਤੀ ਤੇ ਸਥਾਪਿਤ ਕਰ ਲਿਆ ਹੈ। ਇਨਕਲਾਬ ਦਾ ਤਾਂ ਇੱਕੋ ਲਾਲ ਰੰਗ ਹੁੰਦਾ ਹੈ ਅਤੇ ਹਕੂਮਤਾਂ ਨੇ ਹਰੇ ਚਿੱਟੇ ਨੀਲੇ ਇਨਕਲਾਬ ਤੇ ਨਚਾ ਕੇ ਅਸਲੀ ਇਨਕਲਾਬ ਹਾਸ਼ੀਏ ਧੱਕ ਕੇ ਕਿਸਾਨ ਨੂੰ ਸੂਝਵਾਨ ਬਣਾਉਣ ਦੀ ਥਾਂ ਬੇਈਮਾਨੀ ਵੱਲ ਧੱਕ ਦਿੱਤਾ ਹੈ। ਸਬਜ਼ੀਆਂ, ਫ਼ਲਾਂ ਅਤੇ ਹੋਰ ਫ਼ਸਲਾਂ ਤੇ ਜ਼ਹਿਰਾਂ ਨਾਲ ਮੁਨਾਫ਼ਾ ਬੇਈਮਾਨੀ ਨਹੀਂ ਤਾਂ ਹੋਰ ਕੀ ਹੈ? ਇਸ ਨਾਲ ਪੈਦਾ ਹੁੰਦੀਆਂ ਭਿਆਨਕ ਬੀਮਾਰੀਆਂ ਤੇ ਦਵਾਈਆਂ ਵਾਲੀਆਂ ਕੰਪਨੀਆਂ ਜੋ ਵਿਦੇਸ਼ੀ ਧਨਾਢਾਂ ਦੀਆਂ ਹਨ ਦੇ ਅਧਾਰਿਤ ਬਣੇ ਦਿਲ, ਗੁਰਦੇ, ਕੈਂਸਰ ਅਤੇ ਸਾਹ ਪ੍ਰਣਾਲੀਆਂ ਦੇ ਹਸਪਤਾਲ ਪੈਰ ਪੈਰ ਤੇ ਕਿਸਾਨ ਦਾ ਲਹੂ ਚੂਸਦੀਆਂ ਹਨ ਅਤੇ ਉਨ੍ਹਾਂ ਦਾ ਮੁਨਾਫ਼ੇ ਲਈ ਬੇਈਮਾਨੀ ਅਤੇ ਸਿਹਤ ਨਾਲ ਕੀਤੀ ਖਿਲਵਾੜ ਦਾ ਪੈਸਾ ਏਧਰ ਚਲਾ ਜਾਂਦਾ ਹੈ। ਅੱਜ ਪੰਜਾਬ ਦਾ ਹਰੇਕ ਦੂਸਰਾ ਬੰਦਾ ਕਿਸੇ ਬੀਮਾਰੀ ਤੋਂ ਪੀੜਿਤ ਹੈ। ਹਰ ਤੀਸਰਾ ਚੌਥਾ ਨੌਜਵਾਨ ਨਸ਼ੇ ਤੋਂ ਪੀੜਿਤ ਹੈ ਜੋ ਕਿ ਸਰਕਾਰੀ ਸਰਪ੍ਰਸਤੀ ਰਾਹੀਂ ਕਾਨੂੰਨ ਦੇ ਰਾਖਿਆਂ ਦੇ ਦਫ਼ਤਰਾਂ ਵਿੱਚ ਮੁਨਾਫ਼ੇ ਦਾ ਇੱਕ ਜ਼ਰੀਆ ਹੈ। ਏ ?ਨਾ ਰਾਖਿਆਂ ਉੱਤੇ ਉਪਰਲੇ ਹਾਕਮਾਂ ਦਾ ਦਬਾਓ ਹੈ ਕਿ ਇਹ ਵੇਚ ਕੇ ਸਾਨੂੰ ਵੀ ਖੁਆਓ ਅਤੇ ਆਪ ਵੀ ਖਾਓ। ਇਹ ਪੰਜਾਬ ਦੇ ਪਿੰਡਾਂ ਵਿੱਚ ਅਲਾਮਤ ਹੈ ਮਾਪੇ ਬੱਚਿਆਂ ਨੂੰ ਬਚਾਉਣ ਲਈ ਆਪਣੇ ਹੱਥੀਂ ਆਪ ਜਲਾਵਤਨ ਕਰ ਰਹੇ ਹਨ ਅਤੇ ਉੱਥੇ ਵੀ ਸਭ ਖੈਰ ਨਹੀਂ ਹੈ। ਅਜਿਹੀਆਂ ਹਾਲਤਾਂ ਵਿੱਚ ਕਿਸਾਨ ਇੱਕ ਨਹੀਂ ਸਗੋਂ ਅਨੇਕਾਂ ਦੁਸਮਣਾਂ ਦੇ ਘਰੇ ਵਿੱਚ ਹੈ। ਪਹਿਲਾਂ ਖੇਤੀ ਸੰਦਾ ਤੇ ਖਰਚਾ, ਦੂਸਰਾ ਬੱਚਿਆਂ ਨੂੰ ਜਲਾਵਤਨ ਕਰਨ ਲਈ ਜ਼ਮੀਨ ਵੇਚਣ ਦਾ ਰੁਝਾਨ, ਫ਼ੇਰ ਬਹੁਕੌਮੀ ਕੰਪਨੀਆਂ ਵੱਲੋਂ ਆਪਣੇ ਮੁਨਾਫਿਆਂ ਦੀ ਪੂਰਤੀ ਲਈ ਜ਼ਬਰਦਸਤੀ ਜ਼ਮੀਨਾਂ ਹਥਿਆ ਕੇ ਕੰਕਰੀਟਾਂ ਦੇ ਵਪਾਰ ਲਈ ਸ਼ਾਹ ਮਾਰਗ ਬਣਾਉਣੇ ਦਰਖਤਾਂ ਦਾ ਉਜਾੜਾ, ਔੜ, ਧਰਤੀ ਦਾ ਪਾਣੀ ਥੱਲੇ ਜਾਣਾ ਅਤੇ ਝੋਨਾ ਲਗਾਉਣ ਤੋਂ ਪਹਿਲਾਂ ਹੋਰ ਪਾਈਪਾਂ ਪਾ ਕੇ ਖੁਆਜੇ ਦੇ ਸਿਰ ਨੂੰ ਹੱਥ ਲਗਾਉਣ ਵੱਲ ਵਧ ਰਹੇ ਹਾਂ। ਨੌਜਵਾਨਾਂ ਵਿੱਚ ਮਸ਼ੀਨਰੀ ਨਾਲ ਹੱਥੀਂ ਕਿਰਤ ਕਰਨ ਦੇ ਰੁਝੇਵੇਂ ਦੀ ਥਾਂ ਮੋਬਾਈਲਾਂ ਮੋਟਰਸਾਈਕਲਾਂ, ਕਾਰਾਂ ਅਤੇ ਬਰਾਂਡਿਡ ਕੱਪੜਿਆਂ ਨੇ ਲੈ ਲਈ ਹੈ ਪੰਜਾਬ ਦੇ ਹਰ ਕਿਸਾਨ ਦੇ ਘਰ ਦੋ ਚਾਰ ਮੱਝਾਂ ਤਾਂ ਨਹੀਂ ਹਨ ਪਰ ਮੋਬਾਇਲ ਜ਼ਰੂਰ ਹਨ ਜਿੰਨਾ ਚਾਰਜ ਕਰਵਾਉਣਾ ਪੈਂਦਾ ਹੈ ਅਤੇ ਇਹ ਮੁਨਾਫ਼ਾ ਮੋਬਾਇਲ ਕੰਪਨੀਆਂ ਅਤੇ ਅਡਾਨੀ ਦੀਆਂ Jio ਵਰਗੀਆਂ ਹੋਰ ਕੰਪਨੀਆਂ ਵੀ ਓਨੀ ਹੀ ਲੁੱਟ ਕਰਦੀਆਂ ਹਨ। ਸੰਸਾਰ ਦੇ ਲੋਕਾਂ ਲਈ ਸਾਲ 365 ਦਿਨਾਂ ਦਾ ਹੁੰਦਾ ਹੈ। ਮੋਬਾਇਲ ਕੰਪਨੀਆਂ ਦਾ ਸਾਲ 336 ਦਿਨ ਦਾ ਤਿੰਨ ਮਹੀਨੇ ਚੁਰਾਸੀ ਦਿਨਾਂ ਦੇ ਅਤੇ ਸਾਲ ਦੇ ਸਾਰੇ ਮਹੀਨੇ ਫਰਵਰੀ ਵਾਂਗ ਅਠਾਈ ਦਿਨ ਦੇ ਹੁੰਦੇ ਹਨ। ਜਿੰਨਾ ਰਾਹੀਂ ਅਸੀਂ ਆਪਣੀ ਕਿਰਤ ਨੂੰ ਲੁਟਾ ਕੇ ਉਨ੍ਹਾਂ ਨੂੰ ਹੋਰ ਅਮੀਰ ਕਰ ਰਹੇ ਹਾਂ। ਪੰਜਾਬ ਅਤੇ ਬਾਹਰਲੇ ਸੂਬਿਆਂ ਵਿੱਚੋਂ ਪਰਵਾਸੀਆਂ ਤੇ ਏਥੋਂ ਏਨਾ ਨੂੰ ਕੱਢੋ ਦਾ ਫਿਰਕੂ ਸਾਇਰਨ ਵਜਾ ਰਹੇ ਹਾਂ ਜਦੋਂ ਜਦੋਂ ਇਹ ਸਾਇਰਨ ਟਰੰਪ ਵਜਾ ਕੇ ਪੁੱਠੀਆਂ ਹੱਥ ਕੜੀਆਂ ਅਤੇ ਬੇੜੀਆਂ ਲਗਾ ਕੇ ਏਥੇ ਜਹਾਜ਼ ਭਰ ਕੇ ਉਤਾਰਦਾ ਹੈ ਤਾਂ ਫ਼ੇਰ ਸਾਨੂੰ ਬੈਅ ਅਤੇ ਗਹਿਣੇ ਧਰੀਆਂ ਜ਼ਮੀਨਾਂ ਅਤੇ ਕਰਜ਼ੇ ਰਾਤਾਂ ਦੀ ਨੀਂਦ ਹਰਾਮ ਕਰਦੇ ਹਨ। ਕਿਸਾਨਾਂ ਦੇ ਬੱਚਿਆਂ ਨੇ ਹੱਥੀਂ ਕੰਮ ਹੀ ਨਹੀਂ ਕਰਨਾ ਫ਼ੇਰ ਤੁਹਾਡੇ ਕੰਮ ਕਰਨ ਲਈ ਕੋਈ ਆਵੇਗਾ ਅਤੇ ਜੋ ਕੰਮ ਕਰੇਗਾ ਉਹ ਖਾਏਗਾ ਵਿਹਲੜ ਪੁੱਤਰ ਪਰਿਵਾਰ ਦੀ ਆਰਥਿਕਤਾ ਤੇ ਬੋਝ ਬਣਨਗੇ ਕਰਜ਼ਾ, ਕਲੇਸ਼ ਅਤੇ ਖੁਦਕੁਸ਼ੀਆਂ ਫ਼ੇਰ ਇਸਦਾ ਅਧਾਰ ਬਣਦੀਆਂ ਹਨ। ਪੰਜਾਬ ਵਿੱਚ ਪ੍ਰਵਾਸੀ ਜੁੱਤੀ ਪਾਲਣ ਤੋਂ ਲੈ ਕੇ ਮੂੰਗਫਲੀ, ਗੱਚਕ, ਫ਼ਲਾਂ ਦੀਆਂ ਰੇਹੜੀਆਂ, ਸ਼ਹਿਰਾਂ ਵਿੱਚ ਆਟੋ ਚਲਾ ਰਹੇ ਹਨ ਅਤੇ ਫੈਕਟਰੀਆਂ ਵਿੱਚ ਵੀ ਕੰਮ ਰਹੇ ਹਨ ਅਤੇ ਜੋ ਕੰਮ ਕਰਨਗੇ ਉਹ ਸਥਾਈ ਨਿਵਾਸੀਆਂ ਦੀ ਧੌਂਸ ਨਹੀਂ ਝੱਲਣਗੇ ਇਤਿਹਾਸ ਗਵਾਹ ਹੈ ਕਿ ਯੋਰਪ ਵਿੱਚ ਰੈੱਡ ਇੰਡੀਅਨ ਨਾਲ ਅਤੇ ਭਾਰਤ ਵਿੱਚ ਦਰਾਵੜਾਂ ਨਾਲ ਕੀ ਹੋਇਆ ਉਸੇ ਚਰਮ ਸੀਮਾ ਤੇ ਪੰਜਾਬ ਦੀ ਕਿਸਾਨੀ, ਜੁਆਨੀ ਤੇ ਪੱਲੇ ਨਹੀਂ ਦੁਆਨੀ ਨੇ ਲੁੱਟਾਂ, ਖੋਹਾਂ, ਚੈਨੀਆਂ, ਪਰਸ ਤੇ ਮੋਬਾਇਲ ਖੋਹਣੇ ਇੱਕ ਨਵੀਂ ਬੁਰਾਈ ਬਣ ਕੇ ਉੱਭਰਿਆ ਹੈ ਜੋ ਕਿ ਤੀਹ ਚਾਲੀ ਸਾਲ ਪਹਿਲਾਂ ਕੋਈ ਜਾਣਦਾ ਵੀ ਨਹੀਂ ਸੀ। ਇਸ ਸਾਰੇ ਰੁਝਾਨ ਦਾ ਸ਼ਿਕਾਰ ਕਿਸਾਨੀ ਵੀ ਹੈ। ਕੀ ਅਸੀਂ ਰਾਤ ਦੀ ਬੇਹੀ ਰੋਟੀ ਖਾ ਸਕਦੇ ਹਾਂ? ਅੱਗੇ ਪਸ਼ੂਆਂ ਨੂੰ ਵੀ ਹਰ ਰੋਜ਼ ਤਾਜ਼ੇ ਪੱਠੇ ਮਿਲਦੇ ਸਨ ਅਤੇ ਹੁਣ ਉਨ੍ਹਾਂ ਨੂੰ ਮੱਕੀ ਦਾ ਅਚਾਰ ਖੁਆਇਆ ਜਾਂਦਾ ਹੈ ਜਿਸ ਥਾਂ ਬਦਬੂ ਕਾਰਨ ਖੜਿਆ ਵੀ ਨਹੀਂ ਜਾਂਦਾ ਅਤੇ ਦੁੱਧ ਵਿੱਚੋਂ ਬਦਬੂ ਮਾਰਦੀ ਹੈ ਜਿਸਨੂੰ ਕਿ ਡੇਅਰੀਆਂ ਨਹੀਂ ਲੈ ਰਹੀਆਂ ਇੰਝ ਚਿੱਟਾ ਇਨਕਲਾਬ




ਆਪਣੀ ਮੌਤ ਆਪ ਮਰ ਗਿਆ ਹੈ। ਕਿਸਾਨਾਂ ਦੀ ਤ ?ਸਦੀ ਦਾ ਅਗਲਾ ਕਾਰਨ ਝੋਨੇ ਅਤੇ ਕਣਕ ਦੀ ਫ਼ਸਲ ਤੋਂ ਬਿਨਾਂ ਹੋਰ ਕਿਸੇ ਫ਼ਸਲ ਤੇ ਐਮ ਐਸ ਪੀ ਨਾਂ ਹੋਣਾ ਅਤੇ ਏ ?ਨਾ ਫ਼ਸਲਾਂ ਤੇ ਵੀ ਖਰੀਦਦਾਰਾਂ ਦੇ ਸੌ ਸੌ ਨਖਰੇ ਦਸ ਦਿਨ ਮੰਡੀਆਂ ਵਿੱਚ ਖੁਆਰ ਕਰਦੇ ਹਨ ਅਤੇ ਇਸ ਫ਼ਸਲੀ ਚੱਕਰ ਕਾਰਨ ਫ਼ਸਲਾਂ ਦਾ ਉਤਪਾਦਨ ਘਟ ਰਿਹਾ ਹੈ ਅਤੇ ਇੰਝ ਹਰਾ ਇਨਕਲਾਬ ਵੀ ਵੈਂਟੀਲੇਟਰ ਤੇ ਹੈ। ਭਾਵੇਂ ਕਿ ਕਪਾਹ, ਨਰਮਾਂ, ਮੂੰਗਫਲੀ, ਮਿਰਚਾਂ, ਸਰ੍ਹੋਂ, ਸੂਰਜ ਮੁੱਖੀ ਤੇ ਐਮ ਐਸ ਪੀ ਦੇ ਐਲਾਨ ਤਾਂ ਹੁੰਦੇ ਹਨ ਪਰ ਅਮਲ ਨਹੀਂ। ਸ਼ਿਮਲਾ ਮਿਰਚਾਂ, ਗੋਭੀ, ਆਲੂ ਪਿਆਜ਼, ਲਸਣ ਤੇ ਕੇਹੜੀ ਐਮ ਐਸ ਪੀ ਹੈ। ਮੰਡੀਆਂ ਵਿੱਚ ਦਲਾਲ ਕਿਸਾਨ ਤੋਂ ਪੰਜ ਦਸ ਰੁਪਏ ਤੇ ਖਰੀਦ ਕੇ ਪਰਚੂਨ ਵਾਲਿਆਂ ਪੰਦਰ੍ਹਾਂ ਵੀਹ ਰੁਪਏ ਵੇਚ ਕੇ ਕਿਸਾਨ ਨਾਲੋਂ ਵੱਧ ਕਮਾ ਲੈਂਦੇ ਹਨ ਅਤੇ ਖਪਤਕਾਰ ਕੋਲ ਇਹ ਸਬਜ਼ੀਆਂ ਪੰਜਾਹ ਤੋਂ ਸੌ ਰੁਪਏ ਕਿਲੋ ਤੱਕ ਮਿਲਦੇ ਹਨ ਜੇ ਇਸਤੋਂ ਅੱਧਾ ਮੁਨਾਫ਼ਾ ਕਿਸਾਨ ਨੂੰ ਮਿਲੇ ਤਾਂ ਕਿਸਾਨ ਕਰਜ਼ਾਈ ਹੋ ਹੀ ਨਹੀਂ ਸਕਦਾ। ਕਿਸਾਨ ਦੀ ਅਗਲੀ ਤ੍ਰਾਸਦੀ ਇਹ ਹੈ ਕਿ ਕੁਦਰਤੀ ਆਫ਼ਤਾਂ ਸਮੇਂ ਸਰਕਾਰਾਂ ਡਰਾਮੇ ਜਰੂਰ ਕਰਦੀਆਂ ਹਨ ਪਰ ਬਰਬਾਦ ਹੋਈਆਂ ਫ਼ਸਲਾਂ ਦਾ ਮੁਆਵਜ਼ਾ ਦੋ ਪ੍ਰਤੀਸ਼ਤ ਵੀ ਨਹੀਂ ਮਿਲਦਾ। ਪਿਛਲੇ ਸਾਲ ਬਿਨਾ ਸੂਚਨਾ ਦਿੱਤਿਆਂ ਡੈਮਾਂ ਦੇ ਗੇਟ ਖੋਹਲ ਕੇ ਬਰਬਾਦੀ ਕੀਤੀ ਗਈ ਅਤੇ ਲੋਕਾਂ ਦੀ ਮਦਦ ਲੋਕਾਂ ਨੇ ਹੀ ਕੀਤੀ ਪੀ ਐਮ ਅਤੇ ਸੀ ਐਮ ਰਾਹਤ ਕੋਸ਼ ਵਿੱਚੋਂ ਇੱਕ ਪੈਸਾ ਕਿਸਾਨਾਂ ਨੂੰ ਨਹੀਂ ਮਿਲਿਆ ਸਗੋਂ ਇਸਦੀ ਪੂਰਤੀ ਰਾਜਨੀਤਕ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਯਾਦ ਰੱਖਣਾ ਕਿ ਪੀ ਐਮ ਅਤੇ ਸੀ ਐਮ ਰਾਹਤ ਕੋਸ਼ ਦਾ ਕੋਈ ਵੀ ਆਡਿਟ ਨਹੀਂ ਹੁੰਦਾ ਕਿ ਜਾਣਕਾਰੀ ਹਾਸਿਲ ਹੋ ਸਕੇ ਕਿ ਇਹ ਪੈਸਾ ਕਿੱਥੇ ਖਰਚਿਆ ਗਿਆ ਹੈ। ਹੁਣ ਅੱਧ ਜੂਨ ਦਾ ਮਹੀਨਾ ਲੰਘ ਰਿਹਾ ਹੈ ਅਤੇ ਮੌਨਸੂਨ ਦੀ ਆਮਦ ਦੀਆਂ ਪੇਸ਼ਨਗੋਈਆਂ ਹੋ ਰਹੀਆਂ ਹਨ ਪਰ ਅਜੇ ਤੱਕ ਕਿਸੇ ਵੀ ਡਰੇਨ ਜਾਂ ਨਕਾਸੀ ਨਾਲੇ ਦੀ ਸਫ਼ਾਈ ਨਹੀਂ ਕੀਤੀ ਗਈ। ਜਲ ਬੂਟੀ ਸ਼ਰੇਆਮ ਦੇਖੀ ਜਾ ਸਕਦੀ ਹੈ। ਦੂਸਰੇ ਇਸ ਪੰਜਾਬ ਦੇ ਬਹੁ ਪੱਖਾਂ ਤੋਂ ਪੀੜਤ ਕਿਸਾਨੋ ਤੁਸੀਂ ਤਿਆਰ ਹੋ ਜਾਵੋ ਕਿਉਂ ਕਿ ਝੋਨਾ ਲਗਾਉਣ ਤੋਂ ਬਾਅਦ ਅਤੇ ਬਾਸਮਤੀ ਝੋਨਾ ਲਗਾਉਣ ਤੋਂ ਪਹਿਲਾਂ ਗੈਰਕੁਦਰਤੀ ਹੜ ਲਿਆਂਦੇ ਜਾ ਰਹੇ ਹਨ ਕਿ ਕਿਸਾਨ ਵੱਧ ਤੋਂ ਵੱਧ ਪਾਣੀ ਵਰਤਣ ਜਦੋਂ ਕਿ ਸੂਏ ਅਤੇ ਕੱਸੀਆਂ ਸੁੱਕੇ ਪਏ ਹਨ। ਸਰਕਾਰ ਹੁਣ ਤੋਂ ਬਿਆਨ ਦੇ ਰਹੀ ਹੈ ਕਿ ਪਹਾੜਾਂ ਤੋਂ ਬਰਫ਼ ਗਰਮੀ ਕਰਨ ਪੰਘਰ ਰਹੀ ਹੈ ਅਤੇ ਡੈਮਾਂ ਵਿੱਚ ਪਾਣੀ ਪਿਛਲੇ ਸਾਲ ਨਾਲੋਂ ਖਤਰੇ ਦੇ ਨਿਸ਼ਾਨ ਤੋਂ ਉਪਰ ਹੈ। ਜੇ ਜੂਨ ਦੇ ਅੰਤ ਜਾਂ ਜੁਲਾਈ ਦੇ ਅੱਧ ਤੱਕ ਡੈਮਾਂ ਦੇ ਗੇਟ ਖੋਹਲ ਕੇ ਪਿਛਲੇ ਸਾਲ ਵਾਲੀ ਸਥਿਤੀ ਪੈਦਾ ਕਰ ਸਕਦੀ ਹੈ ਅਤੇ ਆਪਣੀਆਂ ਨਲਾਇਕੀਆਂ ਛੁਪਾ ਰਹੀ ਕਿ ਕੀ ਇਸ ਨੇ ਮਸ਼ੀਨਰੀ ਨਾਲ ਡੈਮਾਂ ਦੀ ਸਿਲਟ (ਗਾਰ) ਕੱਢੀ ਹੈ। ਜੇ ਡੈਮ ਸੌ ਮੀਟਰ ਡੂੰਘਾ ਹੈ ਤਾਂ 35% ਸਿਲਟ ਜੰਮੀ ਹੋਈ ਹੈ। ਜੇ ਇਹ ਸਾਫ ਕੀਤੀ ਹੁੰਦੀ ਤਾਂ ਪਿਛਲੇ ਸਾਲ ਵੀ ਡੈਮਾਂ ਨੇ ਖਤਰੇ ਦੇ ਨਿਸ਼ਾਨ ਤੋਂ ਪੰਜਾਹ ਫੁੱਟ ਹੇਠਾਂ ਹੋਣਾ ਸੀ। ਹੁਣ ਕਿਹਾ ਜਾ ਰਿਹਾ ਹੈ ਕਿ ਭਾਖੜਾ ਡੈਮ ਟੇਢਾ ਹੋ ਰਿਹਾ ਹੈ ਅਤੇ ਇਸਦਾ ਕਾਰਨ ਜੰਮੀ ਹੋਈ ਸਿਲਟ ਹੈ।

ਜੇਕਰ ਇਹ ਡੈਮ ਟੁੱਟਦਾ ਹੈ ਤਾਂ ਸਾਰੇ ਪੰਜਾਬ ਵਿੱਚ ਬਾਰਾਂ ਫੁੱਟ ਪਾਣੀ ਚੜ ਸਕਦਾ ਹੈ। ਹੁਣ ਸਰਕਾਰ ਲਈ ਨਵਾਂ ਡੈਮ ਬਣਾਉਣਾ ਬਹੁਤ ਮੁਸ਼ਕਿਲ ਹੈ। ਜਦੋਂ ਸਾਰੇ ਹੁਕਮਰਾਨ ਹੀ ਲੋਕਾਂ ਲਈ ਜੋਕਾਂ ਬਣ ਜਾਣ ਤਾਂ ਉਹ ਲੋਕ ਹਿੱਤਾਂ ਦੇ ਕੰਮਾਂ ਵਿੱਚੋਂ ਬੁਰਕ ਮਾਰਨ ਦੀ ਆਦਤ ਪੈ ਜਾਵੇ ਤਾਂ ਇਹ ਕਾਰਜ ਪਰਪੱਕ ਨਹੀਂ ਹੁੰਦੇ। ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ ਐ ਪਿਛਲੇ ਸਾਲ ਜਦੋਂ ਮਾਰਚ 2025 ਵਿੱਚ ਫਿਰਕੂ ਰੰਗਤ ਲਈ ਬਣਾਏ ਅਯੁੱਧਿਆ ਲਈ ਅਨੇਕਾਂ ਬਸਤੀਆਂ ਉਜਾੜ ਕੇ ਬਣਾਏ ਪੁੱਲ ਨੇ ਵਰਖਾ ਦੀ ਇੱਕ ਵੀ ਮਾਰ ਨਹੀਂ ਝੱਲੀ ਅਤੇ ਬੰਦ ਕਰਨਾ ਪਿਆ ਸੀ। ਇਸ ਪੁੱਲ ਦੀ ਲਾਗਤ ਨਾਲੋਂ ਢਾਹੁਣ ਤੇ ਵੱਧ ਖਰਚਾ ਆਇਆ ਸੀ। ਹੁਣ ਜੇ ਭਾਖੜਾ ਡੈਮ ਨੂੰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਮੌਜੂਦਾ ਸਿਆਸਤਦਾਨ ਰੇਤੇ ਦਾ ਡੈਮ ਹੀ ਬਣਾ ਸਕਦੇ ਹਨ। ਹਾਂ ਜੇ ਕੋਈ ਇਹਨਾਂ ਦਾ ਕੋਈ ਨਵਾਂ ਸਾਮਰਾਜਵਾਦੀ ਆ ਗਿਆ ਤਾਂ ਉਹ ਭਾਵੇਂ ਆਪਣੇ ਹਿੱਤਾਂ ਲਈ ਪਹਿਲਾਂ ਵਰਗਾ ਭਾਖੜਾ ਡੈਮ ਵਰਗਾ ਡੈਮ ਬਣਾ ਲੈਣ। ਪਰ ਹੁਣ ਜਦੋਂ ਫ਼ਸਲਾਂ ਹੀ ਤਬਾਹ ਹੋ ਗਈਆਂ ਤਾਂ ਆਰਥਿਕ ਪੱਖੋਂ ਭੰਨੇ ਕਿਸਾਨਾਂ ਨੇ ਆਪ ਹੀ ਹੱਥ ਖੜੇ ਕਰਕੇ ਕਹਿ ਦੇਣਾ ਹੈ ਕਿ ਸ਼ਾਹ ਛੱਡੀ ਕੁੱਤਿਆਂ ਤੋਂ ਛੁਡਾ ਦੇ ਅਖਾਣ ਮੁਤਾਬਕ ਆਪਣੇ ਆਪ ਹੀ ਬਹੁ ਕੰਪਨੀ ਦੀ 1968 ਤੋਂ ਜਿਸ ਜ਼ਮੀਨ ਉਨ੍ਹਾਂ ਦੀ ਅੱਖ ਸੀ। ਉਹ ਤੁਸੀਂ ਹਥਿਆਰ ਸੁੱਟ ਕੇ ਆਪਣੇ ਆਪ ਹੀ ਉਨ੍ਹਾਂ ਦੇ ਹਵਾਲੇ ਕਰ ਕੇ ਡੱਬੇ ਵਿੱਚ ਰੋਟੀ ਪਾਕੇ ਦਿਹਾੜੀਆਂ ਕਰਨਾ ਤੁਹਾਡੀ ਮਜ਼ਬੂਰੀ ਬਣ ਜਾਵੇਗੀ ਅਤੇ ਤੁਹਾਡੀ ਇਹ ਤ ?ਸਦੀ ਦੇਖਣ ਲਈ ਦੇਸੀ ਅਤੇ ਵਿਦੇਸ਼ੀ ਲੁਟੇਰੇ ਨਜ਼ਰਾਂ ਰੱਖੀ ਬੈਠੇ ਹਨ।

ਕਿਸਾਨੀ ਤ੍ਰਾਸਦੀ ਇਹ ਬਹੁਤ ਹੀ ਦੁਖਦਾਈ ਪਹਿਲੂ ਹੈ ਕਿ ਪੰਜਾਬ ਦੀ ਕਿਸਾਨੀ ਦੇ ਹੱਥ ਠੂਠਾ ਫੜਾਉਣ ਵਾਲੀ ਹਕੀਕਤ ਹੈ। ਜਿਸਦਾ ਹੱਲ ਸਿਰਫ਼ ਤੇ ਸਿਰਫ਼ ਜਾਨ ਹੂਲਵੇਂ ਸੰਘਰਸ਼ਾਂ ਰਾਹੀਂ ਹੀ ਸੰਭਵ ਹੈ। ਜਿਵੇਂ ਅੰਬਾਨੀ ਅਤੇ ਅਦਾਨੀ ਦੇ ਟੋਲ ਪਲਾਜੇ ਰੋਕੇ ਸਨ। ਸਿੰਮਾਂ ਦਾ ਬਾਈਕਾਟ ਕੀਤਾ ਸੀ ਉਸੇ ਤਰ੍ਹਾਂ ਸਾਨੂੰ ਆਪਣੀ ਪੀਹੜੀ ਥੱਲੇ ਸੋਟਾ ਫ਼ੇਰ ਕਿ ਆਪਣੇ ਭਵਿੱਖ ਦੇ ਵਾਰਸਾਂ ਨੂੰ ਹੱਥੀਂ ਕਿਰਤ ਨਾਲ ਜੋੜ ਕੇ ਫਲਾਂ ਸਬਜ਼ੀਆਂ ਦੀ ਜ਼ਹਿਰ ਮੁਕਤ ਉਪਜ ਨੂੰ ਆਪਣੇ ਹੱਥੀਂ ਵੇਚ ਕੇ ਸਬਜ਼ੀ ਮੰਡੀਆਂ ਵਿੱਚ ਬੈਠੇ ਦਲਾਲਾਂ ਤੋਂ ਛੁਟਕਾਰਾ ਪਾ ਸਕਦੇ ਹਾਂ। ਦੂਸਰਾ ਬਹੁਕੌਮੀ ਕੰਪਨੀਆਂ ਦੀਆਂ ਤਿਜ਼ੋਰੀਆਂ ਭਰਨ ਨਾਲੋਂ ਕੀਟਨਾਸ਼ਕ ਅਤੇ ਨਦੀਨ ਨਾਸ਼ਕਾਂ ਤੋਂ ਕਿਨਾਰਾ ਕਰਕੇ ਇੱਕ ਜਿਉਣ ਯੋਗੇ ਸਿਸਟਮ ਨੂੰ ਆਪਣੇ ਹੱਥਾਂ ਵਿੱਚ ਲੈਣ। ਬਰਾਂਡਿਡ ਕੱਪੜਿਆਂ, ਪਾਰਲਰਾਂ ਤੋਂ ਖਹਿੜਾ ਛੁਡਵਾ ਕੇ ਲੈਂਡ ਲਾਈਨ ਫੋਨਾਂ ਵਾਂਗ ਇੱਕ ਹੀ ਫੋਨ, ਰਲ ਮਿਲਕੇ ਜਿਸਨੂੰ ਪੁਰਾਣੇ ਸਮਿਆਂ ਵਿੱਚ ਵਿੜੀ ਕਹਿੰਦੇ ਸਨ ਉਸ ਤਰ੍ਹਾਂ ਕਰਜ਼ਈ ਹੋ ਕੇ ਖੁਦਕੁਸ਼ੀਆਂ ਕਰਨ ਨਾਲੋਂ ਘੱਟ ਮਸ਼ੀਨਰੀ ਨਾਲ ਵੱਧ ਕੰਮ ਲੈਣ। ਇਹ ਮਸ਼ੀਨਰੀ ਕੋਈ ਸ਼ੋ ਪੀਸ ਨਹੀਂ ਹਨ ਕਿ ਛੇ-ਛੇ ਮਹੀਨੇ ਘਰੇ ਖੜੀਆਂ ਰਹਿਣ। ਇਹ ਭਾਈਚਾਰਕ ਤੇ ਆਪਸੀ ਸਾਂਝ ਵਧਾਏਗੀ ਜੋ ਕਿ

**'ਇਕੱਠ ਲੋਹੇ ਦੀ ਲੱਠ**
**ਸਿਰ ਵਿੱਚ ਜ਼ਾਲਮ ਦੇ'**

ਇਹ ਸਾਡੀ ਤਾਕਤ ਨੂੰ ਦਿੱਲੀ ਦੇ ਕਿਸਾਨ ਸੰਘਰਸ਼ ਨੂੰ ਜੱਥੇਬੰਦੀਆਂ ਦੇ ਇੱਕ ਹੋਣ ਲਈ ਮਜ਼ਬੂਰ ਕਰੇਗੀ। ਕਿਸਾਨ ਤ੍ਰਾਸਦੀ ਜੱਥੇਬੰਦਕ ਸੰਘਰਸ਼ ਨਾਲ ਕਹੀਆਂ, ਦਾਤੀਆਂ, ਰੰਬਿਆਂ ਦੀ ਤਾਲ ਇੱਕ ਨਗਾਰਾ ਬਣੇਗਾ। ਜਿਸ ਸਾਹਮਣੇ ਦੇਸੀ ਅਤੇ ਵਿਦੇਸ਼ੀ ਲੁਟੇਰੇ ਅਤੇ ਵੋਟਾਂ ਵਾਲੇ ਬਟੇਰੇ ਲੋਕ ਏਕਤਾ ਦੇ ਜਾਲ ਵਿੱਚ ਹੋਣਗੇ।

PLEASE DONATE & SHARE
Help Save 3-Year-Old Gurmoh



Our sweet little **Gurmoh** is just **3 years old**. He loves going to preschool, making friends, singing "Wheels on the Bus," and dreams of becoming a firefighter.

But behind that beautiful smile, **Gurmoh is fighting a rare & devastating genetic condition.**

Diagnosis
A rare progressive neurodegenerative disease: SPG4 – SPAST c.1496GA (de novo mutation)
- Rapidly damages nerves that control movement
- Can lead to loss of walking, speech, and independence

gofundme
Scan to donate to Navpreet's fundraiser "A Race Against Time to save our 3-year-old son Gurmoh"

There Is Hope
Teams at McGill University and UC Berkeley have stepped forward to begin developing personalized gene therapy.

Estimated Cost: **$8 Million**
Urgent Goal: **$2.7 Million**

**Donate Now**
Scan QR code (GoFundMe)
E-transfer: info@spg4hope.org
**Ph: 604.726.2982**

Every share and contribution truly matters.

More Info: spg4hope.org



ਹਰੀਪਾਲ
403-714-4816

# ਅਲਬਰਟਾ - ਵੱਖ ਹੋਣ ਦੀ ਧਮਕੀ




*ਅਸਲ ਵਿੱਚ ਤੇਲ ਅਤੇ ਗੈਸ ਦੀ ਆਮਦਨ ਨੇ ਅਲਬਰਟਾ ਨੂੰ ਆਰਥਿਕ ਹਲੂਣਾ ਦਿੱਤਾ, ਇਸੇ ਹਿਸਾਬ ਨਾਲ਼ ਅਲਬਰਟਾ ਦੇ ਕਾਫੀ ਲੋਕ ਸੋਚਣ ਲੱਗੇ ਕੇ ਸਾਨੂੰ ਕੇਂਦਰੀ ਸਰਕਾਰ ਤੋਂ ਸਾਡੇ ਕੰਟਰੀਬੂਸ਼ਨ ਦੇ ਹਿਸਾਬ ਨਾਲ਼ ਹਿੱਸਾ ਮਿਲਣਾ ਚਾਹੀਦਾ ਹੈ, ਖਾਸ ਕਰਕੇ ਜਦੋਂ ਅਲਬਰਟਾ ਦੀ ਆਰਥਿਕ ਹਾਲਤ ਡਾਊਨ ਹੁੰਦੀ ਹੈ। ਅਲਬਰਟਾ ਦੇ ਪੇਂਡੂ ਇਲਾਕਿਆਂ ਵਿੱਚ ਇਹ ਗੱਲ ਬਹੁਤ ਤੂਲ ਫੜਦੀ ਹੈ।*

ਅਲਬਰਟਾ ਕੈਨੇਡਾ ਦਾ ਚੌਥਾ ਵੱਡਾ ਸੂਬਾ ਹੈ ਅਲਬਰਟਾ ਦਾ ਖੇਤਰਫਲ 662 ਸੁਕੇਅਰ ਕਿਲੋਮੀਟਰ ਹੈ, ਯਾਨੀਕਿ 256 ਸੁਕੇਅਰ ਮੀਲ ਹੈ। ਖੇਤਰਫਲ ਦੇ ਹਿਸਾਬ ਨਾਲ਼ ਅਲਬਰਟਾ ਜਪਾਨ, ਜਰਮਨੀ ਅਤੇ ਇੰਗਲੈਂਡ ਤੋਂ ਵੀ ਵੱਡਾ ਹੈ। ਤੇਲ ਗੈਸ ਲੱਕੜ ਅਤੇ ਹੋਰ ਕੀਮਤੀ ਖਣਿਜ ਪਦਾਰਥਾਂ ਨਾਲ਼ ਭਰਪੂਰ ਅਲਬਰਟਾ ਇੱਕ ਖੁਸ਼ਹਾਲ ਸੂਬਾ ਹੈ। ਅਲਬਰਟਾ ਵਿੱਚ ਵੱਖ ਹੋਣ ਦਾ ਵਿਚਾਰ 1940 ਤੋਂ ਪਹਿਲਾਂ ਬਿਲਕੁਲ ਨਹੀਂ ਸੀ ਪਰ 1940 ਵਿੱਚ ਅਲਬਰਟਾ ਵਿੱਚ ਤੇਲ ਅਤੇ ਗੈਸ ਦੇ ਭੰਡਾਰ ਮਿਲ਼ ਗਏ, ਜਿਸਨੇ ਅਲਬਰਟਾ ਦੀ ਆਰਥਿਕਤਾ ਨੂੰ ਬਿਲਕੁਲ ਬਦਲ ਕੇ ਰੱਖ ਦਿੱਤਾ। ਅਲਬਰਟਾ ਕਿਉਂਕਿ ਆਰਥਿਕ ਤੌਰ ਤੇ ਖੁਸ਼ਹਾਲ ਹੋਣਾ ਸ਼ੁਰੂ ਹੋ ਗਿਆ, ਦੂਜੇ ਅਲਬਰਟਾ ਬਹੁਤਾ ਕਰਕੇ ਪੇਂਡੂ ਵਸੋਂ ਵਾਲ਼ਾ ਇਲਾਕਾ ਸੀ, ਪੇਂਡੂ ਇਲਾਕੇ ਵਿੱਚ ਕੈਨੇਡਾ ਤੋਂ ਵੱਖ ਹੋਣ ਦੀ ਗੱਲ ਚਲਾਉਣੀ ਬੜੀ ਸੌਖੀ ਸੀ ਇਸ ਕਰਕੇ ਵੱਖ ਹੋਣ ਦੀ ਭਾਵਨਾ ਵੀ ਪਹਿਲਾਂ ਪੇਂਡੂ ਇਲਾਕਿਆਂ ਵਿੱਚ ਹੀ ਪਨਪੀ। ਹੁਣ ਜੇਕਰ ਅਲਬਰਟਾ ਦੀ ਅਬਾਦੀ ਦਾ ਹਿਸਾਬ ਲਾਈਏ ਤਾਂ ਅਲਬਰਟਾ ਦੀ ਅਬਾਦੀ ਤਕਰੀਬਨ 50 ਲੱਖ ਦੇ ਕਰੀਬ ਹੈ। ਅਲਬਰਟਾ ਵਿੱਚ 24% ਦੇ ਕਰੀਬ ਇਮੀਗ੍ਰੇਟਸ ਜਾਂ ਦੂਜੇ ਦੇਸ਼ਾਂ ਤੋਂ ਆਏ ਹੋਏ ਲੋਕ ਹਨ। ਵੱਡੀਆਂ ਕੰਮਿਊਨਟੀਆਂ ਚੀਨੇ, ਭਾਰਤੀ ਅਤੇ ਫ਼ਿਲਪੀਂਨਸ ਹਨ। ਭਾਰਤ ਤੋਂ ਆਏ ਅਵਾਸੀ ਤਕਰੀਬਨ 26700 ਹਜ਼ਾਰ ਦੇ ਨੇੜੇ ਹਨ, ਚੀਨੇ ਤਕਰੀਬਨ 7 ਲੱਖ ਦੇ ਨੇੜੇ ਹਨ ਅਤੇ ਫ਼ਿਲਪੀਨੇ ਤਕਰੀਬਨ 216000 ਦੇ ਨੇੜੇ ਹਨ ਬਾਕੀ ਹੋਰ ਛੋਟੀਆਂ ਛੋਟੀਆਂ ਕਮਿਊਨਟੀਆਂ ਦੱਖਣੀ ਅਮਰੀਕਾ ਸੀਰੀਆਅਤੇ ਮੱਧਪੂਰਬ ਜਾਂ ਪੂਰਬੀ ਯੂਰਪ ਤੋਂ ਵੀ ਹਨ। ਇੱਕ ਬਹੁਤ ਵੱਡੀ ਕਮਿਊਨਿਟੀ ਅਲਬਰਟਾ ਵਿੱਚ ਫਰੈਂਚ ਲੋਕਾਂ ਦੀ ਹੈ ਜਿਹੜੇ ਕਿ ਕਦੇ ਵੀ ਅਲਬਰਟਾ ਦੀ ਕੈਨੇਡਾ ਤੋਂ ਵੱਖ ਹੋਣ ਦੀ ਹਮਾਇਤ ਨਹੀਂ ਕਰਨਗੇ। ਅਲਬਰਟਾ ਵਿੱਚ 28400 ਹਜ਼ਾਰ ਦੇ ਕਰੀਬ ਆਦੀਵਾਸੀ ਹਨ। ਆਦੀਵਾਸੀ ਜਾਂ ਨੇਟਿਵ ਲੋਕਾਂ ਦੀਆਂ 134 ਦੇ ਤਕਰੀਬਨ ਰਿਜਰਵਾਂ ਹਨ ਜਾਂ ਰਿਜਰਵ ਏਰੀਏ ਹਨ, ਜਿਹਨਾਂ ਕੋਲ਼ ਤੀਹ ਲੱਖ ਏਕੜ ਤੋਂ ਵੀ ਉਪਰ ਜ਼ਮੀਨ ਹੈ। ਇਹ ਨੇਟਿਵ ਜ਼ਮੀਨ ਲੱਕੜ, ਤੇਲ, ਗੈਸ, ਸੋਨਾ, ਕਾਪਰ ਤੇ ਹੋਰ ਖਣਿਜ ਪਦਾਰਥਾਂ ਨਾਲ਼ ਭਰਪੂਰ ਹੈ। ਜਦ ਤੱਕ ਅਲਬਰਟਾ ਕੈਨੇਡਾ ਦਾ ਹਿੱਸਾ ਹੈ ਤਦ ਤੱਕ ਕੋਈ ਵੀ ਨੇਟਿਵ ਜ਼ਮੀਨ ਤੇ ਉਹਨਾਂ ਦੀ ਮਰਜ਼ੀ ਬਿਨਾਂ ਕੁੱਝ ਨਹੀਂ ਕਰ ਸਕਦਾ। ਜੇਕਰ ਅਲਬਰਟਾ ਕੈਨੇਡਾ ਤੋਂ ਵੱਖ ਹੋ ਜਾਂਦਾ ਹੈ ਤਦ ਨੇਟਿਵ ਲੋਕ ਉਸ ਜ਼ਮੀਨ ਤੋਂ ਆਪਣਾ ਹੱਕ ਗੁਆ ਲੈਣਗੇ, ਇਸੇ ਕਰਕੇ ਨੇਟਿਵ ਲੋਕਾਂ ਨੂੰ ਅਦਾਲਤ ਦਾ ਸਹਾਰਾ ਲੈਣਾ ਪਿਆ ਅਤੇ ਕੋਰਟ ਨੇ ਵੀ ਨੇਟਿਵ ਲੋਕਾਂ ਦੇ ਹੱਕ ਵਿੱਚ ਫੈਸਲਾ ਦਿੱਤਾ ਜਿਸਨੂੰ ਸਮਿਥ ਦੀ ਸਰਕਾਰ ਅਪੀਲ ਕਰ ਰਹੀ ਹੈ।

**ਹੁਣ ਗੱਲ ਕਰਦੇ ਹਾਂ, ਅਲਬਰਟਾ ਵੱਖ ਕਿਉਂ ਹੋਣਾ ਚਾਹੁੰਦਾ ਹੈ?**

ਅਸਲ ਵਿੱਚ ਤੇਲ ਅਤੇ ਗੈਸ ਦੀ ਆਮਦਨ ਨੇ ਅਲਬਰਟਾ ਨੂੰ ਆਰਥਿਕ ਹਲੂਣਾ ਦਿੱਤਾ, ਇਸੇ ਹਿਸਾਬ ਨਾਲ਼ ਅਲਬਰਟਾ ਦੇ ਕਾਫੀ ਲੋਕ ਸੋਚਣ ਲੱਗੇ ਕੇ ਸਾਨੂੰ ਕੇਂਦਰੀ ਸਰਕਾਰ ਤੋਂ ਸਾਡੇ ਕੰਟਰੀਬੂਸ਼ਨ ਦੇ ਹਿਸਾਬ ਨਾਲ਼ ਹਿੱਸਾ ਮਿਲਣਾ ਚਾਹੀਦਾ ਹੈ, ਖਾਸ ਕਰਕੇ ਜਦੋਂ ਅਲਬਰਟਾ ਦੀ ਆਰਥਿਕ ਹਾਲਤ ਡਾਊਨ ਹੁੰਦੀ ਹੈ। ਅਲਬਰਟਾ ਦੇ ਪੇਂਡੂ ਇਲਾਕਿਆਂ ਵਿੱਚ ਇਹ ਗੱਲ ਬਹੁਤ ਤੂਲ ਫੜਦੀ ਹੈ। ਹੋਰ ਮੁਲਕਾਂ ਦੇ ਇਤਿਹਾਸ ਪੜੀਏ ਤਾਂ ਪਤਾ ਲੱਗਦਾ ਹੈ ਕਿ ਅਲਾਹੀਦਾ ਹੋਣ ਦੀਆਂ ਪ੍ਰਵਿਰਤੀਆ ਬਹੁਤਾ ਕਰਕੇ ਪੇਂਡੂ ਇਲਾਕਿਆਂ ਵਿੱਚ ਹੀ ਤੂਲ ਫੜਦੀਆਂ ਹਨ। ਸਨ 1980 ਤੇ 1984 ਵਿੱਚ ਜਦ ਪੀਅਰ ਟਰੂਡੋ ਪ੍ਰਧਾਨ ਮੰਤਰੀ ਸੀ ਉਸ ਦੇ ਸਮੇਂ, ਤੇਲ ਕੰਪਨੀਆਂ ਤੇ ਰਾਇਲਿਟੀਆਂ ਦੇ ਲਾਗੂ ਕਰਨ ਲਈ ਸੂਬਾ ਸਰਕਾਰ ਤੇ ਜ਼ੋਰ ਪਾਇਆ ਗਿਆ। ਇਸ ਵਿਸ਼ੇ ਨੂੰ ਲੈ ਕੇ ਕੇਂਦਰੀ ਸਰਕਾਰ ਅਤੇ ਸੂਬਾ ਸਰਕਾਰ ਵਿੱਚ ਬਹੁਤ ਖਿੱਚੋਤਾਣ ਰਹੀ। ਇਸੇ ਖਿੱਚੋਤਾਣ ਦਾ ਨਤੀਜਾ ਹੀ ਪੈਟਰੋ ਕੈਨੇਡਾ ਦੇ ਹੋਂਦ ਵਿੱਚ ਆਉਣ ਦਾ ਸੀ। ਇਹ ਪੈਟਰੋ ਕੈਨੇਡਾ ਸੀ ਜਿਸ ਨੇ ਤੇਲ ਕੰਪਨੀਆਂ ਦੀਆਂ ਧਾਂਦਲੀਆਂ ਨੂੰ ਨੰਗਾ ਕੀਤਾ। ਇਹ ਗੱਲ ਵੀ ਸਹੀ ਹੈ ਕਿ ਜੇਕਰ ਸੂਬਾ ਸਰਕਾਰ ਨੇ ਤੇਲ ਕੰਪਨੀਆਂ ਤੇ ਟੈਕਸ ਲਾਇਆ ਤਾਂ ਕੱਠੇ ਹੋਏ ਟੈਕਸ ਤੋਂ ਜ਼ਿਆਦਾ ਪੈਸੇ ਗ੍ਰਾਂਟਾ ਦੇ ਰੂਪ ਵਿੱਚ ਤੇਲ ਕੰਪਨੀਆਂ ਨੂੰ ਵਾਪਿਸ ਕਰ ਦਿੱਤੇ। ਕੈਨੇਡਾ ਦੀ ਰਿਫਾਰਮ ਪਾਰਟੀ ਜਿਹੜੀ ਕਿ 1987 ਵਿੱਚ ਹੋਂਦ ਵਿੱਚ ਆਈ ਸੀ ਵੀ ਦਾ ਵੀ ਨਾਹਰਾ ਥੋੜ੍ਹਾ ਬਹੁਤਾ ਵੱਖਵਾਦੀ ਸੋਚ ਵਾਲ਼ਾ ਵੀ ਸੀ ਹਾਲਾਂਕਿ ਪਾਰਟੀ ਸੈਨੇਟ ਰੀਫਾਰਮ ਅਤੇ ਸੂਬਿਆਂ ਦੇ ਅਧਿਕਾਰਾਂ ਲਈ ਇੱਕ ਵੱਖਰੀ ਸੋਚ ਵਾਲ਼ੀ ਪਾਰਟੀ ਸੀ। ਇੱਕ ਹੋਰ ਪਾਰਟੀ ਵੈਸਟਰਨ ਕੈਨੇਡਾ ਕਨਸੈਪਟ ਨੇ ਵੀ ਪੱਛਮੀ ਸੂਬਿਆਂ ਲਈ ਵੱਧ ਅਧਿਕਾਰ ਜਾਂ ਕੈਨੇਡਾ ਤੋਂ ਵੱਖ ਹੋਣ ਦੀ ਗੱਲ ਰੱਖੀ।

ਪ੍ਰਧਾਨ ਮੰਤਰੀ ਹਾਰਪਰ ਦੇ ਸਮੇਂ ਪੈਟਰੋ ਕੈਨੇਡਾ ਨੂੰ ਵੇਚ ਦਿੱਤਾ ਗਿਆ, ਉਸ ਸਮੇਂ ਪੈਟਰੋ ਕੈਨੇਡਾ ਦੋ ਬਿੱਲੀਅਨ ਸਾਲ ਦਾ ਪ੍ਰੋਫਿਟ ਕੱਢਦਾ ਸੀ। ਇੱਕ ਪਬਲਿਕ ਕੰਪਨੀ ਜਿਹੜੀ ਕਿ ਦੋ ਬਿੱਲੀਅਨ ਡਾਲਰ ਨਫ਼ਾ ਕੱਢਦੀ ਸੀ, ਕੌਡੀਆਂ ਦੇ ਭਾਅ ਪ੍ਰਾਈਵੇਟ ਨਿਵੇਸ਼ਕਾਂ ਨੂੰ ਵੇਚ ਦਿੱਤੀ ਗਈ। ਸਨ 2000 ਵਿੱਚ ਅਲਬਰਟਾ ਇੰਡੀਪੇਂਡੈਂਸ ਪਾਰਟੀ ਦਾ ਨਿਰਮਾਣ ਕੀਤਾ ਗਿਆ, 2001 ਦੀ ਚੋਣ ਵਿੱਚ ਇਸਨੇ 14 ਕੈਂਡੀਡੇਟ ਖੜੇ ਕੀਤੇ, ਪਰ ਕੋਈ ਵੀ ਉਮੀਦਵਾਰ ਨਹੀਂ ਜਿੱਤਿਆ। ਸੰਨ 2000 ਵਿੱਚ ਜਦੋਂ ਜੌਹਨ ਕਰੇਚੀਅਨ ਪ੍ਰਧਾਨ ਮੰਤਰੀ ਸੀ, ਉਸ ਸਮੇਂ ਸਰਕਾਰ ਨੇ ਕਲੈਰਿਟੀ ਐਕਟ ਪਾਸ ਕੀਤਾ, ਜਿਸ ਐਕਟ ਦੇ ਤਹਿਤ ਕਿਸੇ ਵੀ ਸੂਬੇ ਦੀ ਵੱਖ ਹੋਣ ਦੀ ਪ੍ਰਕਿਰਿਆ ਤੇ ਗੱਲਬਾਤ ਕੀਤੀ ਜਾ ਸਕਦੀ ਹੈ। ਇਸ ਐਕਟ ਦੇ ਤਹਿਤ ਜਿਸ ਸੂਬੇ ਨੇ ਵੱਖ ਹੋਣਾ ਹੈ, ਉਸਦੀ ਰੈਫਰੈਂਡਮ ਵਿੱਚ ਸਪੱਸ਼ਟ ਬਹੁਮਤਿ ਹੋਣਾ ਜ਼ਰੂਰੀ ਹੈ ਫਿਰ ਹੀ ਗੱਲਬਾਤ ਕੀਤੀ ਜਾ ਸਕਦੀ ਹੈ।

2015 ਵਿੱਚ ਜਦ ਜਸਟਿਨ ਟਰੂਡੋ ਪ੍ਰਧਾਨ ਮੰਤਰੀ ਬਣਿਆ ਫਿਰ ਅਲਬਰਟਾ ਵਿੱਚ ਕੈਨੇਡਾ ਤੋਂ ਵੱਖ ਹੋਣ ਦੀ ਲਹਿਰ ਨੇ ਜ਼ੋਰ ਫੜਿਆ ਕਿਉਂਕਿ ਟਰੂਡੋ ਫੌਸਿਲ ਫਿਓਲ ਦੇ ਉਲਟ ਸੀ, ਟਰੂਡੋ ਕਹਿੰਦਾ ਸੀ ਕਿ ਅਸੀਂ ਹੌਲ਼ੀ ਹੌਲ਼ੀ ਫੌਸਿਲ ਫਿਊਲ ਤੇ ਨਿਰਭਰਤਾ ਬਿਲਕੁਲ ਘਟਾ ਦੇਵਾਂਗੇ ਜਾਣੀ ਕਿ ਆਇਲ ਸੈਂਡਜ ਦੇ ਪ੍ਰੋਜੈਕਟ ਨੂੰ ਬਿਲਕੁਲ ਖ਼ਤਮ ਕਰ ਦੇਵਾਂਗੇ, ਇਹ ਗੱਲ ਅਲਬਰਟਾ ਦੇ ਲੋਕ ਹਜ਼ਮ ਨਹੀਂ ਕਰ ਸਕਦੇ, ਨਤੀਜਾ ਇਹ ਨਿਕਲਿਆ ਕੇ ਅਲਬਰਟਾ ਵਿੱਚ ਟਰੂਡੋ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ। ਬਹੁਤ ਵਾਰ ਟਾਊਨ ਹਾਲ ਦੀ ਮੀਟਿੰਗ ਵਿੱਚ ਟਰੂਡੋ ਨੂੰ ਬੇਇਜ਼ਤੀ ਦਾ ਸਾਹਮਣਾ ਕਰਨਾ ਪਿਆ।

ਅਲਬਰਟਾ ਦੇ ਵੇਖਵਾਦੀ ਲੀਡਰ ਪੀਟਰ ਜਿਹਾਨ ਨੇ ਕਿਹਾ ਕੇ 2020 ਵਿੱਚ ਅਲਬਰਟਾ ਦੀ ਪ੍ਰਤੀ ਵਿਅਕਤੀ ਕੰਟ੍ਰਿਬਿਊਸ਼ਨ ਕੇਂਦਰੀ ਬਜਟ ਵਿੱਚ 20 ਹਜ਼ਾਰ ਡਾਲਰ ਤੋਂ ਵੀ ਵੱਧ ਜਾਵੇਗੀ। 2015 ਵਿੱਚ ਅਲਬਰਟਾ ਨੇ ਕੇਂਦਰੀ ਪੂਲ ਵਿੱਚ 27 ਬਿਲੀਅਨ ਡਾਲਰ ਜ਼ਿਆਦਾ ਪਾਏ ਜਿੰਨੇ ਇਸ ਨੇ ਕੇਂਦਰੀ ਸਰਕਾਰ ਤੋਂ ਲਏ। ਪੀਟਰ ਨੇ ਕਿਹਾ ਕਿ ਕੈਨੇਡਾ ਦੀ ਤਰੱਕੀ ਸਿਰਫ ਅਲਬਰਟਾ ਦੇ ਤੇਲ ਅਤੇ ਗੈਸ ਕਰਕੇ ਹੈ। ਪਰ ਇੱਕ ਲੈਂਡ ਲੌਕ ਸੂਬੇ ਲਈ ਤਰੱਕੀ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿਓਂਕਿ ਉਸ ਨੂੰ ਆਪਣਾ ਤੇਲ ਗੈਸ ਅਨਾਜ ਮੀਟ ਭੇਜਣ ਲਈ ਬਾਹਰਲੇ ਸੂਬਿਆਂ ਵਿੱਚ ਵੀ ਰਾਹ ਚਾਹੀਦਾ ਹੈ ਕਈ ਵਾਰ ਦੂਸਰੇ ਸੂਬੇ ਫਾਇਦਾ ਉਠਾਉਣ ਦੇ ਮਾਰੇ ਰਾਹ 'ਚ ਰੁਕਾਵਟਾਂ ਵੀ ਖੜ੍ਹੀਆਂ ਕਰ ਸਕਦੇ ਹਨ। ਅਲਬਰਟਾ ਦੀਆਂ ਕਈ ਪਾਈਪ ਲਾਈਨਾਂ ਬ੍ਰਿਟਿਸ਼ ਕੋਲੰਬੀਆਂ ਦੀ ਜਿਦ ਕਰਕੇ ਹੀ ਲੇਟ ਹੁੰਦੀਆਂ ਰਹੀਆਂ।

ਸਭ ਤੋਂ ਵੱਡੀ ਗੱਲ, ਅਲਬਰਟਾ ਦੇ ਅਲਿਹਦਾ ਹੋਣ ਦੀ ਬਹੁਤੀ ਚੱਕ ਕਾਰਪੋਰੇਟ ਜਗਤ ਦੀ ਵੀ ਹੈ। ਅਲਬਰਟਾ ਦੇ ਅਲਹਿਦਾ ਹੋਣ ਨਾਲ ਕਾਰਪੋਰੇਸ਼ਨ ਤੋਂ ਕੇਂਦਰੀ ਸਰਕਾਰ ਦਾ ਸ਼ਿਕੰਜਾ ਵੀ ਚੁੱਕਿਆ ਜਾਵੇਗਾ ਅਤੇ ਉਹ ਵਾਤਾਵਰਨ ਦੇ ਡੰਡੇ ਦੀ ਵੀ ਕਾਰਪੋਰੇਸ਼ਨਾਂ ਨੂੰ ਬਹੁਤੀ ਪਰਵਾਹ ਨਹੀਂ ਰਹੂਗੀ। ਬਹੁਤ ਵਾਰੀ ਇਹੋ ਜਿਹੀਆਂ ਲਾਹੀਰਾਂ ਦੇ ਪਿੱਛੇ ਹੋਰ ਤਾਕਤਾਂ ਹੁੰਦੀਆਂ ਹਨ, ਜਿਹਨਾਂ ਦਾ ਆਮ ਲੋਕਾਂ ਨੂੰ ਪਤਾ ਨਹੀਂ ਲੱਗਦਾ। ਬਹੁਤੀਆਂ ਪੋਲੀਟੀਕਲ ਪਾਰਟੀਆਂ ਤੇ ਪੋਲੀਟੀਕਲ ਲੀਡਰ ਕਾਰਪੋਰੇਟ ਜਗਤ ਦੇ ਹਿੱਤਾਂ ਲਈ ਕੰਮ ਕਰਦੇ ਹਨ ਕਿਓਂਕਿ ਅੱਜ ਕੱਲ ਦੁਨੀਆਂ ਨੂੰ ਕਾਰਪੋਰੇਟ ਜਗਤ ਹੀ ਚਲਾ ਰਿਹਾ ਹੈ। ਜੇਕਰ ਅਲਬਰਟਾ ਕੈਨੇਡਾ ਤੋਂ ਵੱਖ ਹੁੰਦਾ ਹੈ ਤਾਂ ਅੱਜ ਜਿੰਨਾ ਕਾਰਬਨ ਟੈਕਸ ਦਾ ਰੌਲਾ ਪੈ ਰਿਹਾ ਹੈ ਇਹ ਵੀ ਖਤਮ ਹੋ ਜਾਵੇਗਾ। ਸਭ ਤੋਂ ਵੱਡੀ ਗੱਲ ਦੈ ਲੱਖ ਏਕੜ ਜ਼ਮੀਨ ਜਿਹੜੀ ਕਿ ਨੇਟਿਵ ਲੋਕਾਂ ਦੇ ਕੋਲ ਹੈ ਜਿਹੜੀ ਕਿ ਕੁਦਰਤੀ ਸਾਧਨ ਨਾਲ ਭਰਪੂਰ ਹੈ ਇਸ ਤੇ ਵੀ ਅਲਬਰਟਾ ਦੀ ਸਰਕਾਰ ਆਪਦੀ ਮਨ ਮਰਜ਼ੀ ਕਰ ਸਕੇਗੀ। ਪਰ ਨਵੇਂ ਦੇਸ਼ ਬਣਨ ਦਾ ਆਮ ਲੋਕਾਂ ਨੂੰ ਨਾ ਕਦੇ ਫਾਇਦਾ ਹੋਇਆ ਹੈ ਨਾ ਹੋਵੇਗਾ ਹਾਲਾਂਕਿ ਲੋਕਾਂ ਨੂੰ ਚੁੱਕ ਕੇ ਲਹਿਰਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਨੇ ਨਵੇਂ ਦੇਸ਼ ਬਣਾਉਣ ਲਈ। ਰਾਜਨੀਤਿਕ ਐਕਸਪਰਟ ਲੋਕਾਂ ਦਾ ਕਹਿਣਾ ਹੈ ਕਿ ਅਲਬਰਟਾ ਜੇਕਰ ਕੈਨੇਡਾ ਨਾਲੋਂ ਵੱਖ ਹੋ ਗਿਆ ਤਾਂ ਆਰਥਿਕ ਮੰਦਵਾੜੇ ਵਿੱਚ ਧਕਿਆ ਜਾਵੇਗਾ। ਇੱਕ ਆਜ਼ਾਦ ਦੇਸ਼ ਨੂੰ ਫੌਜ, ਏਅਰਫੋਰਸ, ਨੇਵੀ, ਬਾਰਡਰ ਸਕਿਓਰਿਟੀ ਫੋਰਸ ਵਰਗੀਆਂ ਸੰਸਥਾਵਾਂ ਵੀ ਚਾਹੀਦੀਆਂ ਹਨ ਜਿਸ ਲਈ ਬਹੁਤ ਵੱਡੀ ਰਕਮ ਚਾਹੀਦੀ ਹੈ, ਜਿਸਦਾ ਭਾਰ ਟੈਕਸ ਦੇ ਰੂਪ ਵਿੱਚ ਆਮ ਲੋਕਾਂ ਤੇ ਪਵੇਗਾ, ਪਰ ਲੋਕ ਤਾਂ ਪਹਿਲਾਂ ਹੀ ਟੈਕਸ ਅਤੇ ਮਹਿੰਗਾਈ ਦੇ ਭਾਰ ਹੇਠ ਦੱਬੇ ਪਏ ਹਨ।

ਜੂਨ 12,1995 ਵਿੱਚ ਕੈਨੇਡਾ ਦੇ ਸੂਬੇ ਕੁਬੈਕ ਨੇ ਕੈਨੇਡਾ ਤੋਂ ਵੱਖ ਹੋਣ ਲਈ ਇੱਕ ਰੈਫਰੈਂਡਮ ਕਰਵਾਇਆ ਜਿਸ ਵਿੱਚ ਵੱਖ ਵਾਦੀਆਂ ਨੂੰ 49.5% ਵੋਟਾਂ ਮਿਲੀਆਂ, ਵੱਖ ਵਾਦੀਆਂ ਨੇ ਇਸ ਤੋਂ ਬਾਦ ਰੈਫਰੈਂਡਮ ਤੋਂ ਤੋਬਾ ਕਰ ਲਈ। ਇਸ ਸਮੇਂ ਰੀਫਾਰਮ ਪਾਰਟੀ ਦੇ ਲੀਡਰ ਪ੍ਰੈਸਟਿਨ ਮੈਨਨਿੰਗ ਦੀ ਇੱਕ ਗੱਲ ਬਿਲਕੁਲ ਨਹੀਂ ਭੁਲਦੀ ਜਿਸਨੇ ਕਿਹਾ ਸੀ ਕਿ ਜੇਕਰ ਕੁਬੈਕ 50% ਜਮਾਂ ਇੱਕ ਵੋਟ ਲੈ ਜਾਂਦਾ ਤਾਂ ਕਿ ਕੁਬੈਕ ਨੂੰ ਵੱਖ ਹੋ ਜਾਣਾ ਚਾਹੀਦਾ ਹੈ, ਇਸ ਵਿੱਚੋਂ ਉਸਦੀ ਆਪਦੀ ਵੱਖਵਾਦੀ ਸੋਚ ਦਿਸਦੀ ਸੀ। ਪਰ ਰੈਫਰੈਂਡਮ ਨੇ ਕੁਬੈਕ ਨੂੰ ਬੁਰੀ ਤਰ੍ਹਾਂ ਰੀਸੈਸ਼ਨ ਵਿੱਚ ਧੱਕ ਦਿੱਤਾ। ਵੱਡੇ ਵੱਡੇ ਨਿਵੇਸ਼ਕਾਂ ਨੇ ਕੁਬੈਕ ਵਿੱਚੋਂ ਆਪਦਾ ਪੈਸਾ ਕੱਢ ਲਿਆ, ਬੇਰੁਜ਼ਗਾਰੀ ਸ਼ਿਖਰ ਤੇ ਚਲੀ ਗਈ, ਵੇਖਵਾਦੀ ਲੀਡਰ ਜੌਕ ਪੈਰੀ ਜੋ ਨੇ ਇਸ ਹਾਰ ਦਾ ਸਾਰਾ ਦੋਸ਼ ਪ੍ਰਵਾਸੀਆਂ ਤੇ ਲਾਇਆ। ਇਹ ਗੱਲ ਬਿੱਲਕੁਲ ਸੱਚ ਵੀ ਹੈ ਕਿ ਪ੍ਰਵਾਸੀ ਜਾ ਕੈਨੇਡਾ ਵਿੱਚ ਬਾਹਰੋਂ ਆਏ ਇਮੀਗਰੈਂਟ ਲੋਕਾਂ ਨੇ ਕੁਬੈਕ ਵਿੱਚ ਕੈਨੇਡਾ ਦੇ ਹੱਕ ਵਿੱਚ ਵੋਟਾਂ ਪਾ ਕੇ ਪਾਰਟੀ ਕੁਬੈਕਵਾ ਦੇ ਵੱਖਵਾਦੀ ਰੈਫਰੈਂਡਮ ਨੂੰ ਫੇਲ ਕਰ ਦਿੱਤਾ, ਹਾਲਾਂ ਕਿ ਪਾਰਟੀ ਕੁਬੈਕਵਾ ਦਾ ਅਧਾਰ ਕੁਬੈਕ ਵਿੱਚ ਬਹੁਤ ਤਕੜਾ ਸੀ। ਇਸ ਦੇ ਉਲਟ ਅਲਬਰਟਾ ਵਿੱਚ ਵੱਖਵਾਦੀ ਸੋਚ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ, ਅਲਬਰਟਾ ਵਿੱਚ ਜੇਕਰ ਰੈਫਰੈਂਡਮ ਹੋਇਆ ਵੀ ਤਾਂ ਵੀ ਬੁਰੀ ਤਰਾਂ ਫੇਲ ਹੋ ਜਾਵੇਗਾ, ਸੋ ਅਲਬਰਟਾ ਦੇ ਲੋਕਾਂ ਨੂੰ ਇਹਨਾਂ ਵੱਖਵਾਦੀ ਸੋਚ ਵਾਲ਼ੇ ਲੋਕਾਂ ਤੋਂ ਡਰਨ ਦੀ ਲੋੜ ਨਹੀਂ। ਸਮਝਦਾਰ ਲੋਕਾਂ ਨੂੰ ਪਤਾ ਹੈ ਕਿ ਨਵੇਂ ਮੁਲਕ ਬਣਾਉਣੇ ਸੌਖੇ ਨਹੀਂ ਹਨ, ਇੱਕ ਪਰਵਾਰ ਵੀ ਜਦ ਟੁੱਟਦਾ ਹੈ, ਉਹ ਵੀ ਛੇਤੀ ਕੀਤੇ ਤਾਬ ਨਹੀਂ ਆਉਂਦਾ, ਇੱਥੇ ਤਾਂ ਇੱਕ ਨਵੇਂ ਮੁਲਕ ਦੀ ਸਿਰਜਣਾ ਕਰਨ ਦਾ ਮਸਲਾ ਹੈ। ਉਮੀਦ ਹੈ ਕਿ ਅਲਬਰਟਾ ਦੇ ਮਹਿੰਗਾਈ ਅਤੇ ਬੇਕਾਰੀ ਦੇ ਮਾਰੇ ਲੋਕ ਬਹੁਤ ਸੋਚ ਸਮਝ ਕੇ ਫੈਸਲਾ ਕਰਨਗੇ ਕਿ ਉਹਨਾਂ ਲਈ ਕੀ ਠੀਕ ਹੈ। ਇਹ ਸਤਰਾਂ ਲਿਖੇ ਜਾਣ ਤੱਕ ਵੱਖਵਾਦੀ ਸੋਚ ਵਾਲ਼ੇ ਲੋਕਾਂ ਦਾ ਕੋਈ ਪਬਲਿਕ ਅਧਾਰ ਨਜ਼ਰ ਨਹੀਂ ਆਉਂਦਾ।

SIDHU GLOBAL IMMIGRATION INC.
SERVICES
• Family/Spousal Sponsorship • Parents/Grand Parents
• Super Visa • Visitor Visa • Study Visa/Work Permits
• Express entry (Federal & Provincial)
• Provincial Nominee Applications
• Citizenship, PR Card, Passport & OCI Forms

+1 (403) 860-1957
sidhugursharan152@gmail.com | 71 Saddle Land Way NE Calgary AB T3J 5J3
Gursharan Singh Sidhu, RCIC
Membership No. R523973

# ਜੇ ਤੁਸੀਂ ਕਿਸੇ ਜ਼ੁਲਮ ਨੂੰ ਤਮਾਸ਼ਬੀਨ ਬਣ ਕੇ ਵੇਖਦੇ ਹੋ ਤਾਂ ਤੁਹਾਨੂੰ ਉਸ ਤਮਾਸ਼ੇ ਦੀ ਕੀਮਤ ਤਾਰਨੀ ਪਵੇਗੀ

- ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ 15ਵੇਂ ਸੋਹਣ ਮਾਨ ਯਾਦਗਾਰੀ ਸਮਾਗਮ ਦਾ ਆਯੋਜਨ
- ਸਮਾਗਮ ਬੱਬਰ ਅਕਾਲੀ ਲਹਿਰ ਦੇ ਘੁਲਾਟੀਆਂ ਨੂੰ ਕੀਤਾ ਸਮਰਪਿਤ










ਕੈਲਗਰੀ, (ਹਰਚਰਨ ਸਿੰਘ ਪਰਹਾਰ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ 15ਵੇਂ ਸੋਹਣ ਮਾਨ ਯਾਦਗਾਰੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਵਾਰ ਦਾ ਸਮਾਗਮ ਬੱਬਰ ਅਕਾਲੀ ਲਹਿਰ ਦੇ ਘੁਲਾਟੀਆਂ ਨੂੰ ਸਮਰਪਿਤ ਕੀਤਾ ਗਿਆ ਜਿਹੜੇ ਸੋ ਵਰ੍ਹੇ ਪਹਿਲਾਂ ਲਾਹੌਰ ਸੈਂਟਰਲ ਜੇਲ੍ਹ ਵਿੱਚ ਸ਼ਹਾਦਤਾਂ ਦਾ ਜਾਮ ਪੀ ਗਏ ਸਨ। ਸਮਾਗਮ ਦੀ ਸ਼ੁਰੂਆਤ ਵਿੱਚ ਸੋਹਣ ਮਾਨ, ਸਵਰਨ ਭੰਗੂ ਅਤੇ ਹਰਬਖ਼ਸ਼ ਸਰੋਆ ਅਤੇ ਵਿੱਦਿਆ ਭੈਣ ਜੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਰੈੱਡ ਐਫ ਰੇਡੀਓਜ਼ ਦੇ ਹੋਸਟ ਰਿਸ਼ੀ ਨਾਗਰ ਨੇ ਸ਼ੁਰੂਆਤੀ ਸ਼ਬਦ ਬੋਲ ਦਿਆਂ ਕਿਹਾ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਡੇ ਯਤਨ ਕਰ ਰਹੀ ਹੈ। ਉਹਨਾਂ ਨੇ ਇਨ੍ਹਾਂ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਉਪਰੰਤ ਪ੍ਰੋਗਰੈਸਿਵ ਕਲਾ ਮੰਚ ਦੇ ਛੋਟੇ ਛੋਟੇ ਬੱਚਿਆਂ ਨੇ ਕੋਰੀਓਗ੍ਰਾਫੀ ਪੇਸ਼ ਕੀਤੀ 'ਅੰਮੜੀ ਦਾ ਕੱਤਿਆ ਸਾਂਭੀ ਸੂਟ ਮੇਰੀਏ ਦਾਨੀਏ ਧੀਏ' ਬੱਚਿਆਂ ਦੀ ਪੇਸ਼ਕਾਰੀ ਤੋਂ ਉਹਨਾਂ ਦੁਆਰਾ ਕੀਤੀ ਮਿਹਨਤ ਸਾਫ਼ ਝਲਕਦੀ ਸੀ।

ਇਸ ਤੋਂ ਤੁਰੰਤ ਬਾਅਦ ਨਾਟਕ ਮੇਲੇ ਦਾ ਪਹਿਲਾ ਨਾਟਕ ਗੁਰਸ਼ਰਨ ਭਾਅ ਜੀ ਦੀ ਰਚਨਾ 'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ' ਨਾਟਕ ਹਰਕੇਸ਼ ਚੌਧਰੀ ਜੀ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤਾ ਗਿਆ। ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰਨ ਦਾ ਸੰਦੇਸ਼ ਦਿੰਦਾ ਨਾਟਕ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ ਕਿ ਸਾਡੇ ਵਿਰਸੇ ਵਿੱਚ ਗੁਰੂ ਸਾਹਿਬਾਨ ਨੇ ਜ਼ੁਲਮ ਨਾਲ ਟੱਕਰ ਲਈ ਸੀ। ਉਹ ਜ਼ੁਲਮ ਵਿਰੁੱਧ ਲੜੇ ਸਨ। ਉਹਨਾਂ ਦੇ ਵਾਰਸਾਂ ਨੂੰ ਵੀ ਅੱਜ ਜ਼ੁਲਮ ਖਿਲਾਫ ਮਾਨਵਤਾ ਬਚਾਉਣ ਦੀ ਲੜਾਈ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ।

ਨਾਟਕ ਦੀ ਪੇਸ਼ਕਾਰੀ ਕਮਾਲ ਦੀ ਸੀ। ਨਾਟਕ ਦਰਸ਼ਕਾਂ ਨੂੰ ਹਸਾਇਆ ਵੀ, ਭਾਵੁਕ ਵੀ ਕੀਤਾ। ਔਰੰਗਜ਼ੇਬ ਦਾ ਜਬਰ ਗੁਰੂ ਤੇਗ ਬਹਾਦਰ ਜੀ ਦਾ ਸਬਰ ਅਤੇ ਵਜ਼ੀਰ ਖਾਨ ਦਾ ਜ਼ੁਲਮ ਸਿਤਮ ਅਤੇ ਸਾਹਿਬਜ਼ਾਦਿਆਂ ਦਾ ਸਿਦਕ ਦਰਸ਼ਕਾਂ ਨੂੰ ਨਾਟਕ ਵਿੱਚ ਵਾਰ ਵਾਰ ਝੰਜੋੜਦੇ ਰਹੇ ਕਿ ਜੇਕਰ ਤੁਸੀਂ ਕਿਸੇ ਜ਼ੁਲਮ ਨੂੰ ਤਮਾਸ਼ਬੀਨ ਬਣ ਦੇਖਦੇ ਹੋ ਤਾਂ ਤੁਹਾਨੂੰ ਉਸ ਤਮਾਸ਼ੇ ਦੀ ਕੀਮਤ ਉਤਾਰਨੀ ਪਵੇਗੀ ਤੁਹਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਉਤਾਰਨੀ ਪਵੇਗੀ।

ਨਾਟਕ ਪੂਰੀ ਕਾਮਯਾਬੀ ਨਾਲ ਪੇਸ਼ ਹੋਇਆ। ਦਰਸ਼ਕਾਂ ਨੇ ਨਾਟਕ ਖ਼ਤਮ ਹੁੰਦਿਆਂ ਹੀ ਖੜ੍ਹੇ ਹੋ ਕੇ ਭਰਪੂਰ ਤਾੜੀਆਂ ਮਾਰਕੇ ਨਾਟਕ ਦਾ ਅਭਿਨੰਦਨ ਕੀਤਾ। ਇਸ ਨਾਟਕ ਵਿੱਚ ਜਸਵਿੰਦਰ ਕੌਰ ਜੱਸ, ਕਮਲ ਸਿੱਧੂ, ਅੰਮ੍ਰਿਤ ਪਾਲ, ਬੋਬੀ ਢਿੱਲੋਂ, ਨਵਕਿਰਨ ਢੁੱਡੀਕੇ, ਅਮਰਜੀਤ ਗਿੱਲ, ਦਿਲਪ੍ਰੀਤ ਸਿੰਘ, ਸੰਦੀਪ ਗਿੱਲ, ਹਰਕੀਰਤ ਧਾਲੀਵਾਲ ਧਾਲੀਵਾਲ, ਜਸਕਰਨ ਪੁਰਬਾ, ਸਫ਼ਲ ਮਾਲਵਾ, ਹਰਪ੍ਰੀਤ ਕੌਰ, ਗੁਨੀਵ ਕੌਰ, ਸਿਦਕ ਆਦਿ ਨੇ ਸ਼ਾਨਦਾਰ ਭੂਮਿਕਾ ਨਿਭਾਈ।

## ਡਾ. ਸਾਹਿਬ ਦੇ ਨਾਟਕ 20 ਸਤੰਬਰ ਨੂੰ ਕੈਲਗਰੀ ਵਿਖੇ ਕਰਵਾਏ ਜਾਣਗੇ

ਮਿਊਜ਼ਿਕ ਤੇ ਐਨੀਆਂ ਨਾਲ ਅਤੇ ਲਾਇਟਿੰਗ ਤੇ ਸਾਹਿਬ ਪੰਧੇਰ, ਮੇਕਅੱਪ ਲਈ ਸੁਖਮਨੀ ਅਤੇ ਅੰਸ਼ ਗਿੱਲ, ਸੈੱਟ ਬਣਾਉਣ ਵਿਚ ਜਸ਼ਨ ਗਿੱਲ, ਹਰਮਨ ਸ਼ੇਖੋਂ ਅਤੇ ਹਰਮਨ ਢੁਡੀਕੇ ਨੇ ਸਹਿਯੋਗ ਦਿੱਤਾ। ਇਸ ਮੌਕੇ 'ਤੇ ਹਰਕੇਸ਼ ਚੌਧਰੀ ਨੇ ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਨਾਲ ਹੀ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਸਹਾਇਤਾ ਕਰਨ ਵਾਲੇ ਰਿਸ਼ੀ ਨਾਗਰ, ਹਰਚਰਨ ਪਰਹਾਰ, ਹਰਬਖਸ਼ ਸਰੋਆ ਪਰਿਵਾਰ ਦਾ ਧੰਨਵਾਦ ਕੀਤਾ।

ਇਸ ਉਪਰੰਤ ਜਸਵੰਤ ਜਗਾਇਤ ਦੀ ਪੁਸਤਕ 'ਹਵਾ ਵਿੱਚ ਲਟਕਦੇ ਲੋਕ' ਨੂੰ ਰਲੀਜ਼ ਕੀਤਾ ਗਿਆ। ਪੁਸਤਕ ਰਲੀਜ਼ ਕਰਨ ਸਮੇਂ ਮਾਸਟਰ ਭਜਨ ਸਿੰਘ, ਹਰਚਰਨ ਪਰਹਾਰ, ਰਿਸ਼ੀ ਨਾਗਰ, ਬਲਜਿੰਦਰ ਸੰਘਾ, ਜਸਵੰਤ ਜਗਾਇਤ ਉਹਨਾਂ ਦੇ ਪਰਿਵਾਰ ਮੈਂਬਰ ਹਾਜ਼ਰ ਸਨ। ਬਲਜਿੰਦਰ ਸੰਘਾ ਨੇ ਪੁਸਤਕ ਤੇ ਪਰਚਾ ਵੀ ਪੜ੍ਹਿਆ। ਪ੍ਰੋਗਰਾਮ ਕਾਮਯਾਬੀ ਨਾਲ ਅੱਗੇ ਵੱਧ ਰਿਹਾ ਸੀ।

ਦਰਸ਼ਕਾਂ ਨਾਲ ਹਾਲ ਨੱਕੋਂ ਨੱਕ ਭਰਿਆ ਪਿਆ ਸੀ ਅਗਲੀ ਕੌਰੀਓਗ੍ਰਾਫੀ ਬੱਚਿਆਂ ਦੁਆਰਾ ਪੇਸ਼ ਕੀਤੀ ਗਈ 'ਬਾਬਲਾ ਪੁਆਦੇ ਬੇੜੀਆਂ' ਪੇਸ਼ਕਾਰੀ ਐਨੀ ਜਾਨਦਾਰ ਸੀ ਕਿ ਬਹੁਤ ਸਾਰੇ ਦਰਸ਼ਕਾਂ ਨੂੰ ਕੌਰੀਓਗ੍ਰਾਫੀ ਦੌਰਾਨ ਨਮ ਅੱਖਾਂ ਨੂੰ ਪੂੰਝਦਿਆਂ ਨੂੰ ਦੇਖਿਆ ਗਿਆ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਕਮਲਪ੍ਰੀਤ ਪੰਧੇਰ ਨੇ ਬਹੁਤ ਹੀ ਸਾਰਥਕ ਢੰਗ ਨਾਲ ਨਿਭਾਈ। ਇਸ ਉਪਰੰਤ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ ਲੰਮੇ ਸਮੇਂ ਤੋਂ ਬਤੌਰ ਅਦਾਕਾਰ ਕੰਮ ਕਰਨ ਵਾਲੇ ਕਮਲ ਸਿੱਧੂ ਅਤੇ ਜਸਵਿੰਦਰ ਜਸ ਦੋ ਕਲਾਕਾਰਾਂ ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਮਾਸਟਰ ਭਜਨ ਸਿੰਘ, ਸੰਦੀਪ ਗਿੱਲ, ਹਰਕੇਸ਼ ਚੌਧਰੀ, ਨਵਕਿਰਨ ਢੁੱਡੀਕੇ ਜੀ ਵੱਲੋਂ ਇਹ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵਿਖੇ ਕਮਰਾ ਉਸਾਰਨ ਵਾਲੇ ਸਰੋਆ ਪਰਿਵਾਰ ਦਾ ਵੀ ਸਨਮਾਨਿਤ ਕੀਤਾ ਗਿਆ।

ਇਹ ਸਨਮਾਨ ਪ੍ਰਧਾਨ ਜਸਵਿੰਦਰ ਕੌਰ ਮਾਨ, ਗੁਰਦੀਪ ਕੌਰ ਪਰਹਾਰ ਗੁਰਚਰਨ ਕੌਰ ਥਿੰਦ ਨੇ ਕੀਤਾ। ਇਸ ਮੌਕੇ ਤੇ ਮਾਸਟਰ ਭਜਨ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਡਾ ਮਕਸਦ ਸਮਾਜ ਨੂੰ ਬੇਹਤਰ ਬਣਾਉਣਾ ਹੈ। ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣਾ ਹੈ। ਨਾਟਕ ਸਮਾਗਮ ਸਿਖ਼ਰ ਵੱਲ ਜਾ ਰਿਹਾ ਅਗਲਾ ਨਾਟਕ ਗ਼ਦਰ ਲਹਿਰ ਦੀ ਵੀਰਾਂਗਣਾਂ ਗੁਲਾਬ ਕੌਰ ਦੀ ਜ਼ਿੰਦਗੀ ਤੇ ਅਧਾਰਿਤ ਨਾਟਕ ਹਰਕੇਸ਼ ਚੌਧਰੀ ਜੀ ਦੁਆਰਾ ਰਚਿਤ ਤੇ ਨਿਰਦੇਸ਼ਿਤ ਨਾਟਕ 'ਧਰਤਿ ਵੰਗਾਰੇ ਤਖ਼ਤ ਨੂੰ' ਨਾਟਕ ਪੇਸ਼ ਕੀਤਾ ਗਿਆ।

ਇਸ ਨਾਟਕ ਨੇ ਗ਼ਦਰ ਲਹਿਰ ਦੇ ਅਣਫੋਲੇ ਵਰਕਿਆਂ ਦੀ ਦਾਸਤਾਨ ਨੂੰ ਪੇਸ਼ ਕੀਤਾ ਗਿਆ। ਅੱਜ ਵੀ ਗ਼ਦਰੀ ਗੁਲਾਬ ਕੌਰ ਦੀਆਂ ਵਾਰਸ ਜੰਮਦੀਆਂ ਹਨ। ਦੇਸ਼ ਭਗਤਾਂ ਨੇ ਕਿੰਨੀਆਂ ਕੁਰਬਾਨੀਆਂ ਕੀਤੀਆਂ ਸਨ।

ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ ਸਨ। ਨਾਟਕ ਆਪਣਾ ਸੰਦੇਸ਼ ਦੇਣ ਵਿੱਚ ਕਾਮਯਾਬ ਰਿਹਾ। ਨਾਟਕ ਸਮਾਗਮ ਪੂਰਾ ਸਫ਼ਲ ਰਿਹਾ। ਇਸ ਮੌਕੇ 'ਤੇ ਗੋਪਾਲ ਜੱਸਲ, ਗੁਰਸ਼ਰਨ ਸਿੰਘ ਢੁੱਡੀਕੇ, ਜਸਪਾਲ ਹੰਸਰਾ, ਸੁਰਿੰਦਰ ਕੌਰ ਗਿੱਲ, ਸੁਖਵੀਰ ਗਰੇਵਾਲ ਆਦਿ ਹਾਜ਼ਰ ਸਨ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਬੱਚਿਆਂ 'ਚ ਪੰਜਾਬੀ ਬੋਲਣ ਦੀ ਮੁਹਾਰਤ ਦਾ ਤੇਰ੍ਹਵਾਂ ਸਮਾਗਮ

**ਦਵਿੰਦਰ ਮਲਹਾਂਸ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਹਰੇਕ ਸਾਲ ਕਰਵਾਇਆ ਜਾਣ ਵਾਲਾ ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ ਦਾ ਸਮਾਗਮ, ਵਾਈਟਹੋਰਨ ਕਮਿਊਨਿਟੀ ਹਾਲ ਵਿੱਚ ਦਰਸ਼ਕਾਂ ਦੇ ਭਾਰੀ ਇਕੱਠ ਵਿੱਚ ਸ਼ੁਰੂ ਹੋਇਆ।

ਪੰਜਾਬੀ ਲਿਖਾਰੀ ਸਭਾ ਦੇ ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਹਾਜ਼ਰੀਨ ਦੀਆਂ ਤਾੜੀਆਂ ਦੀ ਗੂੰਜ ਵਿੱਚ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਪ੍ਰਧਾਨ ਰਣਜੀਤ ਸਿੰਘ, ਲੇਖਕ ਬਲਜਿੰਦਰ ਸੰਘਾ ਅਤੇ ਡਾ. ਪਰਮਜੀਤ ਕੌਰ ਨੂੰ ਸੱਦਾ ਦਿੱਤਾ ਅਤੇ ਹਾਜ਼ਰੀਨ ਨੂੰ ਜੀ ਆਇਆਂ ਨੂੰ ਆਖਿਆ।

ਪ੍ਰੋਗਰਾਮ ਦਾ ਅਗਾਜ ਰਾਸ਼ਟਰੀ ਗੀਤ 'ਓ ਕੈਨੇਡਾ' ਨਾਲ ਹੋਇਆ। ਮੀਤ ਪ੍ਰਧਾਨ ਜੋਰਾਵਰ ਨੇ ਪੰਜਾਬੀ ਲਿਖਾਰੀ ਸਭਾ ਕੈਲਗਰੀ 27 ਸਾਲਾਂ ਦੇ ਇਤਿਹਾਸ ਅਤੇ ਕਾਰਗੁਜ਼ਾਰੀ ਉੱਤੇ ਚਾਨਣਾ ਪਾਇਆ।ਬਲਜਿੰਦਰ ਸੰਘਾ ਨੇ ਮੁਕਾਬਲੇ ਦੌਰਾਨ ਬੱਚਿਆਂ ਨੇ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਹੈ, ਉਹਨਾਂ ਤੋਂ ਜਾਣੂ ਕਰਵਾਇਆ।

ਪਹਿਲੇ ਭਾਗ ਵਿੱਚ ਜੱਜ ਦੀ ਭੂਮਿਕਾ ਨਰਿੰਦਰ ਗਿੱਲ, ਮਨਦੀਪ ਤੂਰ ਅਤੇ ਹਰਪ੍ਰੀਤ ਸਿੰਘ ਗਿੱਲ ਨੇ ਨਿਭਾਈ। ਇਸ ਭਾਗ ਵਿੱਚ ਪਹਿਲੀ ਤੇ ਦੂਜੀ ਕਲਾਸ ਦੇ 25 ਬੱਚਿਆਂ ਨੇ ਹਿੱਸਾ ਲਿਆ। ਛੋਟੇ ਬੱਚਿਆਂ ਨੇ ਮਾਂ ਬੋਲੀ ਪੰਜਾਬੀ ਵਿੱਚ ਕਮਾਲ ਦੀਆਂ ਪੇਸ਼ਕਾਰੀਆਂ ਕੀਤੀਆਂ।

ਵਾਈ ਵਾਈ ਸੀ ਗਿੱਧਾ ਅਤੇ ਫੋਕ ਅਕੈਡਮੀ ਦੀਆਂ ਬੱਚੀਆਂ ਨੇ ਮਨਦੀਪ ਤੂਰ ਦੀ ਅਗਵਾਈ ਹੇਠ ਬਹੁਤ ਵਧੀਆ ਗਿੱਧਾ ਪਾਇਆ।

ਦੂਜੇ ਗਰੁੱਪ ਵਿੱਚ ਜੱਜ ਸਾਹਿਬਾਨਾਂ ਦੀ ਸੇਵਾ, ਸੀਮਾ ਚੱਠਾ, ਸਨਦੀਪ ਸੰਦਿਓੜਾ ਅਤੇ ਮਨਦੀਪ ਤੂਰ ਨੇ ਨਿਭਾਈ। ਤਰਲੋਚਨ ਸੈਹਿੰਬੀ ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਬਹੁਤ ਵਧੀਆ ਗੀਤ ਪੇਸ਼ ਕੀਤਾ।




ਤੀਜੇ ਭਾਗ ਵਿੱਚ ਪੰਜਵੀਂ ਅਤੇ ਛੇਵੀਂ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ। ਜਿਸ ਵਿੱਚ ਜੱਜ ਸਾਹਿਬਾਨਾਂ ਦੀ ਭੂਮਿਕਾ ਗੁਰਪ੍ਰੀਤ ਕੌਰ ਰੈਡ. ਐਫ. ਐਮ. ਤੋਂ, ਸਿਵਲੀਨ ਕੌਰ ਜੱਸੜ ਰੇਡੀਓ ਸੁਰ ਸੰਗਮ ਤੋਂ ਅਤੇ ਸੁਖਮੰਦਰ ਗਿੱਲ ਨੇ ਨਿਭਾਈ। ਮਹਿੰਦਰਪਾਲ ਸਿੰਘ ਪਾਲ ਨੇ ਖ਼ੂਬਸੂਰਤ ਗ਼ਜ਼ਲਾਂ ਨਾਲ ਹਾਜ਼ਰੀ ਲਵਾਈ। ਸਲੋਨੀ ਗੋਤਮ ਨੇ ਮਾਂ ਬੋਲੀ ਪ੍ਰਤੀ ਆਪਣੇ ਮੋਹ ਦਾ ਪ੍ਰਗਟਾਵਾ ਸਾਂਝਾ ਕੀਤਾ।

ਚੋਥੇ ਗਰੁੱਪ ਵਿੱਚ ਜਿਸ ਵਿੱਚ ਸੱਤਵੀਂ ਅਤੇ ਅੱਠਵੀਂ ਜਮਾਤ ਦੇ ਬੱਚਿਆਂ ਨੇ ਹਿੱਸਾ ਲਿਆ ਉਹਨਾਂ ਦੀ ਜੱਜਮੈਂਟ ਡਾ. ਸਰਬਜੀਤ ਕੌਰ ਜਵੰਦਾ, ਇ. ਜੀਰ ਸਿੰਘ ਬਰਾੜ ਅਤੇ ਸੁਖਵਿੰਦਰ ਸਿੰਘ ਤੂਰ ਨੇ ਕੀਤੀ।

ਦਵਿੰਦਰ ਮਲਹਾਂਸ ਨੇ ਨਤੀਜਿਆ ਦਾ ਐਲਾਨ ਕੀਤਾ। ਪਹਿਲੇ ਭਾਗ ਵਿੱਚ ਕ੍ਰਮਵਾਰ ਹਰਅਸੀਸ ਕੌਰ, ਜਪੁਜੀ ਕੌਰ ਬਰਾੜ ਅਤੇ ਨਿਮਰਤ ਕੌਰ ਜੇਤੂ ਰਹੇ।

ਦੂਜੇ ਭਾਗ ਵਿੱਚ ਕ੍ਰਮਵਾਰ ਸਾਹਿਬਪ੍ਰੀਤ ਸਿੰਘ, ਹਰਗੁਣ ਕੌਰ ਵਿਰਕ ਅਤੇ ਸਮਾਇਰਾ ਚੌਹਾਨ ਜੇਤੂ ਰਹੇ।

ਤੀਜੇ ਭਾਗ ਵਿੱਚ ਕ੍ਰਮਵਾਰ ਗੁਨੀਵ ਕੌਰ ਗਿੱਲ, ਪ੍ਰਭਨੂਰ ਸਿੰਘ ਅਤੇ ਸਿਦਕ ਸਿੰਘ ਗਰੇਵਾਲ ਨੇ ਜਿੱਤ ਹਾਸਲ ਕੀਤੀ।

ਚੋਥੇ ਗਰੁੱਪ ਵਿੱਚ ਕ੍ਰਮਵਾਰ ਨਿਮਰਤ ਕੌਰ, ਸਹਿਜ ਸਿੰਘ ਗਿੱਲ ਅਤੇ ਹਰਸੀਰਤ ਕੌਰ ਨੇ ਜਿੱਤ ਦਰਜ ਕਰਵਾਈ। ਇਹਨਾਂ ਜੇਤੂ ਬੱਚਿਆਂ ਦਾ ਸਨਮਾਨ ਟਰਾਫੀਆਂ ਨਾਲ ਕੀਤਾ ਗਿਆ। ਹਰੇਕ ਭਾਗ ਲੈਣ ਵਾਲੇ ਬੱਚੇ ਦੀ ਮੈਡਲ ਨਾਲ ਹੋਸਲਾ ਅਫਜਾਈ ਕੀਤੀ ਗਈ।

ਇਸ ਮੌਕੇ ਤੇ ਭਾਸ਼ਾ ਵਿਭਾਗ ਤੋਂ ਖੋਜ ਅਫਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਜਾਬੀ ਲਿਖਾਰੀ ਸਭਾ ਕੈਲਗਰੀ ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਤੋਂ ਇਲਾਵਾ ਗੁਰਪ੍ਰੀਤ ਕੌਰ, ਸੁਖਵੀਰ ਸਿੰਘ ਗਰੇਵਾਲ, ਰਾਜਿੰਦਰ ਕੌਰ ਚੋਹਕਾ ਅਤੇ ਗੁਰਪ੍ਰੀਤ ਕੌਰ ਲਾਡਲ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਸਾਰੇ ਹੀ ਕਾਰਜਕਾਰੀ ਮੈਂਬਰਾਂ ਨੇ ਆਪਣੀ ਜ਼ਿੰਮੇਵਾਰੀ ਬਹੁਤ ਤਨਦੇਹੀ ਨਾਲ ਨਿਭਾਈ। ਸਾਊਂਡ ਸਿਸਟਮ ਉੱਪਰ ਬਲਵੀਰ ਗੋਰਾ, ਬੱਚਿਆਂ ਨੂੰ ਲਾਇਨ-ਅਪ ਕਰਨ ਅਤੇ ਸਟੇਜ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਤਰਲੋਚਨ ਸੈਹਿੰਬੀ ਅਤੇ ਮੰਗਲ ਚੱਠਾ ਨੇ ਨਿਭਾਈ। ਜੱਜ ਸਾਹਿਬਾਨਾਂ ਨਾਲ ਸੁਖਜੀਤ ਸਿਮਰਨ, ਜਗਤਾਰ ਜਗਰਾਓਂ ਅਤੇ ਜੋਰਾਵਰ ਨੇ ਫੋਟੋਗ੍ਰਾਫੀ ਕੀਤੀ। ਚਾਹ-ਪਾਣੀ ਦੀ ਸੇਵਾ ਗੁਰਲਾਲ ਸਿੰਘ ਰੁਪਾਲੋਂ ਨੇ ਆਪਣੇ ਪਰਿਵਾਰ ਸਮੇਤ ਬਾਖ਼ੂਬੀ ਨਿਭਾਈ।

ਮੀਡੀਏ ਤੋਂ ਰਿਸ਼ੀ ਨਾਗਰ, ਚੰਦ ਸਿੰਘ ਸੰਦਿਓੜਾ, ਹਰਚਰਨ ਸਿੰਘ ਪਰਹਾਰ, ਜਸਜੀਤ ਸਿੰਘ ਧਾਮੀ, ਰਣਜੀਤ ਸਿੰਘ ਸਿੱਧੂ, ਸੈਵੇਦੂ ਸ਼ਰਮਾ ਅਤੇ ਪਰਮਜੀਤ ਸਿੰਘ ਭੰਗੂ ਨੇ ਆਪਣੀ ਹਾਜ਼ਰੀ ਲਗਵਾਈ।ਹੋਰਨਾਂ ਤੋਂ ਇਲਾਵਾ ਸੁਰਿੰਦਰ ਸ਼ਰਮਾ, ਜਸਵੀਰ ਸਿੰਘ ਸਿਹੋਤਾ, ਗੁਰਦੀਸ ਕੌਰ ਗਰੇਵਾਲ, ਸਨੀ ਸਵੈਚ, ਭੋਲਾ ਸਿੰਘ ਚੌਹਾਨ, ਮਨਜੋਤ ਸਿੰਘ ਗਿੱਲ ਅਤੇ ਬਲਜੀਤ ਸਿੰਘ ਪੰਧੇਰ ਆਦਿ ਹਾਜ਼ਰ ਹੋਏ। ਹਾਲ ਖਚਾਖਚ ਭਰਿਆ ਹੋਇਆ ਸੀ। ਬਹੁਤ ਹੀ ਸਫਲ ਸਮਾਗਮ ਹੋਇਆ।

ਅਖੀਰ ਵਿੱਚ ਪ੍ਰਧਾਨ ਰਣਜੀਤ ਸਿੰਘ ਨੇ ਮੀਡੀਏ ਅਤੇ ਜੱਜ ਸਾਹਿਬਾਨਾਂ ਸਮੇਤ ਸਾਰਿਆਂ ਦਾ ਧੰਨਵਾਦ ਕੀਤਾ। ਅਗਲੀ ਮਹੀਨਾਵਾਰ ਮੀਟਿੰਗ ਜੋ 18 ਜੁਲਾਈ 2026 ਨੂੰ ਕੋਸੋ ਹਾਲ ਵਿਖੇ ਹੋਵੇਗੀ ਉਸ ਵਾਰੇ ਜਾਣਕਾਰੀ ਸਾਂਝੀ ਕੀਤੀ।

ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ ਨੂੰ 825 735 1466

ਜਨਰਲ ਸਕੱਤਰ ਦਵਿੰਦਰ ਮਲਹਾਂਸ 403 993 2201 ਤੇ ਸੰਪਰਕ ਕੀਤਾ ਜਾ ਸਕਦਾ ਹੈ ।

ਆਪਣੇ ਫੋਨ ਵਿਚ 'ਸਰੋਕਾਰਾਂ ਦੀ ਆਵਾਜ਼' ਦੀ ਐਪ ਫਰੀ ਡਾਊਨ ਲੋਡ ਕਰੋ

## ਡਿਜ਼ੀਟਲ ਲਾਈਫ ਸਰਟੀਫਿਕੇਟ ਬਣਾਉਣ ਲਈ ਕਨੇਡਾ ਦੇ ਸਹਿਰਾਂ ਵਿੱਚ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕੋਆਰਡੀਨੇਟਰ ਗੋਪਾਲ ਸਿੰਘ ਕਾਉਂਕੇ +14039703588 ਕੈਲਗਰੀ
ਦਵਿੰਦਰ ਸਿੰਘ ਤੂਰ +1 (416) 902-9372
ਬਲਵਿੰਦਰ ਸਿੰਘ +16475338980 ਐਬਟਸਫੋਰਡ
ਸੂਬਾ ਸਿੰਘ ਬਾਜਵਾ +1 416-666-4959
ਸਰੀ, ਵੈਨਕੂਵਰ ਵਿੱਚ ਪਰਮਜੀਤ ਸਿੰਘ ਸਿੱਧੂ 7788635911
ਕਰਮਜੀਤ ਸਿੰਘ ਪੁਰਬਾ 6047632435 ਵੈਨਕੂਵਰ
ਹਰਦਿਆਲ ਸਿੰਘ +17785526422 ਐਬਟਸਫੋਰਡ
ਲਵਪ੍ਰੀਤ ਸਿੰਘ +1 (204) 999-0418 ਵਿੱਨੀਪੈੱਗ

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

London Sabzi Bazaar
LONDON SABZI BAZAAR CANADA
+1 647 558 4543 | info@lsbgrocery.ca
Unit 104-106, 4026 Meadowbrook Dr, London, ON

# ਅਸੀਂ ਗੁਰਸ਼ਰਨ ਭਾਅ ਜੀ ਦੇ ਰਾਹਾਂ ਦੇ ਰਾਹੀ ਹਾਂ





**(ਸਰੋਕਾਰਾਂ ਦੀ ਆਵਾਜ਼ ਬਿਊਰੋ) :**

ਗੁਰਸ਼ਰਨ ਭਾਅ ਜੀ ਦੀ ਧਾਰਾ ਜਿਹੜੀ ਧਾਰਾ ਕਹਿੰਦੀ ਹੈ ਕਿ ਜੇਕਰ ਤੁਸੀਂ ਆਪਣੇ ਨਾਟਕ ਰਾਹੀਂ ਸਮਾਜ ਦਾ ਕੋਈ ਸਵਾਲ ਹੀ ਨਹੀਂ ਉਠਾਉਣਾ ਤਾਂ ਨਾਟਕ ਕਰਨਾ ਹੀ ਕਿਉਂ ਹੈ ? ਅਸੀਂ ਗੁਰਸ਼ਰਨ ਭਾਅ ਜੀ ਦੇ ਰਾਹਾਂ ਦੇ ਰਾਹੀ ਹਾਂ। ਕਈ ਸਾਲਾਂ ਤੋਂ ਤੱਕ ਰਹੇ ਸਨ। ਸਾਡੇ ਕੰਮ ਨੂੰ ਸਮਝਦੇ ਹੋਏ ਸਾਡੇ ਕੰਮ ਦਾ ਮਾਣ ਸਤਿਕਾਰ ਕੀਤਾ ਹੈ। ਪੰਜਾਬੀ ਆਰਟਸ ਐਸੋਸੀਏਸ਼ਨ ਟਰਾਂਟੋਂ ਵਾਲਿਆਂ ਨੇ ਪੰਜਾਬੀ ਆਰਟਸ ਐਸੋਸੀਏਸ਼ਨ ਟਰਾਂਟੋਂ ਪਿਛਲੇ ਲੰਬੇ ਸਮੇ ਤੋਂ ਥੀਏਟਰ ਸਰਗਰਮੀਆਂ ਲਈ ਜਾਣੀ ਪਹਿਚਾਣੀ ਸੰਸਥਾ ਹੈ। ਜਿਸ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਬਲਜਿੰਦਰ ਲੇਹਣਾ ਜੀ ਵੱਲੋਂ ਲੰਬੇ ਸਮੇ ਤੋਂ ਨਿਭਾਈ ਜਾ ਰਹੀ ਹੈ। ਉਹ ਆਪਣੀ ਸੂਝ-ਬੂਝ ਨਾਲ ਆਪਣੇ ਥੀਏਟਰ ਪਰਿਵਾਰ ਦੇ ਮੈਂਬਰਾਂ ਦਾ ਖਿਆਲ ਰੱਖਦੇ ਹਨ। ਜਗਵਿੰਦਰ ਜੱਜ, ਸਰਬਜੀਤ ਅਰੋੜਾ ਕੁਲਦੀਪ ਰੰਧਾਵਾ ਵਰਗੇ ਉਨ੍ਹਾਂ ਦੀ ਸੰਸਥਾ ਦੇ ਸੀਨੀਅਰ ਮੈਂਬਰ ਹਨ। ਬਹੁਤ ਸਾਰੀਆਂ ਨਾ ਭੁੱਲਣਯੋਗ ਪੇਸ਼ਕਾਰੀਆਂ ਇਸ ਸੰਸਥਾ ਦਾ ਹਾਸਲ ਹਨ। ਪਿਛਲੇ ਦਿਨੀਂ ਟਰਾਂਟੋਂ ਫੇਰੀ ਦੌਰਾਨ ਸੰਸਥਾ ਦੇ ਮੈਂਬਰਾਂ ਨੂੰ ਮਿਲਣ ਦਾ ਮੌਕਾ ਮਿਲਿਆ। ਇਹ ਕਾਫ਼ੀ ਦਿਲਚਸਪ ਮੌਕਾ ਸੀ। ਬਹੁਤ ਸਾਰੀਆਂ ਗੱਲਾਂ ਬਾਤਾਂ ਹੋਈਆਂ ਸਨ। ਸੰਸਥਾ ਵੱਲੋਂ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੀ ਤਾਰੀਫ਼ ਕਰਦਿਆਂ ਉਨ੍ਹਾਂ ਮੈਨੂੰ ਇੱਕ ਯਾਦਗਾਰੀ ਚਿੰਨ੍ਹ ਵੀ ਭੇਟ ਕੀਤਾ ਅਤੇ ਹਰ ਸੰਭਵ ਮਦਦ ਕਰਨ ਦਾ ਵਾਅਦਾ ਵੀ ਕੀਤਾ।



















# ਕੌਮਾਂਤਰੀ ਤੇਲ ਮੰਡੀ ਵਿੱਚ ਵੱਡੀ ਉਥਲ-ਪੁਥਲ

## ਸੰਯੁਕਤ ਅਰਬ ਅਮੀਰਾਤ ਤੇਲ ਵਪਾਰ ਸੰਘ ਓਪੈਕ ਵਿੱਚੋਂ ਬਾਹਰ

**ਗੁਰਪ੍ਰੀਤ ਅੰਮ੍ਰਿਤਸਰ**

ਖਾੜੀ ਮੁਲਕਾਂ ਵਿੱਚੋਂ ਤੇਲ ਦੇ ਤੀਜੇ ਸੱਭ ਤੋਂ ਵੱਡੇ ਪੈਦਾਕਾਰ ਸੰਯੁਕਤ ਅਰਬ ਅਮੀਰਾਤ ਨੇ ਪਿਛਲੇ ਦਿਨੀ, ਤੇਲ ਪੈਦਾਵਾਰ ਦੇ ਅਜਾਰੇਦਾਰ ਦੇਸ਼ਾਂ ਦੇ ਕਾਰਟਲ (ਵਪਾਰ ਸੰਘ) ਵਿੱਚੋਂ ਬਾਹਰ ਨਿਕਲਣ ਦਾ ਫੈਸਲਾ ਕੀਤਾ ਹੈ। ਓਪੈਕ ਸੰਸਾਰ ਦੇ ਪ੍ਰਮੁੱਖ ਤੇਲ ਦੀ ਪੈਦਾਵਰ ਕਰਨ ਵਾਲ਼ੇ ਮੁਲਕਾਂ ਦਾ ਇੱਕ ਵਪਾਰ ਸੰਘ, ਜਿਸਦੀ ਸਥਾਪਨਾ 1960 ਵਿੱਚ ਇਰਾਨ, ਇਰਾਕ, ਕੁਵੈਤ, ਸਾਊਦੀ ਅਰਬ ਅਤੇ ਵੈਨੇਜ਼ੁਏਲਾ ਨੇ ਮਿਲ਼ ਕੇ ਕੀਤੀ ਸੀ। ਓਪੈਕ ਦਾ ਮੁੱਖ ਮੰਤਵ ਸੰਸਾਰ ਤੇਲ ਮੰਡੀ ਵਿੱਚ ਤੇਲ ਦੀ ਪੂਰਤੀ ਨੂੰ ਇੱਕ ਹੱਦ ਤੱਕ ਕਾਬੂ ਕਰਕੇ, ਤੇਲ ਪੈਦਾਕਾਰ ਦੇਸ਼ਾਂ ਵਿੱਚ ਮੁਕਾਬਲੇ ਰਾਹੀਂ ਤੇਲ ਕੀਮਤਾਂ ਨੂੰ ਡਿੱਗਣ ਤੋਂ ਰੋਕ ਕੇ, ਤੇਲ ਬਜਾਰ ਵਿੱਚ ਉਨ੍ਹਾਂ ਦੇ ਮੁਨਾਫਿਆਂ ਦੀ ਰਾਖੀ ਕਰਨਾ ਹੈ। ਸਾਲ 2021 ਤੋਂ ਹੀ ਸੰਯੁਕਤ ਅਰਬ ਅਮੀਰਾਤ ਇਸ ਸਮੂਹ ਵੱਲੋਂ ਤੈਅ ਤੇਲ ਪੈਦਾਵਾਰ ਦੇ ਕੋਟੇ ਨੂੰ ਲੈ ਕੇ ਨਰਾਜ ਸੀ ਅਤੇ ਇਸਨੂੰ ਵਧਾਉਣ ਦੀ ਮੰਗ ਕਰ ਰਿਹਾ ਸੀ। ਪਿਛਲੇ ਕੁਝ ਸਮੇਂ ਵਿੱਚ ਇਸ ਮੁਲਕ ਦੀ ਤੇਲ ਪੈਦਾਵਾਰ ਦੀ ਸਮਰੱਥਾ ਕਾਫੀ ਵਧੀ ਹੈ ਅਤੇ ਉਹ ਇਸ ਨੂੰ ਵਰਤਕੇ ਹਾਸਲ ਹੋਏ ਮੁਨਾਫੇ ਨੂੰ ਆਪਣੀ ਸਨਅਤ ਵਿੱਚ ਵਿਭਿੰਨਤਾ ਲਿਆਉਣ ਅਤੇ ਤੇਲ ਤੋਂ ਨਿਰਭਰਤਾ ਘਟਾਉਣ ਬਾਰੇ ਵਿਚਾਰ ਕਰ ਰਿਹਾ ਹੈ। ਇਹ ਘਟਨਾ ਉਸ ਵੇਲੇ ਵਾਪਰੀ ਹੈ ਜਦੋਂ ਇਰਾਨ-ਅਮਰੀਕਾ ਜੰਗ ਕਾਰਨ ਤੇਲ ਬਜਾਰ ਪਹਿਲਾਂ ਹੀ ਅਸਥਿਰਤਾ ਦਾ ਸ਼ਿਕਾਰ ਹੈ। ਹੋਰਮੁਜ ਜਲ ਲਾਂਘੇ ਦੇ ਬੰਦ ਹੋਣ, ਓਪੈਕ ਅੰਦਰ ਵਧ ਰਹੇ ਮਤਭੇਦ ਕਾਰਨ ਸੰਸਾਰ ਸਰਮਾਏਦਾਰਾ ਆਰਥਿਕਤਾ ਇੱਕ ਹੋਰ ਨਵੇਂ, ਅਸਥਿਰਤਾ ਦੇ ਦੌਰ ਵਿੱਚ ਦਾਖਲ ਹੋ ਗਈ ਹੈ। ਓਪੈਕ ਕੀ ਹੈ? ਓਪੈਕ ਦੀ ਸਥਾਪਨਾ 1960 ਵਿੱਚ ਇਰਾਨ, ਇਰਾਕ, ਕੁਵੈਤ, ਸਾਊਦੀ ਅਰਬ ਅਤੇ ਵੈਨੇਜ਼ੁਏਲਾ ਦੇ ਹਾਕਮਾਂ ਨੇ ਕੀਤੀ ਸੀ। ਕੁਝ ਸਮੇਂ ਬਾਅਦ ਇਸ ਵਿੱਚ ਸੰਯੁਕਤ ਅਰਬ ਅਮੀਰਾਤ, ਕਤਰ, ਲੀਬੀਆ ਆਦਿ ਵੀ ਸ਼ਾਮਲ ਹੋ ਗਏ। ਸਾਲ 2016 ਵਿੱਚ ਕੁਝ ਹੋਰ ਦੇਸਾਂ ਜਿਵੇਂ ਰੂਸ, ਕਜਾਕਸਤਾਨ ਆਦਿ ਨਾਲ਼ ਸਮਝੌਤੇ ਤਹਿਤ ਓਪੈਕ+ ਤਹਿਤ ਇਸਦੇ ਮੈਂਬਰਾਂ ਵਿੱਚ ਹੋਰ ਵਾਧਾ ਹੋਇਆ। ਇਸਨੂੰ ਬਣਾਉਣ ਦਾ ਮੁੱਖ ਕਾਰਨ ਇਹਨਾਂ ਦੇਸਾਂ ਵੱਲੋਂ ਆਪਸੀ ਮੁਕਾਬਲੇ ਕਾਰਨ, ਤੇਲ ਦੀਆਂ ਕੀਮਤਾਂ ਨੂੰ ਡਿਗਣ ਤੋਂ ਰੋਕਣ ਲਈ, ਮੰਡੀ ਵਿੱਚ ਆਪਸੀ ਤਾਲਮੇਲ ਰਾਹੀਂ, ਹਰ ਮੈਂਬਰ ਦੇਸ਼ ਲਈ, ਤੇਲ ਦੀ ਪੈਦਾਵਾਰ ਦੇ ਹਿੱਸੇ ਤੈਅ ਕਰਕੇ, ਮੰਡੀ ਵਿੱਚ ਤੇਲ ਦੀ ਪੂਰਤੀ ਨੂੰ ਕੰਟਰੋਲ ਕਰਨਾ ਅਤੇ ਇਸ ਰਾਹੀਂ ਆਪਣੇ ਮੁਨਾਫੇ ਸੁਰੱਖਿਅਤ ਰੱਖਣਾ ਸੀ। ਉਸ ਸਮੇਂ ਸੰਸਾਰ ਤੇਲ ਸਨਅਤ ਉੱਪਰ ਅਮਰੀਕੀ ਅਤੇ ਯੂਰਪੀ ਸਾਮਰਾਜੀ ਕੰਪਨੀਆਂ ਦਾ ਦਬਦਬਾ ਸੀ। ਓਪੈਕ ਦਾ ਜਨਮ ਇਸ ਅਸਮਾਨਤਾ ਵਿਰੁੱਧ ਹੋਇਆ। ਇਸਦਾ ਮਕਸਦ ਤੇਲ ਪੈਦਾਕਾਰ ਦੇਸ਼ਾਂ ਨੂੰ ਇੱਕ ਸਾਂਝਾ ਮੰਚ ਦੇਣਾ ਸੀ, ਤਾਂ ਜੋ ਉਹ ਪੈਦਾਵਾਰ ਆਪਸੀ ਤਾਲਮੇਲ ਨਾਲ਼ ਨਿਯੰਤਰਤ ਕਰ ਸਕਣ ਅਤੇ ਤੇਲ ਤੋਂ ਪੈਦਾ ਹੋਣ ਵਾਲ਼ੀ ਦੌਲਤ ਵਿੱਚ ਆਪਣੇ ਲਈ ਵੱਡਾ ਹਿੱਸਾ ਹਾਸਲ ਕਰ ਸਕਣ। ਇਹ ਕੋਈ ਸਾਮਰਾਜ ਵਿਰੋਧੀ ਸੰਸਥਾ ਨਹੀਂ ਸੀ। ਹੁਣ ਸਵਾਲ ਇਹ ਉੱਠਦਾ ਹੈ ਕਿ ਸਰਮਾਏਦਾਰੀ ਅਰਥਚਾਰਿਆਂ ਵਿੱਚ ਅਜਿਹੇ ਵਪਾਰ ਸੰਘ ਬਣਦੇ ਹੀ ਕਿਉਂ ਹਨ? ਸਰਮਾਏਦਾਰੀ ਅਰਥਚਾਰੇ ਵਿੱਚ, ਵੱਖ-ਵੱਖ ਸਰਮਾਏਦਾਰਾਂ ਵਿੱਚ ਸਮਾਜ ਵਿੱਚ ਪੈਦਾ ਹੋ ਰਹੀ ਵਾਧੂ ਕਦਰ ਦੇ ਵੱਧ ਤੋਂ ਵੱਧ ਹਿੱਸੇ ਨੂੰ ਹੜੱਪਣ ਲਈ ਸਖਤ ਘੋਲ਼ ਚੱਲਦਾ ਰਹਿੰਦਾ ਹੈ। ਇਸੇ ਮੁਕਾਬਲੇ ਕਰਕੇ ਸਰਮਾਏਦਾਰ ਨਵੀਂ ਤਕਨੀਕ ਲਿਆਉਂਦੇ ਹਨ ਅਤੇ ਆਪਣੇ ਵਿਰੋਧੀ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਅਤੇ ਇਸ ਰਾਹੀਂ ਹੀ, ਅਸਿੱਧੇ ਢੰਗ ਨਾਲ਼ ਪੈਦਾਵਾਰੀ ਤਾਕਤਾਂ ਦਾ ਵਿਕਾਸ ਕਰਦੇ ਹਨ। ਹਰ ਸਰਮਾਏਦਾਰ ਮੰਡੀ ਵਿੱਚ ਜਿੱਤਣਾ ਚਾਹੁੰਦਾ ਹੈ ਪਰ ਇਸੇ ਮੁਕਾਬਲੇ ਕਾਰਨ, ਆਪਣੀਆਂ ਜਿਣਸਾਂ ਦੀਆਂ ਕੀਮਤਾਂ ਦਾ ਡਿੱਗਣਾ, ਮੁਨਾਫਿਆਂ ਦਾ ਘਟਣਾ ਅਤੇ ਅਨਿਸ਼ਚਿਤਤਾ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੁੰਦੀ। ਇੱਥੋਂ ਹੀ ਕਾਰਟੇਲਾਂ



(ਵਪਾਰ ਸੰਘਾਂ) ਦਾ ਜਨਮ ਹੁੰਦਾ ਹੈ। ਮੰਨ ਲਓ ਕਿ ਸੰਸਾਰ ਦੇ ਸਭ ਤੋਂ ਵੱਡੇ ਤੇਲ ਪੈਦਾਕਾਰ ਦੇਸ਼ ਜਿਵੇਂ ਸਾਊਦੀ ਅਰਬ, ਯੂਏਈ, ਇਰਾਕ, ਕੁਵੈਤ ਅਤੇ ਰੂਸ ਆਪਸ ਵਿੱਚ ਕੋਈ ਸਮਝੌਤਾ ਨਾ ਕਰਨ ਅਤੇ ਹਰ ਦੇਸ਼ ਆਪਣੀ ਪੂਰੀ ਸਮਰੱਥਾ ਨਾਲ਼ ਤੇਲ ਕੱਢਣ ਲੱਗ ਪਏ। ਹਰ ਦੇਸ਼ ਦੀ ਸੋਚ ਹੋਵੇਗੀ ਕਿ ਜਿੰਨਾ ਵੱਧ ਤੇਲ ਵੇਚਾਂਗੇ, ਉੰਨੀ ਵੱਧ ਆਮਦਨ ਹੋਵੇਗੀ। ਸ਼ੁਰੂ ਵਿੱਚ ਇਹ ਗੱਲ ਸਹੀ ਜਾਪਦੀ ਵੀ ਹੈ ਪਰ ਜਿਉਂ ਹੀ, ਸਾਰੇ ਦੇਸ਼ ਇੱਕੋ ਸਮੇਂ ਪੈਦਾਵਾਰ ਵਧਾਉਂਦੇ ਹਨ ਤਾਂ ਇਸ ਨਾਲ਼ ਸੰਸਾਰ ਮੰਡੀ ਵਿੱਚ ਤੇਲ ਦੀ ਪੂਰਤੀ ਵਧ ਜਾਵੇਗੀ ਜਿਸਦੇ ਨਤੀਜੇ ਵਜੋਂ ਤੇਲ ਦੀਆਂ ਕੀਮਤਾਂ ਡਿੱਗਣੀਆਂ ਸ਼ੁਰੂ ਹੋ ਜਾਣਗੀਆਂ। ਇਸੇ ਕਾਰਨ ਓਪੈਕ ਵਰਗੇ ਕਾਰਟੇਲ ਬਣਦੇ ਹਨ। ਸਾਊਦੀ ਅਰਬ, ਕੁਵੈਤ, ਇਰਾਕ ਜਾਂ ਯੂਏਈ ਇਹ ਸਮਝਦੇ ਹਨ ਕਿ ਜੇ ਸਾਰੇ ਦੇਸ਼ ਕੁਝ ਘੱਟ ਤੇਲ ਕੱਢਣ ਤਾਂ ਮੰਡੀ ਵਿੱਚ ਤੇਲ ਦੀ ਪੂਰਤੀ ਸੀਮਿਤ ਰਹੇਗੀ ਅਤੇ ਕੀਮਤਾਂ ਉੱਚੀਆਂ ਰਹਿਣਗੀਆਂ। ਯੂਏਈ ਦੇ ਓਪੈਕ ਵਿੱਚੋਂ ਭੱਜਣ ਦਾ ਕਾਰਨ ਇੱਥੇ ਹੀ ਵਪਾਰ ਸੰਘ ਦਾ ਸਭ ਤੋਂ ਵੱਡਾ ਵਿਰੋਧ ਪੈਦਾ ਹੁੰਦਾ ਹੈ। ਸਰਮਾਏਦਾਰੀ ਪੈਦਾਵਾਰ ਵਿੱਚ ਸਰਮਾਏਦਾਰ ਸਾਰੇ ਮੁਨਾਫੇ ਨੂੰ ਹੜੱਪ ਨਹੀਂ ਜਾਂਦਾ ਸਗੋਂ ਉਹ ਇਸਦੇ ਵੱਡੇ ਹਿੱਸੇ ਨੂੰ ਮੁੜ ਪੈਦਾਵਾਰ ਵਿੱਚ ਲਗਾਉਂਦੇ ਹਨ। ਜੇਕਰ ਤੇਲ ਸਨਅਤ ਵਿੱਚ ਇਸ ਤਰ੍ਹਾਂ ਕੀਤਾ ਜਾਂਦਾ ਹੈ, ਜਿਵੇਂ ਯੂਏਈ ਨੇ ਕੀਤਾ ਤਾਂ ਇਸ ਨਾਲ਼ ਉਸਦੀ ਤੇਲ ਪੈਦਾ ਕਰਨ ਦੀ ਸਮਰੱਥਾ ਪਹਿਲਾਂ ਨਾਲ਼ੋਂ ਵਧ ਜਾਵੇਗੀ। ਉਦਾਹਰਨ ਵਜੋਂ, ਇਸਦੇ ਤੇਲ ਭੰਡਾਰ ਜੋ 1970ਵਿਆਂ ਵਿੱਚ 32 ਅਰਬ ਬੈਰਲ ਦੇ ਨਜਦੀਕ ਸਨ ਜੋ ਹੁਣ 110 ਅਰਬ ਬੈਰਲ ਤੱਕ ਪਹੁੰਚ ਚੁੱਕੇ ਹਨ। 2020 ਵਿੱਚ ਯੂਏਈ ਦੀ ਤੇਲ ਕੰਪਨੀ ਦੀ ਤੇਲ ਦੀ ਪੈਦਾਵਾਰ ਦੀ ਸਮਰੱਥਾ 40 ਲੱਖ ਬੈਰਲ ਪ੍ਰਤੀ ਦਿਨ ਸੀ ਜੋ 2024 ਤੱਕ ਵਧਕੇ 48.5 ਲੱਖ ਬੈਰਲ ਹੋ ਗਈ। ਇਸਦਾ ਟੀਚਾ 2026 ਤੱਕ 50 ਲੱਖ ਬੈਰਲ ਪ੍ਰਤੀ ਦਿਨ ਤੱਕ ਪਹੁੰਚਣਾ ਹੈ। ਜਦਕਿ ਓਪੈਕ ਵਿੱਚ ਯੂਏਈ ਨੂੰ 34 ਲੱਖ ਬੈਰਲ ਪ੍ਰਤੀ ਦਿਨ ਦਾ ਕੋਟਾ ਮਿਲ਼ਿਆ ਹੋਇਆ ਸੀ। ਹੁਣ ਹਰ ਵਪਾਰ ਸੰਘ ਵਾਂਗ, ਇਸ ਵਿੱਚ ਵੀ ਸੁਭਾਵਕ ਹੀ ਸਰਮਾਏਦਾਰਾਂ ਦੇ ਮਨ ਵਿੱਚ ਆਪਣੇ ਵਿਰੋਧੀ ਨਾਲ਼ੋਂ ਵੱਧ ਪੈਦਾਵਾਰ ਕਰਨ, ਆਪਣੀ ਸਮਰੱਥਾ ਨੂੰ ਪੂਰਾ ਵਰਤਣ ਅਤੇ ਮੁਨਾਫਾ ਕਮਾਉਣ ਦਾ ਲਾਲਚ ਆਉਂਦਾ ਹੈ। ਇਸ ਲਈ, ਉਹੀ ਵਪਾਰ ਸੰਘ ਜਿਸਦੇ ਕਾਰਨ ਕਿਸੇ ਸਮੇਂ ਸਰਮਾਏਦਾਰਾਂ ਦੇ ਅਸਥਾਈ ਸਹਿਯੋਗ ਨਾਲ਼ ਇਹਨਾ ਦੇ ਮੁਨਾਫੇ ਵਧਦੇ ਹਨ, ਉਹਨਾਂ ਹੀ ਮੁਨਾਫਿਆਂ ਕਾਰਨ ਇਹਨਾਂ ਵਿੱਚ ਵਿਰੋਧ ਤਿੱਖੇ ਹੁੰਦੇ ਹਨ ਅਤੇ ਵਪਾਰ ਸੰਘ ਟੁੱਟਦੇ ਹਨ। ਇਸ ਤੋਂ ਬਿਨਾਂ, ਯੂਏਈ ਤੇਲ ਵਪਾਰ ਤੋਂ ਆਪਣੀ ਨਿਰਭਰਤਾ ਨੂੰ ਘਟਾਉਣਾ ਵੀ ਚਾਹੁੰਦਾ ਹੈ, ਅਜਿਹਾ ਕਰਨ ਲਈ ਉਹ ਤੇਲ ਦੇ ਵਪਾਰ ਤੋਂ ਹਾਸਲ ਹੋਏ ਪੈਸੇ ਨੂੰ ਆਪਣੀ ਸਨਅਤ ਵਿੱਚ ਵਿਭਿੰਨਤਾ ਵੀ ਲਿਆਉਣਾ ਚਾਹੁੰਦਾ ਹੈ। ਹੁਣ ਇਹ ਅਸਲ ਵਿੱਚ ਕਿੰਨਾ ਕੁ ਸੰਭਵ ਹੋਵੇਗਾ ਇਹ ਤਾਂ ਸਮਾਂ ਹੀ ਦੱਸੇਗਾ। ਇਸ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਯੂਏਈ ਨੂੰ ਸਿੱਖਿਆ, ਤਕਨੀਕ, ਖੋਜ ਕਾਰਜਾਂ ਆਦਿ ਵਿੱਚ ਵੱਡੇ ਨਿਵੇਸ਼ ਕਰਨੇ ਪੈਣਗੇ ਕਿਉਂਕਿ ਇਸ ਵੇਲੇ ਯੂਏਈ ਕੋਲ਼ ਕਿਸੇ ਵੀ ਹੋਰ ਸਨਅਤ ਦੇ ਫੈਲਾਅ ਲਈ ਜ਼ਰੂਰੀ ਮਨੁੱਖੀ ਸਾਧਨ ਨਹੀਂ ਹਨ। ਯੂਏਈ ਦੀ ਸਥਾਨਕ ਨਾਗਰਿਕ ਵਸੋਂ ਵੀ ਬਹੁਤ ਘੱਟ ਹੈ। ਇਸ ਤਕਨੀਕ ਲਈ ਸਾਮਰਾਜੀ ਸਰਮਾਏ ਉੱਪਰ ਨਿਰਭਰ ਹੈ ਅਤੇ ਹੁਨਰਮੰਦ ਕਾਮਿਆਂ ਲਈ ਵੀ ਵਿਦੇਸ਼ਾਂ ਉੱਪਰ ਨਿਰਭਰ ਹੈ। ਇਸਨੂੰ ਛੱਡ ਕੇ, ਸਰਮਾਏਦਾਰ ਤੇਲ ਸਨਅਤ ਤੋਂ ਪੈਦਾ ਹੋਏ ਮੁਨਾਫੇ ਨੂੰ ਹੋਰ ਵਧੇਰੇ ਸਨਅਤਾਂ ਵਿੱਚ ਲਾਉਣ ਦੀ ਬਜਾਏ, ਵਿੱਤੀ ਖੇਤਰ ਵਿੱਚ ਜਿੱਥੋਂ ਮੁਨਾਫਾ ਛੇਤੀ ਆਉਂਦਾ ਹੈ, ਲਾਉਣਾ ਪਸੰਦ ਕਰਦੇ ਹਨ। ਜਿਸ ਤੇਲ ਤੋਂ ਹਾਸਲ ਹੋਈ ਦੌਲਤ ਕਾਰਨ ਯੂਏਈ ਅਮੀਰ ਬਣਿਆ, ਉਸੇ ਕਾਰਨ ਹੀ ਉਹ ਤੇਲ ਤੋਂ ਬਿਨਾਂ, ਦੂਜੇ ਖੇਤਰਾਂ ਵਿੱਚ ਸਨਅਤੀਕਰਨ ਤੋਂ ਦੂਰ ਰਿਹਾ ਹੈ। ਅਜਿਹਾ ਵੀ ਨਹੀਂ ਹੈ ਕਿ ਯੂਏਈ ਨੇ ਤੇਲ ਤੋਂ ਬਿਨਾਂ ਹੋਰ ਖੇਤਰਾਂ ਵਿੱਚ ਵਿਕਾਸ ਨਹੀਂ ਕੀਤਾ ਜਿਵੇਂ, ਸੈਰ ਸਪਾਟਾ, ਹੋਟਲ, ਹਵਾਈ ਕੰਪਨੀਆਂ ਪਰ ਇਹ ਸਭ ਵੀ ਸੇਵਾਵਾਂ ਦੇ ਖੇਤਰ ਵਿੱਚ ਹੀ ਆਉਂਦਾ ਹੈ। ਯੂਏਈ ਦੇ ਓਪੈਕ ਵਿੱਚੋਂ ਬਾਹਰ ਨਿਕਲਣ ਦੇ ਪ੍ਰਭਾਵ ਅਜਿਹਾ ਤਾਂ ਨਿਸ਼ਚਿਤ ਹੈ ਕਿ ਯੂਏਈ ਦੇ ਇਸ ਕਦਮ ਨਾਲ਼ ਪਹਿਲਾਂ ਤੋਂ ਅਸਥਿਰ ਤੇਲ ਮੰਡੀ ਹੋਰ ਵਧੇਰੇ ਅਸਥਿਰਤਾ ਵੱਲ ਹੀ ਵਧੇਗੀ। ਭਾਵੇਂ ਯੂਏਈ ਕੋਲ਼ ਹੋਰ ਵਧੇਰੇ ਤੇਲ ਦੀ ਪੈਦਾਵਾਰ ਦੀ ਸਮਰੱਥਾ ਹੈ ਪਰ ਫਿਲਹਾਲ ਹੋਰਮੁਜ ਜਲ ਲਾਂਘੇ ਵਿਚਲੀਆਂ ਰੁਕਾਵਟਾਂ ਕਾਰਨ ਉਹ ਇਸ ਤੇਲ ਦੀ ਬਰਾਮਦ ਨਹੀਂ ਕਰ ਸਕਦਾ। ਇਸੇ ਮਕਸਦ ਲਈ ਯੂਏਈ ਇੱਕ ਪਾਈਪਲਾਈਨ ਬਣਾ ਰਿਹਾ ਹੈ ਜੋ ਸਾਊਦੀ ਅਰਬ ਦੀ ਲਾਲ ਸਾਗਰ ਬੰਦਰਗਾਹ ਰਾਹੀਂ, ਸੰਸਾਰ ਦੇ ਦੂਜੇ ਦੇਸ਼ਾਂ ਨੂੰ ਤੇਲ ਬਰਾਮਦ ਕਰੇਗੀ ਪਰ ਇਸ ਵਿੱਚ ਵੀ ਇੱਕ ਰੌਲ਼ਾ ਇਹ ਹੈ ਕਿ ਲਾਲ ਸਾਗਰ ਵਿੱਚ ਯਮਨ ਦੇ ਹੂਥੀ ਜੋ ਇਰਾਨੀ ਹਕੂਮਤ ਦੇ ਭਾਈਵਾਲ ਹਨ, ਉਹ ਇਸ ਯੋਜਨਾ ਨੂੰ ਖੱਟਾਈ ਵਿੱਚ ਪਾ ਸਕਦੇ ਹਨ। ਦੂਜਾ, ਜੇਕਰ ਯੂਏਈ ਤੇਲ ਦੀ ਪੈਦਾਵਾਰ ਵਧਾਉਂਦਾ ਹੈ ਤਾਂ ਮੰਡੀ ਵਿੱਚ ਤੇਲ ਦੀ ਪੂਰਤੀ ਵਧੇਗੀ, ਅਜਿਹੇ ਵਿੱਚ ਜੇਕਰ ਦੂਜੇ ਤੇਲ ਪੈਦਾਵਾਰ ਦੇਸ਼ ਵੀ ਅਜਿਹਾ ਕਰਦੇ ਹਨ ਤਾਂ ਇੱਕ ਤਾਂ ਓਪੈਕ ਵਪਾਰ ਸੰਘ ਦੀ ਯੂਏਈ ਦੇ ਨਿਕਲਣ ਨਾਲ਼ ਘਟੀ ਤਾਕਤ ਹੋਰ ਘਟੇਗੀ, ਦੂਜਾ ਇਸ ਤਰ੍ਹਾਂ ਤੇਲ ਕੀਮਤਾਂ ਵਿੱਚ ਵੱਡੀ ਅਸਥਿਰਤਾ ਆਵੇਗੀ ਜੋ ਖੁਦ ਯੂਏਈ ਦੇ ਤੇਲ ਨਿਰਭਰ ਅਰਥਚਾਰੇ ਨੂੰ ਕਮਜੋਰ ਕਰ ਸਕਦੀ ਹੈ। ਇਸ ਤੋਂ ਬਿਨਾਂ, ਯੂਏਈ ਦੇ ਗੁਆਂਢੀ ਅਤੇ ਲੰਬੇ ਸਮੇਂ ਤੋਂ ਮਿੱਤਰ ਰਹੇ ਸਾਊਦੀ ਨਾਲ਼ ਵੀ ਰਿਸ਼ਤੇ ਹੁਣ ਪਹਿਲਾਂ ਵਾਂਗ ਨਹੀਂ ਰਹੇ। ਸੂਡਾਨ, ਸੋਮਾਲੀਆ ਅਤੇ ਯਮਨ ਵਿੱਚ ਇਹ ਦੋਹੇਂ ਇੱਕ ਦੂਜੇ ਦੀਆਂ ਵਿਰੋਧੀ ਤਾਕਤਾਂ ਨੂੰ ਹਮਾਇਤ ਦੇ ਰਹੇ ਹਨ। ਈਰਾਨ ਅਮਰੀਕਾ ਦੀ ਜੰਗ ਦੌਰਾਨ, ਯੂਏਈ ਹੋਰ ਵਧੇਰੇ ਅਮਰੀਕਾ-ਇਜਰਾਈਲ ਧੁਰੀ ਦੇ ਪ੍ਰਭਾਵ ਵਿੱਚ ਆ ਗਿਆ ਹੈ। ਇਸੇ ਕਾਰਨ ਇਸਨੂੰ ਇਰਾਨ ਦੇ ਹਮਲਿਆਂ ਦਾ ਵੀ ਸਾਹਮਣਾ ਕਰਨਾ ਪਿਆ ਸੀ ਜਿਸ ਕਾਰਨ ਇਸਦੀ ਨਾਜੁਕ ਆਰਥਿਕਤਾ ਨੂੰ ਕਾਫੀ ਨੁਕਸਾਨ ਹੋਇਆ ਸੀ। ਅਮਰੀਕਾ-ਇਜਰਾਈਲ ਦੀ ਹਮਾਇਤ ਵਿੱਚੋਂ ਇਹ ਖੁਦ ਲਈ ਹੋਰ ਵਧੇਰੇ ਸੁਰੱਖਿਅਤ ਮਾਹੌਲ ਚਾਹੁੰਦਾ ਹੈ। ਵਪਾਰ ਸੰਘ ਦਾ ਅੰਦਰੂਨੀ ਵਿਰੋਧ ਓਪੈਕ ਵਰਗੇ ਵਪਾਰ ਸੰਘ ਅੰਦਰ ਹੀ ਉਸਦੇ ਖਾਤਮੇ ਦੇ ਬੀਜ ਮੌਜੂਦ ਹੁੰਦੇ ਹਨ। ਇਸਦਾ ਕਾਰਨ ਇਹ ਹੈ ਕਿ ਵਪਾਰ ਸੰਘ ਉੱਤੋਂ ਤਾਂ ਸਰਮਾਏਦਾਰਾਂ ਦੇ ਅਖੌਤੀ ਸਮੂਹਕ ਹਿੱਤ ਦੀ ਗੱਲ ਕਰਦਾ ਹੈ ਪਰ ਅਸਲ ਵਿੱਚ ਇਹ ਅਸਥਾਈ ਸਮਝੌਤਾ ਸਰਮਾਏਦਾਰਾਂ ਨੇ ਹਾਲਤਾਂ ਨੂੰ ਦੇਖਦਿਆਂ ਆਪਣੇ ਨਿੱਜੀ ਹਿੱਤ ਵਾਸਤੇ ਹੀ ਕੀਤਾ ਹੁੰਦਾ ਹੈ। ਇਹ ਵੀ ਧਿਆਨ ਦੇਣ ਯੋਗ ਗੱਲ ਹੈ ਕਿ ਵਪਾਰ ਸੰਘ ਬਣਾਉਣ ਦੇ ਬਾਵਜੂਦ ਇਸ ਦੇ ਮੈਂਬਰਾਂ ਵਿੱਚ ਹੋਰਾਂ ਢੰਗਾਂ ਨਾਲ਼ ਮੁਕਾਬਲਾ ਜਾਰੀ ਰਹਿੰਦਾ ਹੈ। ਬਦਲੀਆਂ ਹਾਲਤਾਂ ਵਿੱਚ ਕੁਝ ਜਾਂ ਵਧੇਰੇ ਮੈਂਬਰਾਂ ਲਈ ਕਾਰਟਲ ਦੀਆਂ ਸ਼ਰਤਾਂ ਨਿੱਜੀ ਹਿੱਤ ਨੂੰ ਵਧਾਉਣ ਦੀ ਥਾਵੇਂ ਅੜਿੱਕਾ ਜਾਪਣ ਲਗਦੀਆਂ ਹਨ ਜੋ ਇਹ ਕਾਰਟਲ ਟੁੱਟਣ ਦਾ ਕਾਰਨ ਬਣਦਾ ਹੈ। ਬੁਨਿਆਦੀ ਗੱਲ ਇਹ ਹੈ ਕਿ ਸਰਮਾਏਦਾਰਾ ਢਾਂਚੇ ਵਿੱਚ ਸਰਮਾਏਦਾਰਾਂ ਵਿੱਚ ਆਪਸੀ ਮੁਕਾਬਲੇਬਾਜੀ ਖਤਮ ਨਹੀਂ ਹੋ ਸਕਦੀ ਤੇ ਨਾ ਹੀ ਇਹ ਵਪਾਰ ਸੰਘ ਵਿੱਚ ਹੋ ਸਕਦੀ ਹੈ। ਵਪਾਰ ਸੰਘ ਮੈਂਬਰਾਂ ਵਿੱਚ ਇਹ ਮੁਕਾਬਲੇਬਾਜੀ ਦਾ ਵਧਣਾ ਹੀ ਅੰਤ ਨੂੰ ਵਪਾਰ ਸੰਘ ਟੁੱਟਣ ਦਾ ਕਾਰਨ ਬਣਦਾ ਹੈ। ਇੱਥੇ ਇੱਕ ਹੋਰ ਗੱਲ ਸਪੱਸ਼ਟ ਕਰ ਦੇਣੀ ਜਰੂਰੀ ਹੈ। ਅਜਿਹਾ ਭੁਲੇਖਾ ਪੈ ਸਕਦਾ ਹੈ ਕਿ ਵਪਾਰ ਸੰਘ ਰਾਹੀਂ ਸਰਮਾਏਦਾਰ, ਜਿਣਸਾਂ ਦੀ ਕੀਮਤ ਖੁਦ ਤੈਅ ਕਰ ਸਕਦੇ ਹਨ ਜਾਂ ਮੰਗ ਅਤੇ ਪੂਰਤੀ ਦੇ ਨਾਲ਼ ਕਿਸੇ ਜਿਣਸ ਦੀ ਕੀਮਤ ਤੈਅ ਹੁੰਦੀ ਹੈ। ਕਿਸੇ ਜਿਣਸ ਦੀ ਕਦਰ ਉਸਦੀ ਮੁੜ ਪੈਦਾਵਰ ਕਰਨ ਲਈ ਸਮਾਜਿਕ ਤੌਰ ’ਤੇ ਜਰੂਰੀ ਕਿਰਤ ਸਮਾਂ ਹੁੰਦੀ ਹੈ। ਵਪਾਰ ਸੰਘ ਵਿੱਚ ਸਰਮਾਏਦਾਰ ਮੰਡੀ ਵਿੱਚ ਪੂਰਤੀ ਨੂੰ ਨਿਯੰਤਰਿਤ ਕਰਕੇ ਕੀਮਤਾਂ ਨੂੰ ਉਸ ਪੱਧਰ ਤੋਂ ਉੱਪਰ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਉੱਤੇ ਅਜਾਦ ਮੁਕਾਬਲਾ ਉਹਨਾਂ ਨੂੰ ਲੈ ਜਾ ਸਕਦਾ ਸੀ। ਇਸ ਤਰ੍ਹਾਂ ਉਹ ਕਿਸੇ ਜਿਣਸ ਦੇ ਪੈਦਾਵਾਰ ਦੇ ਖੇਤਰ ਵਿੱਚ ਅਜਾਰੇਦਾਰੀ ਹੋਣ ਕਾਰਨ, ਉਹ ਵਾਧੂ ਮੁਨਾਫੇ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਰਮਾਏਦਾਰੀ ਪ੍ਰਬੰਧ ਵਿੱਚ, ਹਰ ਸਰਮਾਏਦਾਰ ਆਪਣੇ ਨਿੱਜੀ ਮੁਨਾਫੇ ਲਈ ਪੈਦਾਵਾਰ ਕਰਦਾ ਹੈ ਨਾ ਕਿ ਕਿਸੇ ਸਮਾਜਿਕ ਯੋਜਨਾ ਤਹਿਤ, ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ। ਆਪਣੇ ਖਾਸੇ ਵਜੋਂ ਹੀ ਸਰਮਾਏਦਾਰੀ ਪੈਦਾਵਾਰ ਸਨਅਤ ਦੇ ਪੱਧਰ ਉੱਤੇ ਲੋਹ ਅਨੁਸ਼ਾਸਨ ਵਿੱਚ ਬੱਝੀ ਤੇ ਸਮਾਜ ਦੇ ਪੱਧਰ ਉੱਤੇ ਅਰਾਜਕ ਹੁੰਦੀ ਹੈ ਅਤੇ ਕੁੱਲ ਸਮਾਜ ਵਿੱਚ ਇਸਨੂੰ ਕਿਸੇ ਯੋਜਨਾ ਤਹਿਤ ਚਲਾਉਣਾ ਅਸੰਭਵ ਹੈ। ਸਰਮਾਏਦਾਰ ਕੁਝ ਸਮੇਂ ਲਈ, ਆਪਣੇ ਨਿੱਜੀ ਮੁਨਾਫਿਆਂ ਨੂੰ ਬਚਾਉਣ ਲਈ ਸਹਿਯੋਗ ਤਾਂ ਕਰ ਸਕਦੇ ਹਨ ਪਰ ਮੁਕਾਬਲਾ ਅੰਤ ਇਸ ਸਹਿਯੋਗ ਨੂੰ ਖੋਰਣ ਦਾ ਕੰਮ ਕਰਦਾ ਹੈ। ਮਜਦੂਰ ਜਮਾਤ ਦੇ ਮਹਾਨ ਅਧਿਆਪਕ ਫਰੈਡਰਿਕ ਏਂਗਲਜ ਇਸ ਬਾਰੇ ਲਿਖਦੇ ਹਨ: “ਇਹ ਤੱਥ ਕਿ ਤੇਜੀ ਨਾਲ਼ ਅਤੇ ਵਿਸ਼ਾਲ ਪੱਧਰ ’ਤੇ ਵਿਕਸਤ ਹੋ ਰਹੀਆਂ ਪੈਦਾਵਾਰੀ ਤਾਕਤਾਂ, ਸਰਮਾਏਦਾਰਾ ਜਿਣਸ ਵਟਾਂਦਰੇ ਦੇ ਨਿਯਮਾਂ ਦੇ ਨਿਯੰਤਰਣ ਤੋਂ ਬਾਹਰ ਨਿਕਲ ਰਹੀਆਂ ਹਨ, ਜਿਨ੍ਹਾਂ ਦੇ ਅੰਦਰ ਉਨ੍ਹਾਂ ਨੇ ਚਲਣਾ ਸੀ, ਇਹ ਤੱਥ ਅੱਜਕੱਲ੍ਹ ਸਰਮਾਏਦਾਰਾਂ ਦੇ ਮਨਾਂ ਉੱਪਰ ਵੀ ਆਪਣਾ ਵੱਧ ਤੋਂ ਵੱਧ ਪ੍ਰਭਾਵ ਪਾ ਰਿਹਾ ਹੈ। ਇਹ ਖਾਸ ਤੌਰ ’ਤੇ ਦੋ ਲੱਛਣਾਂ ਰਾਹੀਂ ਪ੍ਰਗਟ ਹੁੰਦਾ ਹੈ। ਪਹਿਲਾ, ਸੁਰੱਖਿਆਤਮਕ ਚੁੰਗੀਆਂ ਦੀ ਨਵੇਂ ਅਤੇ ਆਮ ਸ਼ੁਦਾਅ ਰਾਹੀਂ, ਜੋ ਪੁਰਾਣੇ ਸੁਰੱਖਿਆਵਾਦ ਤੋਂ ਖਾਸ ਤੌਰ ’ਤੇ ਇਸ ਤੱਥ ਵਿੱਚ ਫਰਕ ਹੈ ਕਿ ਹੁਣ ਉਹ ਚੀਜਾਂ, ਜਿਹਨਾਂ ਨੂੰ ਬਰਾਮਦ ਕੀਤਾ ਜਾ ਸਕਦਾ ਹੈ, ਗੱਲ ਵਿੱਚ ਵੱਖਰੀ ਹੈ ਕਿ ਹੁਣ ਉਹ ਚੀਜਾਂ, ਜਿਨ੍ਹਾਂ ਨੂੰ ਨਿਰਯਾਤ ਕੀਤਾ ਜਾ ਸਕਦਾ ਹੈ, ਸਭ ਤੋਂ ਵੱਧ ਸੁਰੱਖਿਅਤ ਕੀਤੀਆਂ ਜਾਂਦੀਆਂ ਹਨ। ਦੂਜਾ, ਇਹ ਪੈਦਾਵਾਰ ਦੇ ਮੁਕੰਮਲ ਖੇਤਰਾਂ ਦੇ ਕਾਰਖਾਨੇਦਾਰਾਂ ਦੇ ਟਰੱਸਟਾਂ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ, ਜੋ ਪੈਦਾਵਾਰ ਅਤੇ ਇਸ ਤਰ੍ਹਾਂ ਕੀਮਤਾਂ ਅਤੇ ਮੁਨਾਫਿਆਂ ਨੂੰ ਨਿਯਮਤ ਕਰਨ ਲਈ ਬਣਾਏ ਜਾਂਦੇ ਹਨ। ਇਹ ਕਹਿਣ ਦੀ ਲੋੜ ਨਹੀਂ ਕਿ ਇਹ ਪ੍ਰਯੋਗ ਸਿਰਫ ਉਦੋਂ ਤੱਕ ਹੀ ਸੰਭਵ ਹਨ ਜਦੋਂ ਤੱਕ ਆਰਥਿਕ ਮੌਸਮ ਸਾਪੇਖਕ ਤੌਰ ’ਤੇ ਅਨੁਕੂਲ ਰਹਿੰਦਾ ਹੈ। ਪਹਿਲਾ ਹੀ ਤੂਫਾਨ ਇਨ੍ਹਾਂ ਨੂੰ ਉਲਟ-ਪਲਟ ਕਰ ਦੇਵੇਗਾ ਅਤੇ ਇਹ ਸਾਬਤ ਕਰ ਦੇਵੇਗਾ ਕਿ ਭਾਵੇਂ ਪੈਦਾਵਾਰ ਨੂੰ ਨਿਸ਼ਚਿਤ ਤੌਰ ’ਤੇ ਨਿਯਮਤ ਕਰਨ ਦੀ ਲੋੜ ਹੈ, ਪਰ ਇਹ ਕੰਮ ਕਰਨ ਲਈ ਸਰਮਾਏਦਾਰੀ ਜਮਾਤ ਉੱਕਾ ਹੀ ਯੋਗ ਨਹੀਂ ਹੈ।” (ਸਰਮਾਇਆ ਭਾਗ ਤੀਜਾ, ਸਫਾ 142–43, ਏਂਗਲਜ ਦੀ ਟਿੱਪਣੀ (ਮਾਰਕਸ-ਏਂਗਲਜ ਦੀਆਂ ਸੰਪੂਰਣ ਰਚਨਾਵਾਂ)

**ਲਲਕਾਰ ’ਚੋਂ ਧੰਨਵਾਦ ਸਹਿਤ**


# ਜੂਨ ’84 ਦੇ ਫੌਜੀ ਹਮਲੇ ਦੀ ਪਹੇਲੀ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ


## (ਕੀ ਸੰਤ ਭਿੰਡਰਾਂਵਾਲ਼ੇ ਹਮਲਾ ਕਰਾਉਣ ਲਈ ਮਿਥ ਕੇ ਇੰਦਰਾ ਗਾਂਧੀ ਨੂੰ ਵੰਗਾਰਨ ਲੱਗੇ ਸਨ?)

- **ਸੁਬੇਗ ਸਿੰਘ ਨੇ ਜਦੋਂ ਪਹਿਲੀ ਮਿਲਣੀ ’ਚ ਹੀ ਸੰਤਾਂ ਨੂੰ ਵਿਦੇਸ਼ੀ ਰਿਵਾਲਵਰ ਦਿੱਤਾ !**
- **ਕੀ ਜਨਰਲ ਜਸਵੰਤ ਸਿੰਘ ਭੁੱਲਰ ਰਾਅ ਲਈ ਕੰਮ ਕਰਦਾ ਸੀ, ਜਿਸਨੇ ਹਥਿਆਰ ਸੁਬੇਗ ਸਿੰਘ ਤੱਕ ਹਥਿਆਰ ਅੰਦਰ ਪਹੁੰਚਾਏ ?**
- **ਕੀ ਭਾਰਤੀ ਫੌਜ ਨੇ ਹਮਲਾ ਕੀਤਾ ਜਾਂ ਕਰਨ ਲਈ ਮਜਬੂਰ ਕੀਤਾ ਗਿਆ ?**



ਹਰਚਰਨ ਸਿੰਘ ਪਰਹਾਰ
403-681-8689
hp8689@gmail.com







ਪਿਛਲੇ ਸਾਲ, ਸੰਤ ਭਿੰਡਰਾਂਵਾਲ਼ਿਆਂ ਨਾਲ਼ 1978 ਤੋਂ ਰਹੇ ਖਾੜਕੂ ਨੰਰਾਇਣ ਸਿੰਘ ਚੌੜਾ ਨੇ ਇੱਕ ਕਿਤਾਬ ‘ਖਾਲਿਸਤਾਨ ਵਿਰੁੱਧ ਸਾਜ਼ਿਸ਼’ ਲਿਖੀ ਸੀ। ਜਿਸ ਵਿੱਚ ਉਨ੍ਹਾਂ ਇਹ ਸਪੱਸ਼ਟ ਕੀਤਾ ਸੀ ਕਿ ਸੰਤ ਭਿੰਡਰਾਂਵਲ਼ਿਆਂ ਨੇ ਆਪਣੀ ਚੜ੍ਹਤ ਦੇ ਸ਼ੁਰੂਆਤੀ ਦੌਰ ਵਿੱਚ ਹੀ ਮਨ ਬਣਾ ਲਿਆ ਸੀ ਕਿ ਉਹ ਦਮਦਮੀ ਟਕਸਾਲ ਦੇ ਪਹਿਲੇ ਮੁੱਖੀ ਸ਼ਹੀਦ ਬਾਬਾ ਦੀਪ ਸਿੰਘ ਵਾਂਗ ਅਕਾਲ ਤਖਤ ਸਾਹਿਬ ’ਤੇ ਸ਼ਹੀਦੀ ਪਾ ਕੇ ਇਤਿਹਾਸ ਵਿੱਚ ਅਕਾਲ ਤਖਤ ਦੇ ਰਾਖੇ ਵਜੋਂ ਆਪਣਾ ਨਾਮ ਦਰਜ ਕਰਾਉਣਗੇ।

ਇਸੇ ਤਰ੍ਹਾਂ ਦਾ ਇੰਕਸ਼ਾਫ ਸਿੱਖ ਵਿਦਵਾਨ ਸ. ਅਜਮੇਰ ਸਿੰਘ ਨੇ ਵੀ ਆਪਣੀਆਂ ਕਿਤਾਬਾਂ ਅਤੇ ਵੀਡੀਓਜ਼ ਵਿੱਚ ਕੀਤਾ ਹੈ ਕਿ ਸੰਤਾਂ ਦੇ ਵਿਰੋਧੀ ਕਹਿੰਦੇ ਹਨ ਕਿ ਜੇ ਸੰਤ ਜੀ ਨੇ ਫੌਜ ਨਾਲ਼ ਲੜ ਕੇ ਸ਼ਹੀਦੀ ਹੀ ਪਾਉਣੀ ਸੀ ਤਾਂ ਉਹ ਦਰਬਾਰ ਸਾਹਿਬ ਤੋਂ ਬਾਹਰ ਜਾ ਕੇ ਲੜ ਲੈਂਦੇ, ਆਪਣੇ ਜਥੇ ਦੇ ਗੁਰਦੁਆਰੇ ਮਹਿਤਾ ਚੌਂਕ ਚਲੇ ਜਾਂਦੇ, ਜਿਸ ਨਾਲ਼ ਭਾਰਤੀ ਫੌਜ ਨੂੰ ਅਕਾਲ ਤਖਤ ਸਾਹਿਬ ’ਤੇ ਹਮਲਾ ਕਰਨਾ ਦਾ ਮੌਕਾ ਨਾ ਮਿਲਦਾ। ਪਰ ਅਜਮੇਰ ਸਿੰਘ ਕਹਿੰਦੇ ਹਨ ਕਿ ਗੁਲਾਮੀ ਦੀ ਗੂੜ੍ਹੀ ਨੀਂਦ ਵਿੱਚ ਸੁੱਤੀ ਪਈ ਸਿੱਖ ਕੌਮ ਨੂੰ ਜਗਾਉਣ ਲਈ ਜਿੱਥੇ ਇੱਕ ਵੱਡੀ ਸ਼ਹਾਦਤ ਦੀ ਲੋੜ ਸੀ, ਉਥੇ ਉਸ ਲਈ ਜਗ੍ਹਾ ਵੀ ਮਹਾਨ ਹੋਣੀ ਚਾਹੀਦੀ ਸੀ। ਉਹ ਅੱਗੇ ਕਹਿੰਦੇ ਹਨ ਕਿ ਸੰਤਾਂ ਨੇ ਗੁਰੂ ਨਾਨਕ ਨਿਵਾਸ ਵਿੱਚ ਹੀ ਫੈਸਲਾ ਕਰ ਲਿਆ ਸੀ ਕਿ ਜਦੋਂ ਹੀ ਉਨ੍ਹਾਂ ਨੂੰ ਕੋਈ ਮੌਕਾ ਮਿਲੇਗਾ ਤਾਂ ਉਹ ਅਕਾਲ ਤਖਤ ਸਾਹਿਬ ਪਹੁੰਚ ਜਾਣਗੇ ਅਤੇ ਆਪਣੀ ਸ਼ਹੀਦੀ ਉਥੇ ਹੀ ਦੇਣਗੇ। ਸੰਤਾਂ ਨੇ ਸ਼ਹੀਦੀ ਦੇਣ ਦਾ ਆਪਣਾ ਮਨ ਲੰਬਾ ਸਮਾਂ ਪਹਿਲਾਂ ਹੀ ਬਣਾ ਲਿਆ ਹੋਇਆ ਸੀ। ਅਜਮੇਰ ਸਿੰਘ ਅਨੁਸਾਰ ਜੇ ਸੰਤ ਜੀ ਮਹਿਤਾ ਚੌਂਕ ਜਾਂ ਕਿਸੇ ਹੋਰ ਜਗ੍ਹਾ ਸ਼ਹਾਦਤ ਦਿੰਦੇ ਤਾਂ ਉਹ ਮੁਕਾਮ ਹਾਸਿਲ ਨਹੀਂ ਹੋਣਾ ਸੀ, ਜੋ ਅਕਾਲ ਤਖਤ ’ਤੇ ਸ਼ਹੀਦ ਹੋ ਕੇ ਉਨ੍ਹਾਂ ਨੂੰ 20ਵੀਂ ਸਦੀ ਦੇ ਮਹਾਨ ਸ਼ਹੀਦ ਦਾ ਮਾਣ ਮਿਲ਼ਿਆ ਹੈ ਅਤੇ ਸਿੱਖਾਂ ਵਿੱਚ ਜਿਹੜਾ ਰੋਹ ਦਰਬਾਰ ਸਾਹਿਬ, ਅਕਾਲ ਤਖਤ ’ਤੇ ਹਮਲੇ ਕਰਕੇ ਜਾਗਿਆ, ਕਿਸੇ ਹੋਰ ਜਗ੍ਹਾ ਕਰਕੇ ਨਹੀਂ ਜਾਗਣਾ ਸੀ। ਖਾਲਿਸਤਾਨੀ ਲਹਿਰ ਵੀ ਅੱਗੇ ਕਦੇ ਨਹੀਂ ਵਧਣੀ ਸੀ।

ਇਸ ਤੋਂ ਇਲਾਵਾ ਸੰਤਾਂ ਨਾਲ਼ ਵਿਚਰਨ ਵਾਲ਼ੇ ਅਨੇਕਾਂ ਸਿੰਘਾਂ ਨੇ ਵੀ ਇਹ ਗਵਾਹੀ ਦਿੱਤੀ ਹੈ ਕਿ ਸੰਤ ਜੀ ਅਕਾਲ ਤਖਤ ਸਾਹਿਬ ਗਏ ਹੀ ਸ਼ਹਾਦਤ ਦੇਣ ਸਨ, ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ ਸੀ। ਇਸ ਤੋਂ ਪ੍ਰਤੱਖ ਹੈ ਕਿ ਸੰਤਾਂ ਵਲੋਂ 24 ਅਪਰੈਲ, 1980 ਨੂੰ ਨਿਰੰਕਾਰੀ ਮੁੱਖੀ ਗੁਰਬਚਨ ਸਿੰਘ ਅਤੇ 9 ਸਤੰਬਰ, 1981 ਨੂੰ ਲਾਲਾ ਜਗਤ ਨਰਾਇਣ ਦੇ ਕਤਲ ਕਰਾਉਣ ਤੋਂ ਸ਼ੁਰੂ ਕਰਕੇ 6 ਜੂਨ, 1984 ਤੱਕ ਜੋ ਵੀ ਕਰਾਇਆ, ਉਹ ਸਭ ਸ਼ਹਾਦਤ ਵਾਲ਼ੀ ਪਲੈਨ ਦਾ ਹੀ ਹਿੱਸਾ ਸੀ। ਇਸਦੇ ਅਨੇਕਾਂ ਸਰਕਾਰੀ ਤੇ ਗੈਰ-ਸਰਕਾਰੀ ਪ੍ਰਮਾਣ ਮੌਜੂਦ ਹਨ ਕਿ 1981 ਤੋਂ 1984 ਤੱਕ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸਿੱਧੇ-ਅਸਿੱਧੇ ਢੰਗ ਨਾਲ਼ ਵੱਡਾ ਕਰਨ ਵਿੱਚ ਅਕਾਲੀ ਦਲ ਦੀ ਲੀਡਰਸ਼ਿਪ ਦਾ ਵੀ ਉਤਨਾ ਹੀ ਰੋਲ ਸੀ, ਜਿਤਨਾ 1978 ਤੋਂ 1984 ਤੱਕ ਗਿਆਨੀ ਜੈਲ ਸਿੰਘ ਦੇ ਕਾਂਗਰਸੀ ਧੜੇ ਦਾ ਸੀ। ਉਨ੍ਹਾਂ ਦਾ ਮਹਿਤਾ ਚੌਂਕ ਗੁਰਦੁਆਰੇ ਤੋਂ ਗੁਰੂ ਨਾਨਕ ਨਿਵਾਸ ਆਉਣਾ, ਗੁਰੂ ਨਾਨਕ ਨਿਵਾਸ ਤੋਂ ਅਕਾਲ ਤਖਤ ਸਾਹਿਬ ਜਾਣਾ, ਇੱਕ ਸੋਚੀ-ਸਮਝੀ ਰਣਨੀਤੀ ਦਾ ਹੀ ਹਿੱਸਾ ਸੀ। 1978 ਦੀ ਸਿੱਖ-ਨਿਰੰਕਾਰੀ ਝੜਪ ਨੂੰ ਸਿੱਖਾਂ ਖਿਲਾਫ ਵੱਡੀ ਇਤਿਹਾਸਕ ਸਾਜ਼ਿਸ਼ ਬਣਾਉਣਾ, ਸੈਂਕੜੇ ਬੇਗੁਨਾਹ ਨਿਰੰਕਾਰੀਆਂ ਦੇ ਕਤਲ ਕਰਾਉਣੇ, ਬਾਅਦ ਵਿੱਚ ਅਕਾਲੀਆਂ ਦੇ ‘ਧਰਮ ਯੁੱਧ ਮੋਰਚੇ’ ਨੂੰ ਹਾਈਜੈਕ ਕਰਨਾ ਅਤੇ ਸ਼ਾਂਤਮਈ ਧਰਮ ਯੁੱਧ ਮੋਰਚੇ ਵਿੱਚ ਹਥਿਆਰਬੰਦ ਲਹਿਰ ਨੂੰ ਇਸ ਹੱਦ ਤੱਕ ਲੈ ਜਾਣਾ ਕਿ ਸਰਕਾਰ ਮਜਬੂਰ ਹੋ ਕੇ ਅਕਾਲ ਤਖਤ ਸਾਹਿਬ ’ਤੇ ਹਮਲਾ ਕਰੇ, ਸਭ ਉਸ ਪਲ਼ੈਨ ਦਾ ਹੀ ਹਿੱਸਾ ਸੀ। ਬਹੁਤ ਸਾਰੇ ਲੋਕ ਅਕਸਰ ਇਹ ਕਹਿੰਦੇ ਹਨ ਕਿ ਸਰਕਾਰ ਫੌਜ ਨਾ ਭੇਜਦੀ, ਸੰਤ ਅਤੇ ਉਸਦੇ ਜੁਝਾਰੂਆਂ ਨੂੰ ਬਾਹਰ ਕੱਢਣ ਲਈ ਕੋਈ ਹੋਰ ਰਸਤਾ ਅਖਤਿਆਰ ਕਰਦੀ, ਉਥੇ ਬਿਜਲੀ, ਪਾਣੀ, ਭੋਜਨ ਬੰਦ ਕਰਕੇ ਉਨ੍ਹਾਂ ਨੂੰ ਨਿਕਲਣ ਲਈ ਮਜਬੂਰ ਕਰਦੀ ਆਦਿ ਆਦਿ।

ਪਰ ਇਸ ਸਬੰਧੀ ਭਾਈ ਚੌੜਾ ਕਹਿੰਦੇ ਹਨ ਕਿ ਸ਼ਾਹਬੇਗ ਸਿੰਘ ਕਹਿੰਦੇ ਸਨ ਕਿ ਜੇ ਫੌਜ 6 ਮਹੀਨੇ ਹੋਰ ਹਮਲਾ ਨਾ ਕਰੇ ਤਾਂ ਉਹ ਟੈਂਕਾਂ, ਤੋਪਾਂ ਅਤੇ ਹਾਵਈ ਸੈਨਾ ਲੈ ਕੇ ਆਈ ਭਾਰਤੀ ਫੌਜ ਨਾਲ਼ 6 ਮਹੀਨੇ ਤੱਕ ਲੜਨ ਦਾ ਪ੍ਰਬੰਧ ਕਰ ਲੈਣਗੇ ਅਤੇ ਜੇ ਹੁਣ ਵੀ ਫੌਜ ਨੇ ਟੈਂਕ ਨਾ ਵਰਤੇ ਤਾਂ ਅਸੀਂ ਹੁਣ ਵੀ 6 ਮਹੀਨੇ ਤੱਕ ਲੜਨ ਦੇ ਸਮਰੱਥ ਹਾਂ। ਸ਼ਾਇਦ ਇਸੇ ਕਰਕੇ ਜਨਰਲ ਕੁਲਦੀਪ ਬਰਾੜ ਨੇ 3 ਅਤੇ 4 ਜੂਨ ਦੇ ਸ਼ੁਰੁਆਤੀ ਹਮਲੇ ਤੋਂ ਅਨੁਭਵ ਕਰ ਲਿਆ ਸੀ ਕਿ ਟੈਂਕ ਦੇ ਗੋਲ਼ੇ ਅਕਾਲ ਤਖਤ ’ਤੇ ਸੁੱਟੇ ਤੋਂ ਬਿਨਾਂ ਇਹ ਅਪਰੇਸ਼ਨ ਲਟਕ ਜਾਵੇਗਾ ਅਤੇ ਪੰਜਾਬ ਵਿੱਚ ਬਗਾਵਤ ਹੋ ਸਕਦੀ ਹੈ। ਇਸ ਸਬੰਧੀ ਬਰਾੜ ਆਪਣੀ ਕਿਤਾਬ ‘ਓਪਰੇਸ਼ਨ ਬਲਿਊ ਸਟਾਰ: ਟਰੂ ਸਟੋਰੀ’ ਵਿੱਚ ਲਿਖਦਾ ਹੈ ਕਿ ਇੰਦਰਾ ਗਾਂਧੀ ਆਖਰੀ ਮੌਕੇ ਤੱਕ ਉਸਨੂੰ ਟੈਂਕ ਵਰਤਣ ਦੀ ਇਜਾਜ਼ਤ ਨਹੀਂ ਦੇ ਰਹੀ ਸੀ, ਪਰ ਸਾਨੂੰ ਪਤਾ ਸੀ ਕਿ ਟੈਂਕ ਦੇ ਗੋਲ਼ਿਆਂ ਤੋਂ ਬਿਨਾਂ ਇਹ ਲੜਾਈ ਖਤਮ ਕਰਨੀ ਮੁਸ਼ਕਿਲ ਹੈ ਕਿਉਂਕਿ ਸੰਤ ਅਤੇ ਸ਼ਾਹਬੇਗ ਸਿੰਘ ਦੇ ਜੁਝਾਰੂ ਅਕਾਲ ਤਖਤ ਅਤੇ ਦਰਬਾਰ ਸਾਹਿਬ ਕੰਪਲੈਕਸ ਦੀਆਂ ਵੱਖ-ਵੱਖ ਥਾਵਾਂ ਨੂੰ ਢਾਲ਼ ਬਣਾ ਕੇ ਸੁਰੱਖਿਅਤ ਠਿਕਾਣਿਆਂ ਵਿੱਚ ਲੁਕੇ ਬੈਠੇ ਹਨ। ਜਨਰਲ ਬਰਾੜ ਅਨੁਸਾਰ ਜਿਹੜਾ ਬਲੂ ਸਟਾਰ ਓਪਰੇਸ਼ਨ ਸਿਰਫ 2-4 ਘੰਟਿਆਂ ਦਾ ਹੋਣਾ ਸੀ, ਉਹ ਇਸੇ ਕਰਕੇ 3, 4, 5 ਜੂਨ ਤੱਕ ਲੰਬਾ ਚੱਲ ਗਿਆ। ਦੂਜੇ ਪਾਸੇ ਸਰਕਾਰ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੀਆਂ ਇਮਾਰਤਾਂ ਦਾ ਬਿਨਾਂ ਨੁਕਸਾਨ ਕੀਤੇ, ਇਹ ਮਿਸ਼ਨ ਪੂਰਾ ਕਰਾਉਣਾ ਚਾਹੁੰਦੀ ਸੀ।

ਪਰ ਜੇ ਤੁਸੀਂ ਭਾਈ ਚੌੜਾ ਦੀ ਇਹ ਕਿਤਾਬ ਅਤੇ ਬਲਜੀਤ ਸਿੰਘ ਖਾਲਸਾ ਦੀ ਕਿਤਾਬ ‘ਰੌਸ਼ਨ ਦਿਮਾਗ: ਹਰਮਿੰਦਰ ਸਿੰਘ ਸੰਧੂ’ ਧਿਆਨ ਨਾਲ਼ ਪੜ੍ਹੋ ਤਾਂ ਸਮੱਸ਼ਟ ਹੋ ਜਾਵੇਗਾ ਕਿ ਸਰਕਾਰ ਜਾਂ ਫੌਜ, ਜੋ ਮਰਜੀ ਕਰਦੀ, ਅਕਾਲੀ ਬੇਸ਼ੱਕ ਅਨੰਦਪੁਰ ਦਾ ਮਤਾ ਵੀ ਮੰਨਵਾ ਲੈਂਦੇ, ਸੰਤਾਂ ਨੇ ਕਦੇ ਵੀ ਬਾਹਰ ਨਹੀਂ ਆਉਣਾ ਸੀ, ਉਨ੍ਹਾਂ ਨੇ ਸ਼ਹੀਦੀਆਂ, ਪਾਉਣੀਆਂ ਹੀ ਪਾਉਣੀਆਂ ਸਨ। ਉਨ੍ਹਾਂ ਦੇ ਨਾਲ਼ 150-200 ਸਿੰਘਾਂ ਨੇ ਇਹ ਤਹੱਈਆ ਕੀਤਾ ਹੋਇਆ ਸੀ ਕਿ ਅਸੀਂ ਹਿੰਸਾ ਦਾ ਇੱਕ ਅਜਿਹਾ ਦੌਰ ਚਲਾ ਕੇ ਸਰਕਾਰ ਨੂੰ ਮਜਬੂਰ ਕਰ ਦਿਆਂਗੇ ਕਿ ਲੋਕ ਆਪ ਹੀ ਸਰਕਾਰ ਨੂੰ ਕਹਿਣ ਲੱਗਣ ਕਿ ਸਰਕਾਰ ਕਾਰਵਾਈ ਕਿਉਂ ਨਹੀਂ ਕਰ ਰਹੀ। ਦਸੰਬਰ, 1983 ਵਿੱਚ ਸੰਤ ਜੀ ਆਪਣੇ ਜੁਝਾਰੂ ਸਾਥੀਆਂ ਨਾਲ਼ ਦਰਬਾਰ ਸਾਹਿਬ ਕੰਪਲੈਕਸ ਅੰਦਰ ਕੁੱਝ ਖਾੜਕੂ ਗਰੁੱਪਾਂ ਦੀ ਆਪਸੀ ਲੜਾਈ ਨੂੰ ਅਧਾਰ ਬਣਾ ਕੇ ਗੁਰੂ ਨਾਨਕ ਨਿਵਾਸ ਤੋਂ ਅਕਾਲ ਤਖਤ ਚਲੇ ਗਏ ਸਨ। ਜਿਸਦੀ ਉਹ ਤਾਕ ਵਿੱਚ ਲੰਬੇ ਸਮੇਂ ਤੋਂ ਸਨ। ਇਸ ਸਬੰਧੀ ਭਾਈ ਚੌੜਾ ਦਾ ਕਹਿਣਾ ਹੈ ਕਿ ਟਕਸਾਲ ਅਤੇ ਬੱਬਰਾਂ ਦੇ ਸਿੰਘਾਂ ਵਿੱਚ ਹੋਈ ਲੜਾਈ ਸਬੰਧੀ ਜਥੇਦਾਰ ਟੌਹੜਾ ਨੇ ਸਮਝੌਤਾ ਵੀ ਕਰਾ ਦਿੱਤਾ ਸੀ। ਪਰ ਜਨਰਲ ਸ਼ਾਹਬੇਗ ਸਿੰਘ ਨੇ ਸੰਤ ਜੀ ਨੂੰ ਸਲਾਹ ਦਿੱਤੀ ਸੀ ਕਿ ਇਸ ਤੋਂ ਪਹਿਲਾਂ ਕਿ ਸਮਝੌਤੇ ਬਾਰੇ ਗੱਲ ਬਾਹਰ ਆਏ, ਇਹੀ ਮੌਕਾ ਹੈ ਕਿ ਰਾਤੋ-ਰਾਤ ਅਕਾਲ ਤਖਤ ’ਤੇ ਚਲੇ ਜਾਣਾ ਚਾਹੀਦਾ ਹੈ।





ਇਸ ਸਾਲ ਜੂਨ, 84 ਬਾਰੇ ਇੱਕ ਰੌਚਕ ਤੱਥ ਉਦੋਂ ਸਾਹਮਣੇ ਆਇਆ, ਖਾਲਸਾ ਕਾਲਿਜ ਅੰਮ੍ਰਿਤਸਰ ਦੇ ਸਾਬਕਾ ਪ੍ਰੋ: ਬਲਜਿੰਦਰ ਸਿੰਘ ਨੇ ‘ਬੋਲਡ ਪੰਜਾਬ ਟੀਵੀ’ ਨਾਮ ਦੇ ਯੂ ਟਿਊਬ ਚੈਨਲ ’ਤੇ ਇੱਕ ਇੰਟਰਵਿਊ ਦੌਰਾਨ ਪਹਿਲੀ ਵਾਰ ਇੱਕ ਇੰਕਸ਼ਾਫ ਕੀਤਾ ਸੀ ਕਿ ਉਸਨੇ ਹੀ ਪਹਿਲੀ ਵਾਰ ਦਸੰਬਰ, 1983 ਵਿੱਚ ਗੁਰੂ ਨਾਨਕ ਨਿਵਾਸ ਵਿੱਚ ਜਨਰਲ ਸ਼ਾਹਬੇਗ ਸਿੰਘ ਦੀ ਸੰਤਾਂ ਨਾਲ਼ ਮੁਲਾਕਾਤ ਕਰਾਈ ਸੀ। ਹੈਰਾਨੀ ਦੀ ਗੱਲ ਹੈ ਕਿ ਸੰਤ ਭਿੰਡਰਾਂਵਾਲ਼ਿਆਂ ਨੂੰ ਇੱਕ ਅਣਜਾਣ ਬੰਦਾ, ਉਹ ਵੀ ਜਿਹੜਾ ਮਿਲਟਰੀ ਦਾ ਸਾਬਕਾ ਜਨਰਲ ਸੀ, ਪਹਿਲੀ ਮਿਲਣੀ ਵਿੱਚ ਵਿਦੇਸ਼ੀ ਰਿਵਾਲਵਰ ਭੇਟ ਕਰਦਾ ਹੈ, ਪਰ ਸੰਤ ਜੀ ਨੂੰ ਕੋਈ ਸ਼ੱਕ ਨਹੀਂ ਹੁੰਦੀ, ਸਗੋਂ ਕਹਿੰਦੇ ਹਨ ਕਿ ਬਹੁਤ ਦੇਰ ਬਾਅਦ ਆਏ ਹੋ, ਬਹੁਤ ਚਿਰ ਤੋਂ ਉਡੀਕਦੇ ਸੀ। ਸ਼ਾਹਬੇਗ ਸਿੰਘ ਦੇ ਨਾਨਕ ਨਿਵਾਸ ਵਿੱਚ ਆਉਣ ਤੋਂ ਕੁੱਝ ਦਿਨਾਂ ਬਾਅਦ ਹੀ ਬੱਬਰਾਂ ਅਤੇ ਟਕਸਾਲੀਆਂ ਦੀ ਲੜਾਈ ਹੁੰਦੀ ਹੈ। ਉਸੇ ਲੜਾਈ ਦਾ ਬਹਾਨਾ ਬਣਾ ਕੇ ਸ਼ਾਹਬੇਗ ਸਿੰਘ, ਸੰਤ ਜੀ ਨੂੰ ਇਹ ਕਹਿ ਕਿ ਅਕਾਲ ਤਖਤ ਸਾਹਿਬ ਲੈ ਜਾਂਦੇ ਹਨ ਕਿ ਇਹ ਜਗ੍ਹਾ ਹੁਣ ਉਨ੍ਹਾਂ ਲਈ ਸੁਰੱਖਿਅਤ ਨਹੀਂ। ਅਗਲੇ ਦੋ ਮਹੀਨਿਆਂ ਵਿੱਚ ਸ਼ਾਬੇਗ ਸਿੰਘ ਸੰਤਾਂ ਦੇ ਸਭ ਤੋਂ ਵੱਧ ਵਿਸ਼ਵਾਸ਼ ਪਾਤਰ ਬਣ ਜਾਂਦੇ ਹਨ। ਨਰਾਇਣ ਸਿੰਘ ਚੌੜਾ ਆਪਣੀ ਇੱਕ ਇੰਟਰਵਿਊ ਵਿੱਚ ਕਹਿੰਦੇ ਹਨ ਕਿ ਸੰਤਾਂ ਕੋਲ਼ ਹਥਿਆਰਾਂ ਦੇ ਜੋ ਦੋ ਟਰੱਕ ਅੰਦਰ ਆਏ ਸਨ, ਇਹ ਉਹੀ ਹਥਿਆਰ ਸਨ, ਜੋ ਜਨਰਲ ਸ਼ਾਹਬੇਗ ਸਿੰਘ ਨੇ ਬੰਗਲਾ ਦੇਸ਼ ਦੀ ਜੰਗ ਵਿੱਚ ਪਾਕਿਸਤਾਨ ਦੇ ਲੁਕੋ ਕੇ ਰੱਖ ਲਏ ਸਨ। ਕੀ ਕੋਈ ਥੋੜੀ ਜਿਹੀ ਸਮਝ ਰੱਖਣ ਵਾਲ਼ਾ ਵਿਅਕਤੀ ਵੀ ਯਕੀਨ ਕਰ ਸਕਦਾ ਹੈ ਕਿ ਮਿਲਟਰੀ ਦਾ ਇੱਕ ਮੇਜਰ ਜਨਰਲ ਸ਼ਾਹਬੇਗ ਸਿੰਘ ਇਸ ਤਰ੍ਹਾਂ ਹਥਿਆਰਾਂ ਦੇ ਦੋ ਟਰੱਕ ਚੋਰੀ ਕਰਕੇ ਰੱਖ ਸਕਦਾ ਸੀ ? ਜਿੱਥੇ ਮਿਲਟਰੀ ਵਿੱਚ ਇੱਕ-ਇੱਕ ਬੁਲੇਟ ਦਾ ਵੀ ਹਿਸਾਬ ਰੱਖਿਆ ਜਾਂਦਾ ਹੈ। ਕੀ ਇਹ ਸੰਭਵ ਹੈ ਕਿ ਉਹ ਸਰਕਾਰ ਜਿਸਨੇ ਸ਼ਾਹਬੇਗ ਸਿੰਘ ਨੂੰ ਕੁੱਝ ਹਜਾਰ ਰੁਪਇਆਂ ਦੇ ਇਲਜਾਮ ਹੇਠ ਇਤਨੀ ਵੱਡੀ ਪੋਸਟ ਤੋਂ 1976 ਵਿੱਚ ਹਟਾ ਦਿੱਤਾ ਸੀ, ਉਸਨੂੰ ਇਹ ਨਹੀਂ ਪਤਾ ਲੱਗਾ ਕਿ ਸ਼ਾਹਬੇਗ ਸਿੰਘ ਨੇ ਦੋ ਟਰੱਕ ਅਸਲੇ ਦੇ ਲੁਕੋ ਕੇ ਰੱਖੇ ਹੋਏ ਸਨ ? ਕੀ ਕਦੇ ਕਿਸੇ ਨੇ ਸੋਚਿਆ ਕਿ ਦੋ ਟਰੱਕ ਸ਼ਾਹਬੇਗ ਸਿੰਘ 13 ਸਾਲ ਕਿੱਥੇ ਲੁਕੋ ਕੇ ਰੱਖੇ ਸਨ ? ਕੀ ਉਸਨੂੰ 1971 ਵਿੱਚ ਹੀ ਪਤਾ ਸੀ ਕਿ ਜੂਨ, 84 ਵਿੱਚ ਭਾਰਤੀ ਫੌਜ ਹਮਲਾ ਕਰੇਗੀ ਅਤੇ ਉਹ ਇਸ ਅਸਲੇ ਨਾਲ਼ ਭਾਰਤੀ ਫੌਜ ਨਾਲ਼ ਲੜੇਗਾ ? ਕੀ ਸ਼ਾਹਬੇਗ ਸਿੰਘ ਨੂੰ ਇਹ ਵੀ ਪਤਾ ਸੀ ਕਿ ਉਸਨੂੰ ਸਰਕਾਰ ਕੁਰਪੱਸ਼ਨ ਦੇ ਦੋਸ਼ਾਂ ਵਿੱਚ 1971 ਦੀ ਜੰਗ ਤੋਂ 5 ਸਾਲ ਬਾਅਦ ਡਿਸਮਿਸ ਕਰੇਗੀ ਤਾਂ ਉਹ ਲੁਕੋ ਕੇ ਰੱਖੇ ਹਥਿਆਰ 8 ਸਾਲ ਵਰਤਣਗੇ, ਉਹ ਵੀ ਤਾਂ ਜੇ ਕੇਸ ਹਾਰ ਗਏ ?

ਇੱਕ ਤੱਥ ਇਹ ਵੀ ਵਿਚਾਰਨ ਵਾਲ਼ਾ ਹੈ ਕਿ ਜਦੋਂ 1984 ਦੇ ਪਹਿਲੇ ਦੋ ਮਹੀਨਿਆਂ ਵਿੱਚ ਜਨਰਲ ਸਾਹਿਬ ਨੇ ਆਪਣੇ ਲੁਕੋਏ ਹੋਏ ਹਥਿਆਰ ਲੰਗਰ ਦੇ ਟਰੱਕਾਂ ਰਾਹੀਂ ਅਕਾਲ ਤਖਤ ਪਹੁੰਚਾ ਦਿੱਤੇ ਅਤੇ ਲੜਾਈ ਲਈ ਮੋਰਚੇ ਵੀ ਬਣਾਉਣੇ ਸ਼ੁਰੂ ਕਰ ਦਿੱਤੇ ਤਾਂ 27 ਫਰਵਰੀ, 1984 ਨੂੰ ਇੱਕ ਚਮਤਕਾਰ ਵਾਪਰਦਾ ਹੈ, ਜਦੋਂ ਜਨਰਲ ਸਾਹਿਬ ਦਾ ਕੇਸ ਕੋਰਟ ਖਾਰਜ ਕਰਕੇ, ਉਨ੍ਹਾਂ ਨੂੰ ਬਾਇੱਜਤ ਬਰੀ ਕਰ ਦਿੰਦੀ ਹੈ, ਜਿਹੜਾ ਕੇਸ ਪਿਛਲੇ 8 ਸਾਲ ਤੋਂ ਹਰ ਯਤਨ ਕਰਨ ਤੋਂ ਬਾਅਦ ਵੀ ਨਹੀਂ ਜਿੱਤਿਆ ਜਾ ਸਕਿਆ ਸੀ ? ਉਸ ਵਕਤ ਮੀਡੀਆ ਇਸ ਗੱਲ ਤੋਂ ਵੀ ਹੈਰਾਨ ਸੀ ਕਿ ਸੰਤ ਭਿੰਡਰਾਂਵਾਲ਼ਿਆਂ, ਭਾਈ ਅਮਰੀਕ ਸਿੰਘ, ਭਾਈ ਠਾਰਾ ਸਿੰਘ ਦੇ ਮਿਰਤਕ ਸਰੀਰ ਤਾਂ ਪ੍ਰਕਰਮਾ ਵਿੱਚ ਰੱਖੇ ਹੋਏ ਸਨ, ਪਰ ਸਭ ਤੋਂ ਪ੍ਰਮੁੱਖ ਵਿਅਕਤੀ ਦਾ ਮਿਰਤਕ ਸਰੀਰ ਕਿਸੇ ਨੂੰ ਦਿਖਾਇਆ ਨਹੀਂ ਗਿਆ, ਹੁਣ ਤੱਕ ਦੀ ਮਿਲਦੀ ਜਾਣਕਾਰੀ ਅਨੁਸਾਰ ਨਾ ਹੀ ਉਨ੍ਹਾਂ ਦੇ ਪਰਿਵਾਰ ਨੂੰ ਸਸਕਾਰ ਵਿੱਚ ਸ਼ਾਮਿਲ ਕੀਤਾ ਗਿਆ, ਨਾ ਸੰਤ ਭਿੰਡਰਾਂਵਾਲ਼ਿਆਂ ਵਾਂਗ ਉਨ੍ਹਾਂ ਦੇ ਪਰੀਵਾਰ ਦੇ ਕਿਸੇ ਮੈਂਬਰ ਤੋਂ ਮਿਰਤਕ ਸਰੀਰ ਦੀ ਸ਼ਨਾਖਤ ਕਰਾਈ ਗਈ ? ਨਾ ਹੀ ਉਨ੍ਹਾਂ ਦੇ ਮਿਰਤਕ ਸਰੀਰ ਪੋਸਟ ਮਾਟਮ ਰਿਪੋਰਟ ਕਿਤੇ ਜਨਤਕ ਕੀਤੀ ਗਈ ? ਪਿਛਲੇ 42 ਸਾਲ ਤੋਂ ਸਾਰੇ ਲੋਕ ਫੌਜ ਵਲੋਂ ਐਲਾਨੇ ਮਿਰਤਕਾਂ ਵਿੱਚ ਉਨ੍ਹਾਂ ਦਾ ਨਾਮ ਸ਼ਾਮਿਲ ਹੋਣ ਨੂੰ ਸੱਚ ਮੰਨ ਕੇ ਚੱਲ ਰਹੇ ਹਨ।

ਪਾਠਕਾਂ ਦੀ ਜਾਣਕਾਰੀ ਲਈ ਇੱਥੇ ਕਲਕੱਤਾ ਤੋਂ ਛਪਦੇ ‘ਟੈਲੀਗਰਾਫ’ ਮੈਗਜੀਨ ਵਿੱਚ 16 ਮਈ, 1984 ਨੂੰ ਸ਼ਾਹਬੇਗ ਸਿੰਘ ਦੀ ਇੰਟਰਵਿਊ ਮਹੱਤਵਪੂਰਨ ਹੋਵੇਗੀ, ਜਿਸ ਵਿੱਚ ਉਹ ਜੂਨ, 1984 ਤੋਂ ਸਿਰਫ ਦੋ ਹਫਤੇ ਪਹਿਲਾਂ ਕਹਿੰਦੇ ਹਨ ਕਿ ਉਹ ਸੱਚੇ ਦੇਸ਼ ਭਗਤ ਹਨ ਅਤੇ ਨਾਲ਼ ਹੀ ਕਹਿੰਦੇ ਹਨ ਕਿ ਉਹ ਇੰਦਰਾ ਗਾਂਧੀ ਤੋਂ ਵੀ ਵੱਡੇ ਦੇਸ਼ ਭਗਤ ਹਨ। ਉਹ ਇੰਟਰਵਿਊ ਵਿੱਚ ਅੱਗੇ ਦੱਸਦੇ ਹਨ ਕਿ ਉਨ੍ਹਾਂ ਨੇ ਆਪਣੀ ਦੇਸ਼ ਭਗਤੀ ਦਾ ਸਾਬੂਤ 1971 ਵਿੱਚ ਉਦੋਂ ਦਿੱਤਾ ਸੀ, ਜਦੋਂ ਉਨ੍ਹਾਂ ਨੇ ਪਾਕਿਸਤਾਨ ਵਿੱਚ ਇੱਕ ਮੁਸਲਮਾਨ ਦਾ ਭੇਸ ਧਾਰਨ ਕਰਨ ਲਈ ਸਿੱਖੀ ਛੱਡ ਕੇ ਆਪਣੇ ਵਾਲ਼ ਵੀ ਕਟਵਾ ਲਏ ਸਨ। ਬਹੁਤ ਲੋਕ ਦਾ ਇਹ ਵਿਸ਼ਵਾਸ਼ ਸੀ ਕਿ ਉਨ੍ਹਾਂ ਨੇ ਮੁਸਲਿਮ ਭੇਸ ਵਿੱਚ ਫੜ੍ਹੇ ਜਾਣ ਦੀ ਸੂਰਤ ਵਿੱਚ ਆਪਣੇ ਆਪ ਨੂੰ ਸੱਚਾ ਮੁਸਲਮਾਨ ਸਾਬਿਤ ਕਰਨ ਲਈ ਸੁੰਨਤ ਵੀ ਕਰਾ ਲਈ ਸੀ।

ਇਸੇ ਸੰਦਰਭ ਵਿੱਚ ਸਿੱਖ ਵਿਦਵਾਨ ਅਤੇ ਸਾਬਕਾ ਆਈ ਏ ਐਸ ਗੁਰਤੇਜ ਸਿੰਘ ਕਹਿੰਦੇ ਹਨ ਕਿ ਸਾਲ 1984 ਦੇ ਸ਼ੁਰੂ ਵਿੱਚ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਅਤੇ ਮਿਲਟਰੀ ਦਾ ਇੱਕ ਹੋਰ ਅਫਸਰ ਉਨ੍ਹਾਂ ਦੇ ਘਰ ਚੰਡੀਗੜ੍ਹ ਆਏ ’ਤੇ ਆਫਰ ਕੀਤਾ ਕਿ ਉਨ੍ਹਾਂ ਕੋਲ਼ ਬੰਗਲਾ ਦੇਸ਼ ਦੀ ਲੜਾਈ ਵਿੱਚ ਹਥਿਆਰਾਂ ਨਾਲ਼ ਲੁਕੋ ਕੇ ਰੱਖੇ ਦੋ ਟਰੱਕ ਹਨ, ਉਹ ਇਹ ਹਥਿਆਰ ਸੰਤ ਭਿੰਡਰਾਂਵਾਲ਼ਿਆਂ ਨੂੰ ਦੇਣਾ ਚਾਹੁੰਦੇ ਹਨ ਕਿਉਂਕਿ ਸੰਤ ਜੀ, ਕੌਮ ਦੀ ਬਹੁਤ ਵੱਡੀ ਲੜਾਈ ਲੜ ਰਹੇ ਹਨ, ਜੇ ਭਾਰਤੀ ਫੌਜ ਨੇ ਹਮਲਾ ਕਰ ਦਿੱਤਾ ਤਾਂ ਇਹ ਹਥਿਆਰ ਉਨ੍ਹਾਂ ਦੇ ਕੰਮ ਆਉਣਗੇ। ਪਰ ਗੁਰਤੇਜ ਸਿੰਘ ਹੋਰਾਂ ਦੇ ਦੱਸਣ ਅਨੁਸਾਰ ਉਨ੍ਹਾਂ ਨੇ ਹਥਿਆਰ ਪਹੁੰਚਾਣ ਵਿੱਚ ਕਿਸੇ ਤਰ੍ਹਾਂ ਦੀ ਮੱਦਦ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰਤੇਜ ਸਿੰਘ ਅਨੁਸਾਰ ਉਨ੍ਹਾਂ ਨੂੰ ਬਾਅਦ ਵਿੱਚ ਪਤਾ ਲੱਗਾ ਸੀ ਕਿ ਜਨਰਲ ਭੁੱਲਰ ਰਿਟਾਇਰ ਹੋਣ ਤੋਂ ਬਾਅਦ ਖੁਫੀਆ ਏਜੰਸੀ ਰਾਅ ਨਾਲ਼ ਕੰਮ ਕਰਦਾ ਸੀ। ਪਰ ਜਦੋਂ ਮਹੀਨਾ ਕੁ ਬਾਅਦ ਗੁਰਤੇਜ ਸਿੰਘ ਦਰਬਾਰ ਸਾਹਿਬ ਗਏ ਤਾਂ ਉਨ੍ਹਾਂ ਨੇ ਦੇਖਿਆ

ਕਿ ਉਹੀ ਹਥਿਆਰ ਪਹਿਲਾਂ ਹੀ ਅੰਦਰ ਪਹੁੰਚ ਚੁੱਕੇ ਸਨ। ਇਸੇ ਸੰਦਰਭ ਵਿੱਚ ਇਹ ਵੀ ਕਿਹਾ ਜਾਂਦਾ ਹੈ ਕਿ ਹਥਿਆਰਾਂ ਦੇ ਇਹ ਦੋ ਟਰੱਕ ਜਦੋਂ ਲੰਗਰ ਦੇ ਸਮਾਨ ਵਾਲ਼ੇ ਟਰੱਕਾਂ ਵਿੱਚ ਦਰਬਾਰ ਸਾਹਿਬ ਦੇ ਬਾਹਰ ਪਹੁੰਚੇ ਤਾਂ ਸੀ ਆਰ ਪੀ ਐਫ ਦੇ ਜਵਾਨਾਂ ਨੇ ਸ਼ੱਕ ’ਚ ਤਲਾਸ਼ੀ ਲਈ ਰੋਕ ਲਏ। ਜਦੋਂ ਤਲਾਸ਼ੀ ਹੋਈ ਤਾਂ ਲੰਗਰ ਦੇ ਸਮਾਨ ਹੇਠ ਅਸਲਾ ਹੀ ਅਸਲਾ ਸੀ। ਉਨ੍ਹਾਂ ਨੇ ਟਰੱਕ ਰੋਕ ਕੇ ਆਪਣੇ ਸੀਨੀਅਰ ਅਫਸਰ ਨੂੰ ਫੋਨ ਕੀਤਾ। ਉਸਨੇ ਆਪਣੇ ਸੀਨੀਅਰ ਨੂੰ ਕਾਲ ਕੀਤੀ। ਕਹਿੰਦੇ ਹਨ ਕਿ ਅਖੀਰ ਦਿੱਲੀ ਤੋਂ ਹੋਮ ਮਨਿਸਟਰੀ (ਗਿਆਨੀ ਜੈਲ ਸਿੰਘ) ਵਲੋਂ ਹਥਿਆਰ ਅੰਦਰ ਲਿਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਉਹੀ ਜਨਰਲ ਭੁੱਲਰ (ਜਿਸਨੂੰ ਗੁਰਤੇਜ ਸਿੰਘ ਰਾਅ ਦਾ ਏਜੰਟ ਕਹਿੰਦੇ ਹਨ) ਹੈ, ਜੂਨ ਚੁਰਾਸੀ ਦੇ ਹਮਲੇ ਤੋਂ ਕੁੱਝ ਸਮਾਂ ਪਹਿਲਾਂ ਨਿਊ ਯਾਰਕ ਅਮਰੀਕਾ ਪਹੁੰਚ ਜਾਂਦਾ ਹੈ ਅਤੇ ਹਮਲੇ ਤੋਂ ਬਾਅਦ ਇੱਕਦਮ ਗੁਰਦੁਆਰਿਆਂ ਵਿੱਚ ਪ੍ਰਗਟ ਹੁੰਦਾ ਹੈ। ਉਹ ਗੁਦੁਆਰਿਆਂ ਵਿੱਚ ਪ੍ਰਚਾਰ ਕਰਦਾ ਹੈ ਕਿ ਸੰਤਾਂ ਨੇ ਉਨ੍ਹਾਂ ਦੀ ਡਿਊਟੀ ਲਗਾਈ ਸੀ ਕਿ ਭਾਰਤੀ ਫੌਜ ਅਕਾਲ ਤਖਤ ’ਤੇ ਹਮਲਾ ਕਰੇਗੀ, ਅਸੀਂ ਸ਼ਹੀਦੀਆਂ ਪਾਉਣੀਆਂ ਹਨ। ਤੁਸੀਂ ਵਿਦੇਸ਼ਾਂ ਵਿੱਚ ਜਾ ਕੇ ਸਿੱਖਾਂ ਨੂੰ ਸੁਨੇਹਾ ਦਿਓ ਕਿ ਅਗਲੀ ਲੜਾਈ ਉਹ ਵਿਦੇਸ਼ਾਂ ਤੋਂ ਲੜਨ ਲਈ ਤਿਆਰ ਰਹਿਣ। ਇਸ ਤੋਂ ਬਾਅਦ ਜੂਨ ਅਤੇ ਜੁਲਾਈ, 1984 ਵਿੱਚ ਜਨਰਲ ਭੁੱਲਰ ਕਨੇਡਾ-ਅਮਰੀਕਾ ਦੇ ਹਰ ਛੋਟੇ ਵੱਡੇ ਸ਼ਹਿਰ ਵਿੱਚ ਤੂਫਾਨੀ ਦੌਰੇ ਕਰਦਾ ਹੈ, ਸਿੱਖ ਲੀਡਰਾਂ ਨੂੰ ਇਕੱਠੇ ਕਰਦਾ ਹੈ। ਜਿਨ੍ਹਾਂ ਦੀ ਨਿਸ਼ਾਨਦੇਹੀ ਰਾਅ ਦਾ ਪ੍ਰਮੁੱਖ ਅਧਿਕਾਰੀ ਜੀ ਬੀ ਸਿੱਧੂ (ਆਪਣੀ ਕਿਤਾਬ: ਖਾਲਿਸਤਾਨ ਦੀ ਸਾਜ਼ਿਸ਼) ਵਿੱਚ ਕੁੱਝ ਸਾਲ ਪਹਿਲਾਂ ਆਪਣੀ ਡਿਊਟੀ ਦੌਰਾਨ ਕਨੇਡਾ ਰਹਿ ਕੇ ਕਰ ਚੁੱਕਾ ਸੀ। ਫਿਰ ਜੁਲਾਈ 1984 ਦੇ ਅਖੀਰ ਨਿਊ ਯਾਰਕ ਵਿੱਚ ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਨਾਲ਼ ਸਬੰਧਤ ਸਿੱਖ ਲੀਡਰਾਂ ਅਧਾਰਿਤ ਵਰਲਡ ਸਿੱਖ ਆਰਗਨਾਈਜੇਸ਼ਨ ਨਾਮ ਦੀ ਇੱਕ ਖਾਲਿਸਤਾਨ ਦੀ ਪ੍ਰਾਪਤੀ ਲਈ ਜਥੇਬੰਦੀ ਬਣਾਉਂਦਾ ਹੈ। ਜਿਸ ਵਿੱਚ 30 ਮੈਂਬਰ ਲਏ ਜਾਂਦੇ ਹਨ, ਜਿਨ੍ਹਾਂ ਵਿੱਚੋਂ 10 ਅਮਰੀਕਾ, 10 ਕਨੇਡਾ ਅਤੇ 10 ਇੰਗਲੈਂਡ ਤੋਂ ਹੁੰਦੇ ਹਨ। ਇਸੇ ਕਾਨਫਰੰਸ ਵਿੱਚ ਬੱਬਰ ਖਾਲਸਾ ਦਾ ਲੀਡਰ ਅਜਾਇਬ ਸਿੰਘ ਬਾਗੜੀ ਕਹਿੰਦਾ ਹੈ ਕਿ ਅਸੀਂ ਉਦੋਂ ਤੱਕ ਚੈਨ ਨਾਲ਼ ਨਹੀਂ ਬੈਠਾਂਗੇ, ਜਦੋਂ ਤੱਕ 50 ਹਜ਼ਾਰ ਹਿੰਦੂਆਂ ਦਾ ਕਤਲ ਨਹੀਂ ਕਰ ਲੈਂਦੇ। ਇਹੀ ਬਾਗੜੀ ਬਾਅਦ ਵਿੱਚ ਏਅਰ ਇੰਡੀਆ ਜਹਾਜ ਕੇਸ ਵਿੱਚ ਗ੍ਰਿਫਤਾਰ ਕੀਤਾ ਜਾਂਦਾ ਹੈ, ਜਿਸ ਉਪਰ 329 ਵਿਅਕਤੀ ਮਾਰਨ ਦਾ ਦੋਸ਼ ਸੀ। ਭਾਵੇਂ ਕਿ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਬੂਤਾਂ ਦੀ ਘਾਟ ਦੇ ਅਧਾਰ ’ਤੇ ਅਦਾਲਤ ਵਲੋਂ ਬਾਗੜੀ ਅਤੇ ਰਿਪੁਦਮਨ ਸਿੰਘ ਮਲਿਕ ਨੂੰ ਰਿਹਾਅ ਕਰ ਦਿੱਤਾ ਸੀ।

ਫਿਰ ਉਹ ਅਗਲੇ ਕੁੱਝ ਮਹੀਨੇ ਗੁਰਦੁਆਰਿਆਂ ਵਿੱਚ ਅਗਲਾ ਸੰਘਰਸ਼ ਸ਼ੁਰੂ ਕਰਨ ਲਈ ਡਾਲਰ ਇਕੱਠੇ ਕਰਦਾ ਹੈ, ਉਸ ਵਕਤ ਦੇ ਚਸ਼ਮਦੀਦ ਗਵਾਹਾਂ ਅਨੁਸਾਰ ਉਸਦੀ ਤਕਰੀਰ ਇਤਨੀ ਭੜਕਾਊ ਤੇ ਜੋਸ਼ੀਲੀ ਹੁੰਦੀ ਸੀ ਕਿ ਔਰਤਾਂ ਨੂੰ ਭਾਵੁਕ ਕਰਕੇ ਗਹਿਣੇ ਉਤਾਰਨ ਲਈ ਮਜਬੂਰ ਕਰ ਦਿੰਦਾ ਸੀ। ਔਰਤਾਂ ਆਪਣੇ ਗਹਿਣਿਆਂ ਦੇ ਢੇਰ ਗੋਲਕ ਅੱਗੇ ਲਗਾ ਦਿੰਦੀਆਂ ਸਨ। ਇਸ ਤੋਂ ਬਾਅਦ ਦਸੰਬਰ, 1984 ਵਿੱਚ ਉਸ ਉਪਰ ਕੁੱਝ ਸ਼ੱਕੀ ਨੌਜਵਾਨ ਹਮਲਾ ਕਰਦੇ ਹਨ। ਉਹ ਕੌਣ ਸਨ ਤੇ ਕਿਉਂ ਹਮਲਾ ਕੀਤਾ, ਕਿਸੇ ਨੂੰ ਅੱਜ ਤੱਕ ਪਤਾ ਨਹੀਂ ਲੱਗਾ। ਇਸ ਤੋਂ ਕੁੱਝ ਮਹੀਨੇ ਬਾਅਦ ਜਨਰਲ ਭੁੱਲਰ ਸਾਹਿਬ ਅਲੋਪ ਹੋ ਜਾਂਦੇ ਹਨ ਅਤੇ ਉਦੋਂ ਤੱਕ ਚੰਡੀਗੜ੍ਹ ਪ੍ਰਗਟ ਨਹੀਂ ਹੁੰਦੇ, ਜਦੋਂ ਤੱਕ ਪੰਜਾਬ ਵਿੱਚ ਸਾਰੀ ਜੁਝਾਰੂ ਮੂਵਮੈਂਟ ਖਤਮ ਨਹੀਂ ਹੋ ਜਾਂਦੀ। ਉਸ ਤੋਂ ਬਾਅਦ ਉਹ ਮਰਨ ਤੱਕ ਚੰਡੀਗੜ੍ਹ ਆਪਣੀ ਕੋਠੀ ’ਚ ਰਹਿੰਦੇ ਹਨ। ਪਰ ਕਦੇ ਵਰਲਡ ਸਿੱਖ ਆਰਗਨਾਈਜੇਸ਼ਨ (WSO) ਸਮੇਤ ਕਿਸੇ ਖਾਲਿਸਤਾਨੀ ਲੀਡਰ ਨੇ ਉਸ ਬਾਰੇ ਗੱਲ ਨਹੀਂ ਕੀਤੀ। ਇੱਥੋਂ ਤੱਕ ਕਿ WSO ਨੇ ਆਪਣੀ ਜਥੇਬੰਦੀ ਦੇ ਡਾਕੂਮੈਂਟਸ ਵਿੱਚੋਂ ਜਥੇਬੰਦੀ ਦੇ ਫਾਊਂਡਰ ਜਨਰਲ ਭੁੱਲਰ ਦਾ ਨਾਮ ਹੀ ਉਡਾ ਦਿੱਤਾ, ਪਰ ਕਦੇ ਕਿਸੇ ਨੂੰ ਸੱਚ ਨਹੀਂ ਦੱਸਿਆ ਕਿ ਭੁੱਲਰ ਨੇ ਸਭ ਸਿੱਖ ਲੀਡਰਾਂ ਨੂੰ ਬੇਵਕੂਫ ਬਣਾਇਆ ਸੀ ਜਾਂ ਉਹ ਅੱਜ ਸਰਕਾਰ ਲਈ ਕੰਮ ਕਰ ਰਹੇ ਹਨ? ਇੱਕ ਮਹੱਤਵਪੂਰਨ ਤੱਥ ਇਹ ਵੀ ਹੈ ਕਿ 1984 ਦੇ ਉਨ੍ਹਾਂ ਦਿਨਾਂ ਵਿੱਚ ਹੀ ਦੋ ਹੋਰ ਸਿੱਖ ਜਥੇਬੰਦੀਆਂ; ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਅਤੇ ਬੱਬਰ ਖਾਲਸਾ ਵੀ ਹੋਂਦ ’ਚ ਆਈਆਂ ਸਨ। ਉਨ੍ਹਾਂ ਦੋਨਾਂ ’ਤੇ ਬਾਅਦ ’ਚ ਕਨੇਡਾ ਸਰਕਾਰ ਨੇ ਭਾਰਤ ਸਰਕਾਰ ਦੇ ਦਬਾਅ ਅਧੀਨ ਪਾਬੰਦੀ ਲਗਾ ਦਿੱਤੀ ਸੀ। ਪਰ WSO ’ਤੇ ਕੋਈ ਐਕਸ਼ਨ ਨਹੀਂ ਲਿਆ ਸੀ, ਜਦਕਿ ਉਹ ਵੀ ਖਾਲਿਸਤਾਨੀ ਜਥੇਬੰਦੀ ਹੈ ਅਤੇ ਅੱਜ ਵੀ ਸਿੱਖਾਂ ਦੀ ਮੋਹਰੀ ਨੁਮਾਇੰਦਾ ਜਥੇਬੰਦੀ ਕਹਾਉਂਦੀ ਹੈ, ਭਾਵੇਂ ਕਿ ਉਹ ਕੁੱਝ ਗਿਣੇ-ਚੁਣੇ ਲੋਕਾਂ ਦੀ ਜਥੇਬੰਦੀ ਹੈ। ਜਿਸਦੇ ਸਿਰਫ ਅਹੁਦੇਦਾਰ ਹੀ ਹਨ, ਕੋਈ ਪਬਲਿਕ ਮੈਂਬਰਸ਼ਿਪ ਨਹੀਂ।

ਜਦੋਂ ਸੰਤ ਭਿੰਡਰਾਂਵਾਲ਼ੇ, ਜਨਰਲ ਸ਼ਾਬੇਗ ਸਿੰਘ ਅਤੇ ਉਨ੍ਹਾਂ ਦੇ ਜਥੇ ਦੇ ਸਾਰੇ ਖਾੜਕੂ ਅਤੇ ਫੈਡਰੇਸ਼ਨ ਲੀਡਰ ਅਕਾਲ



ਤਖਤ ’ਤੇ ਆਪਣੇ ਆਪਣੇ ਟਿਕਾਣੇ ਬਣਾ ਲੈਂਦੇ ਹਨ ਤਾਂ ਜਨਵਰੀ, 1984 ਤੋਂ ਬਾਅਦ ਜਿੱਥੇ ਇੱਕ ਡੂੰਘੀ ਖਾੜਕੂ ਨੀਤੀ ਤਹਿਤ ਕਤਲਾਂ ਦਾ ਇੱਕ ਨਵਾਂ ਦੌਰ ਤੇਜ਼ੀ ਨਾਲ਼ ਸ਼ੁਰੂ ਕਰ ਦਿੱਤਾ ਜਾਂਦਾ ਹੈ ਤਾਂ ਕਿ ਸਰਕਾਰ ਨੂੰ ਫੌਜ ਭੇਜਣ ਲਈ ਮਜਬੂਰ ਕੀਤਾ ਜਾਵੇ। ਇਸਦੇ ਨਾਲ਼ ਹੀ ਆਪਣੇ ਵਲੋਂ ਇਹ ਵੀ ਪ੍ਰਚਾਰ ਸ਼ੁਰੂ ਕਰ ਦਿੱਤਾ ਜਾਂਦਾ ਹੈ ਕਿ ਸਰਕਾਰ ਕਿਸੇ ਵਕਤ ਵੀ ਫੌਜ ਭੇਜ ਨੂੰ ਹਮਲਾ ਕਰਨ ਲਈ ਭੇਜ ਸਕਦੀ ਹੈ। ਇਸ ਆਪੇ ਸਿਰਜੇ ਬ੍ਰਿਤਾਂਤ ਹੇਠ ਜਨਰਲ ਸ਼ਾਬੇਗ ਸਿੰਘ ਦੀ ਅਗਵਾਈ ਵਿੱਚ ਦਰਬਾਰ ਸਾਹਿਬ ਦੀ ਭਾਰੀ ਮੋਰਚਾਬੰਦੀ ਸ਼ੁਰੂ ਕਰ ਦਿੱਤੀ ਜਾਂਦੀ ਹੈ। ਜਦਕਿ ਹੁਣ ਤੱਕ ਮਿਲ਼ਦੇ ਸਰਕਾਰੀ ਜਾਂ ਗੈਰ-ਸਰਕਾਰੀ ਦਸਤਾਵੇਜ਼ਾਂ ਅਨੁਸਾਰ ਸਰਕਾਰ 27 ਮਈ, 1984 ਤੱਕ ਵੀ ਫੌਜ ਭੇਜਣ ਦਾ ਫੈਸਲਾ ਨਹੀਂ ਕਰ ਰਹੀ ਸੀ। ਜਿਸ ਤੋਂ ਬਾਅਦ ਜਦੋਂ ਫੌਜ ਪੰਜਾਬ ਆ ਵੀ ਗਈ ਸੀ ਤਾਂ ਵੀ 5 ਜੂਨ ਦੀ ਰਾਤ ਤੱਕ ਕੋਸ਼ਿਸ਼ ਕੀਤੀ ਗਈ ਕਿ ਅੰਦਰ ਬੈਠੇ ਖਾੜਕੂ ਬਾਹਰ ਆ ਜਾਣ, ਪਰ ਉਨ੍ਹਾਂ ਨੇ ਤਾਂ ਸਿਰ ਕੱਫਣ ਬੰਨ੍ਹੇ ਹੋਏ ਸਨ, ਉਹ ਕਿਸੇ ਵੀ ਹਾਲਤ ਵਿੱਚ ਸ਼ਹੀਦ ਹੋਣ ਲਈ ਤਿਆਰ ਬੈਠੇ ਸਨ। ਫਿਰ ਆਖਿਰ 5 ਜੂਨ ਦੀ ਰਾਤ ਅਤੇ 6 ਜੂਨ ਦੀ ਸਵੇਰ ਨੂੰ ਉਹੀ ਹੋਇਆ, ਜਿਸਦੀ ਅੰਦਰ ਬੈਠੇ ਜੁਝਾਰੂ ਕਈ ਅਤੇ ਸਾਲਾਂ ਤੋਂ ਉਡੀਕ ਕਰ ਰਹੇ ਸਨ।

ਇਸੇ ਦੌਰਾਨ 11 ਫਰਵਰੀ, 1984 ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਵਧਦੀਆਂ ਹਿੰਸਕ ਕਾਰਵਾਈਆਂ ਦੇ ਮੱਦੇਨਜ਼ਰ ਸਰਕਾਰ ਫੈਡਰੇਸ਼ਨ ’ਤੇ ਪਾਬੰਧੀ ਲਗਾ ਦਿੰਦੀ ਹੈ। ਜਿਸ ਤੋਂ ਬਾਅਦ ਭਾਈ ਅਮਰੀਕ ਸਿੰਘ ਅਤੇ ਹਰਮਿੰਦਰ ਸਿੰਘ ਸੰਧੂ ਵਲੋਂ ਐਲਾਨ ਕੀਤਾ ਜਾਂਦਾ ਹੈ ਕਿ ਜਦੋਂ ਤੱਕ ਸਰਕਾਰ ਪਾਬੰਦੀ ਨਹੀਂ ਉਠਾਉਂਦੀ, ਉਦੋਂ ਤੱਕ ਰੋਜ਼ਾਨਾ ਇੱਕ ਰਾਜਸੀ ਆਗੂ ਨੂੰ ਪੰਜਾਬ ਵਿੱਚ ਕਤਲ ਕੀਤਾ ਜਾਵੇਗਾ। ਇਸ ਤੋਂ ਬਾਅਦ ਫੈਡਰੇਸ਼ਨ ਵਲੋਂ ਬਣਾਈ ਗੁਪਤ ਜਥੇਬੰਦੀ ‘ਦਸ਼ਮੇਸ਼ ਰੈਜਮੈਂਟ’ ਵਲੋਂ ਰੋਜ਼ਾਨਾ ਕਤਲਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ, ਜਿਸ ਵਿੱਚ ਅਨੇਕਾਂ ਰਾਜਸੀ ਕਤਲਾਂ ਤੋਂ ਇਲਾਵਾ 37 ਰੇਲਵੇ ਸਟੇਸ਼ਨ ਇੱਕੋ ਰਾਤ ਨੂੰ ਸਾੜ੍ਹ ਦਿੱਤੇ ਜਾਂਦੇ ਹਨ। ਟੈਲੀਗਰਾਫ ਦੀ ਇੰਟਰਵਿਊ ਵਿੱਚ ਇਹ ਵੀ ਜਿਕਰ ਮਿਲਦਾ ਹੈ ਕਿ ‘ਦਸ਼ਮੇਸ਼ ਰੈਜਮੈਂਟ’ ਨੂੰ ਵੀ ਟਰੇਨਿੰਗ ਸ਼ਾਹਬੇਗ ਸਿੰਘ ਹੀ ਦਿੰਦੇ ਸਨ। ਇਹ ਤੱਥ ਵੀ ਜੂਨ 84 ਬਾਰੇ ਲਿਖੀਆਂ ਕਿਤਾਬਾਂ ਦੇ ਲੇਖਕਾਂ ਨੇ ਬਹੁਤਾ ਉਜਾਗਰ ਨਹੀਂ ਕੀਤਾ ਕਿ ਜੂਨ, 84 ਦੇ ਹਮਲੇ ਤੋਂ ਦੋ ਕੁ ਹਫਤੇ ਪਹਿਲਾਂ ਹਜ਼ੂਰ ਸਾਹਿਬ ਤੋਂ 100 ਦੇ ਕਰੀਬ ਨਿਹੰਗ ਬਾਣਿਆਂ ਵਾਲ਼ੇ ਸ਼ਸਤਰਧਾਰੀ ਅਤੇ ਟਰੇਂਡ ਸਿੰਘਾਂ ਦਾ ਇੱਕ ਜਥਾ ਅਕਾਲ ਤਖਤ ਪਹੁੰਚ ਗਿਆ ਸੀ, ਜਿਹੜੇ ਕਿਸੇ ਨਾਲ਼ ਗੱਲ ਨਹੀਂ ਕਰਦੇ ਸਨ, ਕਹਿੰਦੇ ਹਨ ਕਿ ਉਹ ਦਿਨ-ਰਾਤ ਸ਼ਹੀਦੀਆਂ ਦੇਣ ਤੋਂ ਪਹਿਲਾਂ ਵਾਹਿਗੁਰੂ ਦਾ ਜਾਪ ਕਰਦੇ ਰਹਿੰਦੇ ਸਨ। ਇਨ੍ਹਾਂ ਵਿੱਚ ਕਈ ਸਾਬਕਾ ਫੌਜੀ ਵੀ ਸਨ। ਇਹ ਅੱਜ ਤੱਕ ਰਾਜ ਹੀ ਬਣਿਆ ਹੋਇਆ ਹੈ ਕਿ ਉਹ ਕੌਣ ਸਨ? ਕੀ ਉਹ ਸਾਰੇ ਸ਼ਹੀਦ ਹੋ ਗਏ ਗਏ ਜਾਂ ਓਪਰੇਸ਼ਨ ਖਤਮ ਹੋਣ ਤੋਂ ਬਾਅਦ ਨਿਕਲ਼ ਗਏ ਸਨ?

ਫਿਰ ਇਹ ਕਹਿਣਾ, ਕਿਤਨਾ ਕੁ ਜਾਇਜ ਹੈ ਕਿ ਸਰਕਾਰ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਹਮਲਾ ਕੀਤਾ? ਜੇ ਮੰਨ ਲਿਆ ਜਾਵੇ ਕਿ ਸਰਕਾਰ ਦਾ ਅਜਿਹਾ ਕੋਈ ਮਨਸ਼ਾ ਸੀ ਤਾਂ ਫਿਰ ਕੀ ਜਨਰਲ ਸ਼ਾਹਬੇਗ ਸਿੰਘ ਨੇ ਅੰਦਰ ਭਾਰੀ ਮਾਤਾਰਾ ਵਿੱਚ ਅਸਲਾ ਮੰਗਵਾ ਕੇ, ਫੌਜ ਨਾਲ਼ ਲੜਨ ਲਈ ਮੋਰਚਾਬੰਦੀ ਕਰਕੇ, ਸਰਕਾਰ ਨੂੰ ਹਮਲਾ ਕਰਨਾ ਲਈ ਬਹਾਨਾ ਨਹੀਂ ਦਿੱਤਾ? ਜੇ ਸੰਤ ਭਿੰਡਰਾਂਵਾਲ਼ਿਆਂ ਜਾਂ ਜਨਰਲ ਸ਼ਾਹਬੇਗ ਸਿੰਘ ਪਤਾ ਲੱਗ ਗਿਆ ਸੀ ਕਿ ਸਰਕਾਰ ਕਿਸੇ ਬਹਾਨੇ ਸਿੱਖਾਂ ਦੀ ਨਸਲਕੁਸ਼ੀ ਕਰਨਾ ਚਾਹੁੰਦੀ ਹੈ ਤਾਂ ਕੀ ਉਨ੍ਹਾਂ ਦਾ ਫਰਜ ਨਹੀਂ ਬਣਦਾ ਸੀ ਕਿ ਦੁਨੀਆਂ ਦੀ ਪ੍ਰੈਸ ਸਾਹਮਣੇ ਆ ਕੇ ਕਹਿੰਦੇ ਕਿ ਅਸੀਂ ਤਾਂ ਸ਼ਾਂਤਮਈ ਸੰਘਰਸ਼ ਲੜ ਰਹੇ ਹਾਂ, ਸਾਡੇ ਕੋਲ਼ ਕੋਈ ਅਸਲਾ ਨਹੀਂ, ਅੰਦਰ ਕੋਈ ਅਪਰਾਧੀ ਨਹੀਂ, ਸਰਕਾਰ ਤੇ ਪ੍ਰੈਸ ਅੰਦਰ ਆਪਣੀ ਟੀਮ ਭੇਜ ਕੇ ਤਲਾਸ਼ੀ ਲੈ ਸਕਦੀ ਹੈ? ਪਰ ਇਸਦੇ ਉਲਟ ਸੰਤ ਭਿੰਡਰਾਂਵਾਲ਼ੇ ਆਪ ਹੀ ਪ੍ਰਚਾਰ ਕਰਦੇ ਸਨ ਕਿ ਫੌਜ ਹਮਲਾ ਕਰਨਾ ਚਾਹੁੰਦੀ ਹੈ ਅਤੇ ਜੇ ਹਮਲਾ ਕੀਤਾ ਤਾਂ ਅਸੀਂ ਫੌਜ ਨੂੰ ਲੋਹੇ ਦੇ ਚਣੇ ਚਬਾਵਾਂਗੇ, ਫੌਜੀਆਂ ਦੀਆਂ ਲਾਸ਼ਾਂ ਦੇ ਟਰੱਕ ਭਰ-ਭਰ ਇਥੋਂ ਜਾਣਗੇ, ਸਾਡੀਆਂ ਲਾਸ਼ਾਂ ਫੌਜ ਚੁੱਕ ਕੇ ਲਿਜਾ ਸਕਦੀ ਹੈ, ਸਾਨੂੰ ਫੜ੍ਹ ਨਹੀਂ ਸਕਦੀ?

ਦੁਨੀਆਂ ਦੀ ਕਿਹੜੀ ਅਜਿਹੀ ਸਰਕਾਰ ਹੋਵੇਗੀ, ਜੋ ਕਿਸੇ ਧਾਰਮਿਕ ਅਸਥਾਨ ਵਿੱਚ ਬੈਠ ਕੇ ਹਥਿਆਰਬੰਦ ਸੰਘਰਸ਼ ਲੜ ਰਹੇ ਲੋਕਾਂ ਨੂੰ ਬਰਦਾਸ਼ਤ ਕਰੇਗੀ? ਜਦੋਂ ਕਿ ਅਸੀਂ ਅਕਸਰ ਵਿਦੇਸ਼ਾਂ ਵਿੱਚ ਦੇਖਦੇ ਹਾਂ ਕਿ ਕਿਵੇਂ ਕਿਸੇ ਛੋਟੀ ਜਿਹੀ ਲੜਾਈ ਹੋਣ ’ਤੇ ਪੁਲਿਸ ਗੁਰਦੁਆਰਿਆਂ ਦੇ ਹਾਲ, ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਨੰਗੇ ਸਿਰ, ਗੰਦੇ ਬੂਟਾਂ, ਅਸਲੇ ਸਮੇਤ ਦਾਖਿਲ ਹੁੰਦੇ ਹਨ। ਪਰ ਕਦੇ ਕਿਸੇ ਸਿੱਖ ਜਥੇਬੰਦੀ ਨੇ ਇਸਦਾ ਵਿਰੋਧ ਨਹੀਂ ਕੀਤਾ। ਜ਼ਰਾ ਸੋਚੋ? ਵਿਦੇਸ਼ਾਂ ਵਿੱਚ ਜੇ ਕਿਸੇ ਗੁਰਦੁਆਰੇ ਵਿੱਚੋਂ ਕੋਈ ਹਥਿਆਰ ਮਿਲ ਜਾਵੇ ਤਾਂ ਕਿਤਨਾ ਵੱਡਾ ਇਸ਼ੂ ਬਣੇਗਾ? ਪਰ ਪੰਜਾਬ ਵਿੱਚ ਅਸੀਂ ਸੋਚਦੇ ਹਾਂ ਕਿ ਗੁਰਦੁਆਰਿਆਂ ਵਿੱਚ ਜੋ ਮਰਜੀ ਕਰੀਏ ਅਤੇ ਜੇ ਸਰਕਾਰ ਜਾਂ ਪੁਲਿਸ ਐਕਸ਼ਨ ਲਵੇ ਤਾਂ ਧਰਮ ਵਿੱਚ ਦਖਲ-ਅੰਦਾਜੀ, ਬੇਅਦਬੀ ਹੋ ਜਾਂਦੀ ਹੈ। ਉਪਰਲੀਆਂ ਜਿਨ੍ਹਾਂ ਦੋ ਕਿਤਾਬਾਂ ਦਾ ਜ਼ਿਕਰ ਕੀਤਾ ਹੈ, ਉਹ ਕਿਸੇ ਸਰਕਾਰ ਪੱਖੀ ਵਿਅਕਤੀਆਂ ਨੇ ਨਹੀ, ਸਗੋਂ ਸੰਤਾਂ ਦੇ ਸ਼ਰਧਾਲੂਆਂ ਨੇ ਲਿਖੀਆਂ ਹਨ। ਉਨ੍ਹਾਂ ਦੋਨਾਂ ਕਿਤਾਬਾਂ ਤੋਂ ਸਪੱਸ਼ਟ ਹੈ ਕਿ 1980-84 ਤੱਕ ਹੋਈ ਹਿੰਸਾ ਲਈ ਦਰਬਾਰ ਸਾਹਿਬ ਬੈਠੇ ਜੁਝਾਰੂ ਹੀ ਜਿੰਮੇਵਾਰ ਸਨ। ਭਾਈ ਚੌੜੇ ਦੀ ਕਿਤਾਬ ਅਨੁਸਾਰ ਤਾਂ ਹਮਲੇ ਲਈ ਸਰਕਾਰ ਨੂੰ ਉਕਸਾਇਆ ਗਿਆ, ਮਜਬੂਰ ਕੀਤਾ ਗਿਆ ਸੀ।

ਫਿਰ ਅਸੀਂ ਕਿਸ ਅਧਾਰ ’ਤੇ ਕਹਿ ਰਹੇ ਹਾਂ ਕਿ ਸਿੱਖੀ ਦੇ ਧੁਰੇ ਉਤੇ ਸਿੱਖ ਨਸਲਕੁਸ਼ੀ ਅਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਹਮਲਾ ਹੋਇਆ, ਜਦਕਿ ਕਿਤਾਬ ਅਨੁਸਾਰ ਅਸੀਂ ਹਮਲਾ ਖੁਦ ਕਰਵਾਇਆ। ਦਮਦਮੀ ਟਕਸਾਲ ਦੇ ਇੱਕ ਪ੍ਰਮੁੱਖ ਪ੍ਰਚਾਰਕ ਬਾਬਾ ਠਾਕੁਰ ਸਿੰਘ ਪਟਿਆਲੇ ਵਾਲ਼ਿਆਂ ਨੇ ਤਾਂ ਅਨੇਕਾਂ ਥਾਵਾਂ ’ਤੇ ਆਪਣੀ ਕਥਾ ਵਿੱਚ ਕਿਹਾ ਸੀ ਕਿ ਸੰਤਾਂ ਨੇ ਉਨ੍ਹਾਂ ਨੂੰ ਖੁਦ ਦੱਸਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪ, ਉਨ੍ਹਾਂ ਨੂੰ ਕਿਹਾ ਸੀ ਕਿ ਟਕਸਾਲ ਦੀ ਮਸ਼ਹੂਰੀ ਲਈ ਅਕਾਲ ਤਖਤ ’ਤੇ ਹਮਲਾ ਕਰਾਉਣਾ ਜਰੂਰੀ ਹੈ। ਇਤਨਾ ਟਕਸਾਲ ਦਾ ਪ੍ਰਚਾਰ 100 ਸਾਲ ’ਚ ਨਹੀਂ ਹੋਣਾ, ਜਿਤਨਾ ਇੱਕ ਹਮਲੇ ਨਾਲ਼ ਹੋ ਜਾਣਾ ਹੈ। ਪਰ ਕਦੇ ਕਿਸੇ ਪੰਥਕ ਜਥੇਬੰਦੀ ਨੇ ਬਾਬਾ ਠਾਕੁਰ ਸਿੰਘ ਵਿਰੋਧ ਨਹੀਂ ਕੀਤਾ ਅਤੇ ਨਾ ਹੀ ਨਰਾਇਣ ਸਿੰਘ ਚੌੜਾ ਨੂੰ ਰੱਦ ਕੀਤਾ ਹੈ ਕਿ ਇਸ ਵਿੱਚ ਗਲਤ ਬਿਆਨੀ ਕੀਤੀ ਗਈ ਹੈ? 84 ਦੇ ਦੌਰ ਦੇ ਹਰ ਕਤਲ ਨੂੰ ਏਜੰਸੀਆਂ ਸਿਰ ਮੜ੍ਹ ਕੇ ਸੁਰਖ਼ੁਰੂ ਹੋਣ ਵਾਲ਼ਿਆਂ ਨੂੰ ਕੀ ਬਲਜੀਤ ਸਿੰਘ ਖਾਲਸਾ ਦੇ ਉਨ੍ਹਾਂ ਦਾਅਵਿਆਂ ਦਾ ਖੰਡਨ ਨਹੀਂ ਕਰਨਾ ਚਾਹੀਦਾ, ਜਿਨ੍ਹਾਂ ਵਿੱਚ ਉਸਨੇ ਸਾਰੀਆਂ ਵਾਰਦਾਤਾਂ ਵਿੱਚ ਸ਼ਾਮਿਲ ਸਿੰਘਾਂ ਦੇ ਨਾਮ ਵੀ ਲਿਖੇ ਹੋਏ ਹਨ ਅਤੇ ਉਹ ਸਾਰੇ ਦਰਬਾਰ ਸਾਹਿਬ ਅੰਦਰੋਂ ਹੀ ਕਤਲ ਕਰਨ ਜਾਂਦੇ ਸਨ?

# ਰੋਜ਼ਨਬਰਗਾਜ਼ ਨੂੰ ਇਨਕਲਾਬੀ ਸਲਾਮ

**-ਤੁਹਿਨ**

19 ਜੂਨ, 1953 ਨਿਊਯਾਰਕ ਦੀ ਸਿੰਗ ਸਿੰਗ ਜੇਲ੍ਹ ਦੀਆਂ ਕੰਧਾਂ ਦੇ ਅੰਦਰ ਇੱਕ ਚੁੱਪ ਤਣਾਅ ਛਾਇਆ ਹੋਇਆ ਸੀ। ਉਸ ਸਮੇਂ, ਪੂਰੀ ਦੁਨੀਆ ਸ਼ੀਤ ਯੁੱਧ ਦੀ ਗਰਮੀ ਹੇਠ ਕੰਬ ਰਹੀ ਸੀ। ਪੂੰਜੀਵਾਦੀ ਸਾਮਰਾਜਵਾਦੀ ਕੈਂਪ ਦਾ ਆਗੂ, ਸੰਯੁਕਤ ਰਾਜ ਅਮਰੀਕਾ, ਪੂਰੀ ਦੁਨੀਆ ’ਤੇ ਆਪਣਾ ਰਾਜ ਥੋਪਣ ਲਈ ਬੇਚੈਨੀ ਨਾਲ ਯਤਨਸ਼ੀਲ ਸੀ। ਸੰਯੁਕਤ ਰਾਜ ਅਮਰੀਕਾ, ਆਪਣੇ ਨਾਟੋ ਫੌਜੀ ਗੱਠਜੋੜ ਦੇ ਨਾਲ, ਸੋਵੀਅਤ ਅਗਵਾਈ ਵਾਲੇ ਸਮਾਜਵਾਦੀ ਬਲਾਕ ਦੇ ਵਿਰੁੱਧ ਹਮਲਾਵਰ ਰੁਖ ਅਪਣਾ ਰਿਹਾ ਸੀ। ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧ ਰਿਹਾ ਸੀ, ਅਤੇ ਸੰਯੁਕਤ ਰਾਜ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚਕਾਰ ਪ੍ਰਮਾਣੂ ਹਥਿਆਰਾਂ ਦੀ ਦੌੜ ਆਪਣੇ ਸਿਖਰ ’ਤੇ ਸੀ। ਇਸ ਅਸ਼ਾਂਤ ਸਮੇਂ ਦੌਰਾਨ, ਇੱਕ ਅਮਰੀਕੀ ਜੋੜਾ- ਜੂਲੀਅਸ ਅਤੇ ਐਥਲ ਰੋਜ਼ਨਬਰਗ-ਜਾਸੂਸੀ ਲਈ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਸੀ।

ਜੂਲੀਅਸ ਇੱਕ ਇੰਜੀਨੀਅਰ ਸੀ ਅਤੇ ਏਥਲ ਇੱਕ ਘਰੇਲੂ ਔਰਤ। ਉਨ੍ਹਾਂ ’ਤੇ ਸੋਵੀਅਤ ਯੂਨੀਅਨ ਨੂੰ ਅਮਰੀਕੀ ਪ੍ਰਮਾਣੂ ਭੇਦ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਬ੍ਰਿਟਿਸ਼ ਸਾਮਰਾਜਵਾਦ ਦੇ ਕਮਜ਼ੋਰ ਹੋਣ ਅਤੇ ਸਾਮਰਾਜਵਾਦੀ ਸ਼ਕਤੀਆਂ ਦੇ ਨੇਤਾ ਵਜੋਂ ਅਮਰੀਕਾ ਦੇ ਉਭਾਰ ਦੇ ਨਾਲ ਸਾਮਰਾਜਵਾਦੀ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਵਿੱਚ ਚੁਣੀਆਂ ਹੋਈਆਂ ਜਾਂ ਸੁਤੰਤਰ ਸਰਕਾਰਾਂ ਨੂੰ ਉਖਾੜ ਰਹੇ ਸਨ, ਜੋ ਬਸਤੀਵਾਦ ਤੋਂ ਮੁਕਤ ਹੋ ਗਈਆਂ ਸਨ ਅਤੇ ਆਪਣੀਆਂ, ਪੂੰਜੀਵਾਦੀ, ਕਠਪੁਤਲੀ ਸਰਕਾਰਾਂ ਸਥਾਪਤ ਕਰ ਰਹੇ ਸਨ। ਇਸ ਤਰ੍ਹਾਂ ਨਵ-ਬਸਤੀਵਾਦੀ ਨੀਤੀਆਂ ਨੇ ਸਿੱਧੇ ਬਸਤੀਵਾਦ ਦੇ ਪੁਰਾਣੇ ਰੂਪ ਨੂੰ ਜ਼ੋਰਦਾਰ ਢੰਗ ਨਾਲ ਬਦਲਣਾ ਸ਼ੁਰੂ ਕਰ ਦਿੱਤਾ। 1950 ਵਿੱਚ ਅਮਰੀਕੀ ਸਾਮਰਾਜਵਾਦ ਦੁਆਰਾ ਸਮਾਜਵਾਦੀ ਕੋਰੀਆ ਨੂੰ ਤਬਾਹ ਕਰਨ ਲਈ ਕੋਰੀਆਈ ਯੁੱਧ ਸ਼ੁਰੂ ਕਰਨ ਤੋਂ ਬਾਅਦ ਅਮਰੀਕਾ ਵਿੱਚ ਕਮਿਊਨਿਸਟ ਵਿਰੋਧੀ ਡਰ ਆਪਣੇ ਸਿਖਰ ’ਤੇ ਪਹੁੰਚ ਗਏ। ਅਮਰੀਕੀ ਸਰਕਾਰ ਨੇ ਬੁੱਧੀਜੀਵੀਆਂ, ਵਿਗਿਆਨੀਆਂ, ਸੱਭਿਆਚਾਰਕ ਵਰਕਰਾਂ ਅਤੇ ਟਰੇਡ ਯੂਨੀਅਨਿਸਟਾਂ ਦੇ ਵਿਰੁੱਧ ਵਿਆਪਕ ਉਪਾਅ ਕਰਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੂੰ ਕਮਿਊਨਿਸਟ ਹੋਣ ਦਾ ਸ਼ੱਕ ਸੀ। ਇਸ ਰਾਜਨੀਤਿਕ ਮਾਹੌਲ ਵਿੱਚ ਹੀ ਰੋਜ਼ਨਬਰਗ ਦਾ ਮੁਕੱਦਮਾ ਸ਼ੁਰੂ ਹੋਇਆ।

ਮੁਕੱਦਮਾ ਜ਼ਿਆਦਾ ਦੇਰ ਤੱਕ ਨਹੀਂ ਚੱਲਿਆ। ਦੋਵਾਂ ਨੂੰ 1951 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਹਾਲਾਂਕਿ, ਕੇਸ ਸ਼ੁਰੂ ਤੋਂ ਹੀ ਵਿਵਾਦਾਂ ਵਿੱਚ ਫਸਿਆ ਹੋਇਆ ਸੀ। ਖਾਸ ਕਰਕੇ, ਐਥਲ ਦੇ ਖਿਲਾਫ ਸਬੂਤ ਬਹੁਤ ਕਮਜ਼ੋਰ ਸਨ। ਬਹੁਤ ਸਾਰੇ ਲੋਕਾਂ ਦਾ ਮੰਨਣਾ ਸੀ ਕਿ ਜੂਲੀਅਸ ਨੂੰ ਉਸ ’ਤੇ ਦਬਾਅ ਪਾਉਣ ਲਈ ਕੇਸ ਵਿੱਚ ਫਸਾਇਆ ਗਿਆ ਸੀ। ਭਾਰਤ ਅਤੇ ਵਿਦੇਸ਼ਾਂ ਤੋਂ ਅਣਗਿਣਤ ਲੋਕਾਂ -ਮਸ਼ਹੂਰ ਵਿਗਿਆਨੀ, ਕਲਾਕਾਰ ਅਤੇ ਇੱਥੋਂ ਤੱਕ ਕਿ ਪੋਪ-ਨੇ ਉਸਦੀ ਜਾਨ ਬਚਾਉਣ ਦੀ ਬੇਨਤੀ ਕੀਤੀ। ਪਰ ਅੰਤ ਵਿੱਚ ਸਾਰੀਆਂ ਅਪੀਲਾਂ ਅਸਫਲ ਰਹੀਆਂ।

19 ਜੂਨ ਦੀ ਰਾਤ ਨੂੰ ਜੂਲੀਅਸ ਨੂੰ ਪਹਿਲਾਂ ਫਾਂਸੀ ਦੇ ਕਮਰੇ ਵਿੱਚ ਲਿਆਂਦਾ ਗਿਆ। ਏਥੇਲ ਦਰਵਾਜ਼ੇ ਦੇ ਕੋਲ ਖੜ੍ਹੀ ਸੀ। ਜਿਵੇਂ ਹੀ ਉਹ ਚਲਾ ਗਿਆ, ਜੂਲੀਅਸ ਨੇ ਉਸ ਵੱਲ ਦੇਖਿਆ-ਇੱਕ ਲੰਮੀ, ਚੁੱਪ ਨਜ਼ਰ। ਉਨ੍ਹਾਂ ਦੀਆਂ ਅੱਖਾਂ ਇੱਕ ਥੋੜ੍ਹੇ ਸਮੇਂ ਲਈ ਮਿਲੀਆਂ, ਜਿਵੇਂਕਿ ਉਸ ਪਲ ਵਿੱਚ ਉਸਦੇ ਆਲੇ ਦੁਆਲੇ ਦੀ ਸਾਰੀ ਦੁਨੀਆ ਅਲੋਪ ਹੋ ਗਈ ਹੋਵੇ। ਫਿਰ, ਜੂਲੀਅਸ ਨੂੰ ਇਲੈਕਟ੍ਰਿਕ ਕੁਰਸੀ ’ਤੇ ਬਿਠਾਇਆ ਗਿਆ।

ਏਥੇਲ ਨੂੰ ਅਗਲੀ ਵਾਰ ਅੰਦਰ ਲਿਆਂਦਾ ਗਿਆ। ਕੁਰਸੀ ’ਤੇ ਲਿਜਾਣ ਤੋਂ ਪਹਿਲਾਂ ਉਸਨੂੰ ਆਖਰੀ ਵਾਰ ਜੂਲੀਅਸ ਕੋਲ ਜਾਣ ਦੀ ਇਜਾਜ਼ਤ ਦਿੱਤੀ ਗਈ। ਦੋਵੇਂ ਅੱਗੇ ਵਧੇ ਅਤੇ ਆਖਰੀ ਵਾਰ ਇੱਕ ਦੂਜੇ ਨੂੰ ਚੁੰਮਿਆ-ਵਿਦਾਈ ਦਾ ਇੱਕ ਲੰਮਾ, ਚੁੱਪ, ਆਖਰੀ ਚੁੰਮਣ। ਉਸ ਚੁੰਮਣ ਵਿੱਚ ਵਿਦਾਈ ਦਾ ਦਰਦ ਸੀ, ਪਰ ਡਰ ਨਹੀਂ। ਇਹ ਇਸ ਤਰ੍ਹਾਂ ਸੀ ਜਿਵੇਂ, ਉਸੇ ਪਲ ਵਿੱਚ, ਉਨ੍ਹਾਂ ਨੇ ਇੱਕ ਦੂਜੇ ਨੂੰ ਜੀਵਨ ਭਰ ਦੀਆਂ ਸਾਰੀਆਂ ਯਾਦਾਂ ਵਾਪਸ ਕਰ ਦਿੱਤੀਆਂ



ਅਤੇ ਦੁਨੀਆ ਨੂੰ ਸੁਨੇਹਾ ਦਿੱਤਾ ਕਿ ਕੋਈ ਵੀ ਸਜ਼ਾ, ਕੋਈ ਵੀ ਤਸੀਹੇ ਉਨ੍ਹਾਂ ਦੇ ਪਿਆਰ ਅਤੇ ਵਿਸ਼ਵਾਸ ਦੀ ਆਵਾਜ਼ ਨੂੰ ਚੁੱਪ ਨਹੀਂ ਕਰਵਾ ਸਕਦੇ।

ਚੁੰਮਣ ਤੋਂ ਬਾਅਦ, ਉਨ੍ਹਾਂ ਨੇ ‘ਦਿ ਇੰਟਰਨੈਸ਼ਨਲ’ ਗਾਉਣਾ ਸ਼ੁਰੂ ਕਰ ਦਿੱਤਾ- ਵਰਕਰ ਏਕਤਾ ਅਤੇ ਵਿਸ਼ਵ ਇਨਕਲਾਬ ਦਾ ਇੱਕ ਗੀਤ। ਉਨ੍ਹਾਂ ਦੀਆਂ ਮਜ਼ਬੂਤ ਆਵਾਜ਼ਾਂ, ਉਹ ਆਖਰੀ ਗੀਤ, ਜੇਲ੍ਹ ਦੀਆਂ ਸੀਮਾਵਾਂ ਨੂੰ ਪਾਰ ਕਰ ਗਿਆ ਅਤੇ ਦੁਨੀਆ ਭਰ ਦੇ ਲੋਕਾਂ ਦੇ ਦਿਲਾਂ ਤੱਕ ਪਹੁੰਚ ਗਿਆ। ਹਰ ਸ਼ਬਦ ਇੱਕ ਅੰਤਿਮ ਐਲਾਨ ਨਾਲ ਗੂੰਜਦਾ ਸੀ-ਉਹ ਆਪਣੇ ਵਿਸ਼ਵਾਸ ਲਈ ਮਰਨ ਲਈ ਤਿਆਰ ਸਨ। ਥੋੜ੍ਹੀ ਦੇਰ ਬਾਅਦ, ਗੀਤ ਦੀ ਸੁਰ ਹੌਲੀ-ਹੌਲੀ ਚੁੱਪ ਵਿੱਚ ਫਿੱਕੀ ਪੈ ਗਈ, ਬਿਜਲੀ ਦੀ ਇੱਕ ਚਮਕ ਦੇ ਨਾਲ।

ਅੱਜ ਵੀ ਇਤਿਹਾਸ ਦੇ ਪੰਨੇ ਇਸ ਜੋੜੇ ਦੇ ਆਖਰੀ ਚੁੰਮਣ ਦੇ ਦ੍ਰਿਸ਼ ਨੂੰ ਦਰਜ ਕਰਦੇ ਹਨ, ਮੌਤ ਦਾ ਸਾਹਮਣਾ ਕਰਨਾ। ਉਹ ਚੁੰਮਣ ਅਟੁੱਟ ਵਿਸ਼ਵਾਸ, ਮੌਤ ਦਾ ਸਾਹਮਣਾ ਕਰਨ ਦੀ ਹਿੰਮਤ ਅਤੇ ਇੱਕ ਦੂਜੇ ਲਈ ਅਟੁੱਟ ਪਿਆਰ ਨੂੰ ਦਰਸਾਉਂਦਾ ਹੈ। ਉਨ੍ਹਾਂ ਦੇ ਦੋਸ਼ ਦੇ ਸਬੂਤ ’ਤੇ ਬਹਿਸ ਜਾਰੀ ਹੈ, ਪਰ ਉਨ੍ਹਾਂ ਦਾ ਆਖਰੀ ਚੁੰਮਣ ਲੋਕਾਂ ਦੀ ਯਾਦ ਵਿੱਚ ਅਮਿੱਟ ਰਹਿੰਦਾ ਹੈ - ਇੱਕ ਯਾਦ ਜੋ ਸਮੇਂ ਤੋਂ ਵੀ ਪਾਰ ਹੈ।

# ਤ੍ਰਿਣਮੂਲ ਦਾ ਸੰਕਟ ਸਿਰਫ਼ ਦਲ-ਬਦਲੀ ਨਹੀਂ, ਇਹ ਰਾਜਨੀਤਕ ਮਾਡਲ ਦੇ ਪਤਨ ਦੀ ਕਹਾਣੀ ਹੈ

*(ਹਾਲੀਆ ਬੰਗਾਲ ਵਿਧਾਨ-ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਦੀ ਹਾਰ ਬਾਰੇ ਸੀਨੀਅਰ ਪੱਤਰਕਾਰ ਤ੍ਰਿਭੁਵਨ ਨੇ ਇਕ ਵੱਖਰੇ ਕੋਣ ਤੋਂ ਵਿਸ਼ਲੇਸ਼ਣ ਕੀਤਾ ਹੈ। ਬੰਗਾਲ ਦੇ ਰਾਜਨੀਤਕ ਦ੍ਰਿਸ਼ ਨੂੰ ਸਮਝਣ ਲਈ ਇਸ ਰੋਚਕ ਵਿਸ਼ਲੇਸ਼ਣ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। - ਸੰਪਾਦਕ)*

-ਤ੍ਰਿਭੁਵਨ

ਨਵੀਂ ਦਿੱਲੀ ਵਿੱਚ ਐਤਵਾਰ (14 ਜੂਨ) ਨੂੰ ਜਦੋਂ ਤ੍ਰਿਣਮੂਲ ਕਾਂਗਰਸ ਦੇ 20 ਬਾਗ਼ੀ ਸੰਸਦ ਮੈਂਬਰ ਲੋਕ ਸਭਾ ਸਪੀਕਰ ਦੇ ਸਾਹਮਣੇ ਪਹੁੰਚੇ, ਓਦੋਂ ਉਹ ਸਿਰਫ਼ ਆਪਣੀਆਂ ਸੀਟਾਂ ਦੀ ਨਵੀਂ ਵਿਵਸਥਾ ਮੰਗਣ ਨਹੀਂ ਗਏ ਸਨ। ਉਹ ਆਪਣੇ ਨਾਲ ਪੱਛਮੀ ਬੰਗਾਲ ਦੇ ਇੱਕ ਪੂਰੇ ਰਾਜਨੀਤਿਕ ਯੁੱਗ ਦੇ ਖ਼ਾਤਮੇ ਦਾ ਦਸਤਾਵੇਜ਼ ਲੈ ਕੇ ਗਏ ਸਨ।

ਇਨ੍ਹਾਂ ਸੰਸਦ ਮੈਂਬਰਾਂ ਨੇ ਐਲਾਨ ਕੀਤਾ ਕਿ ਉਹ ਨੈਸ਼ਨਲਿਸਟ ਸਿਟਿਜ਼ਨਜ਼ ਪਾਰਟੀ ਆਫ ਇੰਡੀਆ (ਐਨਸੀਪੀਆਈ) ਵਿੱਚ ਰਲੇਵਾਂ ਕਰਨਗੇ ਅਤੇ ਕੌਮੀ ਜਮਹੂਰੀ ਗਠਜੋੜ (ਐੱਨ.ਡੀ.ਏ.) ਨੂੰ ਹਮਾਇਤ ਦੇਣਗੇ। ਐਨਸੀਪੀਆਈ ਇੱਕ ਐਸੀ ਰਜਿਸਟਰਡ ਪਰ ਗੈਰ-ਮਾਨਤਾ ਪ੍ਰਾਪਤ ਪਾਰਟੀ ਹੈ, ਜਿਸ ਦੀਆਂ ਗਤੀਵਿਧੀਆਂ ਮੁੱਖ ਤੌਰ 'ਤੇ ਤ੍ਰਿਪੁਰਾ ਵਿੱਚ ਰਹੀਆਂ ਹਨ ਅਤੇ ਜਿਸ ਦਾ ਰਜਿਸਟਰਡ ਪਤਾ ਹਾਵੜਾ ਦੇ ਸਾਂਕਰਾਇਲ ਵਿੱਚ ਦੱਸਿਆ ਜਾਂਦਾ ਹੈ। ਕੱਲ੍ਹ ਤੱਕ ਜੋ ਪਾਰਟੀ ਭਾਰਤ ਦੀ ਸੰਸਦੀ ਰਾਜਨੀਤੀ ਦੇ ਹਾਸਿਏ 'ਤੇ ਵੀ ਨਜ਼ਰ ਨਹੀਂ ਆਉਂਦਾ ਸੀ, ਉਹ ਅਚਾਨਕ 20 ਸੰਸਦ ਮੈਂਬਰਾਂ ਦਾ ਸੰਭਾਵੀ ਘਰ ਅਤੇ ਐੱਨ.ਡੀ.ਏ. ਦਾ ਦੂਜਾ ਸਭ ਤੋਂ ਵੱਡਾ ਹਿੱਸੇਦਾਰ ਬਣਨ ਲੱਗਾ।

ਭਾਰਤੀ ਰਾਜਨੀਤੀ ਵਿੱਚ ਕਈ ਵਾਰ ਵਿਚਾਰਧਾਰਾ ਨਾਲੋਂ ਵੱਧ ਉਪਯੋਗਿਤਾ ਕਿਸੇ ਪਾਰਟੀ ਨੂੰ ਵਿਰਾਟ ਬਣਾ ਦਿੰਦੀ ਹੈ।

ਕੋਲਕਾਤਾ ਵਿੱਚ ਕਾਲੀਘਾਟ ਦਾ ਉਹ ਘਰ, ਜਿੱਥੇ ਸਾਲਾਂ ਤੱਕ ਉਮੀਦਵਾਰਾਂ, ਮੰਤਰੀਆਂ, ਉਦਯੋਗਪਤੀਆਂ ਅਤੇ ਅਧਿਕਾਰੀਆਂ ਦੀ ਰਾਜਨੀਤਿਕ ਕਿਸਮਤ ਲਿਖੀ ਜਾਂਦੀ ਸੀ, ਹੁਣ ਆਪਣੀ ਹੀ ਪਾਰਟੀ ਦੀ ਮੈਂਬਰ-ਸੂਚੀ ਗਿਣ ਰਿਹਾ ਸੀ। ਵਿਧਾਨ ਸਭਾ ਵਿੱਚ 80 ਸੀਟਾਂ ਜਿੱਤ ਕੇ ਵਿਰੋਧੀ ਧਿਰ ਵਿੱਚ ਪਹੁੰਚੇ ਤ੍ਰਿਣਮੂਲ ਦੇ ਬਾਗ਼ੀ ਨੇਤਾ ਰਿਤਬਰਤ ਬੈਨਰਜੀ ਨੇ ਪਹਿਲਾਂ 58 ਅਤੇ ਫਿਰ 64 ਵਿਧਾਇਕਾਂ ਦੀ ਹਮਾਇਤ ਦਾ ਦਾਅਵਾ ਕੀਤਾ। ਵਿਧਾਨ ਸਭਾ ਸਪੀਕਰ ਨੇ ਉਸ ਨੂੰ ਵਿਰੋਧੀ ਧਿਰ ਦਾ ਆਗੂ ਥਾਪਿਆ; ਮਮਤਾ ਹਮਾਇਤੀ ਤ੍ਰਿਣਮੂਲ ਇਸ ਫ਼ੈਸਲੇ ਨੂੰ ਕਲਕੱਤਾ ਹਾਈ ਕੋਰਟ ਵਿੱਚ ਚੁਣੌਤੀ ਦੇ ਚੁੱਕੀ ਹੈ।

ਰਾਜ ਸਭਾ ਵਿੱਚ ਵੀ ਤਿੰਨ ਅਸਤੀਫ਼ੇ ਹੋ ਚੁੱਕੇ ਹਨ। ਲੋਕ ਸਭਾ ਵਿੱਚ ਪਾਰਟੀ ਦੇ ਲਗਭਗ ਅੱਠ ਸੰਸਦ ਮੈਂਬਰ ਮਮਤਾ ਬੈਨਰਜੀ ਦੇ ਨਾਲ ਪ੍ਰਭਾਵਸ਼ਾਲੀ ਤੌਰ 'ਤੇ ਖੜ੍ਹੇ ਦਿਖਾਈ ਦਿੰਦੇ ਹਨ। ਇਨ੍ਹਾਂ ਵਿੱਚ ਅਭਿਸ਼ੇਕ ਬੈਨਰਜੀ, ਸੌਗਤ ਰਾਏ, ਕਲਿਆਣ ਬੈਨਰਜੀ, ਮਹੂਆ ਮੋਇਤਰਾ, ਕੀਰਤੀ ਆਜ਼ਾਦ ਅਤੇ ਸ਼ਤਰੁਘਨ ਸਿਂਹਾ ਵਰਗੇ ਨਾਮ ਹਨ; ਪਰ ਇਸ ਸੰਕਟ ਵਿੱਚ ਵਫ਼ਾਦਾਰੀਆਂ ਦੀ ਸੂਚੀ ਲਗਭਗ ਹਰ ਰੋਜ਼ ਬਦਲ ਰਹੀ ਹੈ। ਪਹਿਲਾਂ 19 ਸੰਸਦ ਮੈਂਬਰਾਂ ਦੇ ਦਸਖ਼ਤਾਂ ਵਾਲਾ ਪੱਤਰ ਸਾਹਮਣੇ ਆਇਆ, ਫਿਰ ਗਿਣਤੀ 20 ਹੋਈ ਅਤੇ ਬਾਗ਼ੀ ਖੇਮੇ ਨੇ ਦੋ ਹੋਰ ਸੰਸਦ ਮੈਂਬਰਾਂ ਦੇ ਆਉਣ ਦਾ ਦਾਅਵਾ ਕਰ ਦਿੱਤਾ।

ਇਹ ਆਮ ਦਲ-ਬਦਲੀ ਨਹੀਂ ਹੈ। ਇਹ ਉਸ ਪਾਰਟੀ ਦਾ ਸੰਸਥਾਗਤ ਢਹਿ ਜਾਣਾ ਹੈ, ਜਿਸ ਦਾ ਸਭ ਤੋਂ ਵੱਡਾ ਰਾਜਨੀਤਿਕ ਦਾਅਵਾ ਹੀ ਇਹ ਸੀ ਕਿ ਉਹ ਕਿਸੇ ਸੰਸਥਾ ਦੀ ਨਹੀਂ, ਸਗੋਂ ਲੋਕਾਂ ਦੀ ਪਾਰਟੀ ਹੈ।

**ਦੋ ਹਾਰਾਂ: ਇੱਕ ਚੋਣ ਵਿੱਚ, ਦੂਜੀ ਪਾਰਟੀ ਦੇ ਅੰਦਰ** : ਮਮਤਾ ਬੈਨਰਜੀ ਦੀ ਪਹਿਲੀ ਹਾਰ ਵੋਟਾਂ ਦੀ ਗਿਣਤੀ ਵਾਲੇ ਦਿਨ ਹੋਈ। ਭਾਜਪਾ ਨੇ ਪੱਛਮੀ ਬੰਗਾਲ ਦੀਆਂ 294 ਵਿੱਚੋਂ 207 ਸੀਟਾਂ ਜਿੱਤੀਆਂ ਅਤੇ ਤ੍ਰਿਣਮੂਲ 80 'ਤੇ ਸਿਮਟ ਗਈ। ਹਾਰ ਵੱਡੀ ਸੀ; ਪਰ ਵੋਟਾਂ ਦਾ ਫ਼ਰਕ ਇੰਨਾ ਤਬਾਹਕੁਨ ਨਹੀਂ ਸੀ। ਭਾਜਪਾ ਨੂੰ 45.84 ਪ੍ਰਤੀਸ਼ਤ ਅਤੇ ਤ੍ਰਿਣਮੂਲ ਨੂੰ 40.80 ਪ੍ਰਤੀਸ਼ਤ ਵੋਟ ਮਿਲੇ। ਤ੍ਰਿਣਮੂਲ ਦੇ ਹੱਕ ਵਿੱਚ ਦੋ ਕਰੋੜ ਸੱਠ ਲੱਖ ਤੋਂ ਵੱਧ ਲੋਕਾਂ ਨੇ ਵੋਟ ਪਾਈ। ਅਰਥਾਤ ਬੰਗਾਲ ਨੇ ਮਮਤਾ ਬੈਨਰਜੀ ਨੂੰ ਤਿਆਗਿਆ ਨਹੀਂ ਸੀ; ਉਸ ਨੇ ਉਨ੍ਹਾਂ ਦੇ ਸ਼ਾਸਨ ਨੂੰ ਨਮਨਜ਼ੂਰ ਕੀਤਾ ਸੀ।

ਪਰ ਦੂਜੀ ਹਾਰ ਹੋਰ ਵੀ ਡਰਾਉਣੀ ਹੈ। ਚੋਣ ਹਾਰਨ ਤੋਂ ਕੁਝ ਹਫ਼ਤਿਆਂ ਦੇ ਅੰਦਰ ਹੀ ਪਾਰਟੀ ਦਾ ਵੱਡਾ ਹਿੱਸਾ ਵਿਧਾਇਕ ਦਲ ਅਤੇ ਲਗਭਗ ਦੋ-ਤਿਹਾਈ ਸੰਸਦੀ ਦਲ ਲੀਡਰਸ਼ਿੱਪ ਦੇ ਵਿਰੁੱਧ ਖੜ੍ਹਾ ਹੋ ਗਿਆ।



**ਜਿਸ ਪਾਰਟੀ ਦਾ ਅਰਥ ਸੀ 'ਜੜ', ਉਹ ਉੱਪਰ ਦੀਆਂ ਸ਼ਾਖਾਂ ਵਿੱਚ ਵੱਸ ਗਈ** : ਤ੍ਰਿਣਮੂਲ ਕਾਂਗਰਸ ਦਾ ਨਾਮ ਕਿਸੇ ਰਾਜਨੀਤਿਕ ਸਲਾਹਕਾਰ ਦੀ ਖੋਜ ਨਹੀਂ ਸੀ। 'ਤ੍ਰਿਣਮੂਲ' ਦਾ ਅਰਥ ਹੀ ਸੀ—ਘਾਹ ਦੀ ਜੜ, ਸਮਾਜ ਦਾ ਸਭ ਤੋਂ ਹੇਠਲਾ ਹਿੱਸਾ, ਉਹ ਮਨੁੱਖ ਜਿਸ ਨੂੰ ਸੱਤਾ ਦੀਆਂ ਉੱਚੀਆਂ ਇਮਾਰਤਾਂ ਵਿੱਚ ਦਾਖ਼ਲਾ ਨਹੀਂ ਮਿਲਦਾ।

**ਮਮਤਾ ਬੈਨਰਜੀ ਦੀ ਰਾਜਨੀਤੀ ਉੱਥੇ ਤੋਂ ਹੀ ਨਿਕਲੀ ਸੀ।**

21 ਜੁਲਾਈ 1993 ਨੂੰ ਉਸ ਦੀ ਅਗਵਾਈ ਹੇਠ ਯੂਥ ਕਾਂਗਰਸ ਦੇ ਕਾਰਕੁਨ ਫੋਟੋ-ਯੁਕਤ ਵੋਟਰ ਪਛਾਣ-ਪੱਤਰ ਦੀ ਮੰਗ ਕਰਦੇ ਹੋਏ ਰਾਈਟਰਜ਼ ਬਿਲਡਿੰਗ ਵੱਲ ਵਧੇ। ਪੁਲਿਸ ਗੋਲੀਬਾਰੀ ਵਿੱਚ 13 ਲੋਕ ਮਾਰੇ ਗਏ। ਉਹ ਘਟਨਾ ਸਿਰਫ਼ ਮਮਤਾ ਦੇ ਰਾਜਨੀਤਿਕ ਜੀਵਨ ਦਾ ਖ਼ੂਨ-ਰੰਗਿਆ ਅਧਿਆਇ ਨਹੀਂ ਬਣੀ; ਉਸ ਨੇ ਉਨ੍ਹਾਂ ਦੇ ਆਲੇ-ਦੁਆਲੇ ਸੰਘਰਸ਼, ਸਾਹਸ ਅਤੇ ਰਾਜ-ਸੱਤਾ ਦੇ ਵਿਰੋਧ ਦੀ ਸਥਾਈ ਕਹਾਣੀ ਵੀ ਰਚ ਦਿੱਤੀ।

1998 ਵਿੱਚ ਕਾਂਗਰਸ ਤੋਂ ਵੱਖ ਹੋ ਕੇ ਬਣਾਈ ਗਈ ਤ੍ਰਿਣਮੂਲ ਕੋਲ ਨਾ ਤਾਂ ਖੱਬੇ ਮੋਰਚੇ ਵਰਗਾ ਕੈਡਰ ਸੀ, ਨਾ ਭਾਜਪਾ ਵਰਗਾ ਰਾਸ਼ਟਰੀ ਢਾਂਚਾ ਅਤੇ ਨਾ ਹੀ ਕਾਂਗਰਸ ਵਰਗੀ ਇਤਿਹਾਸਕ ਵਿਰਾਸਤ। ਉਸ ਕੋਲ ਇੱਕ ਪਤਲੀ-ਦੁਬਲੀ ਔਰਤ ਸੀ, ਚਿੱਟੀ ਸੂਤੀ ਸਾੜ੍ਹੀ ਸੀ, ਰਬੜ ਦੀਆਂ ਚੱਪਲਾਂ ਸਨ, ਵਾਰ-ਵਾਰ ਫੱਟੜ ਹੋਇਆ ਸਰੀਰ ਸੀ ਅਤੇ ਸੱਤਾ ਦੇ ਸਾਹਮਣੇ ਅਸਾਧਾਰਨ ਨਿਡਰਤਾ ਸੀ।

2004 ਦੀ ਲੋਕ ਸਭਾ ਚੋਣ ਵਿੱਚ ਤ੍ਰਿਣਮੂਲ ਏਨੀ ਸਿਮਟ ਗਈ ਸੀ ਕਿ ਮਮਤਾ ਬੈਨਰਜੀ ਉਸ ਦੀ ਇਕੱਲੀ ਚੁਣੀ ਹੋਈ ਸੰਸਦ ਮੈਂਬਰ ਬਚੀ ਸੀ। ਦੋ ਸਾਲ ਬਾਅਦ ਵਿਧਾਨ ਸਭਾ ਚੋਣ ਵਿੱਚ ਵੀ ਪਾਰਟੀ ਬੁਰੀ ਤਰ੍ਹਾਂ ਹਾਰੀ। ਪਰ ਮਮਤਾ ਨੇ ਪਾਰਟੀ ਨਹੀਂ ਛੱਡੀ, ਕਿਸੇ ਸਹੂਲਤਮਈ ਸੰਗਠਨ ਵਿੱਚ ਇਸ ਦਾ ਰਲੇਵਾਂ ਨਹੀਂ ਕੀਤਾ ਅਤੇ ਨਾ ਹੀ ਹਾਰ ਤੋਂ ਬਚਣ ਲਈ ਕੋਈ ਸੰਸਦੀ ਰਸਤਾ ਲੱਭਿਆ।

**ਉਹ ਮੁੜ ਸੜਕ 'ਤੇ ਆ ਗਈ।**

ਸਿੰਗੂਰ ਅਤੇ ਨੰਦੀਗ੍ਰਾਮ ਨੇ ਉਸ ਨੂੰ ਨਵੀਂ ਜ਼ਿੰਦਗੀ ਦਿੱਤੀ। ਉੱਥੇ ਉਨ੍ਹਾਂ ਨੇ ਸਿਰਫ਼ ਉਦਯੋਗੀਕਰਨ ਦਾ ਵਿਰੋਧ ਨਹੀਂ ਕੀਤਾ; ਉਨ੍ਹਾਂ ਨੇ ਜਬਰਦਸਤੀ ਵਿਕਾਸ ਦੇ ਵਿਰੁੱਧ ਸਹਿਮਤੀ, ਜ਼ਮੀਨੀ ਅਧਿਕਾਰ ਅਤੇ ਨਾਗਰਿਕ ਸਨਮਾਨ ਦਾ ਸਵਾਲ ਖੜ੍ਹਾ ਕੀਤਾ। 'ਮਾਂ, ਮਾਟੀ, ਮਾਨੁਸ਼' ਇਸ ਲਈ ਕਾਮਯਾਬ ਹੋਇਆ ਕਿਉਂਕਿ ਉਹ ਕੋਈ ਇਸ਼ਤਿਹਾਰ ਨਹੀਂ ਸੀ, ਸਗੋਂ ਇੱਕ ਸਮਾਜਿਕ ਗੱਠਜੋੜ ਸੀ—ਔਰਤ, ਕਿਸਾਨ ਅਤੇ ਆਮ ਨਾਗਰਿਕ ਦਾ ਗੱਠਜੋੜ।

2011 **ਵਿੱਚ ਇਸੇ ਰਾਜਨੀਤੀ ਨੇ** 34 **ਸਾਲ ਪੁਰਾਣੇ ਖੱਬੇਪੱਖੀ ਰਾਜ ਨੂੰ ਉਖਾੜ ਸੁੱਟਿਆ।**

ਅੱਜ ਦੀ ਵਿਡੰਬਨਾ ਇਹ ਹੈ ਕਿ ਜਿਸ ਪਾਰਟੀ ਨੂੰ ਮਮਤਾ ਨੇ ਇੱਕ ਸੰਸਦ ਮੈਂਬਰ ਤੋਂ ਮੁੜ ਜ਼ਿੰਦਾ ਕੀਤਾ ਸੀ, ਉਸੇ ਪਾਰਟੀ ਦੇ 20 ਸੰਸਦ ਮੈਂਬਰ ਗਿਣਤੀ ਦੀ ਸੁਰੱਖਿਆ ਲਈ ਲਗਭਗ ਅਗਿਆਤ ਪਾਰਟੀ ਵਿੱਚ ਸ਼ਰਨ ਲੱਭ ਰਹੇ ਹਨ।

**ਖੱਬੇਪੱਖ ਦੀ ਬਿਮਾਰੀ ਤ੍ਰਿਣਮੂਲ ਨੂੰ ਕਿਵੇਂ ਲੱਗੀ** : ਪੱਛਮੀ ਬੰਗਾਲ ਵਿੱਚ ਲੰਮਾ ਰਾਜ ਕਰਨ ਦਾ ਇੱਕ ਖਾਸ ਵਿਗਾੜ ਰਿਹਾ ਹੈ। ਇੱਥੇ ਸੱਤਾਧਾਰੀ ਪਾਰਟੀ ਹੌਲੀ-ਹੌਲੀ ਸਰਕਾਰ ਦੇ ਉੱਪਰ ਨਹੀਂ ਰਹਿੰਦੀ; ਉਹ ਸਮਾਜ ਦੇ ਅੰਦਰ ਉਤਰ ਕੇ ਰਾਜ ਦੀ ਥਾਂ ਲੈਣ ਲੱਗਦੀ ਹੈ।

ਖੱਬੇ ਮੋਰਚੇ ਦੀਆਂ ਇਤਿਹਾਸਕ ਪ੍ਰਾਪਤੀਆਂ ਅਸਲੀ ਸਨ—ਓਪਰੇਸ਼ਨ ਬਰਗਾ, ਜ਼ਮੀਨੀ ਸੁਧਾਰ, ਪੰਚਾਇਤਾਂ ਦਾ ਸਸ਼ਕਤੀਕਰਨ ਅਤੇ ਪਿੰਡਾਂ ਦੇ ਗਰੀਬਾਂ ਨੂੰ ਰਾਜਨੀਤਿਕ ਆਵਾਜ਼। ਪਰ ਸਮੇਂ ਦੇ ਨਾਲ ਉਸ ਦਾ ਸਥਾਨਕ ਕਾਡਰ ਨਾਗਰਿਕ ਅਤੇ ਸਰਕਾਰ ਦੇ ਵਿਚਕਾਰ ਲਾਜ਼ਮੀ ਦਰਬਾਨ ਬਣ ਗਿਆ। ਨੌਕਰੀ, ਰਾਸ਼ਨ, ਪੱਟਾ, ਪੁਲਿਸ, ਪੰਚਾਇਤ ਅਤੇ ਠੇਕਾ—ਹਰ ਰਸਤਾ ਪਾਰਟੀ ਦੇ ਸਥਾਨਕ ਦਫ਼ਤਰ ਵਿੱਚੋਂ ਦੀ ਹੋ ਕੇ ਲੰਘਣ ਲੱਗਾ।

ਮਮਤਾ ਬੈਨਰਜੀ ਇਸੇ 'ਪਾਰਟੀ-ਸੋਸਾਇਟੀ' ਦੇ ਵਿਰੁੱਧ ਉੱਠੀ ਸੀ। ਪਰ ਸੱਤਾ ਵਿੱਚ ਆਉਣ ਤੋਂ ਬਾਅਦ ਤ੍ਰਿਣਮੂਲ ਨੇ ਉਸ ਵਿਵਸਥਾ ਨੂੰ ਖਤਮ ਕਰਨ ਦੀ ਬਜਾਏ ਉਸ ਦਾ ਹੋਰ ਲਚਕੀਲਾ, ਹੋਰ ਨਿੱਜੀ ਅਤੇ ਕਈ ਥਾਵਾਂ 'ਤੇ ਵਧੇਰੇ ਕਾਰੋਬਾਰੀ ਰੂਪ ਵਿਕਸਿਤ ਕਰ ਲਿਆ।

**ਉੱਪਰ ਮਮਤਾ ਦਾ ਕਰਿਸ਼ਮਾ ਸੀ; ਹੇਠਾਂ ਸਥਾਨਕ ਫਰੈਂਚਾਈਜ਼ੀ।**

ਕਿਸੇ ਕੋਲ ਕਲੱਬ ਸੀ, ਕਿਸੇ ਕੋਲ ਠੇਕੇ, ਕਿਸੇ ਕੋਲ ਰੇਤ ਅਤੇ ਉਸਾਰੀ ਦਾ ਕਾਰੋਬਾਰ, ਕਿਸੇ ਕੋਲ ਸਰਕਾਰੀ ਲਾਭਪਾਤਰੀਆਂ ਦੀ ਸੂਚੀ ਅਤੇ ਕਿਸੇ ਕੋਲ ਥਾਣੇ ਅਤੇ ਬਲਾਕ ਦਫ਼ਤਰ ਤੱਕ ਪਹੁੰਚ। ਤ੍ਰਿਣਮੂਲ ਕਾਰਕੁਨ ਹੌਲੀ-ਹੌਲੀ ਨਾਗਰਿਕ ਅਤੇ ਸਰਕਾਰ ਵਿਚਕਾਰ ਸਹਿਯੋਗੀ ਨਹੀਂ, ਸਗੋਂ ਇਜਾਜ਼ਤ ਦੇਣ ਵਾਲਾ ਗੱਭਲਾ ਬਣਨਾ ਸ਼ੁਰੂ ਹੋ ਗਿਆ।

'ਦੁਆਰੇ ਸਰਕਾਰ' ਪ੍ਰਸ਼ਾਸਨ ਨੂੰ ਲੋਕਾਂ ਦੇ ਦਰਵਾਜ਼ੇ ਤੱਕ ਲੈ ਗਈ; ਪਰ ਕਈ ਇਲਾਕਿਆਂ ਵਿੱਚ ਪਾਰਟੀ ਨੇ ਲੋਕਾਂ ਨੂੰ ਇਹ ਅਹਿਸਾਸ ਵੀ ਕਰਵਾਇਆ ਕਿ ਉਸ ਦਰਵਾਜ਼ੇ ਦੀ ਚਾਬੀ ਸਥਾਨਕ ਆਗੂ ਦੇ ਹੱਥ ਵਿੱਚ ਹੈ।

ਮਮਤਾ ਦੀ ਨਿੱਜੀ ਸਾਦਗੀ ਕਾਇਮ ਰਹੀ, ਪਰ ਪਾਰਟੀ ਦੀ ਰਾਜਨੀਤਿਕ ਅਰਥਵਿਵਸਥਾ ਉਸ ਤੋਂ ਵੱਖ ਹੁੰਦੀ ਚਲੀ ਗਈ। ਭਾਰਤ ਵਿੱਚ ਇਹ ਮੰਨ ਲੈਣਾ ਗੰਭੀਰ ਭੁੱਲ ਹੈ ਕਿ ਸਿਖ਼ਰਲੇ ਆਗੂ ਦਾ ਨਿੱਜੀ ਤੌਰ 'ਤੇ ਇਮਾਨਦਾਰ ਹੋਣਾ ਪੂਰੀ ਜਥੇਬੰਦੀ ਨੂੰ ਇਮਾਨਦਾਰ ਬਣਾ ਦਿੰਦਾ ਹੈ। ਸੱਤਾ ਦਾ ਭ੍ਰਿਸ਼ਟਾਚਾਰ ਹਮੇਸ਼ਾ ਆਗੂ ਦੀ ਅਲਮਾਰੀ ਵਿੱਚ ਰੱਖੇ ਨਕਦ ਦੇ ਰੂਪ ਵਿੱਚ ਨਹੀਂ ਆਉਂਦਾ; ਉਹ ਉਸ ਦੇ ਨਾਮ 'ਤੇ ਚੱਲ ਰਹੀਆਂ ਗੈਰ-ਰਸਮੀ ਮਨਜ਼ੂਰੀਆਂ, ਸੁਰੱਖਿਆ ਅਤੇ ਡਰ ਦੇ ਰੂਪ ਵਿੱਚ ਵੀ ਮੌਜੂਦ ਹੁੰਦਾ ਹੈ।

**ਲੋਕ-ਭਲਾਈ ਤੋਂ ਆਕਾਂਖਿਆ ਤੱਕ ਦਾ ਅਧੂਰਾ ਸਫ਼ਰ** : ਕਨਿਆਸ਼੍ਰੀ, ਰੂਪਸ਼੍ਰੀ, ਸਵਾਸਥਿਆ ਸਾਥੀ ਅਤੇ ਲਕਸ਼ਮੀ ਭੰਡਾਰ ਵਰਗੀਆਂ ਯੋਜਨਾਵਾਂ ਨੇ ਬੰਗਾਲ ਦੀਆਂ ਲੱਖਾਂ ਔਰਤਾਂ ਦੇ ਜੀਵਨ ਵਿੱਚ ਅਸਲ ਸਹਾਇਤਾ ਪਹੁੰਚਾਈ। ਇਨ੍ਹਾਂ ਯੋਜਨਾਵਾਂ ਨੂੰ ਸਿਰਫ਼ 'ਰੇਵੜੀ' ਕਹਿਣਾ ਉਸ ਘਰੇਲੂ ਅਰਥਵਿਵਸਥਾ ਦਾ ਅਪਮਾਨ ਹੋਵੇਗਾ, ਜਿਸ ਵਿੱਚ ਕੁਝ ਹਜ਼ਾਰ ਰੁਪਏ ਵੀ ਇੱਕ ਔਰਤ ਨੂੰ ਫ਼ੈਸਲਾ ਕਰਨ ਦੀ ਨਿੱਕੀ ਜਿਹੀ ਆਜ਼ਾਦੀ ਦਿੰਦੇ ਹਨ।

ਪਰ ਲੋਕ-ਭਲਾਈ ਦੀ ਰਾਜਨੀਤੀ ਦਾ ਇੱਕ ਸੁਭਾਵਿਕ ਵਿਕਾਸਕ੍ਰਮ ਹੁੰਦਾ ਹੈ। ਜੋ ਸਹਾਇਤਾ ਪਹਿਲਾਂ ਤੋਹਫ਼ਾ ਲੱਗਦੀ ਹੈ, ਉਹ ਕੁਝ ਸਾਲਾਂ ਵਿੱਚ ਨਾਗਰਿਕ ਅਧਿਕਾਰ ਬਣ ਜਾਂਦੀ ਹੈ। ਇਸ ਤੋਂ ਬਾਅਦ ਵੋਟਰ ਨਵੀਂ ਮੰਗ ਕਰਦਾ ਹੈ।

2026 ਵਿੱਚ ਔਰਤਾਂ ਨੇ ਮਰਦਾਂ ਨਾਲੋਂ ਵੱਧ ਵੋਟ ਪਾਈ, ਫਿਰ ਵੀ ਤ੍ਰਿਣਮੂਲ ਆਪਣਾ ਪੁਰਾਣਾ ਔਰਤਾਂ ਦਾ ਵਾਧਾ ਨਹੀਂ ਬਚਾ ਸਕੀ। ਇਸ ਦਾ ਅਰਥ ਇਹ ਨਹੀਂ ਕਿ ਔਰਤਾਂ ਨੇ ਲਕਸ਼ਮੀ ਭੰਡਾਰ ਨੂੰ ਅਸਵੀਕਾਰ ਕਰ ਦਿੱਤਾ। ਇਸ ਦਾ ਅਰਥ ਇਹ ਹੈ ਕਿ ਉਹ ਨਕਦ ਸਹਾਇਤਾ ਦੇ ਨਾਲ ਰੁਜ਼ਗਾਰ, ਸੁਰੱਖਿਆ, ਬਿਹਤਰ ਸਕੂਲ, ਹਸਪਤਾਲ, ਜਨਤਕ ਆਵਾਜਾਈ ਅਤੇ ਆਪਣੇ ਬੱਚਿਆਂ ਲਈ ਸਮਾਜਿਕ ਤਰੱਕੀ ਵੀ ਚਾਹੁੰਦੀਆਂ ਸਨ।

ਭਾਜਪਾ ਨੇ ਮਮਤਾ ਦੀਆਂ ਯੋਜਨਾਵਾਂ ਬੰਦ ਕਰਨ ਦਾ ਵਾਅਦਾ ਨਹੀਂ ਕੀਤਾ। ਉਸ ਨੇ ਉਨ੍ਹਾਂ ਹੀ ਯੋਜਨਾਵਾਂ ਵਿੱਚ ਹੋਰ ਪੈਸਾ ਦੇਣ, ਕਾਨੂੰਨ-ਵਿਵਸਥਾ ਸੁਧਾਰਨ ਅਤੇ ਰੁਜ਼ਗਾਰ ਲਿਆਉਣ ਦਾ ਦਾਅਵਾ ਕੀਤਾ। ਇਸ ਤਰ੍ਹਾਂ ਉਸ ਨੇ ਤ੍ਰਿਣਮੂਲ ਦੇ ਸਭ ਤੋਂ ਪ੍ਰਭਾਵਸ਼ਾਲੀ ਰਾਜਨੀਤਿਕ ਹਥਿਆਰ ਨੂੰ ਵਿਚਾਰਧਾਰਕ ਸੰਘਰਸ਼ ਤੋਂ ਕੱਢ ਕੇ ਮੁਕਾਬਲੇ ਦੀ ਬੋਲੀ ਵਿੱਚ ਬਦਲ ਦਿੱਤਾ। ਜਦੋਂ ਦੋਵੇਂ ਪਾਰਟੀਆਂ ਪੈਸੇ ਦਾ ਵਾਅਦਾ ਕਰ ਰਹੀਆਂ ਹੋਣ, ਤਾਂ ਵੋਟਰ ਸ਼ਾਸਨ, ਪਛਾਣ ਅਤੇ ਭਵਿੱਖ ਨੂੰ ਦੇਖ ਕੇ ਵੋਟ ਪਾਉਂਦਾ ਹੈ। ਇੱਥੇ ਹੀ ਤ੍ਰਿਣਮੂਲ ਪਿੱਛੇ ਰਹਿ ਗਈ।

**ਕਾਨੂੰਨ ਗਿਣਤੀ ਨੂੰ ਸੁਰੱਖਿਆ ਦਿੰਦਾ ਹੈ, ਵਿਰਾਸਤ ਨੂੰ ਨਹੀਂ**

ਬਾਗ਼ੀ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਯੁੱਧਨੀਤੀ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ 'ਵਿਲੀਨ' ਪ੍ਰਬੰਧ 'ਤੇ ਆਧਾਰਿਤ ਦਿਖਾਈ ਦਿੰਦੀ ਹੈ। ਕਿਸੇ ਵਿਧਾਨਮੰਡਲੀ ਦਲ ਦੇ ਘੱਟੋ-ਘੱਟ ਦੋ-ਤਿਹਾਈ ਮੈਂਬਰ ਜੇ ਕਿਸੇ ਹੋਰ ਰਾਜਨੀਤਿਕ ਦਲ ਵਿੱਚ ਰਲ਼ ਜਾਣ 'ਤੇ ਸਹਿਮਤ ਹੋਣ ਤਾਂ ਉਹ ਦਲ-ਬਦਲ ਦੇ ਆਧਾਰ 'ਤੇ ਅਯੋਗਤਾ ਤੋਂ ਬਚਣ ਦਾ ਦਾਅਵਾ ਕਰ ਸਕਦੇ ਹਨ।

ਲੋਕ ਸਭਾ ਵਿੱਚ 20 ਅਤੇ ਵਿਧਾਨ ਸਭਾ ਵਿੱਚ ਕਥਿਤ 64 ਮੈਂਬਰ ਇਸ ਗਿਣਤੀ ਨੂੰ ਪਾਰ ਕਰਦੇ ਹਨ।

ਪਰ ਇੱਥੇ ਇੱਕ ਮਹੱਤਵਪੂਰਨ ਕਾਨੂੰਨੀ ਫ਼ਰਕ ਹੈ, ਜਿਸ ਨੂੰ ਰਾਜਨੀਤਿਕ ਐਲਾਨ ਜਾਣਬੁੱਝ ਕੇ ਧੁੰਦਲਾ ਕਰਦੇ ਹਨ। ਦੋ-ਤਿਹਾਈ ਸੰਸਦ ਮੈਂਬਰ ਜਾਂ ਵਿਧਾਇਕ ਹੋ ਜਾਣ ਨਾਲ ਕੋਈ ਸਮੂਹ ਆਪਣੇ ਆਪ 'ਅਸਲੀ ਤ੍ਰਿਣਮੂਲ' ਨਹੀਂ ਬਣ ਜਾਂਦਾ। ਦਲ-ਬਦਲੀ ਤੋਂ ਸੁਰੱਖਿਆ, ਵਿਧਾਨਮੰਡਲੀ ਦਲ ਦੀ ਮਾਨਤਾ ਅਤੇ ਪਾਰਟੀ ਦੇ ਨਾਮ-ਨਿਸ਼ਾਨ ਦਾ ਮਾਲਕੀ ਹੱਕ—ਇਹ ਤਿੰਨ ਵੱਖਰੇ ਸਵਾਲ ਹਨ।

ਅਯੋਗਤਾ ਬਾਰੇ ਮੁੱਢਲਾ ਫ਼ੈਸਲਾ ਸਦਨ ਦਾ ਸਪੀਕਰ ਕਰਦਾ ਹੈ। ਪਾਰਟੀ ਦੇ ਨਾਮ ਅਤੇ ਫੁੱਲ-ਘਾਹ ਵਾਲੇ ਚੋਣ ਨਿਸ਼ਾਨ 'ਤੇ ਵਿਵਾਦ ਹੋਵੇ ਤਾਂ ਅੰਤਿਮ ਅਧਿਕਾਰ ਚੋਣ ਕਮਿਸ਼ਨ ਕੋਲ ਹੁੰਦਾ ਹੈ। ਕਮਿਸ਼ਨ ਸਿਰਫ਼ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਗਿਣਤੀ ਨਹੀਂ ਵੇਖਦਾ; ਪਾਰਟੀ ਦਾ ਸੰਵਿਧਾਨ, ਜਥੇਬੰਦਕ ਇਕਾਈਆਂ, ਅਹੁਦੇਦਾਰਾਂ ਦੀ ਹਮਾਇਤ ਅਤੇ ਦਸਤਾਵੇਜ਼ੀ ਕੰਟਰੋਲ ਵੀ ਮਹੱਤਵਪੂਰਨ ਹੁੰਦੇ ਹਨ।

ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੇ ਸ਼ਿਵਸੈਨਾ ਵਿਵਾਦ ਵਿੱਚ ਸਪਸ਼ਟ ਕੀਤਾ ਸੀ ਕਿ 'ਰਾਜਨੀਤਿਕ ਪਾਰਟੀ' ਅਤੇ 'ਵਿਧਾਨਮੰਡਲੀ ਦਲ' ਇੱਕੋ ਚੀਜ਼ ਨਹੀਂ ਹਨ। ਵਿਧਾਇਕ ਦਲ ਦੀ ਸੰਖਿਆਤਮਕ ਤਾਕਤ ਰਾਜਨੀਤਿਕ ਪਾਰਟੀ ਨੂੰ ਨਿਗਲ ਨਹੀਂ ਸਕਦੀ।

ਇਸ ਲਈ ਐੱਨ.ਸੀ.ਪੀ.ਆਈ. ਦਾ ਰਸਤਾ ਬਾਗ਼ੀਆਂ ਨੂੰ ਅਯੋਗਤਾ ਤੋਂ ਬਚਾਉਣ ਵਾਲੀ ਕਾਨੂੰਨੀ ਕਿਸ਼ਤੀ ਹੋ ਸਕਦਾ ਹੈ, ਪਰ ਇਹ ਉਨ੍ਹਾਂ ਨੂੰ ਮਮਤਾ ਬੈਨਰਜੀ ਦੁਆਰਾ ਬਣਾਈ ਪਾਰਟੀ ਦਾ ਇਤਿਹਾਸ, ਨਾਮ ਅਤੇ ਚੋਣ ਨਿਸ਼ਾਨ ਨਹੀਂ ਸੌਂਪ ਸਕਦਾ।

ਮਮਤਾ ਬੈਨਰਜੀ ਦੀ ਕਾਨੂੰਨੀ ਲੜਾਈ ਇੱਥੋਂ ਹੀ ਸ਼ੁਰੂ ਹੋਵੇਗੀ। ਉਨ੍ਹਾਂ ਨੂੰ ਲੋਕ ਸਭਾ ਦੇ ਸਪੀਕਰ ਸਾਹਮਣੇ ਰਲੇਵੇਂ ਦੀ ਵਾਜਬੀਅਤ ਨੂੰ ਚੁਣੌਤੀ ਦੇਣੀ ਪਵੇਗੀ, ਵਿਧਾਨ ਸਭਾ ਸਪੀਕਰ ਦੇ ਫ਼ੈਸਲੇ ਦੇ ਵਿਰੁੱਧ ਹਾਈ ਕੋਰਟ ਵਿੱਚ ਦਸਤਾਵੇਜ਼ੀ ਆਧਾਰ ਪੇਸ਼ ਕਰਨਾ ਪਵੇਗਾ ਅਤੇ ਕਿਸੇ ਸੰਭਾਵਿਤ ਚੋਣ-ਨਿਸ਼ਾਨ ਵਿਵਾਦ ਲਈ ਚੋਣ ਕਮਿਸ਼ਨ ਅੱਗੇ ਸੰਗਠਨਾਤਮਕ ਬਹੁਮਤ ਸਾਬਤ ਕਰਨਾ ਪਵੇਗਾ।

**ਅਭਿਸ਼ੇਕ ਦਾ ਸਵਾਲ — ਵਿਅਕਤੀ ਦਾ ਨਹੀਂ, ਵਿਵਸਥਾ ਦਾ**

ਤ੍ਰਿਣਮੂਲ ਦੇ ਸੰਕਟ ਨੂੰ ਸਿਰਫ਼ ਮਮਤਾ ਬਨਾਮ ਅਭਿਸ਼ੇਕ ਦੀ ਕਹਾਣੀ ਬਣਾ ਦੇਣਾ ਵੀ ਸਤੱਹੀ ਵਿਸ਼ਲੇਸ਼ਣ ਹੋਵੇਗਾ। ਅਭਿਸ਼ੇਕ ਬੈਨਰਜੀ ਨੇ ਸੰਗਠਨ ਨੂੰ ਡਾਟਾ, ਬੂਥ ਪ੍ਰਬੰਧਨ, ਪੇਸ਼ੇਵਰ ਪ੍ਰਚਾਰ ਅਤੇ ਚੋਣ ਅਨੁਸ਼ਾਸਨ ਦਿੱਤਾ। ਪਰ ਪਾਰਟੀ ਵਿੱਚ ਇਹ ਧਾਰਨਾ ਮਜ਼ਬੂਤ ਹੋਈ ਕਿ ਪੁਰਾਣੇ ਆਗੂਆਂ, ਜ਼ਿਲ੍ਹਾ ਇਕਾਈਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਤੱਕ ਪਹੁੰਚ ਸੀਮਿਤ ਤਾਕਤ-ਚੱਕਰ ਵੱਲੋਂ ਕੰਟਰੋਲ ਕੀਤੀ ਜਾਂਦੀ ਹੈ।

ਸਮੱਸਿਆ ਇਹ ਨਹੀਂ ਕਿ ਮਮਤਾ ਨੇ ਅਭਿਸ਼ੇਕ 'ਤੇ ਭਰੋਸਾ ਕੀਤਾ। ਸਮੱਸਿਆ ਇਹ ਹੈ ਕਿ ਪਾਰਟੀ ਨੇ ਐਸਾ ਕੋਈ ਭਰੋਸੇਯੋਗ ਸੰਸਥਾਗਤ ਢਾਂਚਾ ਨਹੀਂ ਬਣਾਇਆ, ਜਿਸ ਵਿੱਚ ਉੱਤਰਾਧਿਕਾਰ, ਅਸਹਿਮਤੀ ਅਤੇ ਅਗਵਾਈ ਦਾ ਵਿਕਾਸ ਪਾਰਦਰਸ਼ੀ ਢੰਗ ਨਾਲ ਹੋ ਸਕੇ।

ਹੁਣ ਸਿਰਫ਼ ਅਹੁਦੇ ਬਦਲਣਾ ਕਾਫ਼ੀ ਨਹੀਂ ਹੋਵੇਗਾ। ਚੰਦਰਿਮਾ ਭੱਟਾਚਾਰੀਆ ਨੂੰ ਪ੍ਰਦੇਸ਼ ਪ੍ਰਧਾਨ ਬਣਾਉਣਾ, ਡੇਰਿਕ ਓ'ਬ੍ਰਾਇਨ ਅਤੇ ਡੋਲਾ ਸੇਨ ਨੂੰ ਨਵੀਆਂ ਜ਼ਿੰਮੇਵਾਰੀਆਂ ਦੇਣਾ, ਸੌਗਤ ਰਾਏ ਨੂੰ ਸੰਸਦੀ ਸਲਾਹਕਾਰ ਬਣਾਉਣਾ ਜਾਂ ਨੌਜਵਾਨ ਅਤੇ ਔਰਤ ਜਥੇਬੰਦੀਆਂ ਦੇ ਚਿਹਰੇ ਬਦਲਣਾ ਲਾਭਦਾਇਕ ਹੋ ਸਕਦਾ ਹੈ; ਪਰ ਜੇ ਨਵੇਂ ਨਾਮ ਪੁਰਾਣੇ ਢਾਂਚੇ ਵਿੱਚ ਹੀ ਰੱਖੇ ਜਾਣ, ਤਾਂ ਬਦਲਾਅ ਸਿਰਫ਼ ਨਾਂ ਵਾਲੀ ਪਲੇਟ 'ਤੇ ਹੀ ਹੁੰਦਾ ਹੈ।

ਮਮਤਾ ਨੂੰ ਇੱਕ ਸਾਂਝੀ ਰਾਜਨੀਤਿਕ ਕੌਂਸਲ ਬਣਾਉਣੀ ਪਵੇਗੀ, ਜਿਸ ਵਿੱਚ ਪੁਰਾਣੇ ਆਗੂ, ਔਰਤਾਂ, ਨੌਜਵਾਨ, ਮਜ਼ਦੂਰ ਸੰਗਠਨ, ਘੱਟਗਿਣਤੀ ਨੁਮਾਇੰਦੇ, ਉੱਤਰੀ ਬੰਗਾਲ, ਜੰਗਲਮਹਲ ਅਤੇ ਸ਼ਹਿਰੀ ਬੰਗਾਲ ਦੀਆਂ ਸੁਤੰਤਰ ਆਵਾਜ਼ਾਂ ਹੋਣ।

ਇਹ ਅਭਿਸ਼ੇਕ ਨੂੰ ਅਪਮਾਨਿਤ ਕਰਨ ਦਾ ਪ੍ਰੋਗਰਾਮ ਨਹੀਂ ਹੋਵੇਗਾ। ਇਹ ਤ੍ਰਿਣਮੂਲ ਨੂੰ ਪਰਿਵਾਰ ਤੋਂ ਸੰਸਥਾ ਬਣਾਉਣ ਦਾ ਪ੍ਰੋਗਰਾਮ ਹੋਵੇਗਾ।

**ਵਾਪਸੀ ਲਈ ਮਾਫ਼ੀ ਦੀ ਰਾਜਨੀਤੀ**

ਭਾਰਤੀ ਆਗੂ ਵੋਟਰਾਂ ਤੋਂ ਅਸੀਸ ਮੰਗਦੇ ਹਨ; ਮਾਫ਼ੀ ਬਹੁਤ ਘੱਟ ਮੰਗਦੇ ਹਨ। ਮਮਤਾ ਬੈਨਰਜੀ ਦੀ ਵਾਪਸੀ ਦੀ ਸਭ ਤੋਂ ਸ਼ਕਤੀਸ਼ਾਲੀ ਸ਼ੁਰੂਆਤ ਕੋਈ ਵਿਸ਼ਾਲ ਰੈਲੀ ਨਹੀਂ, ਸਗੋਂ ਇੱਕ ਜਨਤਕ ਸਵੀਕਾਰਿਆ ਜਾਣਾ ਹੋ ਸਕਦੀ ਹੈ।

ਉਸ ਨੂੰ ਕਹਿਣਾ ਚਾਹੀਦਾ ਹੈ ਕਿ ਉਸ ਦੀ ਸਰਕਾਰ ਨੇ ਕੰਮ ਕੀਤਾ; ਪਰ ਉਸ ਦੀ ਪਾਰਟੀ ਦੇ ਲੋਕਾਂ ਨੇ ਕਈ ਥਾਵਾਂ 'ਤੇ ਸੱਤਾ ਦੀ ਦੁਰਵਰਤੋਂ ਵੀ ਕੀਤੀ ਨੌਕਰੀਆਂ, ਠੇਕਿਆਂ ਅਤੇ ਪ੍ਰਸ਼ਾਸਨ ਵਿੱਚ ਗੈਰ-ਰਸਮੀ ਪ੍ਰਭਾਵ ਵਧਿਆ। ਸ਼ਿਕਾਇਤਾਂ ਨੂੰ ਵਿਰੋਧੀ ਪ੍ਰਚਾਰ ਸਮਝਿਆ ਗਿਆ ਅਤੇ ਪਾਰਟੀ ਲੋਕਾਂ ਦੀ ਆਵਾਜ਼ ਸੁਣਨ ਦੀ ਬਜਾਏ ਆਪਣੇ ਪ੍ਰਚਾਰ 'ਤੇ ਵਿਸ਼ਵਾਸ ਕਰਨ ਲੱਗ ਪਈ।

ਇਸ ਤੋਂ ਬਾਅਦ ਹਰ ਜ਼ਿਲ੍ਹੇ ਵਿੱਚ ਸੁਤੰਤਰ ਸ਼ਿਕਾਇਤ ਕਮਿਸ਼ਨ ਬਣਾਏ ਜਾਣ। ਪ੍ਰਭਾਵਸ਼ਾਲੀ ਆਗੂਆਂ ਦੀ ਸੰਪਤੀ ਅਤੇ ਕਾਰੋਬਾਰੀ ਹਿਤ ਜਨਤਕ ਕੀਤੇ ਜਾਣ। ਪਾਰਟੀ ਅਹੁਦੇ ਅਤੇ ਸਰਕਾਰੀ ਠੇਕੇ ਇਕੱਠੇ ਰੱਖਣ 'ਤੇ ਪਾਬੰਦੀ ਹੋਵੇ।

ਪਾਰਟੀ ਦਫ਼ਤਰ ਲਾਭ ਵੰਡਣ ਦਾ ਕੇਂਦਰ ਨਹੀਂ, ਸਗੋਂ ਅਨਿਆਂ ਦਰਜ ਕਰਨ ਦੀ ਥਾਂ ਬਣੇ।

ਔਰਤਾਂ ਨੂੰ ਸਿਰਫ਼ ਯੋਜਨਾਵਾਂ ਦੀਆਂ ਲਾਭਪਾਤਰੀ ਨਹੀਂ, ਸੰਗਠਨ ਦੀਆਂ ਫ਼ੈਸਲਾ ਕਰਨ ਵਾਲੀਆਂ ਆਗੂ ਬਣਾਇਆ ਜਾਵੇ। ਨੌਜਵਾਨਾਂ ਲਈ ਰੁਜ਼ਗਾਰ, ਨਿਰਪੱਖ ਭਰਤੀ, ਹੁਨਰ ਵਿਕਾਸ ਅਤੇ ਆਧੁਨਿਕ ਉਦਯੋਗ ਬਾਰੇ ਸਪਸ਼ਟ ਪ੍ਰੋਗਰਾਮ ਹੋਵੇ।

**ਮਮਤਾ ਕੋਲ ਅਜੇ ਵੀ ਉਹ ਹੈ ਜੋ ਬਾਗ਼ੀਆਂ ਕੋਲ ਨਹੀਂ**

ਅੱਜ ਬਾਗ਼ੀ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਕੋਲ ਗਿਣਤੀ ਹੈ। ਭਾਜਪਾ ਕੋਲ ਸੱਤਾ ਹੈ। ਵਿਧਾਨ ਸਭਾ ਸਪੀਕਰ ਕੋਲ ਫ਼ੈਸਲਾ ਕਰਨ ਦਾ ਅਧਿਕਾਰ ਹੈ। ਚੋਣ ਕਮਿਸ਼ਨ ਕੋਲ ਚੋਣ-ਨਿਸ਼ਾਨ 'ਤੇ ਅਧਿਕਾਰ ਹੈ। ਅਦਾਲਤਾਂ ਕੋਲ ਸਮੀਖਿਆ ਦੀ ਸ਼ਕਤੀ ਹੈ।

ਪਰ ਮਮਤਾ ਬੈਨਰਜੀ ਕੋਲ ਅਜੇ ਵੀ ਇੱਕ ਅਜਿਹੀ ਚੀਜ਼ ਹੈ, ਜਿਸ ਨੂੰ ਕਿਸੇ ਹੁਕਮ ਨਾਲ ਇੱਕ ਹੱਥ ਤੋਂ ਦੂਜੇ ਹੱਥ ਵਿੱਚ ਨਹੀਂ ਦਿੱਤਾ ਜਾ ਸਕਦਾ—ਇੱਕ ਜਿਉਂਦੀ-ਜਾਗਦੀ ਰਾਜਨੀਤਿਕ ਕਥਾ।

ਉਸ ਨੂੰ ਕਿਸੇ ਪਰਿਵਾਰ ਤੋਂ ਪਾਰਟੀ ਵਿਰਾਸਤ ਵਿੱਚ ਨਹੀਂ ਮਿਲੀ ਸੀ। ਉਹ ਪੁਲਿਸ ਦੀਆਂ ਲਾਠੀਆਂ, ਚੋਣ ਹਾਰਾਂ, ਅਪਮਾਨ, ਇਕੱਲੇਪਣ ਅਤੇ ਲਗਾਤਾਰ ਸੜਕਾਂ 'ਤੇ ਸੰਘਰਸ਼ ਕਰਨ ਤੋਂ ਉਭਰੀ ਸੀ। 2004 ਵਿੱਚ ਉਹ ਇਕੱਲੀ ਸੰਸਦ ਮੈਂਬਰ ਰਹਿ ਗਈ ਸੀ ਅਤੇ ਸੱਤ ਸਾਲ ਬਾਅਦ ਉਹੀ ਬੰਗਾਲ ਦੀ ਮੁੱਖ ਮੰਤਰੀ ਬਣ ਗਈ।

ਇਸ ਲਈ ਅੱਜ ਦੀ ਗਿਣਤੀ ਉਸ ਲਈ ਅੰਤਿਮ ਸੱਚ ਨਹੀਂ ਹੋਣੀ ਚਾਹੀਦੀ।

ਪਰ ਉਸ ਵੇਲੇ ਅਤੇ ਅੱਜ ਦਰਮਿਆਨ ਇੱਕ ਵੱਡਾ ਫ਼ਰਕ ਹੈ।

ਉਸ ਵੇਲੇ ਮਮਤਾ ਕੋਲ ਛੋਟੀ ਜਥੇਬੰਦੀ ਸੀ, ਪਰ ਨੈਤਿਕ ਊਰਜਾ ਬਹੁਤ ਵੱਡੀ ਸੀ। ਅੱਜ ਜਥੇਬੰਦੀ ਟੁੱਟ ਰਹੀ ਹੈ ਅਤੇ ਨੈਤਿਕ ਊਰਜਾ ਕਮਜ਼ੋਰ ਹੋ ਚੁੱਕੀ ਹੈ। ਉਸ ਸਮੇਂ ਉਸ ਦੇ ਵਿਰੁੱਧ ਸਥਾਪਿਤ ਸੱਤਾ ਸੀ; ਅੱਜ ਉਨ੍ਹਾਂ ਦੇ ਸਾਹਮਣੇ ਆਪਣੀ ਹੀ ਸੱਤਾ ਦੀਆਂ ਯਾਦਾਂ ਖੜ੍ਹੀਆਂ ਹਨ।

ਇਸ ਲਈ ਵਾਪਸੀ ਦਾ ਰਸਤਾ ਭਾਜਪਾ ਨੂੰ ਕੋਸਣ ਨਾਲ ਨਹੀਂ, ਸਗੋਂ ਆਪਣੇ ਆਪ ਨੂੰ ਬਦਲਣ ਨਾਲ ਨਿਕਲੇਗਾ।

ਉਸ ਨੂੰ ਉਹਨਾਂ ਪਰਿਵਾਰਾਂ ਦੇ ਘਰ ਜਾਣਾ ਪਵੇਗਾ ਜਿਨ੍ਹਾਂ ਨੂੰ ਤ੍ਰਿਣਮੂਲ ਦੇ ਆਗੂਆਂ ਨੇ ਅਪਮਾਨਿਤ ਕੀਤਾ। ਉਹਨਾਂ ਕਾਰਕੁਨਾਂ ਨੂੰ ਵਾਪਸ ਬੁਲਾਉਣਾ ਪਵੇਗਾ ਜਿਨ੍ਹਾਂ ਨੂੰ ਠੇਕੇਦਾਰ-ਆਗੂਆਂ ਨੇ ਹਾਸ਼ੀਏ 'ਤੇ ਧੱਕ ਦਿੱਤਾ। ਵੀਹ ਸ਼ਕਤੀਸ਼ਾਲੀ ਪਰ ਸ਼ੱਕੀ ਚਿਹਰਿਆਂ ਨੂੰ ਪਿੱਛੇ ਕਰਕੇ ਦੋ ਸੌ ਅਣਜਾਣ ਪਰ ਇਮਾਨਦਾਰ ਕਾਰਕੁਨਾਂ ਨੂੰ ਅੱਗੇ ਲਿਆਉਣਾ ਪਵੇਗਾ।

**ਡੇਟਾ ਮੈਨੇਜਮੈਂਟ ਤੋਂ ਪਹਿਲਾਂ ਮਨੁੱਖ ਦੀ ਆਵਾਜ਼ ਸੁਣਨੀ ਪਵੇਗੀ।**

ਅਦਾਲਤ ਮਮਤਾ ਨੂੰ ਪਾਰਟੀ ਦੇ ਸਕਦੀ ਹੈ। ਚੋਣ ਕਮਿਸ਼ਨ ਉਸ ਨੂੰ ਫੁੱਲ ਅਤੇ ਘਾਹ ਦਾ ਚੋਣ-ਨਿਸ਼ਾਨ ਦੇ ਸਕਦਾ ਹੈ। ਸੰਸਦ ਉਸ ਨੂੰ ਅੱਠ, ਦਸ ਜਾਂ ਇਸ ਤੋਂ ਵੀ ਵੱਧ ਸੰਸਦ ਮੈਂਬਰ ਦੇ ਸਕਦੀ ਹੈ।

ਪਰ ਕੋਈ ਵੀ ਸੰਸਥਾ ਉਸ ਨੂੰ ਉਹ 'ਤ੍ਰਿਣਮੂਲ' ਵਾਪਸ ਨਹੀਂ ਦੇ ਸਕਦੀ, ਜੋ ਕਦੇ ਖੇਤਾਂ, ਬਸਤੀਆਂ, ਵਿਦਿਆਰਥੀ ਜਲੂਸਾਂ, ਜ਼ਖ਼ਮੀ ਸਰੀਰਾਂ ਅਤੇ ਆਮ ਲੋਕਾਂ ਦੀਆਂ ਉਮੀਦਾਂ ਨਾਲ ਬਣੀ ਸੀ।

ਤ੍ਰਿਣਮੂਲ ਦੇ ਸਾਹਮਣੇ ਹੁਣ ਸਭ ਤੋਂ ਮਹੱਤਵਪੂਰਨ ਸਵਾਲ ਇਹ ਨਹੀਂ ਹੈ ਕਿ ਮਮਤਾ ਬੈਨਰਜੀ ਨੂੰ ਧੋਖਾ ਕਿਸ ਨੇ ਦਿੱਤਾ।

ਸਵਾਲ ਇਹ ਹੈ ਕਿ ਸੱਤਾ ਵਿੱਚ ਰਹਿੰਦੇ ਹੋਏ ਤ੍ਰਿਣਮੂਲ ਨੇ ਕਿਹੜੇ ਲੋਕਾਂ ਨੂੰ ਧੋਖਾ ਦਿੱਤਾ।

ਜਿਸ ਦਿਨ ਪਾਰਟੀ ਇਸ ਸਵਾਲ ਦਾ ਜਵਾਬ ਇਮਾਨਦਾਰੀ ਨਾਲ ਲੱਭਣਾ ਸ਼ੁਰੂ ਕਰੇਗੀ, ਉਸੇ ਦਿਨ ਉਸ ਦੀ ਮੁੜ-ਉਸਾਰੀ ਸ਼ੁਰੂ ਹੋ ਜਾਵੇਗੀ।

ਕਿਉਂਕਿ ਮਮਤਾ ਬੈਨਰਜੀ ਨੂੰ ਹੁਣ ਸਿਰਫ਼ ਆਪਣੀ ਪਾਰਟੀ ਬਚਾਉਣ ਦੀ ਲੋੜ ਨਹੀਂ ਹੈ। ਉਸ ਨੂੰ ਆਪਣੀ ਪਾਰਟੀ ਨੂੰ ਉਸ ਦੇ ਨਾਮ ਦੇ ਅਸਲ ਅਰਥ ਵਿੱਚ ਵਾਪਸ ਲਿਆਉਣਾ ਹੋਵੇਗਾ। ਉਸ ਨੂੰ ਮੁੜ ਤ੍ਰਿਣਮੂਲ ਬਣਾਉਣਾ ਹੋਵੇਗਾ—ਜੜਾਂ ਨਾਲ ਜੁੜਿਆ ਹੋਇਆ, ਆਮ ਲੋਕਾਂ ਦੀਆਂ ਆਕਾਂਖਾਵਾਂ ਦਾ ਨੁਮਾਇੰਦਾ, ਅਤੇ ਸੱਤਾ ਨਾਲੋਂ ਵੱਧ ਸਮਾਜ 'ਤੇ ਆਧਾਰਤ ਰਾਜਨੀਤਿਕ ਅੰਦੋਲਨ।

# ਬਰੈਂਪਟਨ ਵਿੱਚ ਵੱਸਦਾ ਕੈਨੇਡਾ



ਮਲਵਿੰਦਰ
3659946744,
9779591344

ਬਰੈਂਪਟਨ ਦੀਆਂ ਬੱਸਾਂ ਵਿਚ ਮੁਫ਼ਤ ਸਫਰ ਕਰਨ ਵਾਲ਼ਾ ਪਰੈਸਟੋ ਪਾਸ ਤਾਂ ਪਹਿਲਾਂ ਹੀ ਮੇਰੇ ਕੋਲ਼ ਹੈ। ਨਵੀਂ ਸੂਚਨਾ ਮੁਤਾਬਕ ਇਹ ਪਾਸ ਮਿਸੀਸਾਗਾ ਦੀਆਂ ਬੱਸਾਂ ਵਿੱਚ ਵੀ ਚਲੇਗਾ। ਉਸ ਨੂੰ ਡਾਊਨਲੋਡ ਕਰਵਾਉਣ ਲਈ ਬਰੈਮਲੀ ਸਿਟੀ ਸੈਂਟਰ ਬੱਸ ਟਰਮੀਨਲ ਗਿਆ ਸਾਂ ਵਾਪਸੀ ਵੇਲ਼ੇ ਇੱਕ ਬਜ਼ੁਰਗ ਸਾਦੇ ਪਹਿਰਾਵੇ ਵਿੱਚ ਮੋਢੇ 'ਤੇ ਝੋਲਾ ਲਟਕਾਈ ਨਜ਼ਰ ਪਏ। ਜਿਸ ਬੈਂਚ 'ਤੇ ਉਹ ਬੈਠੇ ਸਨ, ਉਥੇ ਹੀ ਮੈਨੂੰ ਵੀ ਬੈਠਣ ਦਾ ਉਨ੍ਹਾਂ ਇਸ਼ਾਰਾ ਕੀਤਾ ਤੇ ਮੈ ਬੈਠ ਗਿਆ। ਗੱਲਾਂ ਚੱਲ ਪਈਆਂ। ਉਹਨਾਂ ਦੱਸਿਆ ਕਿ ਉਹ ਤੀਹ ਵਰ੍ਹੇ ਪਹਿਲਾਂ ਇਥੇ ਕੈਨੇਡਾ ਆਏ ਸਨ। ਇੱਕ ਮੁੰਡਾ ਇਥੇ ਹੈ ਤੇ ਦੂਜਾ ਪੰਜਾਬ ਵਿੱਚ। ਪਿੰਡ ਉਨ੍ਹਾਂ ਦਾ ਕਪੂਰਥਲੇ ਜ਼ਿਲ੍ਹੇ ਵਿੱਚ ਸਾਇੰਸ ਸਿਟੀ ਦੇ ਨੇੜੇ ਹੈ। ਇਥੇ ਆ ਕੇ ਦਸ ਕੁ ਵਰ੍ਹੇ ਜੌਬ ਵੀ ਕੀਤੀ ਵਿਚੋਂ ਇੱਕ ਗੇੜੀ ਪਿੰਡ ਦੀ ਲਾਈ ਤੇ ਛੋਟੇ ਮੁੰਡੇ ਦਾ ਵਿਆਹ ਕਰ ਆਏ। ਇਥੇ ਵਾਲ਼ਾ ਮੁੰਡਾ ਟਰੱਕ ਚਲਾਉਂਦਾ ਹੈ। ਦੋ ਪੋਤੇ ਪੜ੍ਹਾਈ ਮੁਕੰਮਲ ਕਰ ਚੁੱਕੇ ਹਨ। ਇੱਕ ਡਾਕਟਰ ਹੈ ਤੇ ਦੂਜਾ ਵੀ ਸਿਹਤ ਵਿਭਾਗ ਵਿੱਚ ਸੈੱਟ ਹੈ। ਦੋਹਾਂ ਜੀਆਂ ਨੂੰ ਕੋਈ ਤੇਤੀ ਚੌਂਤੀ ਸੌ ਡਾਲਰ ਮਹੀਨੇ ਦੀ ਪੈਨਸ਼ਨ ਮਿਲਦੀ ਹੈ। ਪਿੰਡ ਰਹਿੰਦੇ ਮੁੰਡੇ ਨੂੰ ਪੈਸੇ ਭੇਜਦੇ ਰਹਿੰਦੇ ਹਨ। ਵਧੀਆ ਜ਼ਿੰਦਗੀ ਜੀਅ ਰਹੇ ਹਨ। ਕੈਨੇਡਾ ਦੇ ਧੰਨਵਾਦੀ ਹਨ। ਕੈਨੇਡਾ ਸੱਚਮੁੱਚ ਇਹਨਾਂ ਲਈ ਸਵਰਗ ਹੈ। ਇਹਨਾਂ ਨੂੰ ਕੈਨੇਡਾ ਦੇ ਸਿਸਟਮ ਨਾਲ਼ ਕੋਈ ਗਿਲਾ-ਸ਼ਿਕਵਾ ਨਹੀਂ ਹੈ। ਇਹ ਤਿੰਨ-ਚਾਰ ਦਹਾਕੇ ਪਹਿਲਾਂ ਆਈ ਪੀੜ੍ਹੀ ਦਾ ਸੁਖਾਵਾਂ ਬਿਰਤਾਂਤ ਹੈ। ਕੀ ਅਸੀਂ ਇਸ ਬਿਰਤਾਂਤ ਨੂੰ ਸਾਰਿਆਂ ਦਾ ਬਿਰਤਾਂਤ ਕਹਿ ਸਕਦੇ ਹਾਂ? ਕੀ ਇਹ ਮਾਪਦੰਡ ਏਨਾ ਸਰਲ ਤੇ ਸੁਖਾਵਾਂ ਹੈ? ਕੀ ਇਸ ਬਿਰਤਾਂਤ ਵਿਚੋਂ ਸਮੁੱਚੇ ਕੈਨੇਡਾ ਦੀ ਝਲਕ ਵੇਖੀ ਜਾ ਸਕਦੀ ਹੈ? ਇਸ ਵਿਸਥਾਰ ਵਿੱਚ ਪੈਣ ਤੋਂ ਪਹਿਲਾਂ ਸਿਰਫ ਬਰੈਂਪਟਨ ਦੇ ਹਵਾਲੇ ਨਾਲ਼ ਗੱਲ ਕਰਦੇ ਹਾਂ। ਗੱਲ ਵਿਅਕਤੀਆਂ ਦੇ ਵੱਖਰੇ ਅਨੁਭਵ ਦੀ ਵੀ ਕਰਾਂਗੇ ਤੇ ਬਰੈਂਪਟਨ ਦੇ ਹਵਾਲੇ ਨਾਲ਼ ਸਮੁੱਚੇ ਕੈਨੇਡਾ ਦੀ ਵੀ।

ਬਰੈਂਪਟਨ ਨੂੰ ਮਿੰਨੀ ਪੰਜਾਬ ਵੀ ਕਿਹਾ ਜਾਂਦਾ ਹੈ। ਇਸ ਦੀ ਵੱਸੋਂ ਅੱਠ ਲੱਖ ਤੋਂ ਵੱਧ ਹੈ। ਇੰਝ ਇਹ ਓਂਟਾਰੀਓ ਸੂਬੇ ਦਾ ਤੀਜਾ ਵੱਡਾ ਸ਼ਹਿਰ ਹੈ। ਇਸ ਸ਼ਹਿਰ ਵਿੱਚ ਰਾਜਨੀਤੀ ਤੋਂ ਇਲਾਵਾ ਵੱਖ-ਵੱਖ ਖੇਤਰਾਂ ਦੇ ਕਾਰੋਬਾਰ ਉਪਰ ਵੀ ਪੰਜਾਬੀਆਂ ਦਾ ਕਬਜ਼ਾ ਹੈ। ਸਟੱਡੀ ਵੀਜ਼ੇ ਉਪਰ ਕੈਨੇਡਾ ਆਉਣ ਵਾਲ਼ੇ ਬਹੁਤੇ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਰੈਂਪਟਨ ਸ਼ਹਿਰ ਹੈ। ਫੁੱਲਾਂ ਦਾ ਸ਼ਹਿਰ ਕਰਕੇ ਜਾਣੇ ਜਾਂਦੇ ਇਸ ਸ਼ਹਿਰ ਦੀਆਂ ਬਹੁਤ ਸਾਰੀਆਂ ਖੂਬੀਆਂ ਲੋਕਾਂ ਦੀ ਖਿੱਚ ਦਾ ਕਾਰਨ ਬਣਦੀਆਂ ਹਨ। ਪਰ ਇਹ ਬਾਹਰੀ ਗੱਲਾਂ ਹਨ। ਹਵਾ ਵਿੱਚ ਉੱਡਦੇ ਗੁਬਾਰਿਆਂ ਜਿਹੀਆਂ ਗੱਲਾਂ। ਜਦ ਇਥੋਂ ਦੇ ਨਾਗਰਿਕ ਬਣਕੇ ਇਥੇ ਪਰਿਵਾਰ ਸਮੇਤ ਵੱਸਣ ਦੀ ਗੱਲ ਆਉਂਦੀ ਹੈ ਤਾਂ ਜੀਵਨ ਵਿੱਚ ਆਉਂਦੀਆਂ ਬਹੁਤ ਸਾਰੀਆਂ ਦੁਸ਼ਵਾਰੀਆਂ ਨਾਲ਼ ਦੋ-ਚਾਰ ਹੋਣਾ ਪੈਂਦਾ ਹੈ। ਉਹਨਾਂ ਦੁਸ਼ਵਾਰੀਆਂ ਤੋਂ ਅੱਖਾਂ ਮੀਟ ਕੇ ਜ਼ਿੰਦਗੀ ਜਿਉਣ ਦਾ ਭਰਮ ਪਾਲਣਾ ਹੌਲੀ-ਹੌਲੀ ਮਹਿੰਗਾ ਪੈਣ ਲੱਗ ਪਿਆ ਹੈ। ਸਿਹਤ ਮਨੁੱਖੀ ਜੀਵਨ ਦੀ ਸਭ ਤੋਂ ਵੱਡੀ ਲੋੜ ਹੈ। ਤੰਦਰੁਸਤ ਹੋਵਾਂਗੇ ਤਾਂ ਖ਼ੁਸ਼ਹਾਲ ਹੋਣ ਦਾ ਅਹਿਸਾਸ ਵੀ ਹੰਢਾਵਾਂਗੇ। ਓਪਰੀ ਨਜ਼ਰੇ ਵੇਖਿਆਂ ਇਥੇ ਸਿਹਤ ਸਹੂਲਤਾਂ ਬਹੁਤ ਵਧੀਆ ਹਨ। ਪਰ ਆਬਾਦੀ ਪੱਖੋਂ ਇੱਕ ਮਿਲੀਅਨ ਦੇ ਨੇੜੇ ਢੁਕਣ ਵਾਲ਼ੇ ਇਸ ਸ਼ਹਿਰ ਵਿੱਚ ਸਿਰਫ ਇੱਕ ਸਿਵਲ ਹਸਪਤਾਲ਼ ਹੈ ਜਿੱਥੇ ਪੂਰੀਆਂ ਸੁਵਿਧਾਵਾਂ ਮਿਲਣ ਦੀ ਆਸ ਰੱਖੀ ਜਾ ਸਕਦੀ ਹੈ। ਸ਼ਹਿਰੀਆਂ ਵੱਲੋਂ ਹੋਰ ਹਸਪਤਾਲ ਖੋਲਣ ਦੀ ਸਾਲਾਂ ਪੁਰਾਣੀ ਮੰਗ ਨੂੰ ਲਗਾਤਾਰ ਟਾਲਿਆ ਜਾ ਰਿਹਾ ਹੈ। ਇਥੇ ਰਹਿੰਦੇ ਪਰਿਵਾਰਾਂ ਦੀ ਦੂਜੀ ਵੱਡੀ ਲੋੜ ਬੱਚਿਆਂ ਦੀ ਸਿਖਿਆ ਹੈ। ਸਰਕਾਰ ਦੀ ਸਰਪ੍ਰਸਤੀ ਵਿੱਚ ਚੱਲਦੇ ਪਬਲਿਕ ਸਕੂਲਾਂ ਵਿੱਚ ਬਾਰਵੀਂ ਤੱਕ ਸਿਖਿਆ ਮੁਫ਼ਤ ਹੈ। ਇਸ ਤੋਂ ਬਿਨ੍ਹਾਂ ਪ੍ਰਾਈਵੇਟ ਸਕੂਲ ਵੀ ਹਨ। ਪਰ ਸਕੂਲੀ ਸਿਖਿਆ ਮੁਕੰਮਲ ਕਰਨ ਉਪਰੰਤ ਕਿਸੇ ਕਾਲਜ, ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣਾ ਹੁੰਦਾ ਹੈ। ਬਰੈਂਪਟਨ ਸ਼ਹਿਰ ਵਿੱਚ ਇੱਕ ਵੀ ਅਜਿਹੀ ਯੂਨੀਵਰਸਿਟੀ ਨਹੀਂ ਹੈ ਜਿੱਥੇ ਬੱਚਾ ਉਚੇਰੀ ਪੜ੍ਹਾਈ ਕਰ ਸਕੇ। ਉਸ ਲਈ ਦੂਰ-ਦੁਰਾਡੇ ਸਥਿਤ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ ਜਿੱਥੇ ਪਹਿਲਾਂ ਹੀ ਯੂਨੀਵਰਸਿਟੀ ਦੀ ਮਹਿੰਗੀ ਪੜ੍ਹਾਈ ਦੇ ਨਾਲ਼ ਰਿਹਾਇਸ਼ ਤੇ ਭੋਜਨ ਆਦਿ ਦਾ ਖ਼ਰਚਾ ਵੀ ਆਣ ਜੁੜਦਾ ਹੈ। ਨਵੀਂ ਯੂਨੀਵਰਸਿਟੀ ਖੋਲ੍ਹਣ ਦੀ ਮੰਗ ਵੀ ਨਹੀਂ ਮੰਨੀ ਜਾ ਰਹੀ। ਬਰੈਂਪਟਨ ਵਿੱਚ ਬੇਰੁਜ਼ਗਾਰੀ ਦੀ ਦਰ ਵੀ ਵੱਧ ਰਹੀ ਹੈ। ਨੌਜਵਾਨ ਪੀੜ੍ਹੀ ਲਈ ਇਹ ਦਰ ਹੋਰ ਵੀ ਜ਼ਿਆਦਾ ਹੈ। ਜੌਬ ਦੇ ਨਾਂ 'ਤੇ ਇਥੇ ਦਿਹਾੜੀਆਂ ਲਾਉਣੀਆਂ ਪੈਂਦੀਆਂ ਹਨ। ਸਕੂਲ ਵਿੱਚ ਪੜ੍ਹਾ ਰਹੀ ਟੀਚਰ ਜਾਂ ਕਿਸੇ ਵੇਅਰਹਾਊਸ ਨੂੰ ਸਾਂਭ-ਸੰਭਾਲ ਰਹੇ ਕਿਸੇ ਮੁਲਾਜ਼ਮ ਨੂੰ ਦਿਨ ਦੇ ਕਿਸੇ ਵੀ ਪਹਿਰ ਜਾਣ ਲਈ ਕਿਹਾ ਜਾ ਸਕਦਾ ਹੈ। ਕਿਸੇ ਸੌਫਟਵੇਅਰ ਕੰਪਨੀ ਵਿੱਚ ਚੰਗੀ ਤਨਖਾਹ 'ਤੇ ਕੰਮ ਕਰ ਰਹੇ ਕਿਸੇ ਵਿਅਕਤੀ ਨੂੰ ਕਿਸੇ ਵੀ ਪਲ ਫਾਇਰਡ (ਨੌਕਰੀ ਤੋਂ ਜਵਾਬ) ਕੀਤਾ ਜਾ ਸਕਦਾ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਵੱਲੋਂ ਕੋਈ ਸਾਰਥਿਕ ਉਪਰਾਲੇ ਕੀਤੇ ਜਾਂਦੇ ਹੋਣ, ਅਜਿਹਾ ਨਜ਼ਰ ਨਹੀਂ ਆਉਂਦਾ ਕਹਿਣ ਤੋਂ ਭਾਵ ਜ਼ਿੰਦਗੀ ਵਿੱਚ ਬੇਯਕੀਨੀ ਦਾ ਮਾਹੌਲ ਹੈ। ਇਹ ਕਹਾਵਤ ਤਾਂ ਪਹਿਲਾਂ ਹੀ ਮਸ਼ਹੂਰ ਹੈ ਕਿ ਇਥੇ ਕੰਮ, ਔਰਤ ਤੇ ਮੌਸਮ ਉਪਰ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਵੱਧ ਰਹੀ ਮਹਿੰਗਾਈ ਇਥੇ ਵੱਸਦਿਆਂ ਲਈ ਇੱਕ ਹੋਰ ਚਣੌਤੀ ਹੈ।

ਅਜਿਹੀ ਸਥਿਤੀ ਵਿੱਚ ਅਸੀਂ ਪੀੜ੍ਹਤ ਧਿਰ ਕੀ ਕਰ ਰਹੇ ਹਾਂ? ਕੀ ਗੁਰੂ ਘਰਾਂ ਵਿੱਚ ਜੁੜਦੀ ਸੰਗਤ, ਪਾਰਕਾਂ ਵਿੱਚ ਸੱਜਦੀਆਂ ਸੱਥਾਂ, ਕਮਿਨਿਟੀ ਸੈਂਟਰਾਂ ਵਿੱਚ ਤਾਸ਼ ਦੀ ਬਾਜ਼ੀ ਲਾਉਂਦੀਆਂ ਉਮਰਾਂ ਅਤੇ ਹੋਰ ਇਕੱਠਾਂ ਵਿੱਚ ਅਸੀਂ ਇਸ ਸਥਿਤੀ ਨੂੰ ਵਿਚਾਰਦੇ ਹਾਂ? ਕੀ ਅਸੀਂ ਸਰਕਾਰ ਖ਼ਿਲਾਫ਼ ਸੜਕਾਂ 'ਤੇ ਨਿਕਲਦੇ ਹਾਂ? ਰਾਜਨੀਤੀ ਵਿੱਚ ਹਰ ਪੱਧਰ 'ਤੇ ਸਾਡੇ ਆਪਣੇ ਹੀ ਭਾਈਚਾਰੇ ਦੀ ਢੁਕਵੀਂ ਭਾਈਵਾਲੀ ਹੈ। ਕੀ ਅਸੀਂ ਸਮੂਹਿਕ ਤੌਰ 'ਤੇ ਉਹਨਾਂ ਤੱਕ ਪਹੁੰਚ ਕਰਕੇ ਇਹ ਮੁੱਦੇ ਉਠਾਉਂਦੇ ਹਾਂ? ਮੁੱਦੇ ਉਠਾਉਣ ਲਈ 'ਕੱਠੇ ਹੋਣਾ ਪੈਂਦਾ ਹੈ।' ਕੱਠੇ ਹੋ ਕੇ ਜੁੜ ਬੈਠਣ ਦੀ ਤਾਕਤ ਤੋਂ ਸਰਕਾਰਾਂ ਵੀ ਤ੍ਰਿਹਦੀਆਂ ਹਨ। ਜਦ ਤੱਕ ਵਰਗਾਂ ਵਿੱਚ ਵੰਡੇ ਰਹਾਂਗੇ, ਸੰਸਥਾਵਾਂ ਦੇ ਆਹੁਦਿਆਂ, ਰੁਤਬਿਆਂ ਦਾ ਲਾਲਚ ਨਹੀਂ ਛੱਡਾਂਗੇ ਤੇ ਥੱਕੇ-ਹਾਰੇ ਜਿਹੇ ਹੱਥ ਤੇ ਹੱਥ ਧਰ ਕੇ ਬੈਠੇ ਰਹਾਂਗੇ ਤਾਂ ਸਾਡੀ ਅਗਲੀ ਪੀੜ੍ਹੀ ਦਾ ਕੀ ਹਸ਼ਰ ਹੋਵੇਗਾ, ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਂਝ ਤਾਂ ਹਰ ਵੇਲ਼ਾ ਜਾਗਣ ਦਾ ਵੇਲ਼ਾ ਹੁੰਦਾ ਹੈ, ਹੁਣ ਦਾ ਵੀ ਹੈ।




ਜ਼ਿੰਦਗੀ ਜਟਿਲ ਹੈ। ਹਰ ਪਰਿਵਾਰ ਦਾ ਸਮਾਜਿਕ ਵਿਗਿਆਨ ਵੱਖ ਹੈ। ਰਿਸ਼ਤਿਆਂ ਦਾ ਗਣਿਤ ਬੜਾ ਗੁੰਝਲਦਾਰ ਹੈ। ਹਰ ਪੁੱਤ ਸਾਊ ਨਹੀਂ ਹੁੰਦਾ। ਹਰ ਨੂੰਹ-ਧੀ ਵੀ ਸਚਿਆਰੀ ਨਹੀਂ ਹੁੰਦੀ। ਆਰਥਿਕਤਾ ਵੀ ਰਿਸ਼ਤਿਆਂ ਦਾ ਵਿਹਾਰ ਨਿਸ਼ਚਿਤ ਕਰਦੀ ਹੈ ਜੀਵਨ ਸਾਥੀ, ਸਾਥਣ ਦਾ ਝੁਕਾਅ ਵੀ ਉਮਰ ਦੇ ਇਸ ਪੜ੍ਹਾਅ 'ਤੇ ਵੱਡੀ ਭੂਮਿਕਾ ਨਿਭਾਉਂਦਾ ਹੈ। ਪੰਜਾਬ ਵਿੱਚ ਬਜ਼ੁਰਗਾਂ ਦੇ ਨਾਂ ਬੋਲਦੀ ਜ਼ਮੀਨ ਜਾਇਦਾਦ ਵੀ ਰਿਸ਼ਤਿਆਂ ਨੂੰ ਅਸਰ ਅੰਦਾਜ਼ ਕਰਦੀ ਹੈ। ਕੁਝ ਬਜ਼ੁਰਗ ਭਾਵੁਕਤਾ ਵੱਸ ਉਥੋਂ ਦੀ ਜਾਇਦਾਦ ਆਪਣੀ ਔਲਾਦ ਦੇ ਨਾਂ ਕਰ ਦਿੰਦੇ ਹਨ। ਆਮ ਇਕੱਠਾਂ, ਖਾਸ ਕਰਕੇ ਪਾਰਕਾਂ ਵਿੱਚ ਇਸ ਨੂੰ ਵੱਡੀ ਗਲਤੀ ਮੰਨਿਆਂ ਜਾਂਦਾ ਹੈ। ਜਾਇਦਾਦ ਨਾਂ ਹੋਣ ਉਪਰੰਤ ਔਲਾਦ ਦਾ ਰਵੱਈਆ ਬਦਲ ਜਾਂਦਾ ਹੈ। ਮਾਪਿਆਂ ਨੂੰ ਕਿਸੇ ਵੱਖਰੀ ਕਿਰਾਏ ਦੀ ਬੇਸਮੈਂਟ ਵਿੱਚ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਅਜਿਹੇ ਕਈ ਪਰਿਵਾਰਾਂ ਦੇ ਦੁਖਾਂਤ ਪੜ੍ਹਨ ਸੁਣਨ ਨੂੰ ਮਿਲਦੇ ਹਨ। ਸੁਣਨ ਨੂੰ ਤਾਂ ਇਸ ਤੋਂ ਅਗਲੇ ਕਾਂਡ ਵੀ ਮਿਲਦੇ ਹਨ। ਪਰ ਵਿਸ਼ਵਾਸ ਨਹੀਂ ਹੁੰਦਾ।

ਸਾਡੇ ਸਭਿਆਚਾਰ ਵਿਚਲੀਆਂ ਰਵਾਇਤਾਂ ਵੀ ਰਿਸ਼ਤਿਆਂ ਵਿਚ ਵਿਗਾੜ ਪੈਦਾ ਕਰਨ ਦੀਆਂ ਦੋਸ਼ੀ ਹਨ। ਹੋਰ ਹੋਰ ਜਾਇਦਾਦ ਇਕੱਠੀ ਕਰਨ ਦਾ ਰੁਝਾਨ ਜਾਂ ਕਹਿ ਲਵੋ ਲਾਲਚ ਵੀ ਸਾਡੀ ਸਮਾਜਿਕਤਾ ਦਾ ਵਿਗੜਿਆ ਢਾਂਚਾ ਸਿਰਜਦਾ ਹੈ। ਪੰਜਾਬ ਵਿੱਚ ਬਹੁਤ ਸਾਰੇ ਪਰਵਾਸੀ ਭਰਾਵਾਂ ਦੇ ਜਾਇਦਾਦ ਹੜੱਪਣ ਖਾਤਰ ਆਪਣਿਆਂ ਵੱਲੋਂ ਹੁੰਦੇ ਕਤਲ ਦੀਆਂ ਖ਼ਬਰਾਂ ਅਕਸਰ ਪੜ੍ਹਨ ਨੂੰ ਮਿਲਦੀਆਂ ਹਨ। ਜਿਸ ਪੁੱਤ ਲਈ ਅਸੀਂ ਕਿਸੇ ਆਪਣੇ ਦਾ ਕਤਲ ਕਰਕੇ ਜਾਇਦਾਦ ਹੜੱਪੀ ਹੁੰਦੀ ਹੈ, ਉਸ ਜਾਇਦਾਦ ਨੂੰ ਨਸ਼ੇੜੀ ਪੁੱਤ ਨੇ ਨਸ਼ਿਆਂ ਦੇ ਦਰਿਆ ਵਿੱਚ ਵਹਾ ਦੇਣਾ ਹੁੰਦਾ ਹੈ। ਜਿੱਥੋਂ ਤੱਕ ਹੋਰ ਹੋਰ ਜਾਇਦਾਦ 'ਕੱਠੀ ਕਰਨ ਦਾ ਲਾਲਚ ਹੈ, ਉਸ ਦੀ ਉਦਾਹਰਣ ਵਜੋਂ ਵੇਖਣਾ ਹੋਵੇ ਤਾਂ ਚਾਰ ਕੁ ਸਾਲ ਪਹਿਲਾਂ ਇਥੇ ਕੈਨੇਡਾ ਵਿੱਚ ਬੈਂਕਾਂ ਨੇ ਵਿਆਜ ਦਰਾਂ ਘਟਾ ਕੇ ਇੱਕ ਪ੍ਰਤੀਸ਼ਤ ਦੇ ਨੇੜੇ ਕਰ ਦਿੱਤੀਆਂ। ਇਸ ਦਾ ਅਸਰ ਇਹ ਹੋਇਆ ਕਿ ਸਾਡੇ ਭਾਈਚਾਰੇ ਵੱਲੋਂ ਮਹਿੰਗੇ ਭਾਅ ਦੋ-ਦੋ, ਤਿੰਨ-ਤਿੰਨ ਘਰ ਹੋਰ ਖਰੀਦ ਲਏ। ਦਲੀਲ ਇਹ ਸੀ ਕਿ ਨਵੇਂ ਘਰ ਕਿਰਾਏ 'ਤੇ ਚੜ੍ਹਾਂਵਾਂਗੇ, ਬੈਂਕ ਦੀਆਂ ਕਿਸ਼ਤਾਂ ਆਰਾਮ ਨਾਲ਼ ਦਿੱਤੀਆਂ ਜਾਣੀਆਂ। ਉਹ ਆਪਣੀ ਔਲਾਦ ਲਈ ਭਵਿੱਖ ਦੇ ਸੁਪਨੇ ਸਿਰਜ ਰਹੇ ਸਨ ਸ਼ਾਇਦ। ਹੋਇਆ ਇਸ ਤੋਂ ਉਲਟ। ਵਿਆਜ ਦੀਆਂ ਦਰਾਂ ਵੱਧ ਗਈਆਂ ਹਨ ਅਤੇ ਘਰਾਂ ਦੀਆਂ ਕੀਮਤਾਂ ਹੇਠਾਂ ਡਿੱਗ ਪਈਆਂ ਹਨ। ਅਜਿਹੇ ਲੋਕ ਬੁਰੀ ਤਰ੍ਹਾਂ ਕਰਜ਼ੇ ਹੇਠ ਫਸ ਗਏ ਹਨ। ਕਈਆਂ ਨੂੰ ਆਪਣੇ ਕਿੱਤੇ ਵੀ ਬਦਲਣੇ ਪਏ ਹਨ। ਮਜ਼ਦੂਰੀ ਕਰਨ ਦਾ ਰਾਹ ਫੜਿਆ ਗਿਆ ਹੈ। ਅਜਿਹੇ ਘਰਾਂ ਜਾਂ ਕਹਿ ਲਉ ਕਿ ਪਰਿਵਾਰਾਂ ਦੇ ਰਿਸ਼ਤੇ ਸਹਿਜ ਤੇ ਸੁਖਾਵੇਂ ਨਹੀਂ ਰਹੇ। ਕਰਜ਼ੇ ਹੇਠ ਡੁੱਬੇ ਕੁਝ ਕਪੁੱਤਾਂ ਵੱਲੋਂ ਮਾਪਿਆਂ ਨੂੰ ਘਰੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਇਸ ਸਥਿਤੀ ਨੇ ਇੱਕ ਵੱਖਰਾ ਤੇ ਦੁਖਦਾਇਕ ਬਿਰਤਾਂਤ ਸਿਰਜਿਆ ਹੈ।

ਉਪਰੋਤਕ ਵਰਣਿਤ ਹਵਾਲੇ ਨਾਲ਼ ਗੱਲ ਜੇ ਕੈਨੇਡਾ ਦੀ ਕਰਨੀ ਹੋਵੇ ਤਾਂ ਇਹ ਗੱਲ ਕਿਸੇ ਇੱਕ ਪਰਿਵਾਰ ਜਾਂ ਘਰ ਤੱਕ ਸੀਮਤ ਨਹੀਂ ਰਹਿੰਦੀ। ਇਥੇ ਰਹਿੰਦੇ ਮਾਪਿਆਂ ਦੇ ਮਨ ਫਰੋਲਣੇ ਪੈਂਦੇ ਹਨ। ਸ਼ਾਂਤ ਵਹਿੰਦੇ ਪਾਣੀਆਂ ਹੇਠ ਵੀ ਜਵਾਰ ਭਾਟੇ ਆਉਂਦੇ ਰਹਿੰਦੇ ਹਨ। ਪਾਰਕ ਵਿੱਚ ਜੁੜ ਬੈਠਦੇ ਸਾਡੇ ਕਲੱਬ ਦੇ ਇੱਕ ਸਿਆਣੇ ਮੈਂਬਰ ਪਿਆਰਾ ਸਿੰਘ ਹੋਰਾਂ ਨੇ ਆਪਣੇ ਕਿਸੇ ਜਾਣ-ਪਛਾਣ ਵਾਲੇ ਸੱਜਣ ਦੀ ਜੀਵਨ ਕਥਾ ਬਿਆਨ ਕਰਦਿਆਂ ਦੱਸਿਆ ਕਿ ਆਪਣੇ ਨੂੰਹ-ਪੁੱਤ ਕੋਲ਼ ਰਹਿੰਦੇ ਇਸ ਬੰਦੇ ਦੀ ਜ਼ਿੰਦਗੀ ਕਦੇ ਵੀ ਸੁਖਾਵੀਂ ਨਹੀਂ ਸੀ। ਦੋਵਾਂ ਜੀਆਂ ਦੀ ਪੈਨਸ਼ਨ ਆਉਂਦੀ ਸੀ। ਪਰ ਇਸ ਨੂੰ ਵਰਤਣ ਖਰਚਣ ਦਾ ਹੱਕ ਨਹੀਂ ਸੀ। ਸੁਣਨ ਨੂੰ ਤਾਂ ਇਹ ਵੀ ਸੁਣੀਦਾ ਹੈ ਕਿ ਇਥੇ ਰਹਿੰਦੇ ਪੈਨਸ਼ਨ ਲੈ ਰਹੇ ਅੱਸੀ ਪ੍ਰਤੀਸ਼ਤ ਬਜ਼ੁਰਗ ਮਾਪਿਆਂ ਦਾ ਇਹੋ ਹਸ਼ਰ ਹੈ। ਪਰ ਚਲੋ ਦੋਵੇਂ ਇੱਕ ਦੂਜੇ ਦੇ ਸਹਾਰੇ ਦਿਨ ਕਟੀ ਕਰ ਰਹੇ ਸਨ ਕਿ ਅਚਾਨਕ ਘਰ ਵਾਲ਼ੀ ਸਾਥ ਛੱਡ ਗਈ। ਉਹ ਘਰ ਵਿੱਚ ਇਕੱਲਾ ਰਹਿ ਗਿਆ। ਘਰ ਨੂੰਹ ਦੀ ਮਰਜੀ ਨਾਲ਼ ਚੱਲਦਾ ਸੀ। ਪੁੱਤ ਥੋੜਾ ਲੋਲੜ ਕਿਸਮ ਦਾ ਬੰਦਾ ਹੈ। ਆਪਣੇ ਬਾਪ ਦੇ ਹੱਕ ਵਿੱਚ ਖਲੋਣ ਜੋਗਾ ਵੀ ਨਹੀਂ ਹੈ। ਉਸਦਾ ਕਾਰੋਬਾਰ ਵੀ ਢਿੱਲਾ ਹੈ। ਬਾਪੂ ਦੀ ਰੋਟੀ ਬਣਾਉਣ ਨੂੰ ਵੀ ਬੋਝ ਮੰਨਦਿਆਂ ਨੂੰਹ ਨੇ ਟਿਫ਼ਨ ਲਵਾ ਦਿੱਤਾ ਜਿਸਨੂੰ ਉਹ ਦੋ ਤਿੰਨ ਡੰਗਾਂ 'ਚ ਵੰਡਕੇ ਖਾ ਛੱਡਦਾ ਹੈ। ਪੈਨਸ਼ਨ ਵਿਚੋਂ ਉਸਨੂੰ ਜੇਬ ਖ਼ਰਚ ਹੀ ਮਿਲਦਾ ਹੈ। ਪਿੰਡ ਜ਼ਮੀਨ ਹੈ ਜਿਸਨੂੰ ਭਰਾ ਸਾਂਭਦਾ ਹੈ। ਭਰਾ ਨੇ ਵੀ ਕਈ ਵਾਰ ਉਸਨੂੰ ਮੁੜ ਆਉਣ ਦੀ ਸਲਾਹ ਦਿੱਤੀ ਹੈ। ਪਰ ਉਸ ਕੋਲ਼ ਮੁੜਨ ਜੋਗੇ ਪੈਸੇ ਨਹੀਂ ਹਨ। ਸਾਡੇ ਕਲੱਬ ਵਾਲ਼ੇ ਦੋਸਤ ਪਿਆਰਾ ਸਿੰਘ ਨੇ ਵੀ ਉਸਨੂੰ ਪਿੰਡ ਮੁੜ ਜਾਣ ਲਈ ਕਿਹਾ ਹੈ। ਇਸ ਵਾਰ ਤਾਂ ਉਸਨੂੰ ਪੱਲਿਉਂ ਟਿੱਕਟ ਲੈ ਕੇ ਦੇਣ ਦੀ ਸਹੂਲਤ ਵੀ ਦੇ ਦਿੱਤੀ ਹੈ। ਵੇਖੋ ਉਹ ਹੁਣ ਇਸ ਸਵਰਗ ਵਿਚਲੇ ਨਰਕ ਨੂੰ ਛੱਡਣ ਦਾ ਮਨ ਬਣਾਉਂਦਾ ਹੈ ਕਿ ਨਹੀਂ? ਔਲਾਦ ਸਾਰੀ ਉਮਰ ਸਾਡੇ ਮੋਢਿਆਂ 'ਤੇ ਚੜ੍ਹੀ ਰਹਿੰਦੀ ਹੈ।

ਪਰਵਾਸ ਕੋਈ ਨਵਾਂ ਵਰਤਾਰਾ ਨਹੀਂ ਹੈ। ਪਰ ਪਰਵਾਸੀ ਆਪਣੇ ਹੱਕਾਂ ਲਈ ਜਾਗਰੂਕ ਨਾ ਹੋਣ, ਆਪਣੀਆਂ ਸਮੱਸਿਆਵਾਂ ਦੀ ਅਣਦੇਖੀ ਕਰਦੇ ਰਹਿਣ, ਇਹ ਪਰਵਾਸ ਦੇ ਸੁਖਦ ਸੁਪਨੇ ਲਈ ਘਾਤਕ ਹੁੰਦਾ ਹੈ। ਆਪਣੀਆਂ ਲੋੜਾਂ ਅਤੇ ਬਿਹਤਰ ਜੀਵਨ ਹਾਲਤਾਂ ਲਈ ਮਨੁੱਖ ਪਿੰਡ, ਸ਼ਹਿਰ, ਪ੍ਰਾਂਤ ਅਤੇ ਦੇਸ ਤੋਂ ਬਾਹਰ ਜਾਂਦਾ ਹੈ। ਪਰ ਮੁੱਢਲੀਆਂ ਲੋੜਾਂ ਦੀ ਪੂਰਤੀ ਤੋਂ ਬਾਅਦ ਵੀ ਕੁਝ ਲੋੜਾਂ ਹੁੰਦੀਆਂ ਹਨ ਜਿੰਨ੍ਹਾਂ ਨੇ ਸਾਡੇ ਜਿਉਣ ਦਾ ਸਬੱਬ ਬਣਨਾ ਹੁੰਦਾ ਹੈ। ਜਦ ਇਹ ਸਬੱਬ ਹੱਥਾਂ ਵਿਚੋਂ ਤਿਲਕ ਜਾਵੇ ਤਾਂ ਸਾਡੀਆਂ ਸੋਚਾਂ, ਸੁਪਨਿਆਂ ਵਿਚਲਾ ਸਵਰਗ ਖ਼ਾਮੋਸ਼ੀ ਦਾ ਲਿਬਾਸ ਪਹਿਨ ਲੈਂਦਾ ਹੈ ਅਤੇ ਨਰਕ ਦਾ ਸ਼ੋਰ ਸਾਡੀ ਦੇਹ ਅੰਦਰ ਖੋਰੂ ਪਾਉਂਦਾ ਰਹਿੰਦਾ ਹੈ। ਇਸ ਖੋਰੂ ਵਿਚਲਾ ਬਿਰਤਾਂਤ ਦੁਖਦਾਇਕ ਹੁੰਦਾ ਹੈ। ਕੈਨੇਡਾ ਜਾਂ ਪਰਵਾਸ ਸਾਰਿਆਂ ਦੇ ਜੀਵਨ ਨੂੰ ਇੱਕ ਹੀ ਤਰ੍ਹਾਂ ਪ੍ਰਭਾਵਤ ਨਹੀਂ ਕਰਦਾ। ਪਰ ਇਸ ਸੱਚ ਨੂੰ ਨਹੀਂ ਨਿਕਾਰਨਾ ਚਾਹੀਦਾ ਕਿ ਪੰਜਾਬ ਵਿੱਚ ਚੰਗੀ ਰੋਟੀ ਖਾਂਦੇ ਲੋਕਾਂ ਨੂੰ ਆਪਣਾ ਵਤਨ ਨਹੀਂ ਵਿਸਾਰਨਾ ਚਾਹੀਦਾ। ਪਰਵਾਸ ਹਰ ਵਾਰ ਹਰ ਇੱਕ ਲਈ ਸਵਰਗ ਨਹੀਂ ਹੁੰਦਾ।

# ਇਨਕਲਾਬੀ ਆਗੂ ਬਰਕਤਉੱਲ੍ਹਾ ਸਬੰਧੀ ਇਤਿਹਾਸ ਨੂੰ ਮਿਟਾਉਣ ਦੀ ਸਿਆਸਤ

**-ਬੂਟਾ ਸਿੰਘ ਮਹਿਮੂਦਪੁਰ**




ਸ਼ਹਿਰਾਂ, ਸੜਕਾਂ ਦੇ ਇਤਿਹਾਸਕ ਨਾਵਾਂ ਦੀ ਸਥਾਪਤ ਪਛਾਣ ਨੂੰ ਮਿਟਾ ਕੇ ਆਪਣੇ ਮਨਪਸੰਦ ਹਿੰਦੂ ਨਾਂ ਥੋਪਣ ਦਾ ਭਗਵਾ ਪ੍ਰੋਜੈਕਟ ਸਿਲਸਿਲੇਵਾਰ ਤਰੀਕੇ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਅਲਾਹਾਬਾਦ ਦਾ ਨਾਂ ਬਦਲਕੇ ਪ੍ਰਯਾਗਰਾਜ, ਮੁ.ਗ਼ਲਸਰਾਏ ਦਾ ਦੀਨ ਦਿਆਲ ਉਪਾਧਿਆਏ ਨਗਰ, ਗੁੜਗਾਓਂ ਦਾ ਗੁਰੂਗ੍ਰਾਮ, ਔਰੰਗਾਬਾਦ ਦਾ ਛਤਰਪਤੀ ਸੰਭਾਜੀ ਨਗਰ ਕਰਨ ਅਤੇ ਹੋਰ ਪਤਾ ਨਹੀਂ ਕੀ-ਕੀ ਕਰਨ ਤੋਂ ਬਾਅਦ ਹੁਣ ਭਗਵਾ ਫਿਰਕਾਪ੍ਰਸਤਾਂ ਨੇ ਉਨ੍ਹਾਂ ਯੂਨੀਵਰਸਿਟੀਆਂ ਉੱਪਰ ਝਪਟਣਾ ਸ਼ੁਰੂ ਕਰ ਦਿੱਤਾ ਹੈ ਜਿਨ੍ਹਾਂ ਦੇ ਨਾਮ ਮੁਸਲਮਾਨ ਹਨ। 1970 ਵਿੱਚ ਬਣਾਈ ਗਈ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਭੋਪਾਲ ਯੂਨੀਵਰਸਿਟੀ ਦਾ ਨਾਮ 1988 ਵਿੱਚ ਬਦਲਕੇ ਮਹਾਨ ਵਿਦਵਾਨ ਅਤੇ ਕੱਦਾਵਰ ਇਨਕਲਾਬੀ ਮੁਹੰਮਦ ਬਰਕਤਉੱਲ੍ਹਾ ਦੇ ਸਨਮਾਨ ਵਿੱਚ 'ਬਰਕਤਉੱਲ੍ਹਾ ਯੂਨੀਵਰਸਿਟੀ' ਰੱਖਿਆ ਗਿਆ ਸੀ। ਉਸਦੀ ਮੌਤ ਤੋਂ 100 ਸਾਲ ਬਾਅਦ ਭਗਵਾ ਬਰਗੇਡ ਯੂਨੀਵਰਸਿਟੀ ਦੇ ਨਾਂ ਵਿੱਚੋਂ ਉਸਦਾ ਨਾਂ ਮਿਟਾ ਕੇ ਵੱਕਾਰੀ ਸੰਸਥਾ ਦਾ ਨਾਂ 'ਵਾਗਦੇਵੀ ਭੋਜਪਾਲ ਯੂਨੀਵਰਸਿਟੀ' ਰੱਖਣ ਲਈ ਤਾਹੂ ਹੈ। 'ਵਾਗਦੇਵੀ' ਦੇਵੀ ਸਰਸਵਤੀ ਨੂੰ ਕਿਹਾ ਜਾਂਦਾ ਹੈ ਜਿਸਨੂੰ ਹਿੰਦੂ ਧਰਮ ਵਿਚ ਵਿਦਿਆ ਤੇ ਬੁੱਧੀ ਦੀ ਦੇਵੀ ਮੰਨਿਆ ਜਾਂਦਾ ਹੈ। 'ਭੋਜਪਾਲ' 11ਵੀਂ ਸਦੀ ਦੇ ਰਾਜਾ ਭੋਜ ਨਾਲ ਜੋੜਕੇ ਭੋਪਾਲ ਲਈ ਵਰਤਿਆ ਜਾਂਦਾ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਭੋਪਾਲ ਦੀ ਸਥਾਪਨਾ ਕੀਤੀ ਸੀ। ਨਵਾਂ ਨਾਂ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਮੌਲਾਨਾ ਬਰਕਤਉੱਲ੍ਹਾ ਦਾ ਭੋਪਾਲ ਨਾਲ ਬਸ ਏਨਾ ਕੁ ਸੰਬੰਧ ਸੀ ਕਿ ਉਹ ਇਸੇ ਸ਼ਹਿਰ ਦਾ ਜੰਮਪਲ ਸੀ। ਉਨ੍ਹਾਂ ਦੀ ਦਲੀਲ ਹੈ ਕਿ ਉਸਦੀ ਤੁਲਨਾ ਰਾਜਾ ਭੋਜ ਨਾਲ ਕਰੋ ਜਿਸਨੇ ਇਹ ਸ਼ਹਿਰ ਵਸਾਇਆ। ਫਿਰ ਕਿਉਂ ਨਾ ਨਵਾਂ ਨਾਂ ਭੋਪਾਲ ਦੀ ਇਤਿਹਾਸਕ ਤੇ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੋਇਆ ਰੱਖਿਆ ਜਾਵੇ।

ਬਰਕਤਉੱਲ੍ਹਾ ਯੂਨੀਵਰਸਿਟੀ ਦੀ ਕਾਰਜਕਾਰੀ ਕੌਂਸਲ ਵੱਲੋਂ 3 ਜੂਨ 2026 ਨੂੰ ਇਸ ਸੰਸਥਾ ਦਾ ਨਾਂ ਬਦਲਣ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ। ਇਨਸਾਫ਼ਪਸੰਦ ਤੇ ਧਰਮਨਿਰਪੱਖ ਲੋਕਾਂ ਵਲੋਂ ਇਸ ਘਿਣਾਉਣੀ ਹਰਕਤ ਦਾ ਤਿੱਖਾ ਵਿਰੋਧ ਹੋਣ 'ਤੇ ਹਾਲ ਦੀ ਘੜੀ ਯੂਨੀਵਰਸਿਟੀ ਪ੍ਰਸ਼ਾਸਨ ਨੇ ਨਾਂ ਬਦਲਣ ਦੀ ਤਜਵੀਜ਼ ਵਾਪਸ ਲੈ ਲਈ ਹੈ। ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਫਾਸ਼ੀਵਾਦੀਆਂ ਨੇ ਆਪਣਾ ਇਰਾਦੇ ਤਿਆਗ ਦਿੱਤੇ ਹਨ। ਆਉਣ ਵਾਲੇ ਸਮੇਂ 'ਚ ਉਹ ਇਨਕਲਾਬੀ ਵਿਰਾਸਤ ਉੱਪਰ ਕਿਸੇ ਹੋਰ ਤਰੀਕੇ ਨਾਲ ਹਮਲਾ ਕਰਨਗੇ ਜਿਸਨੂੰ ਭਾਂਜ ਦੇਣ ਲਈ ਪੂਰੀ ਤਰ੍ਹਾਂ ਚੁਕੰਨੇ ਰਹਿਣਾ ਹੋਵੇਗਾ।

ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਨਾਂ ਬਦਲਣ ਵਾਲਿਆਂ ਨੂੰ ਬਰਕਤਉੱਲ੍ਹਾ ਦੇ ਇਤਿਹਾਸਕ ਯੋਗਦਾਨ ਦੀ ਜਾਣਕਾਰੀ ਨਹੀਂ ਹੈ। ਉਪਰੋਕਤ ਯੂਨੀਵਰਸਿਟੀ ਦੀ ਆਪਣੀ ਵੈੱਬਸਾਈਟ ਉੱਪਰ ਉੱਘੜਵੇਂ ਰੂਪ 'ਚ ਦਰਜ ਹੈ ਕਿ ਯੂਨੀਵਰਸਿਟੀ ਦਾ ਨਾਂ "1988 'ਚ ਬਦਲਕੇ ਭੋਪਾਲ ਦੇ ਮਹਾਨ ਸੁਤੰਤਰਤਾ ਸੈਨਾਨੀ ਪ੍ਰੋ. ਬਰਕਤਉੱਲ੍ਹਾ ਦੀ ਯਾਦ ਵਿਚ ਬਰਕਤਉੱਲ੍ਹਾ ਯੂਨੀਵਰਸਿਟੀ ਰੱਖਿਆ ਗਿਆ।"ਸਾਵਰਕਰ ਕਿਆਂ ਨੂੰ ਸਭ ਪਤਾ ਹੈ ਅਤੇ ਉਹ ਸੁਚੇਤ ਰੂਪ 'ਚ ਖ਼ਾਸ ਇਤਿਹਾਸਕ ਤੇ ਵਿਰਾਸਤੀ ਚਿੰਨ੍ਹਾਂ ਨੂੰ ਮਿਟਾ ਕੇ ਆਪਣਾ ਖੋਟਾ ਇਤਿਹਾਸ ਅਤੇ ਆਪਣੇ ਮਿੱਥਹਾਸਕ ਚਿੰਨ੍ਹ ਸਥਾਪਤ ਕਰਨਾ ਚਾਹੁੰਦੇ ਹਨ।

ਮੌਲਾਨਾ ਵਜੋਂ ਜਾਣੇ ਜਾਂਦੇ ਬਰਕਤਉੱਲ੍ਹਾ ਵਿਦਵਤਾ, ਦੇਸ਼ਭਗਤੀ ਅਤੇ ਮਾਨਵਤਾ ਦੀ ਮੁਕਤੀ ਲਈ ਆਪਾ ਵਾਰਨ ਦੀ ਉੱਚਕੋਟੀ ਦੀ ਮਿਸਾਲ ਸਨ। ਉਹ ਜ਼ਹੀਨ ਪੱਤਰਕਾਰ, ਸ਼ਾਨਦਾਰ ਵਕਤਾ, ਇਸਲਾਮ ਦੇ ਉੱਘੇ ਵਿਦਵਾਨ, ਮਾਨਵਤਾਵਾਦੀ ਚਿੰਤਕ, ਸੱਚੇ ਵਤਨ-ਪ੍ਰੇਮੀ, ਕਈ ਪੁਸਤਕਾਂ ਦੇ ਰਚੇਤਾ, ਸੱਤ ਤੋਂ ਵੱਧ ਭਾਸ਼ਾਵਾਂ ਦੇ ਗਿਆਤਾ ਸ਼ਖ਼ਸੀਅਤ ਹਨ। ਉਨ੍ਹਾਂ ਨੂੰ ਇਨਕਲਾਬੀ ਦੇਸ਼ਭਗਤਾਂ ਨੇ ਭਾਰਤ ਦੀ ਪਹਿਲੀ 'ਜਲਾਵਤਨ ਸਰਕਾਰ' ਦਾ ਪ੍ਰਧਾਨ ਮੰਤਰੀ ਬਣਾਏ ਜਾਣ ਦਾ ਮਾਣ ਓਦੋਂ ਬਖ਼ਸ਼ਿਆ ਸੀ ਜਦੋਂ ਭਗਵਾ ਧਿਰ ਦਾ 'ਵੀਰ' ਅੰਡਮਾਨ ਜੇਲ੍ਹ ਵਿੱਚੋਂ ਬਾਹਰ ਆਉਣ ਲਈ ਮਾਫ਼ੀਨਾਮੇ ਲਿਖਕੇ ਅੰਗਰੇਜ਼ ਹਕੂਮਤ ਦੀਆਂ ਲੇਲੜੀਆਂ ਕੱਢ ਰਿਹਾ ਸੀ। ਬਰਕਤਉੱਲ੍ਹਾ ਨੇ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਦਿਆਂ ਭਾਰਤ ਦੀ ਜੰਗੇ-ਆਜ਼ਾਦੀ ਵਿਚ ਵੱਡਾ ਯੋਗਦਾਨ ਪਾਇਆ। ਜਦੋਂ ਬਰਤਾਨਵੀ ਖ਼ੁਫ਼ੀਆ ਏਜੰਟ ਸਾਰੇ ਮੁਲਕਾਂ ਵਿਚ ਦਿਨ-ਰਾਤ ਇਨਕਲਾਬੀ ਸਰਗਰਮੀਆਂ ਦੀ ਸੂਹ ਲੈਣ ਲਈ ਹਰਲ-ਹਰਲ ਕਰਦੇ ਫਿਰਦੇ ਹੋਣ, ਓਦੋਂ ਦੁਨੀਆ ਵਿਚ ਘੁੰਮਕੇ ਇਨਕਲਾਬੀ ਤਾਣਾਬਾਣਾ ਉਸਾਰਨ 'ਚ ਜੁੱਟੇ ਰਹਿਣਾ ਮਾਮੂਲੀ ਗੱਲ ਨਹੀਂ ਹੈ। ਬਰਕਤਉੱਲ੍ਹਾ ਅਤੇ ਉਸਦੇ .ਗਦਰੀ ਸਾਥੀਆਂ ਨੇ ਮੁਕੰਮਲ ਆਜ਼ਾਦੀ ਲਈ ਬ.ਗਾਵਤ ਦਾ ਝੰਡਾ ਉਦੋਂ ਬੁਲੰਦ ਕੀਤਾ ਜਦੋਂ ਜ਼ਿਆਦਾਤਰ ਕਥਿਤ ਦੇਸ਼ਭਗਤ ਤਾਕਤਾਂ ਅੰਗਰੇਜ਼ੀ ਰਾਜ ਤੋਂ ਡੁਮੀਨੀਅਨ ਸਟੇਟਸ ਦੀ ਮੰਗ ਕਰਨ ਤੱਕ ਸੀਮਤ ਸਨ। ਵਿਰੋਧੀ ਹਾਲਾਤਾਂ ਅਤੇ ਮੁਸ਼ਕਲਾਂ ਦੇ ਬਾਵਜੂਦ ਉਸ ਨੇ ਆਪਣੀ ਪ੍ਰਤਿਭਾ ਅਤੇ ਕਠੋਰ ਮਿਹਨਤ ਦੇ ਜ਼ੋਰ ਕਈ ਖੇਤਰਾਂ ਵਿੱਚ ਵਿਸ਼ੇਸ਼ ਸਥਾਨ ਹਾਸਲ ਕੀਤੇ। ਯੂਨੀਵਰਸਿਟੀ ਦਾ ਨਾਂ ਉਸਦੀ ਮਹਾਨ ਘਾਲਣਾ ਦਾ ਬਹੁਤ ਨਿੱਕਾ ਜਿਹਾ ਸਨਮਾਨ ਸੀ। ਸਾਵਰਕਰ ਕਿਆਂ ਤੋਂ ਇਹ ਵੀ ਜਰਿਆ ਨਹੀਂ ਜਾ ਰਿਹਾ। ਉਹ ਉਸ ਸ਼ਖ਼ਸੀਅਤ ਨੂੰ ਲੋਕਾਈ ਦੇ ਚੇਤਿਆਂ ਵਿੱਚੋਂ ਮਿਟਾਉਣਾ ਚਾਹੁੰਦੇ ਹਨ ਜਿਸਦੀ ਸਮੁੱਚੀ ਜ਼ਿੰਦਗੀ ਧਰਮਨਿਰਪੱਖਤਾ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲੀ ਦੇਸ਼ਭਗਤੀ ਦਾ ਚਿੰਨ੍ਹ ਹੈ।

ਬਰਕਤਉੱਲ੍ਹਾ ਦਾ ਜਨਮ 7 ਜੁਲਾਈ 1854 ਨੂੰ ਮੱਧ ਪ੍ਰਦੇਸ਼ ਦੇ ਭੋਪਾਲ ਸ਼ਹਿਰ ਵਿੱਚ ਹੋਇਆ ਸੀ। ਉਨ੍ਹਾਂ ਨੇ ਆਪਣੀ ਮੁੱਢਲੀ ਤੋਂ ਲੈ ਕੇ ਕਾਲਜ ਪੱਧਰ ਦੀ ਪੜ੍ਹਾਈ ਭੋਪਾਲ ਵਿੱਚ ਕੀਤੀ। ਫਿਰ ਉੱਚ ਪੜ੍ਹਾਈ ਲਈ ਉਹ ਬੰਬਈ ਅਤੇ ਲੰਡਨ ਗਏ। ਉਨ੍ਹਾਂ ਨੇ ਆਪਣੀ ਪ੍ਰਤਿਭਾ, ਦਿ?ਰੜਤਾ ਅਤੇ ਮਿਹਨਤ ਦੇ ਜ਼ੋਰ ਉੱਚੇ ਮੁਕਾਮ ਹਾਸਲ ਕੀਤੇ। ਇਸ "ਬਹੁਤ ਹੀ ਤੇਜ਼ ਬੁੱਧੀ ਵਾਲੇ ਨੌਜਵਾਨ "ਨੇ ਮਦਰੱਸਾ-ਏ-ਸੁਲੇਮਾਨੀਆ ਵਿਖੇ ਅਰਬੀ, ਇਰਾਨੀ, ਉਰਦੂ ਜ਼ਬਾਨਾਂ ਅਤੇ ਮੁਸਲਿਮ ਫ਼ਲਸਫ਼ੇ ਦਾ ਅਧਿਐਨ ਕੀਤਾ ਅਤੇ ਉੱਨੀ ਵਰ੍ਹ?ਆਂ ਦੀ ਉਮਰ 'ਚ ਬੰਬਈ ਤੇ ਖੰਡਵਾ ਵਿਚ ਅਧਿਆਪਕ ਦੀਆਂ ਸੇਵਾਵਾਂ ਦੇਣ ਦੇ ਉਦੇਸ਼ ਨਾਲ ਘਰ ਛੱਡ ਦਿੱਤਾ। ਸਰਬ-ਇਸਲਾਮਿਕ ਸੁਧਾਰਕ ਸਈਅਦ ਜਮਾਲ ਅਲ-ਦੀਨ ਅਫ਼ਗਾਨੀ ਨੂੰ ਮਿਲਕੇ ਉਹ ਬਹੁਤ ਪ੍ਰਭਾਵਤ ਹੋਏ। ਇਸ ਮੁਲਾਕਾਤ ਨੇ ਉਸਦਾ ਸੰਸਾਰ ਨਜ਼ਰੀਆ ਤਰਾਸ਼ਣ ਅਤੇ ਇਸਲਾਮਿਕ ਜਗਤ ਤੇ ਏਸ਼ੀਆ ਉੱਪਰ ਪੱਛਮੀ ਸਾਮਰਾਜੀ ਕੰਟਰੋਲ ਨੂੰ ਤੋੜਨ ਲਈ ਲੜਨ ਦਾ ਰਾਹ ਅਖ਼ਤਿਆਰ ਕਰਨ ਲਈ ਪ੍ਰੇਰਨ 'ਚ ਅਹਿਮ ਭੂਮਿਕਾ ਨਿਭਾਈ। 1895 'ਚ ਉਹ ਲਿਵਰਪੂਲ ਯੂਨੀਵਰਸਿਟੀ ਵਿਖੇ ਓਰੀਐਂਟਲ ਕਾਲਜ ਵਿਚ ਅਰਬੀ ਪੜ੍ਹਾਉਣ ਲਈ ਇੰਗਲੈਂਡ ਚਲੇ ਗਏ। ਇੱਥੇ ਉਹ ਭਾਰਤੀ ਇਨਕਲਾਬੀਆਂ ਦੇ ਸੰਪਰਕ 'ਚ ਆਏ ਅਤੇ ਉਨ੍ਹਾਂ ਦੀਆਂ ਅੰਗਰੇਜ਼ ਹਕੂਮਤ ਤੇ ਨਸਲਵਾਦ ਵਿਰੁੱਧ ਲਿਖਤਾਂ ਅਤੇ ਸਰਗਰਮੀਆਂ ਕਾਰਨ ਬਰਤਾਨਵੀ ਹਕੂਮਤ ਨੇ ਸਖ਼ਤ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਉਹ ਲੰਦਨ ਵਿਚ ਮੁਸਲਿਮ ਦੇਸ਼ਭਗਤ ਲੀਗ ਦੀਆਂ ਮੀਟਿੰਗਾਂ ਵਿਚ ਹਿੱਸਾ ਲੈਂਦੇ ਸਨ ਅਤੇ ਦੀ ਕਰੈਸੈਂਟ ਨਾਂ ਦਾ ਅਖ਼ਬਾਰ ਤੇ ਦੀ ਇਸਲਾਮਿਕ ਵਰਲਡ ਨਾਂ ਦੇ ਰਸਾਲੇ ਦੇ ਸੰਪਾਦਕੀ ਕੰਮਾਂ ਵਿਚ ਹੱਥ ਵਟਾ ਰਹੇ ਸਨ। ਇਸ ਦੌਰਾਨ 1909 'ਚ ਉਹ ਜਪਾਨ ਦੀ ਟੋਕਿਓ ਯੂਨੀਵਰਸਿਟੀ ਵਿੱਚ ਪੂਰਬੀ ਭਾਸ਼ਾਵਾਂ ਦੇ ਪ੍ਰੋਫੈਸਰ ਨਿਯੁਕਤ ਕਰ ਲਏ ਗਏ। ਉਨ੍ਹਾਂ ਨੇ ਦੇਸ਼ਭਗਤ ਇਨਕਲਾਬੀਆਂ ਅਤੇ ਮੌਲਾਨਾ ਹਸਰਤ ਮੋਹਾਨੀ ਵਰਗੀਆਂ ਆਗੂ ਸ਼ਖ਼ਸੀਅਤਾਂ ਨਾਲ ਸੰਪਰਕ ਬਣਾਈ ਰੱਖਿਆ। ਅੰਗਰੇਜ਼ੀ ਰਾਜ ਵਿਰੁੱਧ ਲਿਖਣ ਅਤੇ ਸਰਗਰਮੀਆਂ ਕਾਰਨ 1914 ਵਿੱਚ ਯੂਨੀਵਰਸਿਟੀ ਨੇ ਉਨ੍ਹਾਂ ਦੀ ਨਿਯੁਕਤੀ ਬਰਖ਼ਾਸਤ ਕਰ ਦਿੱਤੀ ਗਈ। ਉੱਥੋਂ ਉਹ ਸਮੁੰਦਰੀ ਜਹਾਜ਼ ਰਾਹੀਂ ਨਿਊਯਾਰਕ ਚਲੇ ਗਏ। ਸੈਮੂਅਲ ਲੁਕਾਸ ਜੋਸ਼ੀ ਵਰਗੀਆਂ ਸ਼ਖ਼ਸੀਅਤਾਂ ਨਾਲ ਮਿਲਕੇ ਉਨ੍ਹਾਂ ਨੇ ਸਰਬ-ਆਰੀਅਨ ਐਸੋਸੀਏਸ਼ਨ ਬਣਾਈ ਜਿਸਦਾ ਨਿਸ਼ਾਨਾ ਬਰਤਾਨਵੀ ਰਾਜ ਵਿਰੁੱਧ ਪ੍ਰਚਾਰ ਕਰਦੇ ਹੋਏ ਅਤੇ ਹਿੰਦੂਆਂ ਤੇ ਮੁਸਲਮਾਨਾਂ ਦਰਮਿਆਨ ਸਦਭਾਵਨਾ ਨੂੰ ਉਤਸ਼ਾਹਤ ਕਰਦੇ ਹੋਏ ਭਾਰਤ ਅਤੇ ਅਮਰੀਕਾ ਦਰਮਿਆਨ ਸੰਬੰਧ ਮਜ਼ਬੂਤ ਕਰਨਾ ਸੀ।

ਅਮਰੀਕਾ ਵਿਚ .ਗਦਰ ਪਾਰਟੀ ਬਣਾਏ ਜਾਣ ਸਮੇਂ ਉਹ ਇਸਦੇ ਬਾਨੀ ਮੈਂਬਰਾਂ 'ਚ ਸ਼ੁਮਾਰ ਸਨ। ਉਨ੍ਹਾਂ ਨੂੰ .ਗਦਰ ਪਾਰਟੀ ਦੇ ਮੀਤ ਪ੍ਰਧਾਨ ਬਣਾਉਣਾ ਬਹੁਤ ਵੱਡੀ ਗੱਲ ਸੀ। 1915 ਵਿੱਚ ਉਹ .ਗਦਰ ਪਾਰਟੀ ਦੇ ਤੁਰਕੀ-ਜਰਮਨ ਮਿਸ਼ਨ ਦੇ ਤਹਿਤ ਕਾਬੁਲ ਗਏ। ਕਾਬੁਲ ਵਿਚ ਮਸ਼ਹੂਰ ਇਨਕਲਾਬੀ ਉਬੈਦੁੱਲ੍ਹਾ ਸਿੰਧੀ ਅਤੇ ਰਾਜਾ ਮਹਿੰਦਰ ਪ੍ਰਤਾਪ ਨਾਲ ਮਿਲ ਕੇ 1 ਦਸੰਬਰ 1915 ਨੂੰ ਭਾਰਤ ਦੀ ਜੋ ਜਲਾਵਤਨ ਸਰਕਾਰ ਬਣਾਈ ਗਈ ਉਸਦੇ ਪ੍ਰਧਾਨ ਮੰਤਰੀ ਬਰਕਤਉੱਲ੍ਹਾ ਨੂੰ ਬਣਾਇਆ ਗਿਆ। ਉਨ੍ਹਾਂ ਨੇ .ਗਦਰੀ ਲੀਡਰਸ਼ਿੱਪ ਦੀ ਯੋਜਨਾ ਅਨੁਸਾਰ ਬਦੇਸ਼ਾਂ ਵਿਚ ਇਨਕਲਾਬੀ ਤਾਕਤਾਂ ਨੂੰ ਜੋੜਨ ਅਤੇ ਅੰਗਰੇਜ਼ੀ ਸਾਮਰਾਜ ਵਿਰੋਧੀ ਹੋਰ ਤਾਕਤਾਂ ਦੀ ਮੱਦਦ ਲੈਣ ਦੇ ਮਿਸ਼ਨ ਤਹਿਤ ਬਹੁਤ ਸਾਰੇ ਮੁਲਕਾਂ ਦੇ ਦੌਰੇ ਕੀਤੇ। 1920ਵਿਆਂ ਦੇ ਮੁੱਢਲੇ ਸਾਲਾਂ ਵਿੱਚ ਉਨ੍ਹਾਂ ਨੇ ਜਰਮਨੀ, ਫਰਾਂਸ ਅਤੇ ਸੋਵੀਅਤ ਰੂਸ ਵਿਚ ਜਾ ਕੇ ਪਰਦੇਸਾਂ ਵਿਚ ਰਹਿ ਰਹੇ ਭਾਰਤੀਆਂ ਨੂੰ .ਗਦਰ ਲਹਿਰ ਨਾਲ ਜੋੜਨ ਲਈ ਬਹੁਤ ਯਤਨ ਕੀਤੇ। ਉਨ੍ਹਾਂ ਨੇ ਸਾਮਰਾਜਵਾਦ ਵਿਰੋਧੀ ਲੀਗ ਦੇ ਸੰਮੇਲਨ ਸਮੇਂ ਅਤੇ ਹੋਰ ਕਈ ਸੰਸਥਾਵਾਂ ਨਾਲ ਸੰਪਰਕ ਬਣਾਉਣ ਤੇ ਚਰਚਾਵਾਂ ਕਰਨ ਵਿਚ ਹਿੰਦੁਸਤਾਨੀ .ਗਦਰ ਪਾਰਟੀ ਦੀ ਅਧਿਕਾਰਕ ਨੁਮਾਇੰਦਗੀ ਕੀਤੀ।

ਉਹ ਸੋਵੀਅਤ ਯੂਨੀਅਨ ਵਿਚ ਪ੍ਰਮੁੱਖ ਬਾਲਸ਼ਵਿਕ ਆਗੂ ਲੈਨਿਨ ਨੂੰ ਮਿਲੇ ਅਤੇ ਭਾਰਤ ਦੇ ਆਜ਼ਾਦੀ ਦੇ ਸੰਘਰਸ਼ ਵਿਚ ਸੋਵੀਅਤ ਰਾਜ ਦੇ ਸਹਿਯੋਗ ਬਾਰੇ ਉਸ ਨਾਲ ਵਿਚਾਰ-ਵਟਾਂਦਰਾ ਕੀਤਾ। ਲੈਨਿਨ ਇਸਲਾਮ ਬਾਰੇ ਉਸ ਦੀ ਮਾਨਵਤਾਵਾਦੀ ਦਿ?ਰਸ਼ਟੀ, ਮੱਧ ਏਸ਼ੀਆ ਬਾਰੇ ਉਸਦੇ ਗਿਆਨ ਅਤੇ ਪਕੜ ਤੋਂ ਬਹੁਤ ਪ੍ਰਭਾਵਿਤ ਹੋਏ। ਲੈਨਿਨ ਨੇ ਆਪਣੇ ਬਦੇਸ਼ ਮੰਤਰੀ ਨੂੰ ਉਨ੍ਹਾਂ ਦੇ ਇਕ ਪੈਂਫਲੇਟ ਨੂੰ ਵੱਡੀ ਗਿਣਤੀ ਵਿਚ ਛਪਵਾਉਣ ਲਈ ਕਿਹਾ। ਬੇਸ਼ੱਕ ਬਰਕਤਉੱਲ੍ਹਾ ਆਪਣੇ ਸਮਕਾਲੀ ਹੋਰ ਮੁਸਲਮਾਨ ਵਿਦਵਾਨਾਂ ਅਤੇ ਕਾਰਕੁਨਾਂ ਵਾਂਗ ਕਮਿਊਨਿਸਟ ਨਹੀਂ ਬਣੇ, ਉਹ ਸਾਮਰਾਜੀ ਸਰਮਾਏਦਾਰੀ, ਖ਼ਾਸ ਕਰਕੇ ਏਸ਼ੀਆ ਵਿਚ ਅੰਗਰੇਜ਼ ਸਾਮਰਾਜ ਦੇ .ਗਲਬੇ ਵਿਰੁੱਧ ਮਾਨਵਤਾ ਦੀ ਲੜਾਈ ਵਿਚ ਇਸਲਾਮ ਅਤੇ ਕਮਿਊਨਿਜ਼ਮ ਦੀ ਸਾਂਝ ਦੇ ਨੁਕਤਿਆਂ ਉੱਪਰ ਲਗਾਤਾਰ ਜ਼ੋਰ ਦਿੰਦੇ ਰਹੇ। ਉਨ੍ਹਾਂ ਦੀਆਂ ਲਿਖਤਾਂ ਵਿਚ ਇਹ ਪਹਿਲੂ ਬਹੁਤ ਹੀ ਸਪਸ਼ਟ ਅਤੇ ਉੱਭਰਵੇਂ ਰੂਪ 'ਚ ਦਰਜ ਕੀਤਾ ਮਿਲਦਾ ਹੈ। ਬਾਲਸ਼ਵਾਦ ਅਤੇ ਇਸਲਾਮਿਕ ਸੰਸਥਾ ਸਿਆਸਤ ਨਾਂ ਦੇ ਪਰਚੇ ਵਿਚ ਉਨ੍ਹਾਂ ਸੱਦਾ ਦਿੱਤਾ: "ਸਾਥੀਓ ਤੇ ਭਰਾਵੋ...ਅਸੀਂ ਸਨਮਾਨਜਨਕ ਅਮਨ ਹਾਸਲ ਕਰਨ ਦਾ ਤਹੱਈਆ ਕਰ ਰੱਖਿਆ ਹੈ, ਅਸੀਂ ਆਪਣੇ ਬੈਨਰ ਉੱਪਰ ਦੁਨੀਆ ਦੀਆਂ ਦੱਬੀਆਂ-ਕੁਚਲੀਆਂ ਕੌਮਾਂ ਨੂੰ ਮੁਕਤੀ ਤੇ ਨਿਆਂ ਦੇਣ ਦਾ ਆਪਣਾ ਇਰਾਦਾ ਉੱਕਰਿਆ ਹੋਇਆ ਹੈ। ਐ ਪੂਰਬੀ ਮੁਲਕਾਂ ਦੇ ਮੁਸਲਮਾਨੋ, ਅਸੀਂ ਤੁਹਾਡੇ ਤੋਂ ਇਸ ਨੇਕ ਰਾਹ ਉੱਪਰ ਸੰਜੀਦਗੀ ਨਾਲ ਚੱਲਣ ਅਤੇ ਸਾਡੇ ਮਨੋਰਥ ਨੂੰ ਨੇਪਰੇ ਚਾੜ੍ਹਨ ਲਈ ਸਰਗਰਮ ਮੱਦਦ ਦੇਣ ਦੀ ਉਮੀਦ ਰੱਖਦੇ ਹਾਂ।

ਬੀਮਾਰੀਆਂ ਨਾਲ ਜੂਝਦੇ ਹੋਏ ਮੁਲਕ ਦੀ ਆਜ਼ਾਦੀ ਲਈ ਲੜਾਕੂ ਤਾਕਤ ਉਸਾਰਨ ਦੀਆਂ ਅਣਥੱਕ ਕੋਸ਼ਿਸ਼ਾਂ ਕਰਦਿਆਂ 20 ਸਤੰਬਰ 1927 ਨੂੰ ਸਾਨ ਫਰਾਂਸਿਸਕੋ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਸੈਕਰਾਮੈਂਟੋ ਦੇ ਓਲਡ ਸਿਟੀ ਕਬਰਿਸਤਾਨ ਵਿੱਚ ਬਣੀ ਮਹਾਨ ਇਨਕਲਾਬੀ ਦੀ ਕਬਰ ਵਤਨ ਦੀ ਆਜ਼ਾਦੀ ਲਈ ਉਨ੍ਹਾਂ ਦੇ ਲੰਮੇ ਸੰਘਰਸ਼ਸ਼ੀਲ ਸਫ਼ਰ ਦੀ ਗਵਾਹੀ ਦਿੰਦੀ ਹੈ। ਉਨ੍ਹਾਂ ਦੀ ਬਹੁਪੱਖੀ ਬੌਧਿਕ ਘਾਲਣਾ ਦਾ ਬਹੁਤ ਕੁਝ ਅਜੇ ਸਾਹਮਣੇ ਆਉਣਾ ਬਾਕੀ ਹੈ। ਬਰਕਤਉੱਲ੍ਹਾ ਉਨ੍ਹਾਂ ਸਿਰਕੱਢ ਵਿਦਵਾਨਾਂ ਵਿੱਚੋਂ ਇਕ ਹਨ ਜਿਨ੍ਹਾਂ ਨੇ ਕੱਟੜ ਮਜ਼੍ਹਬੀ ਸਿਆਸਤ ਦਾ ਵਾਹਕ ਬਣਨ ਦੀ ਬਜਾਏ ਮੁਸਲਮਾਨ ਭਾਈਚਾਰੇ ਅੱਗੇ ਆਪਣੇ ਧਾਰਮਿਕ ਅਕੀਦੇ ਅਤੇ ਆਪਣੇ ਵਤਨ ਪ੍ਰਤੀ ਦੋਹਰੇ ਫਰਜ਼ਾਂ ਨੂੰ ਪਛਾਨਣ ਅਤੇ ਇਸ ਖ਼ਾਤਰ ਹਿੰਦੂ ਭਾਈਚਾਰੇ ਨਾਲ ਮਜ਼ਬੂਤ ਏਕਤਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮੁਸਲਮਾਨ ਭਾਈਚਾਰੇ ਨੂੰ ਮਾਨਵਤਾ ਦੀ ਸੱਚੀ ਮੁਕਤੀ ਦੇ ਮਿਸ਼ਨ ਨਾਲ ਜੋੜਨ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ। ਹਿੰਦੂ-ਮੁਸਲਮਾਨ ਏਕਤਾ ਦਾ ਚਿੰਨ੍ਹ ਅਜਿਹੀਆਂ ਸ਼ਖ਼ਸੀਅਤਾਂ ਦੀ ਮਕਬੂਲੀਅਤ ਭਗਵਾ ਹਕੂਮਤ ਨੂੰ ਖ਼ਾਸ ਕਰਕੇ ਚੁੱਭਦੀ ਹੈ ਕਿਉਂਕਿ ਉਨ੍ਹਾਂ ਨੂੰ ਭਾਰਤ ਨੂੰ ਵੰਡਣ ਵਾਲਿਆਂ ਵਜੋਂ ਪੇਸ਼ ਕਰਕੇ ਉਹ ਆਪਣੇ ਮੁਸਲਮਾਨ ਵਿਰੋਧੀ ਪ੍ਰੋਜੈਕਟ ਦੇ ਸੰਦ ਵਜੋਂ ਨਹੀਂ ਵਰਤ ਸਕਦੇ।

ਭਗਵਾਕਰਨ ਦੇ ਅਜਿਹੇ ਹਮਲਿਆਂ ਦਾ ਡੱਟਕੇ ਵਿਰੋਧ ਕਰਨ ਦੇ ਨਾਲ-ਨਾਲ ਉਸ ਇਤਿਹਾਸ ਅਤੇ ਸਾਂਝੇ ਵਿਰਸੇ ਦੇ ਮਹਾਨ ਚਿੰਨ੍ਹਾਂ ਦੇ ਮਹੱਤਵ ਨੂੰ ਵਾਰ-ਵਾਰ ਲੋਕਾਈ ਦੇ ਚੇਤਿਆਂ ਵਿਚ ਤਾਜ਼ਾ ਕਰਨਾ ਇਸ ਤੋਂ ਵੀ ਵਧੇਰੇ ਜ਼ਰੂਰੀ ਹੈ ਜਿਨ੍ਹਾਂ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਗਵਾ ਤਾਕਤਾਂ ਦੇ ਨਿਸ਼ਾਨੇ 'ਤੇ ਸਿਰਫ਼ ਮੁਸਲਮਾਨ ਪਛਾਣ ਨਹੀਂ ਹੈ, ਉਹ ਤਾਂ ਇਸਤੋਂ ਬਹੁਤ ਅੱਗੇ ਵਧਕੇ ਭਾਈਚਾਰਕ ਸਾਂਝ ਅਤੇ ਇਨਕਲਾਬੀ ਵਿਰਾਸਤ ਦਾ ਨਾਮੋ-ਨਿਸ਼ਾਨ ਮਿਟਾਉਣਾ ਚਾਹੁੰਦੇ ਹਨ। ਫਾਸ਼ੀਵਾਦੀਆਂ ਵੱਲੋਂ ਸੰਸਥਾਵਾਂ ਦੇ ਨਾਂ ਬਦਲਣ ਦਾ ਸਿੱਖਿਆ ਦੀ ਗੁਣਵੱਤਾ ਅਤੇ ਯੂਨੀਵਰਸਿਟੀਆਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਜਿਹਾ ਕਰਨ ਵਾਲਿਆਂ ਦੀ ਮਨਸ਼ਾ ਤਾਂ ਜਨਤਕ ਚੇਤਿਆਂ 'ਚੋਂ ਅਤੇ ਅਗਲੀਆਂ ਪੀੜ੍ਹੀਆਂ ਦੀ ਇਤਿਹਾਸ ਦੀ ਚੇਤਨਾ ਚੋਂ ਅਜਿਹੀਆਂ ਸ਼ਖ਼ਸੀਅਤਾਂ ਨੂੰ ਮਿਟਾ ਦੇਣ ਦੀ ਹੈ। ਬਰਕਤਉੱਲ੍ਹਾ ਦਾ ਨਾਮ ਹਟਾਉਣ ਦੀ ਕੋਸ਼ਿਸ਼ ਉਸ ਇਨਕਲਾਬੀ ਵਿਰਾਸਤ ਨੂੰ ਲੋਕਾਈ ਦੇ ਚੇਤਿਆਂ 'ਚੋਂ ਮਿਟਾ ਦੇਣ ਦਾ ਖ਼ਤਰਾ ਪੈਦਾ ਕਰਦੀ ਹੈ ਜਿਸ ਨੇ ਆਪਣੀ ਪੂਰੀ ਜ਼ਿੰਦਗੀ ਵਤਨ ਦੀ ਆਜ਼ਾਦੀ ਅਤੇ ਮਾਨਵਤਾ ਦੀ ਬਿਹਤਰੀ ਦੇ ਲੇਖੇ ਲਾ ਦਿੱਤੀ। ਇਸ ਮਹਾਨ ਵਿਰਾਸਤ ਦੀ ਰਾਖੀ ਲਈ ਡੱਟਣਾ ਅੱਜ ਜ਼ਿਆਦਾ ਜ਼ਰੂਰੀ ਹੋ ਗਿਆ ਹੈ।

## ਇਤਿਹਾਸ ਖੋਜੀ ਰਾਕੇਸ਼ ਕੁਮਾਰ ਦੀ ਨਵੀਂ ਕਿਤਾਬ

## ਊਧਮ ਸਿੰਘ : ਭਾਰਤ ਦੀ ਆਜ਼ਾਦੀ ਲਈ ਫਾਂਸੀ ਚੜ੍ਹਿਆ

ਇਤਿਹਾਸ ਖੋਜੀ ਰਾਕੇਸ਼ ਕੁਮਾਰ ਦੀ ਨਵੀਂ ਕਿਤਾਬ ਵਿਚ ਊਧਮ ਸਿੰਘ ਬਾਰੇ ਬਹੁਤ ਕੁਝ ਨਵਾਂ ਹੈ। ਬਹੁਤ ਸਾਰੇ ਨਵੇਂ ਤੱਥ ਹਨ ਜਿਹੜੇ ਪਹਿਲਾਂ ਲੋਕਾਂ ਸਾਹਮਣੇ ਕਦੇ ਆਏ ਹੀ ਨਹੀਂ। ਲੋਕਾਂ ਵਿੱਚ ਊਧਮ ਸਿੰਘ ਬਾਰੇ ਪ੍ਰਚਲਿਤ ਬਹੁਤ ਸਾਰੀਆਂ ਗੱਲਾਂ ਨੂੰ ਇਤਿਹਾਸਕ ਪ੍ਰਮਾਨਿਕ ਨਵੇਂ ਤੱਥਾਂ ਸਹਿਤ ਖਾਰਜ ਕੀਤਾ ਗਿਆ ਹੈ। ਅਤੇ ਸਹੀ ਗੱਲਾਂ ਨੂੰ ਲੋਕਾਂ ਸਾਹਮਣੇ ਲਿਆਂਦਾ ਗਿਆ ਹੈ। ਇਹ ਇੱਕ ਇਤਿਹਾਸ ਖੋਜੀ ਮਹੱਤਵਪੂਰਨ ਦਸਤਾਵੇਜ਼ ਹੈ। ਇਸ ਨੂੰ ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।



# ਦੇਸ਼ ਅੰਦਰ ਧਰਮ ਗੁਰੂਆਂ ਤੇ ਕਾਰਪੋਰੇਟ ਦਾ ਸਾਮਰਾਜ



ਜਸਵੰਤ ਜੀਰਖ
98151-69825

ਸਾਡਾ ਦੇਸ਼ ਸਰਕਾਰੀ ਛਤਰ ਛਾਇਆ ਹੇਠ ਵਧ ਰਹੀ ਅੰਧਵਿਸ਼ਵਾਸੀ ਧਾਰਮਿਕ ਆਸਥਾ ਅਤੇ ਸਾਮਰਾਜੀ ਦੇਸਾਂ ਤੇ ਦੇਸੀ-ਵਿਦੇਸੀ ਕਾਰਪੋਰੇਟੀ ਲੁੱਟ ਦੀ ਚੱਕੀ ਹੇਠ ਪਿਸਦਾ ਹੋਇਆ ਗੈਰ ਜਮਹੂਰੀ ਵਰਤਾਰਿਆਂ ਵਿੱਚ ਨਿੱਘਰ ਰਿਹਾ ਹੈ। ਅਖੌਤੀ ਧਰਮਾਂ ਦੀਆਂ ਵਲਗਣਾ ਖਤਮ ਕਰਨ ਦੀ ਥਾਂ ਇਹਨਾਂ ਨੂੰ ਹੋਰ ਪੱਕੀਆਂ ਕਰਕੇ ਮਨੁੱਖਤਾ ਵਿੱਚ ਇਕ ਦੂਜੇ ਪ੍ਰਤੀ ਨਫ਼ਰਤ ਨੂੰ ਵਧਾਉਣ ਲਈ ਸਰਕਾਰੀ ਦਖ਼ਲ ਦਿਨੋ ਦਿਨ ਵਧ ਰਿਹਾ ਹੈ। ਲੋਕਾਂ ਦੀ ਧਾਰਮਾਂ ਪ੍ਰਤੀ ਬਣੀ ਗੈਰ ਵਿਗਿਆਨਿਕਆਸਥਾ ਨੂੰ ਮਿਲ ਰਹੀ ਸਰਕਾਰੀ ਸਰਪ੍ਰਸਤੀ ਕਾਰਣ ਇਸ ਦਾ ਬੋਲਬਾਲਾ, ਘਟਣ ਦੀ ਬਜਾਏ ਹੋਰ ਪ੍ਰਫੁਲਤ ਹੋ ਰਿਹਾ ਹੈ। ਧਾਰਮਿਕ ਅਸਥਾਨਾਂ ਵਿੱਚ ਬੈਠੇ ਤਰ੍ਹਾਂ-ਤਰ੍ਹਾਂ ਦੇ ਬਾਬੇ ਅੱਜ ਦੇ ਵਿਗਿਆਨਿਕ ਯੁੱਗ ਵਿੱਚ ਤੀਰਥ ਯਾਤਰਾਵਾਂ ਅਤੇ ਨਦੀਆਂ, ਸਰੋਵਰਾਂ ਵਿੱਚ ਕੀਤੇ ਇਸ਼ਨਾਨਾਂ ਦੀ ਮਨ ਘੜਤ ਮਹਿਮਾਂ ਸੁਣਾ ਕੇ, ਲੋਕਾਂ ਨੂੰ ਇਸ ਰਸਤੇ ਤੋਰਨ ਲਈ ਜ਼ੁੰਮੇਵਾਰ ਹਨ। ਸਰਕਾਰੀ ਖਜਾਨੇ ਦੀ ਇਸ ਮੰਤਵ ਲਈ ਹੋ ਰਹੀ ਗੈਰ ਸੰਵਿਧਾਨਿਕ ਦੁਰਵਰਤੋਂ ਲੋਕਾਂ ਦੀ ਅੰਧਵਿਸ਼ਵਾਸੀ ਮਾਨਸਿਕਤਾ ਨੂੰ ਹੋਰ ਪੱਕਾ ਕਰਨ ਦਾ ਵਸੀਲਾ ਬਣ ਰਹੀ ਹੈ ਜੋ ਸਮਾਜ ਦੀ ਤਰੱਕੀ ਦੀ ਬਜਾਏ ਮਾਰੂ ਰੋਲ ਅਦਾ ਕਰ ਰਹੀ ਹੈ। ਧਾਰਮਿਕ ਅਸਥਾਨਾਂ ਦੀ ਯਾਤਰਾ ਸਮੇਂ ਹੋ ਰਹੇ ਹਾਦਸੇ ਇਸ ਗੱਲ ਦੇ ਗਵਾਹ ਹਨ ਕਿ ਜਿਹੜੇ ਲੋਕ ਇਹਨਾਂ ਦੌਰਾਨ ਆਪਣੀ ਜਾਨ ਗੁਆ ਦਿੰਦੇ ਹਨ, ਉਹਨਾਂ ਦੇ ਪਰਿਵਾਰ ਸਾਲਾਂਬੱਧੀ ਜਾਂ ਰਹਿੰਦੀ ਉਮਰ ਤੱਕ ਇਸ ਦਾ ਸੰਤਾਪ ਭੋਗਦੇ ਰਹਿੰਦੇ ਹਨ। ਪਰ ਇਸ ਦੇ ਬਾਵਜੂਦ ਵੀ ਸਰਕਾਰਾਂ ਇਹਨਾਂ ਯਾਤਰਾਵਾਂ ਨੂੰ ਹੋਰ ਉਤਸਾਹਿਤ ਕਰਨ ਲਈ ਸੰਵਿਧਾਨ ਦੀ ਉਲੰਘਣਾ ਕਰਕੇ ਸਰਕਾਰੀ ਖਜ਼ਾਨੇ ਦੀ ਵਰਤੋਂ ਕਰਨ ਤੋਂ ਸੰਕੋਚ ਨਹੀਂ ਕਰਦੀਆਂ। ਲੋਕ ਵੀ ਇਹਨਾਂ ਨੂੰ ਧਰਮ ਦਾ ਕੰਮ ਸਮਝਕੇ ਸਰਕਾਰਾਂ ਦਾ ਗੁਣਗਾਨ ਕਰਦੇ ਹਨ ਅਤੇ ਇਸ ਦਾ ਇਵਜ਼ਾਨਾਂ ਵੋਟਾਂ ਪਾ ਕੇ ਮੋੜ ਦਿੰਦੇ ਹਨ। ਸਰਕਾਰਾਂ ਨੂੰ ਇਹ ਗੱਲ ਇਸ ਕਰਕੇ ਰਾਸ ਆਉਂਦੀ ਹੈ ਕਿਉਂਕਿ ਉਹਨਾਂ ਵੱਲੋਂ ਇਹ ਪੈਸਾ ਆਪਣੀਆਂ ਜੇਬ੍ਹਾਂ ਵਿੱਚੋਂ ਨਹੀਂ ਸਗੋਂ ਲੋਕਾਂ ਤੋਂ ਉਗਰਾਹੇ ਟੈਕਸਾਂ ਰਾਹੀਂ ਭਰੇ ਖਜਾਨੇ ਵਿਚੋਂ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਕੀਤਾ ਜਾਂਦਾ ਹੈ। ਜਿਸ ਨੂੰ ਜੇ ਵੋਟਾਂ ਲੈਣ ਲਈ ਰਿਸ਼ਵਤ ਦੇਣਾ ਵੀ ਕਹਿ ਲਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਪਿਛਲੇ ਦਿਨੀਂ ਕੁੰਭ ਦੇ ਮੇਲੇ ਅਤੇ ਫਿਰ ਮਥਰਾ ਵਿਖੇ ਇੱਕ ਮੰਦਰ ਵਿੱਚ ਮੱਥਾ ਟੇਕਣ ਗਏ ਤਾਂ ਨਦੀ ਵਿੱਚ ਕਿਸ਼ਤੀ ਉਲਟਣ ਨਾਲ ਯਾਤਰੀਆਂ ਦੀਆਂ ਹੋਈਆਂ ਮੌਤਾਂ ਇਸ ਦਾ ਪ੍ਰਤੱਖ ਸਬੂਤ ਹਨ। ਧਰੇਂਦਰ ਸਾਸਤਰੀ ਬਾਘੇਸ਼ਵਰ ਦੇ ਨਾਂ ਨਾਲ ਜਾਣੇ ਜਾਂਦੇ 'ਚਮਤਕਾਰੀ' ਨੌਜਵਾਨਬਾਬੇ ਇਸ ਤਰ੍ਹਾਂ ਤੀਰਥ ਅਸਥਾਨਾਂ 'ਤੇ ਮਾੜੇ ਪ੍ਰਬੰਧਾਂ ਦੀ ਭੇਂਟ ਚੜ੍ਹੇ ਲੋਕਾਂ ਦੇ ਮਾਰੇ ਜਾਣ ਨੂੰ ਮੋਕਸ਼ ਦੀ ਪ੍ਰਾਪਤੀ ਕਰ ਗਏ ਕਹਿ ਕੇ ਜਾਇਜ਼ ਠਹਿਰਾਉਂਦੇ ਹਨ। ਇਸਤੋਂ ਪਹਿਲਾਂ ਵੀ ਅਨੇਕਾਂ ਘਟਨਾਵਾਂ ਗਿਣਾਈਆਂ ਜਾ ਸਕਦੀਆਂ ਹਨ ਜਿਹਨਾਂ ਵਿੱਚ ਹਜ਼ਾਰਾਂ ਲੋਕ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠੇ ਹਨ। ਲੋਕਾਂ ਦੀਆਂ ਧਾਰਮਿਕ ਆਸਥਾਵਾਂ ਦੇ ਨਾਂ ਹੇਠ ਜੀਵਨ ਸਫਲ ਕਰਨ ਅਤੇ ਮੋਕਸ਼ ਪ੍ਰਾਪਤੀ ਦੀਆਂ ਅਜਿਹੀਆਂ ਅੰਧਵਿਸ਼ਵਾਸੀ ਮਾਨਤਾਵਾਂ ਨੂੰ ਬਣਾਈ ਰੱਖਣ ਲਈ ਸਰਕਾਰਾਂ ਅਤੇ ਬਾਬਿਆਂਦਾ ਗਠਜੋੜ ਸਿੱਧੇ ਰੂਪ ਵਿੱਚ ਜ਼ੁੰਮੇਵਾਰ ਹੈ, ਕਿਉਂਕਿ ਰਾਜ ਸਤਾ 'ਤੇ ਕਾਬਜ਼ ਸਰਕਾਰਾਂ ਅਤੇ ਧਾਰਮਿਕ ਅਸਥਾਨਾਂ 'ਤੇ ਕਾਬਜ਼ ਸਰਕਾਰੀ ਪਾਲਤੂ ਬਾਬਿਆਂ ਦੀ ਸਥਾਪਤੀ ਬਰਕਰਾਰ ਰੱਖਕੇ ਇਸ ਗਠਜੋੜ ਰਾਹੀਂ ਲੋਕਾਂ ਨੂੰ ਮੂਰਖ ਬਣਾ ਕੇ ਰੱਖਣਾ ਸਹਾਈ ਸਿੱਧ ਹੋ ਰਿਹਾ ਹੈ। ਡੇਰਿਆ ਦੇ ਬਹੁਤੇ ਮੁਖੀਆਂ ਨਾਲ ਹਰ ਸਿਆਸੀ ਪਾਰਟੀ ਦੇ ਵੱਡੇ ਆਗੂਆਂ ਨਾਲ ਖਿਚਵਾਈਆਂ ਫੋਟੋ ਉਹਨਾਂ ਦੀਆਂ ਆਪਸੀ ਸਾਂਝਾਂ ਨੂੰ ਦਰਸਾਉਂਦੀਆਂ ਹਨ। ਬਾਬਿਆਂ ਅਤੇ ਸਿਆਸਤਦਾਨਾਂ ਦੇ ਇਸ ਗੱਠਜੋੜ ਨੂੰ ਸਮਝਣਾ ਅਤਿ ਜ਼ਰੂਰੀ ਹੈ ਕਿਉਂਕਿ ਇਹੋ ਗਠਜੋੜ ਜਿੱਥੇ ਆਮ ਲੋਕਾਂ ਦੀਆਂ ਵੋਟਾਂ ਬਟੋਰਨ ਦੇ ਕੰਮ ਕਰਦਾ ਹੈ, ਉੱਥੇ ਬਾਬਿਆਂ ਦੇ ਭਗਤਾਂ ਨੂੰ ਕਿਸਮਤ ਵਾਦੀ ਬਣਾਈ ਰੱਖਣ ਲਈ ਕਾਰਗਰ ਸਿੱਧ ਹੁੰਦਾ ਹੈ। ਸਰਕਾਰਾਂ ਦੀ ਨਾਕਾਮੀ ਉੱਪਰ ਪਰਦਾ ਪਾ ਕੇ ਰੱਖਣ ਲਈ ਲੋਕਾਂ ਨੂੰ ਕਿਸਮਤ ਵਿੱਚ ਉਲਝਾ ਕੇ ਰੱਖਣ ਦਾ ਕੰਮ, ਇਹ ਬਾਬੇ ਸਰਕਾਰਾਂ ਵੱਲੋਂ ਚਲਾਏ ਜਾਂਦੇ ਗਲਤ ਪ੍ਰਬੰਧ ਨੂੰ ਨਿਰਦੋਸ਼ ਕਰਨ ਦੀ ਭੂਮਿਕਾ ਨਿਭਾ ਰਹੇ ਹਨ।

ਧਾਰਮਿਕ ਸਮਝੇ ਜਾਂਦੇ ਬਾਬਿਆਂ ਦੇ ਡੇਰਿਆਂ ਵਿੱਚ ਲੋਕਾਂ ਦੀਆਂ ਵਧ ਰਹੀਆਂ ਭੀੜਾਂ, ਜਦੋਂ ਆਪਣੀ ਜ਼ਿੰਦਗੀ ਵਿੱਚ ਜਮਹੂਰੀ ਕਦਰਾਂ ਦੀ ਘਾਟ ਕਾਰਣਵਾਪਰ ਰਹੀਆਂ ਘਟਨਾਵਾਂ ਨੂੰ, ਬਾਬਿਆਂ ਦੇ ਉਪਦੇਸ਼ ਅਨੁਸਾਰ ਕਿਸਮਤ ਵਿੱਚ ਲਿਖੀ ਕਹਿ ਕੇ ਮੰਨੀ ਜਾਣ ਤਾਂ ਉਹਨਾਂ ਨੂੰ ਜਮਹੂਰੀ ਅਧਿਕਾਰਾਂ ਬਾਰੇ ਸੋਝੀ ਦੇਣੀਬੇਹੱਦ ਜ਼ਰੂਰੀ ਹੈ ਜੋ ਸਾਡੀ ਜ਼ੁੰਮੇਵਾਰੀ ਹੈ। ਹਰ ਮਨੁੱਖ ਨੂੰ ਬਿਹਤਰ ਜ਼ਿੰਦਗੀ ਜਿਉਣ ਯੋਗ ਹਾਲਤਾਂ ਪੈਦਾ ਕਰਨਾ ਸਰਕਾਰ ਦੀ ਮੁਢਲੀ ਜ਼ੁੰਮੇਵਾਰੀ ਹੈ ਅਤੇ ਹਰ ਮਨੁੱਖ ਲਈ ਮਾਣ ਯੋਗ ਜ਼ਿੰਦਗੀ ਉਸ ਦਾ ਜਮਹੂਰੀ ਹੱਕ ਹੈ। ਪਰ ਇੱਥੇ ਗਰੀਬੀ - ਅਮੀਰੀ ਵਿੱਚ ਜਿਉਣ ਯੋਗ ਹਾਲਤਾਂ ਅਤੇ ਜਮਹੂਰੀ ਹੱਕਾਂ ਦੀ ਸਮਾਨਤਾ ਵਿੱਚ ਜ਼ਮੀਨ ਅਸਮਾਨ ਦੇ ਅੰਤਰ ਨੂੰ ਪਿਛਲੇ ਜਨਮ ਵਿੱਚ ਕੀਤੇ ਕੰਮਾਂ ਦਾ ਫਲ ਦੱਸਕੇ, ਇਹ ਬਾਬੇ ਜਾਇਜ਼ ਠਹਿਰਾ ਕੇ ਭਾਣਾ ਮੰਨਕੇ ਜਿਉਣ ਦੇ ਉਪਦੇਸ਼ਾਂ ਰਾਹੀਂ ਸਰਕਾਰਾਂ ਨੂੰ ਦੋਸ਼ ਮੁਕਤ ਕਰ ਰਹੇ ਹਨ। ਲੋਕਾਂ ਨੂੰ ਹੀ ਇਸ ਦੇ ਜ਼ੁੰਮੇਵਾਰ ਠਹਿਰਾ ਕੇ ਅਗਲੇ ਜਨਮ ਵਿੱਚ ਸੁੱਖ ਪ੍ਰਾਪਤ ਕਰਨ ਦੇ ਨੁਸਖਿਆਂ ਦੇ ਵਚਨ ਸੁਣਾ ਕੇ ਸ਼ਾਂਤ ਕਰ ਰਹੇ ਹਨ। ਸੋ ਇਸ ਤਰ੍ਹਾਂ ਲੋਕਾਂ ਨੂੰ ਵਿਚਾਰ ਧਾਰਕ ਤੌਰ 'ਤੇ ਅਪਾਹਜ ਬਣਾ ਕੇ, ਉਹਨਾਂ ਨੂੰ ਸੁਚੱਜੀ ਜ਼ਿੰਦਗੀ ਜਿਉਣ ਲਈ ਮੁੱਢਲੇ ਹੱਕਾਂ ਦੀ ਪੂਰਤੀ ਵੀ ਨਾ ਹੋਣ ਦੇ ਕਾਰਣਾਂ ਬਾਰੇ ਅਗਿਆਨਤਾ ਵਿੱਚ ਰੱਖਕੇ, ਜਿੱਥੇ ਉਹਨਾਂ ਦੇ ਜਿਉਣ ਲਈ ਲੋੜੀਂਦੇ ਜਮਹੂਰੀ ਹੱਕਾਂ ਦੀ ਪ੍ਰਾਪਤੀ ਵਿੱਚ ਰੁਕਾਵਟ ਬਣਦੇ ਹਨ, ਉੱਥੇ ਦੇਸ਼ ਦੀ ਬਰਬਾਦੀ ਦਾ ਵੀ ਕਾਰਣਬਣਦੇ ਹਨ।



ਸਾਡੀਆਂ ਸਰਕਾਰਾਂ ਜਦੋਂ ਦੇਸ਼ ਦੇ ਵਿਕਾਸ ਦੀ ਗੱਲ ਕਰਦੀਆਂ ਹਨ, ਤਾਂ ਹਰ ਪਾਸੇ ਸੜਕਾਂ, ਨਦੀਆਂ-ਨਾਲਿਆਂ, ਰਹਾਇਸ਼ੀ ਇਲਾਕਿਆਂ ਦੁਆਲੇ ਪਈਗੰਦਗੀ ਦੇ ਢੇਰ ਅਕਸਰ ਹੀ ਵੇਖੇ ਜਾ ਸਕਦੇ ਹਨ। ਦੂਜੇ ਪਾਸੇ ਸੜਕਾਂ ਵਿੱਚ ਟੋਏ, ਗੰਦਗੀ ਦੇ ਢੇਰਾਂ ਵਿੱਚੋਂ ਜੀਵਨ ਲੱਭ ਰਹੀ ਲੋਕਾਈ ਦੀ ਕੰਗਾਲੀ ਦੀ ਤਸਵੀਰ ਅਸੀਂ ਰੋਜ਼ਾਨਾ ਪ੍ਰਤੱਖ ਵੇਖ ਰਹੇ ਹਾਂ। ਇਸੇ ਸਮੇਂ ਬੇਰੋਜ਼ਗਾਰ ਨੌਜਵਾਨੀ ਜੋ ਕਿ ਜ਼ਿੰਦਗੀ ਦੇ ਭਾਰ ਨੂੰ ਚੁੱਕਣ ਤੋਂ ਅਸਮਰੱਥ ਹੈ, ਵੱਖ ਵੱਖ ਅਲਾਮਤਾਂ ਦੀ ਸ਼ਿਕਾਰ ਹੋ ਕੇਸਮੇਂ ਦੀਆਂ ਠੋਹਕਰਾਂ ਖਾਣ ਅਤੇ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੈ। ਸਕੂਲਾਂ ਵਿੱਚ ਕਰਵਾਏ ਜਾਂਦੇ ਹਵਨ, ਅਰਦਾਸਾਂ, ਪ੍ਰਾਰਥਨਾਵਾਂ ਰਾਹੀਂ ਸ਼ੁਰੂ ਹੁੰਦੀ ਪੜ੍ਹਾਈ ਬੱਚਿਆਂ ਨੂੰ ਦਿਮਾਗੀ ਤੌਰ 'ਤੇ ਚੇਤਨ ਕਰਨ ਦੀ ਥਾਂ ਅੰਧਵਿਸ਼ਵਾਸੀ ਆਸਥਾ ਵੱਲ ਤੋਰ ਰਹੀ ਹੈ। ਕੀ ਅਜਿਹੇ ਵਾਤਾਵਰਣ ਨੂੰ ਵਿਕਾਸ ਕਹਿਣਾ ਉਚਿੱਤ ਹੈ? ਅਜਿਹੇ ਅਨੇਕਾਂ ਸਵਾਲ ਹਨ ਜਿਹਨਾਂ ਬਾਰੇ ਚੇਤਨਾ ਮਹੱਈਆ ਕਰਨ ਨਾਲ ਹੀ ਮਨੁੱਖੀ ਹੱਕਾਂ ਦੀ ਲਹਿਰ ਅੱਗੇ ਵਧੇਗੀ।

ਪਰ ਬਾਬਿਆਂ ਦੇ 'ਪ੍ਰਵਚਨਾਂ' ਰਾਹੀਂ ਬਣੀਆਂ ਬੇਮਤਲਬੀ ਅਜਿਹੀਆਂ ਅਖੌਤੀ ਮਰਦਿਆਵਾਂ ਵਿੱਚ ਜਕੜਿਆ ਹੋਇਆ ਸਮਾਜ ਅੱਗੇ ਵਧਣ ਦੀ ਬਜਾਏ ਬਰਬਾਦੀ ਵੱਲ ਵਧ ਰਿਹਾ ਹੈ। ਭਾਵੇਂ ਧਾਰਮਿਕ ਅਖਵਾਉਣ ਵਾਲੇ ਡੇਰਿਆਂ ਦੇ ਕਿੰਨੇ ਹੀ ਮੁਖੀ ਆਪਣੇ ਵੱਲੋਂ ਕੀਤੇ ਗਏ ਬੇਹੱਦ ਸੰਗੀਨ ਅਪਰਾਧਾਂ ਦੇ ਦੋਸ਼ ਅਦਾਲਤਾਂ ਵਿੱਚ ਸਿੱਧ ਹੋਣ 'ਤੇ ਜੇਲ੍ਹਾਂ ਵਿੱਚ ਉਮਰ ਕੈਦ ਵਰਗੀਆਂ ਸਜ਼ਾਵਾਂ ਭੁਗਤ ਰਹੇ ਹਨ, ਪਰ ਇਸ ਦੇ ਬਾਵਜੂਦ ਵੀ ਉਹਨਾਂ ਪ੍ਰਤੀ ਸਰਕਾਰਾਂ ਦੀ ਛਤਰ ਛਾਇਆ ਬਰਕਰਾਰ ਹੈ, ਜਿਸ ਕਰਕੇ ਉਹਨਾਂ ਨੂੰ ਬਾਰ ਬਾਰ ਪੈਰੋਲ 'ਤੇ ਬਾਹਰ ਲਿਆ ਕੇ ਆਪਣੇ ਹਿਤ ਵਿੱਚ ਭੁਗਤਾਉਣ ਅਤੇ ਉਹਨਾਂ ਦੀ ਲੋਕਾਂ ਵਿੱਚ ਮਾਨਤਾ ਨੂੰ ਬਰਕਰਾਰ ਰੱਖਿਆ ਜਾ ਰਿਹਾ ਹੈ ।

ਪਰ ਇਸ ਦੇ ਬਿਲਕੁਲ ਉਲਟ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਨਾਲ ਜਾਣੇ ਜਾਂਦੇ ਇਸ ਦੇਸ਼ ਵਿੱਚ ਕਈ ਬੇਦੋਸ਼ੇ ਬਿਨਾਂ ਕਿਸੇ ਦੋਸ ਤੋਂ ਵੀ ਜੇਲ੍ਹਾਂ ਅੰਦਰ ਕੈਦ ਹਨ, ਜਿਹਨਾਂ ਖਿਲਾਫ ਅਜੇ ਤੱਕ ਕੋਈ ਅਦਾਲਤੀ ਕੇਸ ਵੀ ਨਹੀਂ ਚਲਾਇਆ ਗਿਆ। ਕਿਉਂਕਿ ਇਹ ਅਜਿਹੇ ਲੋਕ ਹਨ ਜਿਹੜੇ ਸਰਕਾਰੀ ਸਰਪ੍ਰਸਤੀ ਹੇਠ ਦੇਸ਼ੀਵਿਦੇਸੀ ਕਾਰਪੋਰੇਟਾਂ ਰਾਹੀਂ ਦੇਸ਼ ਦੀ ਹੋ ਰਹੀ ਲੁੱਟ, ਬੇਈਮਾਨੀ, ਰਿਸ਼ਵਤਖੋਰੀ, ਬੇਰੋਜ਼ਗਾਰੀ, ਮਹਿੰਗਾਈ, ਗਰੀਬੀ, ਆਦਿ ਦੇ ਖਿਲਾਫ ਲੋਕਾਂ ਨੂੰ ਇਹਨਾਂ ਦੇ ਅਸਲ ਕਾਰਣਾਂ ਤੋਂ ਜਾਣੂ ਕਰਵਾਉਂਦੇ ਸਨ। ਇਸ ਦੇ ਬਾਵਜੂਦ ਵੀ ਉਹ ਬਿਨਾਂ ਕਿਸੇ ਕੇਸ ਚਲਾਇਆਂ ਪਿਛਲੇ 5 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜੇਲ੍ਹੀਂ ਬੰਦ ਹਨ ਜਿਹਨਾਂ ਨੂੰ ਪੈਰੋਲ ਦੇਣ ਲਈ ਵੀ ਸਰਕਾਰਾਂ ਅਤੇ ਅਦਾਲਤਾਂ ਵੱਲੋਂ ਬਜਾਏ ਜਾਂਦੇ ਜਮਹੂਰੀਅਤ ਦੇ ਢੋਲ ਦੀ ਪੋਲ ਖੁੱਲ੍ਹਦੀ ਸਾਫ ਵੇਖੀ ਜਾ ਸਕਦੀ ਹੈ। ਇਹਨਾਂ ਵਿੱਚੋਂ ਕਈ ਤਾਂ ਜੇਲ੍ਹ ਵਿੱਚ ਹੀ ਸਦੀਵੀ ਵਿਛੋੜਾ ਦੇ ਚੁੱਕੇ ਹਨ।

ਸੋ ਇਹ ਹੈ ਅਖੌਤੀ ਬਾਬਿਆਂ ਅਤੇ ਸਰਕਾਰ ਦੀ ਸਾਂਝ ਭਿਆਲੀ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਵਾਲਿਆਂ ਅਤੇ ਸਰਕਾਰਾਂ ਦਾ ਅਸਲ ਚਿਹਰਾ ਲੋਕਾਂ ਸਾਹਮਣੇ ਲਿਆਉਣ ਵਾਲਿਆਂ ਦੇ ਜਮਹੂਰੀ ਹੱਕਾਂ ਵਿੱਚ ਅੰਤਰ। ਅੱਜ ਸਭ ਤੋਂ ਵੱਡੀ ਲੋੜ ਹੈ ਕਿ ਲੋਕਾਂ ਨੂੰ ਇਸ ਬੇਹੱਦ ਗੰਭੀਰ ਮਸਲੇ ਬਾਰੇ ਚੇਤਨ ਕੀਤਾ ਜਾਵੇ।

**ਸਾਮਰਾਜੀ ਅਤੇ ਕਾਰਪੋਰੇਟੀ ਲੁੱਟ:-**

ਦੂਜੇ ਪਾਸੇ ਕਾਰਪੋਰੇਟ ਵਿਉਪਾਰਿਕ ਅਦਾਰਿਆਂ ਅਤੇ ਪੂੰਜੀਪਤੀਆਂ ਦੇ ਮੁਨਾਫ਼ਿਆਂ ਵਿੱਚ ਹੋਰ ਵਾਧਾ ਕਰਨ ਲਈ ਪਬਲਿਕ ਦੀ ਕਿਰਤ ਕਮਾਈ ਨਾਲ ਉਸਾਰੇਅਦਾਰਿਆਂ ਨੂੰ ਇਹਨਾਂ ਵੱਡੇ ਪੂੰਜੀਪਤੀਆਂ/ਕਾਰਪੋਰੇਟਾਂ ਦੀ ਝੋਲੀ ਪਾਇਆ ਜਾ ਰਿਹਾ ਹੈ। ਸਾਡੇ ਵੇਖਦਿਆਂ ਵੇਖਦਿਆਂ ਟੈਲੀਫੋਨ, ਬਿਜਲੀ, ਰੇਲਵੇ, ਹਵਾਈ ਜਹਾਜ ਅਤੇ ਏਅਰਪੋਰਟ, ਟਰਾਂਸਪੋਰਟ, ਵਿਦਿਅਕ ਅਤੇ ਸਿਹਤ ਅਦਾਰਿਆਂ ਅਤੇ ਸੜਕਾਂ ਤੋਂ ਦੇਸ਼ ਦੀ ਮਾਲਕੀ ਖਤਮ ਕਰਕੇ ਨਿੱਜੀ ਮਾਲਕੀ ਵਿੱਚ ਤਬਦੀਲ ਕਰ ਦਿੱਤਾ ਹੈ। ਦੇਸ਼ ਦੇ ਛੋਟੇ ਕਾਰੋਬਾਰ ਖਤਮ ਕਰਕੇ ਵੱਡੇ ਕਾਰਪੋਰੇਟਾਂ ਦੇ ਕਾਰੋਬਾਰਾਂ ਲਈ ਰਾਹ ਪੱਧਰੇ ਕੀਤੇ ਜਾ ਰਹੇ ਹਨ। ਭਾਰਤ ਮਾਲਾ ਵਰਗੇ ਸੜਕਾਂ ਬਣਾਉਣ ਵਾਲੇ ਪ੍ਰੋਜੈਕਟ ਉਹਨਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੀ ਲਿਆਂਦੇ ਗਏ ਹਨ।

ਦੇਸ਼ ਦੇ ਉਪਰੋਕਤ ਕਮਾਊ ਅਦਾਰਿਆਂ ਨੂੰ ਨਿੱਜੀ ਮਾਲਕੀ ਵਿੱਚ ਬਦਲਣ ਦੀ ਇੱਕ ਤਾਜੀ ਉਦਾਹਰਣ ਹੁਣੇ ਹੁਣੇ 26 ਮਈ, 2026 ਨੂੰ ਸਾਹਮਣੇ ਆਈ ਜਿਸ ਅਨੁਸਾਰ 121 ਕਰੋੜ ਰੁਪਏ ਵਿੱਚ ਵੇਚੀ ਗਈ। ਇਹ ਇੰਡੀਅਨ ਮੈਡੀਸਨ ਫਾਰਮੈਟੀਕਲ ਲਿਮ: (I M P C L) ਨਾਂ ਦੀ ਕੰਪਨੀਆਂ ਯੂਰਵੈਦਿਕ ਅਤੇ ਯੂਨਾਨੀ ਦਵਾਈਆਂ ਬਣਾਉਂਦੀ ਹੈ। ਇਸ ਕੰਪਨੀ ਨੇ ਸਾਲ 2021-22 ਵਿੱਚ 3376 ਲੱਖ ਦਾ ਮੁਨਾਫਾ ਕਮਾ ਕੇ ਦੇਸ਼ ਦੀ ਝੋਲੀ ਪਾਇਆ। ਪਰ ਇਸ ਦੇ ਬਾਵਜੂਦ ਵੀ ਇਸ ਨੂੰ ਸਕਾਈ ਮੈਪ ਫਰਮਾ, ਜੋ ਇਕ ਨਿੱਜੀ ਕੰਪਨੀ ਹੈ, ਨੂੰ ਵੇਚ ਦਿੱਤਾ ਗਿਆ। ਇਸ ਤੋਂ ਪਹਿਲਾਂ ਵੇਚੇ ਅਦਾਰਿਆਂ ਦੀਆਂ ਅਨੇਕਾਂ ਉਦਾਹਰਣਾਂ ਸਾਡੇ ਸਾਹਮਣੇ ਹਨ।

ਸੋਲਰ ਪੈਨਲ ਵੇਚਣ ਦੇ ਸਰਕਾਰੀ ਠੇਕੇ ਜੋ ਅਡਾਨੀ ਅਤੇ ਹੋਰ ਕਾਰਪੋਰੇਟ ਗਰੁੱਪਾਂ ਨੇ ਭਾਰਤ ਵਿਚ ਰਿਸ਼ਵਤ ਦੇ ਕੇ ਲਏ ਸਨ ਅਤੇ ਉਨ੍ਹਾਂ ਅੰਕੜਿਆਂ ਦੇਅਧਾਰ ਤੇ ਅਮਰੀਕਾ ਦੇ ਸ਼ੇਅਰ ਮਾਰਕੀਟ ਤੋਂ ਡਲਰ ਚੁੱਕੇ ਸਨ। ਇਸ ਧੋਖਾ ਧੜੀ ਕਰਕੇ ਹੀ ਅਡਾਨੀ 'ਤੇ ਕੇਸ ਦਰਜ ਹੋਇਆ ਸੀ ਜਿਸਨੂੰ ਟਰੰਪ ਦੇ ਖਾਸ ਵਕੀਲਰਾਹੀਂ ਇਸ ਤਰ੍ਹਾਂ ਨਜਿੱਠਿਆ ਗਿਆ ਹੈ ਕਿ

**ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (SEC) - ਸਿਵਲ ਕੇਸ** :- ਐਸਈਸੀ ਨਾਲ ਸਿਵਲ ਮਾਮਲੇ ਵਿੱਚ ਬਿਨਾਂ ਕਿਸੇ ਦੋਸ਼ ਕਬੂਲੇ ਤੋਂ ਸਮਝੌਤਾਹੋ ਗਿਆ। ਇਸ ਸਮਝੌਤੇ ਤਹਿਤ ਗੌਤਮ ਅਡਾਨੀ ਨੇ 6 ਮਿਲੀਅਨ ਡਾਲਰ ਅਤੇ ਸਾਗਰ ਅਡਾਨੀ ਨੇ 12 ਮਿਲੀਅਨ ਡਾਲਰ ਦਾ ਜੁਰਮਾਨਾ ਭਰਨ ਦੀਸਹਿਮਤੀ ਪ੍ਰਗਟਾਈ ਹੈ।

**ਵਿਦੇਸ਼ੀ ਸੰਪਤੀ ਕੰਟਰੋਲ ਦਫ਼ਤਰ (OFAC) - ਪਾਬੰਦੀਆਂ ਦੀ ਉਲੰਘਣਾ** :- ਈਰਾਨ ਤੋਂ ਐਲ.ਪੀ.ਜੀ. ਗੈਸ ਖਰੀਦਣ ਦੇ ਦੋਸ਼ਾਂ ਵਿੱਚ, ਅਡਾਨੀ ਦੀ ਕੰਪਨੀ ਨੇ 275 ਮਿਲੀਅਨ ਡਾਲਰ ਦਾ ਜੁਰਮਾਨਾ ਭਰਨ ਦਾ ਸਮਝੌਤਾ ਕਰਕੇ ਦੋਸ਼ ਰਫ ਦਫਾ ਕਰਵਾਏ।

ਅਡਾਨੀ ਨੇ ਅਮਰੀਕਾ ਵਿੱਚ 100 ਅਰਬ ਡਾਲਰ ਨਿਵੇਸ਼ ਕਰਨ ਅਤੇ 15,000 ਨੌਕਰੀਆਂ ਪੈਦਾ ਕਰਨ ਦਾ ਟਰੰਪ ਨਾਲ ਵਾਅਦਾ ਕੀਤਾ ਹੈ, ਜਿਸ ਨਾਲ ਸੋਲਰ ਪੈਨਲ AI, Energy sector ਅਤੇ Data Centres ਉੱਤੇ ਅਮਰੀਕਾ ਵਿਚ ਲਾਏਗਾ। ਜਿਹੜੇ ਲੋਕਾਂ ਨੇ ਇਸ ਰਿਸ਼ਵਤਖੋਰੀ ਦਾ ਕੋਰਟ ਰਾਹੀਂ ਭਾਂਡਾ ਭੰਨਿਆ, ਉਹਨਾਂ ਨੂੰ 18 ਮਿਲੀਅਨ ਡਾਲਰ ਦੇ ਕੇ ਅਡਾਨੀ ਨੂੰ ਖਹਿੜਾ ਛਡਾਉਣਾ ਪਿਆ ਹੈ।

ਪ੍ਰਧਾਨ ਮੰਤਰੀ ਲੋਕਾਂ ਨੂੰ ਵਿਦੇਸ਼ੀ ਮੁਦਰਾ ਬਚਾਉਣ ਦਾ ਪਾਠ ਪੜ੍ਹਾ ਰਿਹਾ, ਪਰ ਅਮਰੀਕਾ ਅਗੇ ਗੋਡੇ ਟੇਕ ਕੇ ਵਾਇਦਾ ਕਰ ਰਿਹਾ ਹੈ, ਕਿ ਹੋਰ ਭਾਰਤੀ ਕੰਪਨੀਆਂ 20.5 ਬਿਲੀਅਨ ਡਾਲਰ ਅਮਰੀਕਾ ਵਿਚ ਨਿਵੇਸ਼ ਕਰਨਗੀਆਂ। ਇਹ ਕੰਪਨੀਆਂ ਉਹ ਹਨ ਜੋ ਭਾਰਤ ਵਿਚਲਾ ਤਿਆਰ ਮਾਲ, ਅਮਰੀਕਾ ਵਿੱਚ ਵੇਚ ਕੇ ਡਾਲਰ ਕਮਾ ਕੇ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ ਭਰਦੀਆਂ ਸਨ। ਅੱਜ ਜਦੋਂ ਵਿਦੇਸ਼ੀ ਕੰਪਨੀਆਂ ਧੜਾ ਧੜ ਡਾਲਰ ਕਢ ਰਹੀਆਂ ਹਨ ਤਾਂ ਇਸਹਾਲਾਤ ਵਿਚ ਬੈਂਕਾਂ ਵਿਚੋਂ ਪੈਸਾ ਕਰਜਾ ਲੈ ਕੇ ਬਾਹਰ ਨਿਵੇਸ਼ ਹੋਵੇਗਾ। ਜਿਸ ਨਾਲ ਰੁਪਏ ਦੀ ਕੀਮਤ ਡਾਲਰ ਦੇ ਮੁਕਾਬਲੇ ਹੋਰ ਜਿਆਦਾ ਗਿਰੇਗੀ।

ਇਸ ਤਰ੍ਹਾਂ ਨਾਲ ਵੱਡੇ ਕਾਰਪੋਰੇਟ ਘਰਾਣਿਆਂ ਵੱਲੋਂ ਜਨਤਕ ਵਸੀਲਿਆਂ ਦੀ ਵਰਤੋਂ ਆਪਣੇ ਨਿੱਜੀ ਹਿਤ ਵਿਚ ਕੀਤੀ ਜਾ ਰਹੀ ਹੈ। ਇਸ ਦੀ ਤਸਵੀਰ ਹੇਠ ਦਿੱਤੇ ਅੰਕੜੇ ਪ੍ਰਗਟਾਉਂਦੇ ਹਨ :-

ਜਿਵੇਂ ਕਿਸਰਕਾਰ ਨੇ ਭਾਰਤੀ ਕੰਪਨੀਆਂ/ਕਾਰਪੋਰੇਟਾਂ ਦੇ 2015 ਤੋਂ 2024 ਤੱਕ 58,786 ਕਰੋੜ ਰੁਪਏ ਦੇ ਕਰਜ਼ੇ ਮੁਆਫ ਕੀਤੇ ਹਨ, ਜੋ ਪਾਰਲੀਮੈਂਟ ਵਿੱਚ ਰਿਕਾਰਡ ਹਨ। ਇਹ ਮੁਆਫ ਕੀਤੇ ਕਰਜ਼ੇ ਜੋ ਸਾਲ 2015-16 ਵਿੱਚ 70,413 ਕਰੋੜ, 2016-17 ਵਿੱਚ 1,08,373 ਕਰੋੜ ਅਤੇ ਇਸ ਉਪਰੰਤ ਹਰ ਸਾਲ ਤਕਰੀਬਨ 2 ਲੱਖ ਕਰੋੜ ਦਾ ਇਹਨਾਂ ਵਿੱਚ ਵਾਧਾ ਹੁੰਦਾ ਰਿਹਾ ਹੈ, ਜੋ 2022 ਤੱਕ 2 ਲੱਖ 16 ਹਜ਼ਾਰ ਕਰੋੜ ਤੱਕ ਪੁੱਜ ਗਿਆ। ਇਸ ਤਰ੍ਹਾਂ ਦਸ ਸਾਲਾ ਬੀ ਜੇ ਪੀ/ ਆਰ ਐਸ ਐਸ ਦੇ ਰਾਜ ਵਿਚ 16 ਲੱਖ 35 ਹਜ਼ਾਰ 380 ਕਰੋੜ ਰੂਪੈ ਕਾਰਪੋਰੇਟ ਦੀਝੋਲੀ ਪਾਏ ਗਏ। ਪਰ ਦੂਜੇ ਪਾਸੇ ਕਿਸਾਨਾਂ ਮਜ਼ਦੂਰਾਂ ਨੂੰ ਛੋਟੇ ਛੋਟੇ ਕਰਜ਼ਿਆਂ ਪਿੱਛੇ ਜਲੀਲ ਕਰਕੇ ਖੁਦਕੁਸ਼ੀਆਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਅੱਜ ਜਦੋਂ ਪੈਟਰੋਲ, ਡੀਜ਼ਲ, ਗੈਸ ਦੇ ਰੇਟ ਇਹ ਕਹਿ ਕੇ ਵਧਾਏ ਜਾ ਰਹੇ ਹਨ ਕਿ ਤੇਲ ਕੰਪਨੀਆਂ ਨੂੰ ਨੁਕਸਾਨ ਹੋ ਰਿਹਾ ਹੈ। ਪਰ ਜਦੋਂ ਇਹੋ ਕੰਪਨੀਆਂ ਅਰਬਾਂ ਦੇ ਮੁਨਾਫੇ ਕਮਾਉਂਦੀਆਂ ਹਨ, ਉਸ ਸਮੇਂ ਇਹਨਾਂ ਦੇ ਮੁਨਾਫੇ ਘਟਾ ਕੇ ਲੋਕਾਂ ਨੂੰ ਰਾਹਤ ਕਿਉਂ ਨਹੀਂ ਦਿੱਤੀ ਜਾਂਦੀ? ਕੀ ਹਰ ਵੇਲੇ ਲੋਕਾਂ ਤੋਂ ਖੋਹ ਕੇ ਇਹਨਾਂ ਕੰਪਨੀਆਂ ਦੇ ਮੁਨਾਫੇ ਵਧਾਉਣੇ ਜ਼ਰੂਰੀ ਹਨ? ਇਹ ਸਵਾਲ ਲੋਕਾਂ ਵੱਲੋਂ ਸਰਕਾਰ ਨੂੰ ਕਰਨੇ ਬਣਦੇ ਹਨ। ਇਸੇ ਤਰ੍ਹਾਂ ਇਲੈਕਟ੍ਰੋਲ ਬਾਂਡ ਅਤੇ ਪ੍ਰਧਾਨ ਮੰਤਰੀ ਕੇਅਰ ਫੰਡ ਜੋ ਕਾਰਪੋਰੇਟ ਤੋਂ ਖੁੱਲੇ ਤੌਰ 'ਤੇ ਇਕੱਠਾ ਕੀਤਾ ਗਿਆ ਅਤੇ ਮੌਕੇ ਮੁਤਾਬਿਕ ਬਾਂਹ ਮਰੋੜ ਕੇਵੀ ਲਿਆ ਗਿਆ। ਵੱਖ ਵੱਖ ਕੰਪਨੀਆਂ/ ਕਾਰਪੋਰੇਟਾਂ ਪਾਸੋਂ ਧਨ ਦੀ ਹਿੱਸੇਦਾਰੀ ਕੀਤੀ ਗਈ, ਜਿਸ ਦੇ ਬਦਲ ਵਿੱਚ ਉਹਨਾਂ ਦੇ ਉਪਰੋਕਤ ਕਰਜ਼ੇ ਮੁਆਫ ਕੀਤੇ ਗਏ। ਇਹ ਫੰਡ ਮਾਰਚ 2018 ਦੀਆਂ ਚੋਣਾਂ ਤੋਂ ਪਹਿਲਾਂ ਇਕੱਠੇ ਕੀਤੇ ਗਏ ।ਬੀਜੇਪੀ ਨੇ ਇਲੈਕਟ੍ਰੋਲ ਬਾਂਡਾਂ ਲਈ ਹੋਰ ਪਾਰਟੀਆਂ ਦੇ ਮੁਕਾਬਲੇ ਸਭ ਤੋਂ ਵੱਧ 6060 ਕਰੋੜ ਰੁ: ਇਕੱਠੇ ਕੀਤੇ ਜਿਸ ਵਿੱਚ ਵਿਦਾਂਤਾ ਤੇ ਮੈਗਾ ਕੰਪਨੀਆਂ ਨੇ ਵੀ ਵੱਡੇ ਫੰਡ ਦਿੱਤੇ।

ਸਭ ਤੋਂ ਵੱਡੀਆਂ ਦਾਨੀ ਕਹਾਉਣ ਵਾਲੀਆਂ ਕੰਪਨੀਆਂ ਫਿਊਚਰ ਗੇਮਿੰਗ ਦੇ ਨਾਂ ਹੇਠ ਸੱਟੇਬਾਜ਼ੀ ਦਾ ਧੰਦਾ ਕਰਦੀਆਂ ਹਨ। ਸੋ ਇਸ ਤਰ੍ਹਾਂ ਬੀਜੇਪੀਨੇ ਵੱਡੇ ਫੰਡ ਲੈ ਕੇ ਇਹਨਾਂ ਦੇ ਕਰਜ਼ੇ ਹੀ ਮੁਆਫ ਨਹੀਂ ਕੀਤੇ ਸਗੋਂ ਇਹਨਾਂ ਨੂੰ ਵੱਡੇ ਕਾਰੋਬਾਰੀ ਠੇਕੇ ਵੀ ਦਿੱਤੇ ਗਏ।

ਇਹ ਹੈ ਵੱਡੀਆਂ ਕਾਰੋਬਾਰੀ ਕੰਪਨੀਆਂ/ ਕਾਰਪੋਰੇਟਾਂ ਨੂੰ ਦੇਸ਼ ਦਾ ਸਰਮਾਇਆ ਲੁਟਾ ਕੇ ਕਿਰਤੀ, ਕਿਸਾਨਾਂ ਤੇ ਹੋਰ ਵਰਗਾਂ ਨਾਲ ਖਿਲਵਾੜ ਕਰਨ ਦੀ ਮੋਟੀ ਜਿਹੀ ਤਸਵੀਰ, ਜਿਸ ਨਾਲ ਕੁੱਝ ਕੁ ਘਰਾਣਿਆਂ ਨੂੰ ਮਾਲੋ ਮਾਲ ਕਰਕੇ ਦੇਸ਼ ਦੀ ਬਰਬਾਦੀ ਕੀਤੀ ਜਾ ਰਹੀ ਹੈ।ਅਤੇ ਜਨਤਾ ਨੂੰ ਵਿਦਿਆ, ਸਿਹਤ, ਕੰਮ ਧੰਦੇ ਅਤੇ ਸਾਫ ਵਾਤਾਵਰਣ ਵਰਗੇ ਮੁੱਢਲੇ ਜਮਹੂਰੀ ਹੱਕਾਂ ਤੋਂ ਵੀ ਵਾਂਝੇ ਰੱਖਿਆ ਜਾ ਰਿਹਾ ਹੈ। ਇਸ ਤੰਤਰ ਰਾਹੀਂ ਕਾਰਪੋਰੇਟਾਂ ਤੋਂ ਵੱਖ-ਵੱਖ ਢੰਗਾਂ ਰਾਹੀਂ ਹਜ਼ਾਰਾਂ ਕਰੋੜ ਮੱਤਦਾਨ ਦੇ ਨਾਂ ਤੇ ਲੈ ਕੇ ਲੋਕਾਂ ਦੀ ਮੱਤ ਮਾਰ ਪ੍ਰਣਾਲੀ ਖੜੀ ਕਰਕੇ ਸਤਾ 'ਤੇ ਜਕੜ ਪੱਕੀ ਕੀਤੀ ਜਾ ਰਹੀ ਹੈ ਜਿਸ ਨਾਲ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਲਈ ਵਰਤਿਆ ਜਾ ਰਿਹਾ ਹੈ ।

ਇਹਨਾਂ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀਆਂ ਪੱਕੀਆਂ ਨੌਕਰੀਆਂ ਖਤਮ ਕਰਕੇ ਨਿਗੁਣੀਆਂ ਤਨਖਾਹਾਂ 'ਤੇ ਠੇਕਾ ਨੀਤੀ ਰਾਹੀਂ ਕੱਚੀਆਂ ਭਰਤੀਆਂ ਕਰਲਈਆਂ ਹਨ, ਜਿਸ ਕਾਰਣ ਆਮ ਲੋਕਾਂ ਦੇ ਜੀਵਨ ਪੱਧਰ ਵਿੱਚ ਹੋਰ ਨਿਘਾਰ ਆ ਰਿਹਾ ਹੈ। ਸਿੱਟੇ ਵਜੋਂ ਸਮਾਜਿਕ, ਮਾਨਸਿਕ ਅਤੇ ਆਰਥਿਕ ਸਮੱਸਿਆਵਾਂ ਦੇ ਵਧਣ ਕਾਰਣ ਚਿੰਤਾਵਾਂ ਵਿੱਚ ਹੋਰ ਵਾਧਾ ਹੋਇਆ ਹੈ ਜਿਸ ਕਾਰਣ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਦੇ ਵਧਣ ਦੀ ਰਫ਼ਤਾਰ ਤੇਜ ਹੋਈ ਹੈ।

ਦੇਸ਼ ਦੇ ਰਾਜ ਪ੍ਰਬੰਧ ਨੂੰ ਉਸਾਰੂ ਬਣਾਉਣ ਦੇ ਰਾਮ ਰੌਲੇ ਦੀ ਭੇਂਟ ਚੜ੍ਹਾਕੇ ਦੇਸ਼ ਦੀ ਪੂੰਜੀ ਲੋਕਾਂ ਦੀ ਜ਼ਿੰਦਗੀ ਸੁਧਾਰਨ ਲਈ ਵਰਤਣ ਦੀ ਬਜਾਏ, ਵੱਡੇ ਪੂੰਜੀਪਤੀਆਂ ਦੇ ਵਿਕਾਸ ਲਈ ਵਰਤ ਕੇ ਉਹਨਾਂ ਦੇ ਮੁਨਾਫ਼ਿਆਂ ਨੂੰ ਵਧਾਉਣ ਲਈ ਹੀ ਨਹੀਂ ਸਗੋਂ ਸਾਰਾ ਦੇਸ਼ ਹੀ ਉਹਨਾਂ ਦੇ ਹਵਾਲੇ ਕਰਨ ਵੱਲ ਵਧਿਆ ਜਾ ਰਿਹਾ ਹੈ। ਦੇਸ਼ ਦੇ ਉਪਰੋਕਤ ਸਾਰੇ ਕਮਾਊ ਅਦਾਰਿਆਂ ਸਮੇਤ ਕਿਰਤੀ ਲੋਕਾਂ ਦੇ ਰੋਜ਼ਗਾਰਾਂ ਨੂੰ ਉਹਨਾਂ ਦੇ ਅਧੀਨ ਕੀਤਾ ਜਾ ਰਿਹਾ ਹੈ। ਜਿਸ ਕਾਰਣ ਈਸਟ ਇੰਡੀਆ ਕੰਪਨੀ ਵਰਗੀਆਂ ਅਨੇਕਾਂ ਕੰਪਨੀਆਂ/ਕਾਰਪੋਰੇਟਾਂ ਨੂੰ ਅੱਜ ਫਿਰ ਦੇਸ਼ ਨੂੰ ਗੁਲਾਮ ਬਣਾਉਣ ਦੇ ਮੂੰਹ ਧੱਕਣ ਵੱਲ ਸਰਕਾਰੀ ਨੀਤੀਆਂ ਬਣਾਈਆਂ ਜਾ ਰਹੀਆਂ ਹਨ। ਭਾਵੇਂ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਜੋ ਕਿ ਵਾਰੋ ਵਾਰੀ ਰਾਜ ਸਤਾ 'ਤੇ ਕਾਬਜ਼ ਹੋ ਕੇ ਉਹਨਾਂ ਕਾਰਪੋਰੇਟਾਂ ਨੂੰ ਦੇਸ਼ ਦੀ ਲੁੱਟ ਕਰਨ ਦੇ ਘੱਟ ਵੱਧ ਰੂਪ ਵਿੱਚ ਮੌਕੇ ਪ੍ਰਦਾਨ ਕਰਕੇ ਦੇਸ਼ ਵਾਸੀਆਂ ਦੀ ਪਿੱਠ ਵਿੱਚ ਛੁਰਾ ਮਾਰਦੀਆਂ ਆ ਰਹੀਆਂ ਹਨ। ਪਰ ਪਿਛਲੇ 10 ਸਾਲਾਂ ਤੋਂ ਜਿਸ ਤੇਜ਼ੀ ਨਾਲ ਦੇਸ਼ ਨੂੰ ਇਸ ਪਾਸੇ ਵੱਲ ਧੱਕਿਆ ਜਾ ਰਿਹਾ ਹੈ, ਉਸ ਦੇ ਖਤਰਨਾਕ ਨਤੀਜੇ ਅੱਜ ਸਾਡੇ ਸਾਹਮਣੇ ਆ ਰਹੇ ਹਨ।

## ਸਫ਼ਲਤਾ ਦੀ ਕੁੰਜੀ



ਜ਼ਿੰਦਗੀ ਦੀ ਸਫ਼ਲਤਾ ਦੀ
ਏਹੋ ਹੈ ਕੁੰਜੀ ਬਈ
ਲੋਕਾਂ ਦੇ ਲੇਖੇ ਲਾਈਏ
ਸਾਹਾਂ ਦੀ ਪੂੰਜੀ ਬਈ

ਛੱਡ ਦੇ ਤੂੰ ਮ੍ਰਿਗ ਤ੍ਰਿਸ਼ਨਾ,
ਮਾਰੂਥਲ ਕਹਿਣ ਪਏ।
ਪਾਣੀ ਦੀ ਤਿੱਪ ਨਾ ਜੁੜਨੀ,
ਏਦਾਂ ਜੇ ਹਫ਼ਦੇ ਰਹੇ।
ਜੋੜੇਂਗਾ ਮਾਇਆ ਕਿੱਥੋਂ
ਪਹਿਲੀ ਵੀ ਹੂੰਝੀ ਗਈ
ਲੋਕਾਂ ਦੇ ਲੇਖੇ ਲਾਈਏ...

ਪਿੰਡਾਂ 'ਚੋਂ ਉਡ ਗਏ ਪੰਛੀ
ਚੋਗੇ ਨੂੰ ਪਾਉਣ ਲਈ
ਚੋਗੇ ਲਈ ਆਏ ਪੰਛੀ
ਝੋਨਾ ਤਾਂ ਲਾਉਣ ਲਈ
ਦੋਵੇਂ ਨੇ ਰਿਜ਼ਕ ਦੇ ਸਾਂਝੀ
ਏਹੋ ਰਲ ਗੂੰਜੀਂ ਬਈ
ਲੋਕਾਂ ਦੇ ਲੇਖੇ ਲਾਈਏ...

ਜ਼ਿੰਦਗੀ ਨੂੰ ਸਾਂਭਦੇ ਲੋਕੀ
ਕਿਸ਼ਤਾਂ ਵਿਚ ਮਰ ਗਏ ਨੇ
ਆਪਣੇ ਤਾਂ ਪੁਰਖੇ ਜ਼ਿੰਦੇ
ਲਿਖ ਕੇ ਇਹ ਧਰ ਗਏ ਨੇ
ਚੱਲਣਾ ਹੱਥ ਲੈ ਕੇ ਸੱਜਣੋਂ
ਮੁਕਤੀ ਦੀ ਕੂੰਜੀ ਬਈ
ਲੋਕਾਂ ਦੇ ਲੇਖੇ ਲਾਈਏ...

ਚੱਲਣਾ ਤੂੰ ਬਚ ਕੇ ਮੋੜ ਤੋਂ
ਰਸਤਾ ਨਾ ਭੁੱਲ ਜਾਵੀਂ
ਕੁਰਸੀ ਦੇ ਬੁੱਝ ਲਈਂ ਕਾਰੇ
ਐਵੇਂ ਨਾ ਡੁੱਲ੍ਹ ਜਾਵੀਂ
ਹਿੰਮਤ ਨੂੰ ਯਾਰ ਬਣਾਇਆਂ
ਮੁਕਤੀ ਏ ਹੁੰਦੀ ਬਈ
ਲੋਕਾਂ ਦੇ ਲੇਖੇ ਲਾਈਏ...

**- ਅਮੋਲਕ ਸਿੰਘ**

## ਤੂੰ ਉੱਠ ਵੀਰ ਮੇਰੇ

**(ਪਟਿਆਲੇ ਅਤੇ ਹੋਰ ਥਾਵਾਂ 'ਤੇ ਕੁੱਟੇ ਗਏ ਤੇ ਜਬਰ ਦਾ ਸ਼ਿਕਾਰ ਹੋਏ ਭਰਾਵਾਂ ਤੇ ਭੈਣਾਂ ਦੇ ਨਾਮ)**

ਇਸ ਤੋਂ ਪਹਿਲਾਂ ਕਿ ਨੀਰ ਅੱਖ ਦਾ ਸੁੱਕ ਜਾਏ
ਸਿਆਹੀ ਕਲਮ ਦੀ ਮੁੱਕ ਜਾਏ
ਮਕਰ ਜੀਵਨ ਦਾ ਸਿਰ ਚੜ੍ਹ ਕੇ ਬੋਲੇ
ਗੂੰਜ ਉੱਠਣ ਸਬਰ ਦੇ ਢੋਲੇ
ਮੈਂ ਕਹਿ ਲਵਾਂ ਦੋ ਹਰਫ
ਡਾਂਗਾਂ ਨਾਲ ਕੁੱਟੇ, ਮਧੋਲੇ, ਓਏ ਵੀਰ ਮੇਰੇ
ਮੇਰੇ ਭਰਾ ਬੇਰੁਜ਼ਗਾਰ
ਤੂੰ ਬਣ ਨਾਬਰੀ ਦਾ ਸਰਦਾਰ
ਖੋਹ ਲੈ, ਖੋਹ ਲੈ, ਖੋਹ ਲੈ ਤੂੰ
ਮੋਰਾਂ ਵਿੱਚ ਵੱਜਦੀ ਡਾਂਗ
ਤੂੰ ਨੰਗਾ ਕਰਦੇ ਸੱਤਾ ਦਾ ਸੂਾਂਗ
ਕਿਸੇ ਕੋਲ ਭਗਤ ਸਿੰਘ ਦੀ ਤਸਵੀਰ
ਕਿਸੇ ਕੋਲ ਉਸ ਦੀ ਤਹਰੀਰ
ਪਰ ਭਗਤ ਸਿੰਘ ਸਦਾ ਉਨ੍ਹਾਂ ਨਾਲ
ਵੱਜਦੀਆਂ ਜਿਨ੍ਹਾਂ ਨੂੰ ਡਾਂਗਾਂ
ਜਿੱਥੇ ਬਾਗ਼ੀ ਹੋਣ ਕਾਂਗਾਂ
ਜਿੱਥੇ ਸਿਦਕ ਦੇ ਸਾਗਰ 'ਚੋਂ
ਉੱਠੇ ਜਬਰ ਵਿਰੁੱਧ ਛੱਲ
ਡੋਲਣ ਸਾਡੇ ਭਲਕ, ਅੱਜ ਅਤੇ ਕੱਲ੍ਹ
ਉੱਠੇ ਤਾਂਘ ਸੱਥਰ ਵਿੱਚ ਸੌਣ ਦੀ
ਗਗਨ ਦਮਾਮੇ ਵੱਜਣ 'ਤੇ
ਗੀਤ ਪਿਆਸੇ ਗਾਉਣ ਦੀ
ਉੱਠ, ਉੱਠ, ਉੱਠ ਤੂੰ ਵੀਰ ਮੇਰੇ
ਉੱਠ ਵੀਰ ਮੇਰੇ
ਵੱਡੇ ਨੇ ਤੇਰੇ ਤੇ ਤੇਰੇ ਮਾਪਿਆਂ ਦੇ ਜ਼ੇਰੇ
ਉੱਠ, ਉੱਠ, ਉੱਠ
ਤੇ ਲਹਿਰਾ ਦੇ ਝੰਡਾ ਆਸ ਦਾ
ਨਿਆਂ ਦੀ ਤਲਾਸ਼ ਦਾ
ਇਸ ਤੋਂ ਪਹਿਲਾਂ
ਕਿ ਨੀਰ ਅੱਖ ਦਾ ਸੁੱਕ ਜਾਏ
ਸਿਆਹੀ ਕਲਮ ਦੀ ਮੁੱਕ ਜਾਏ
ਉੱਠ, ਉੱਠ, ਉੱਠ ਤੂੰ ਵੀਰ ਮੇਰੇ।

**- ਸਵਰਾਜਬੀਰ**

## ਇੱਕ ਸ਼ਹੀਦ ਦੀ ਗਾਥਾ

ਮੈਂ ਇੱਕ ਸ਼ਹੀਦ ਹਾਂ
ਸ਼ਹੀਦੀ ਨੂੰ ਹੋਏ ਚਾਰ ਸਾਲ

ਬਾਪ ਦਾ ਪਿਆਰਾ
ਲਾਡਲਾ ਮਾਂ ਦਾ, ਇੱਕੋ ਇਕ ਮੈਂ ਬਾਲ
ਬੇਜ਼ਮੀਨਾਂ ਘਰ ਵਿੱਚ ਗਰੀਬੀ
ਫੌਜ ਵਿੱਚ ਭਰਤੀ ਦਾ ਆਇਆ ਖਿਆਲ
ਪੱਕੀ ਡਿਊਟੀ, ਤਨਖਾਹ ਬੱਝਵੀਂ
ਤੋੜ ਦਊਂਗਾ ਤੰਗੀ ਦਾ ਜਾਲ
ਪਰਿਵਾਰ ਬਣੂ ਖੁਸ਼ਹਾਲ।

ਭਰਤੀ ਹੋਏ ਨੂੰ ਬੀਤੇ ਸੀ ਦੋ ਵੱਰੇ
ਵਿਆਹ ਹੋਇਆ ਪਰਮਿੰਦਰ ਕੌਰ ਨਾਲ
ਡਿਊਟੀ ਦਾ ਪੱਕਾ ਸਿੱਧਾ ਸਾਧਾ ਫੌਜੀ,
ਨਾ ਸਮਝਾਂ ਨੇਤਾਵਾਂ ਦੀ ਪੁੱਠੀ ਚਾਲ
ਤਿਰੰਗੇ ਨੂੰ ਉਚਾ ਰੱਖਣ ਖਾਤਿਰ
ਝੱਲੀ ਰਾਜਸਥਾਨ ਦੀ ਲੂ,
ਸਿਆਚਿੰਨ ਦਾ ਸਿਆਲ
ਅਚਾਨਕ ਇੱਕ ਦਿਨ ਉਪਰੋਂ ਹੁਕਮ
ਬਾਰਡਰ ਤੇ ਗੋਲੀ ਸਿੱਕਾ ਲਓ ਸੰਭਾਲ
ਭਲਾ ਇਹ ਜੰਗ ਕਿਉਂ ਲੱਗੀ
ਭੋਲੇ ਮਨ ਵਿੱਚ ਉਠੇ ਕਈ ਸਵਾਲ
ਦੇਸ਼ ਖਾਤਰ ਜਾਨ ਵਾਰਨ ਲਈ
ਖੜ ਗਿਆ ਸਾਂ ਬਣ ਕੇ ਦੇਸ਼ ਦੀ ਢਾਲ
ਆਪਣੇ ਦੇਸ਼ ਲਈ ਲੜਦਿਆਂ
ਵਿਖਾਈ ਬਹਾਦੁਰੀ ਬੇਮਿਸਾਲ
ਇੱਕ ਗੋਲਾ ਸਿੱਧਾ ਬੰਕਰ ਵਿੱਚ ਆ
ਬਣਿਆ ਸਾਡਾ ਕਾਲ
ਦੇਸ਼ ਦੇ ਲੋਕ ਹੋਏ ਨਿਹਾਲ
ਸ਼ਹੀਦ ਦਾ ਰੁਤਬਾ ਖੱਟ ਗਿਆ।

ਚਾਰ ਸਾਲਾਂ ਬਾਅਦ ਵੇਖਣ ਆਇਆਂ ਹਾਂ
ਮੇਰੀ ਦੇਸ਼ ਦੁਨੀਆਂ ਦਾ ਹਾਲ
ਦੇਸ਼ ਆਪਣੇ ਦੀ ਰਾਜਧਾਨੀ
ਸਜੀਆਂ ਸੜਕਾਂ ਫੁਲਾਂ ਨਾਲ,
ਹੋਈ ਪਈ ਸੀ ਕਮਾਲ
ਪਤਾ ਲੱਗਾ ਚੱਲਣ ਰਹੀ ਏ ਸ਼ਾਂਤੀ ਵਾਰਤਾ
ਦੋ ਦੇਸ਼ਾਂ ਦੇ ਨੇਤਾ ਬੈਠੇ ਇੱਕੋ ਹਾਲ
ਮਹਿਮਾਨ ਨਿਵਾਜੀ, ਹੱਸ ਹੱਸ ਗੱਲਾਂ ਕਰਦੇ
ਮਹਿਫਲ ਵਿੱਚ ਸੰਗੀਤ ਦੀ ਧਮਾਲ
ਜ਼ੁਬਾਨ ਜਿਹਨਾਂ ਦੀ ਸੀ ਅੱਗ ਉਗਲਦੀ
ਝੂਠੇ ਪ੍ਰਚਾਰ ਨੇ ਮਚਾਇਆ ਸੀ ਦੇਸ਼ ਵਿੱਚ ਬਵਾਲ
ਇਹ ਤਾਂ ਉਹੀ ਨੇ ਜਿਹਨਾਂ ਦੇ ਹੁਕਮਾਂ ਕਰਕੇ
ਮੁੱਕੇ ਕਈ ਮਾਈ ਦੇ ਲਾਲ
ਜੰਗ ਵਿੱਚ ਸ਼ਹੀਦ ਹੋਏ ਪੁੱਤ ਮਾਵਾਂ ਦੇ
ਏਹਨਾਂ ਦੇ ਚੇਹਰੇ ਤੇ ਨਹੀਂ ਕੋਈ ਮਲਾਲ
ਫੇਰ ਪਹੁੰਚਿਆ ਪਿੰਡ ਆਪਣੇ
ਉਹੀ ਸੜਕਾਂ, ਉਹੀ ਟੋਏ, ਸੱਭ ਦਾ ਮੰਦਾਹਾਲ
ਉਧਰ ਮੇਰੀ ਪੇਨਸ਼ਨ ਤੋਂ ਤਰਸੇ
ਬਾਪੂ ਬੇਬੇ ਤੇ ਘਰਵਾਲੀ ਹਾਲੋਂ ਬੇਹਾਲ
ਹਰ ਰਕਮ ਦੀ ਖਾਤਿਰ
ਚਾਂਦੀ ਦੀਆਂ ਜੁੱਤੀ ਰਹੇ ਸੀ ਭਾਲ
ਚਲ ਵੇਖਾਂ ਇੱਕ ਰੌਣਕ
ਲੋਕਾਂ ਨਾਲ ਭਰਿਆ ਪੰਡਾਲ
ਓਏ ਇਹ ਤਾਂ ਮੇਰਾ ਹੀ ਨਾਂ ਬੋਲਣ ਰਹੇ
ਨੇਤਾ ਬੋਲਦਾ ਪੂਰੇ ਜਾਹੋ ਜਲਾਲ
ਸ਼ਹੀਦੀ ਦਿਵਸ ਮੇਰਾ ਮਨਾਉਣ ਡਹੇ
ਸਟੇਜ ਤੇ ਬੈਠੇ ਪਿੰਡ ਦੇ ਟੁਚੇ, ਹੋ ਕੇ ਮਾਲੋ ਮਾਲ
ਮੇਰਾ ਟੱਬਰ ਘਰੇ ਭੁੱਖਾ ਬੈਠਾ
ਏਥੇ ਵਰਤਾਅ ਰਹੇ ਲੰਗਰਾਂ ਦੇ ਥਾਲ
ਮੇਰੀ ਸ਼ਹੀਦੀ ਦਾ ਮੁੱਲ ਵੱਟ ਰਹੇ
ਇਹ ਨਫਰਤਾਂ ਦੇ ਦਲਾਲ
ਮੈਂ ਕਿਸ ਖਾਤਿਰ ਸ਼ਹੀਦ ਹੋਇਆ ਸਾਂ
ਆਪਣਾ ਹੀ ਪਰਿਵਾਰ ਨਾ ਸਕਿਆ ਪਾਲ
ਸੱਚੇ ਰੱਬ ਨੂੰ ਕਰਦਾਂ ਦਿਲੋਂ ਅਰਦਾਸ
ਰਖੋ ਦੇਸ਼ ਨੂੰ ਖੁਸ਼ਹਾਲ
ਸੁਖ ਸ਼ਾਂਤੀ ਕਰੋ ਬਹਾਲ
ਮੇਰੇ ਵਰਗੇ ਰੁਲਦੇ ਦੇਸ਼ ਵਿਦੇਸ਼ ਵਿੱਚ ਲੱਖਾਂ
ਦਾਰਾ ਪੁਰੀਏ ਤਾਂ ਦਿੱਤੀ ਇੱਕ ਮਿਸਾਲ
ਮੈਂ ਇੱਕ ਸ਼ਹੀਦ ਹਾਂ
ਸ਼ਹੀਦੀ ਨੂੰ ਹੋਏ ਚਾਰ ਸਾਲ।



**-ਡਾ. ਕੇ.ਐਸ. ਦਾਰਾਪੁਰ**

## ਵਾਪਸੀ ਦਾ ਸੂਟਕੇਸ

ਘਰ ਵਿੱਚ ਵਾਧੂ।
ਪਰਦੇਸ ਵਿੱਚ ਪਰਾਇਆ।

ਇਹ ਦੋ ਸਤਰਾਂ ਨਹੀਂ—
ਇਹ ਅੱਜ ਦੇ ਪੰਜਾਬੀ ਪੁੱਤ ਦੀ
ਟੁੱਟੀ ਹੋਈ ਜਨਮ-ਕੁੰਡਲੀ ਹੈ।

ਜਨਮ-ਭੂਮੀ ਨੇ
ਉਸਨੂੰ ਮਾਂ-ਬੋਲੀ ਦਿੱਤੀ,
ਮਾਂ ਦੀਆਂ ਬਾਹਾਂ ਦਿੱਤੀਆਂ,
ਪਿੰਡ ਦੀਆਂ ਗਲੀਆਂ ਦਿੱਤੀਆਂ,
ਕਣਕ ਦੀ ਖੁਸ਼ਬੂ ਦਿੱਤੀ,
ਗੁਰਦੁਆਰੇ ਦਾ ਸ਼ਬਦ ਦਿੱਤਾ,
ਮੇਲਿਆਂ ਦਾ ਰੌਲਾ ਦਿੱਤਾ,
ਪੱਗ ਦਾ ਮਾਣ ਦਿੱਤਾ—

ਪਰ ਜਦ ਉਸਨੇ ਕਿਹਾ,
ਮਾਂ, ਹੁਣ ਮੈਂ ਜੀਣਾ ਹੈ;
ਜਨਮ-ਭੂਮੀ ਚੁੱਪ ਹੋ ਗਈ।

ਉਸ ਕੋਲ
ਉਸਦੀ ਡਿਗਰੀ ਲਈ ਕੰਮ ਨਹੀਂ ਸੀ।
ਉਸਦੀ ਅੱਖ ਲਈ ਆਕਾਸ਼ ਨਹੀਂ ਸੀ।
ਉਸਦੇ ਸੁਪਨੇ ਲਈ ਸੰਸਥਾ ਨਹੀਂ ਸੀ।
ਉਸਦੇ ਹੱਥ ਲਈ ਇੱਜ਼ਤ ਵਾਲਾ ਔਜ਼ਾਰ ਨਹੀਂ ਸੀ।

ਘਰ ਨੇ ਪੁੱਤ ਨੂੰ ਕਿਹਾ—
ਤੂੰ ਮੇਰਾ ਹੈਂ,
ਪਰ ਮੇਰੇ ਕੋਲ
ਤੇਰੇ ਲਈ ਭਵਿੱਖ ਨਹੀਂ।

ਅਤੇ ਪੁੱਤ
ਪਾਸਪੋਰਟ ਵਿਚ ਆਪਣੀ ਉਮਰ ਰੱਖ ਕੇ
ਘਰ ਤੋਂ ਨਿਕਲ ਗਿਆ।

ਹਵਾਈ ਅੱਡੇ ਉੱਤੇ
ਮਾਂ ਨੇ ਉਸਦਾ ਮੂੰਹ ਵੇਖਿਆ—
ਜਿਵੇਂ ਕੋਈ ਆਪਣਾ ਜਿਗਰ
ਦੁਨੀਆ ਦੇ ਡਾਕ-ਖਾਨੇ ਵਿਚ ਪਾ ਆਵੇ।

ਪਿਉ ਨੇ ਅੱਖ ਨਹੀਂ ਭਰੀ,
ਕਿਉਂਕਿ ਪਿਉ ਦੀਆਂ ਅੱਖਾਂ
ਘਰ ਦੀਆਂ ਕੰਧਾਂ ਹੁੰਦੀਆਂ ਹਨ—
ਉਹ ਢਹਿ ਜਾਣ
ਤਾਂ ਘਰ ਕੌਣ ਸੰਭਾਲੇ?

ਭੈਣ ਨੇ ਹੱਸ ਕੇ ਕਿਹਾ,
ਵੀਰੇ, ਜਲਦੀ ਆਈਂ;
ਪਰ ਉਸਦੀ ਖੁਸ਼ੀ ਹੇਠਾਂ
ਰੱਖੜੀ ਦਾ ਧਾਗਾ ਕੰਬ ਰਿਹਾ ਸੀ।

ਜਹਾਜ਼ ਉੱਡਿਆ।
ਥੱਲੇ ਪੰਜਾਬ ਰਹਿ ਗਿਆ—
ਮਾਂ ਦੀਆਂ ਅੱਖਾਂ ਵਿੱਚ
ਡੁੱਬਦਾ ਹੋਇਆ ਪਿੰਡ,
ਅਤੇ ਪਿੰਡ ਦੀਆਂ ਅੱਖਾਂ ਵਿੱਚ
ਉੱਡਦਾ ਹੋਇਆ ਪੁੱਤ।

ਉਸਨੇ ਸੋਚਿਆ—
ਉੱਥੇ ਕੰਮ ਹੋਵੇਗਾ,
ਸਿਸਟਮ ਹੋਵੇਗਾ,
ਕਾਨੂੰਨ ਹੋਵੇਗਾ,
ਰੋਟੀ ਹੋਵੇਗੀ,
ਡਾਲਰ ਹੋਵੇਗਾ,
ਇੱਜ਼ਤ ਹੋਵੇਗੀ।

ਸਭ ਕੁਝ ਸੀ।
ਪਰ ਘਰ ਨਹੀਂ ਸੀ।
ਉੱਥੇ ਸੜਕਾਂ ਸਾਫ਼ ਸਨ,
ਪਰ ਰੂਹ ਲਈ ਕੋਈ ਪਗਡੰਡੀ ਨਹੀਂ ਸੀ।

ਉੱਥੇ ਕਮਰਾ ਸੀ,
ਪਰ ਕਮਰੇ ਵਿਚ ਮਾਂ ਦੀ ਆਵਾਜ਼ ਨਹੀਂ ਸੀ।
ਉੱਥੇ ਬਿਸਤਰਾ ਸੀ,
ਪਰ ਨੀਂਦ ਵਿਚ ਪਿੰਡ ਦਾ ਅਸਮਾਨ ਨਹੀਂ ਸੀ।

ਉੱਥੇ ਕੰਮ ਸੀ,
ਪਰ ਕੰਮ ਤੋਂ ਬਾਅਦ
ਕਿਸੇ ਨੇ ਨਹੀਂ ਪੁੱਛਿਆ—
ਪੁੱਤ, ਰੋਟੀ ਖਾ ਲਈ

ਕਰਮ-ਭੂਮੀ ਨੇ ਕਿਹਾ—
ਤੇਰੇ ਹੱਥ ਚਾਹੀਦੇ ਹਨ,
ਤੇਰੀ ਜਵਾਨੀ ਚਾਹੀਦੀ ਹੈ,
ਤੇਰਾ ਟੈਕਸ ਚਾਹੀਦਾ ਹੈ,
ਤੇਰਾ ਸਮਾਂ ਚਾਹੀਦਾ ਹੈ—

ਪਰ ਤੇਰੀ ਰੂਹ?
ਉਹ ਤੇਰੀ ਆਪਣੀ ਸਮੱਸਿਆ ਹੈ।

ਹੁਣ ਉਹ
ਫੈਕਟਰੀ ਵਿੱਚ ਕੰਮ ਕਰਦਾ ਹੈ,
ਟਰੱਕ ਚਲਾਉਂਦਾ ਹੈ,
ਸਟੋਰ ਤੇ ਖੜ੍ਹਦਾ ਹੈ,
ਰਾਤ ਦੀ ਸ਼ਿਫਟ ਕਰਦਾ ਹੈ,
ਬਰਫ਼ ਵਿਚ ਤੁਰਦਾ ਹੈ,
ਬੇਸਮੈਂਟ ਵਿੱਚ ਸੌਂਦਾ ਹੈ,
ਵੀਡੀਓ ਕਾਲ ਤੇ ਹੱਸਦਾ ਹੈ।

ਮਾਂ ਪੁੱਛਦੀ ਹੈ—
ਪੁੱਤ, ਖੁਸ਼ ਹੈਂ ਨਾ?

ਉਹ ਕਹਿੰਦਾ ਹੈ—
ਹਾਂ ਮਾਂ, ਸਭ ਠੀਕ ਹੈ।

ਇਸ "ਸਭ ਠੀਕ ਹੈ" ਦੇ ਅੰਦਰ
ਕਿੰਨੇ ਪੰਜਾਬ ਰੋਂਦੇ ਹਨ—
ਕੋਈ ਨਹੀਂ ਸੁਣਦਾ।

ਉਸਦੇ ਕਮਰੇ ਵਿਚ
ਇਕ ਸੂਟਕੇਸ ਪਿਆ ਹੈ—
ਜਿਸ ਵਿਚ ਕੱਪੜਿਆਂ ਨਾਲੋਂ ਵੱਧ
ਵਾਪਸੀ ਰੱਖੀ ਹੈ।

ਪਰ ਵਾਪਸੀ ਹੁਣ
ਟਿਕਟ ਨਹੀਂ ਰਹੀ,
ਇਕ ਅਸੰਭਵ ਅਰਦਾਸ ਬਣ ਗਈ ਹੈ।

ਉਹ ਘਰ ਵਾਪਸ ਆਉਂਦਾ ਹੈ
ਤਾਂ ਮਹਿਮਾਨ ਵਾਂਗ ਆਉਂਦਾ ਹੈ।

ਉਸ ਲਈ ਨਵਾਂ ਬਿਸਤਰਾ ਵਿਛਦਾ ਹੈ,
ਲੋਕ ਮਿਲਣ ਆਉਂਦੇ ਹਨ,
ਬੱਚੇ ਡਾਲਰ ਵਾਲਾ ਚਾਚਾ ਕਹਿੰਦੇ ਹਨ,
ਪਿੰਡ ਉਸਨੂੰ ਕਾਮਯਾਬ ਮੰਨਦਾ ਹੈ।

ਪਰ ਉਹ ਜਾਣਦਾ ਹੈ—
ਉਹ ਹੁਣ ਪੂਰਾ ਘਰ ਦਾ ਵੀ ਨਹੀਂ ਰਿਹਾ।

ਜਿਸ ਗਲੀ ਨੇ ਉਸਨੂੰ ਤੁਰਨਾ ਸਿਖਾਇਆ ਸੀ,
ਉਹ ਹੁਣ ਉਸਨੂੰ ਵੇਖ ਕੇ ਪੁੱਛਦੀ ਹੈ—
ਕਿੰਨੇ ਦਿਨ ਲਈ ਆਇਆ?

ਇਹ ਸਵਾਲ ਨਹੀਂ,
ਇਹ ਫੈਸਲਾ ਹੈ।
ਹੁਣ ਉਸਦਾ ਘਰ ਵੀ
ਉਸਨੂੰ ਮਹਿਮਾਨ ਕਹਿਣ ਲੱਗਾ ਹੈ।

ਅਤੇ ਪਰਦੇਸ?
ਪਰਦੇਸ ਉਸਨੂੰ ਕਦੇ ਆਪਣਾ ਨਹੀਂ ਕਹਿੰਦਾ।

ਉਹ ਦੋ ਧਰਤੀਆਂ ਦੇ ਵਿਚਕਾਰ
ਲਟਕਿਆ ਹੋਇਆ ਮਨੁੱਖ ਹੈ—

ਇੱਕ ਧਰਤੀ ਕਹਿੰਦੀ ਹੈ:
ਮੈਂ ਤੈਨੂੰ ਜਨਮ ਦਿੱਤਾ,
ਪਰ ਰੋਜ਼ਗਾਰ ਨਹੀਂ ਦੇ ਸਕੀ।

ਦੂਜੀ ਧਰਤੀ ਕਹਿੰਦੀ ਹੈ:
ਮੈਂ ਤੈਨੂੰ ਰੋਜ਼ਗਾਰ ਦਿੱਤਾ,
ਪਰ ਜਨਮ ਨਹੀਂ ਦੇ ਸਕਦੀ।

ਇਸ ਲਈ ਉਹ
ਦੋ ਅਧੂਰੀਆਂ ਮਾਵਾਂ ਦੇ ਵਿਚਕਾਰ
ਆਪਣਾ ਪੂਰਾ ਨਾਮ ਲੱਭ ਰਿਹਾ ਹੈ।

ਘਰ ਵਿੱਚ ਵਾਧੂ।
ਪਰਦੇਸ ਵਿੱਚ ਪਰਾਇਆ।

ਇਹ ਸਿਰਫ਼ ਪੰਜਾਬ ਦੀ ਗੱਲ ਨਹੀਂ—
ਇਹ ਮਨੁੱਖ ਦੇ ਨਵੇਂ ਯੁਗ ਦੀ
ਸਭ ਤੋਂ ਵੱਡੀ ਤ੍ਰਾਸਦੀ ਹੈ।

ਮਾਰਕਿਟ ਨੇ
ਘਰ ਨੂੰ ਰੋਜ਼ਗਾਰ-ਰਹਿਤ ਕਰ ਦਿੱਤਾ,
ਅਤੇ ਰੋਜ਼ਗਾਰ ਨੂੰ ਘਰ-ਰਹਿਤ।

ਫਿਰ ਵੀ ਉਹ ਟੁੱਟਦਾ ਨਹੀਂ।
ਉਹ ਆਪਣੇ ਅੰਦਰ
ਇਕ ਛੋਟਾ ਜਿਹਾ ਪੰਜਾਬ ਬਚਾ ਕੇ ਰੱਖਦਾ ਹੈ—

ਮਾਂ ਦੀ ਆਵਾਜ਼ ਵਿੱਚ,
ਪਿਉ ਦੀ ਚੁੱਪ ਵਿੱਚ,
ਗੁਰਬਾਣੀ ਦੀ ਇਕ ਤੁਕ ਵਿੱਚ,
ਲੰਗਰ ਦੀ ਰੋਟੀ ਵਿੱਚ,
ਟਰੱਕ ਦੇ ਕੈਬਿਨ ਅੰਦਰ ਵੱਜਦੇ ਗੀਤ ਵਿੱਚ,
ਬਰਫ਼ ਵਿੱਚ ਖੜ੍ਹੇ ਸਰੋਂ ਦੇ ਸੁਪਨੇ ਵਿੱਚ,
ਅਤੇ ਉਸ ਬੱਚੇ ਦੇ ਨਾਂ ਵਿੱਚ
ਜਿਸਨੂੰ ਉਹ ਅਜੇ ਵੀ
ਪੰਜਾਬੀ ਰੱਖਣਾ ਚਾਹੁੰਦਾ ਹੈ।

ਉਹ ਜਾਣਦਾ ਹੈ—
ਜੇ ਮਾਂ-ਬੋਲੀ ਬਚ ਗਈ,
ਤਾਂ ਘਰ ਪੂਰਾ ਨਹੀਂ ਮਰੇਗਾ।
ਜੇ ਘਰ ਦੀ ਯਾਦ ਬਚ ਗਈ,
ਤਾਂ ਮਨੁੱਖ ਪੂਰਾ ਮਸ਼ੀਨ ਨਹੀਂ ਬਣੇਗਾ।

ਜੇ ਪੁੱਤ
ਆਪਣੇ ਅੰਦਰ ਦਾ ਪਿੰਡ
ਬਚਾ ਕੇ ਰੱਖ ਲਵੇ,
ਤਾਂ ਪਰਦੇਸ ਵੀ ਇਕ ਦਿਨ
ਥੋੜ੍ਹਾ ਜਿਹਾ ਘਰ ਹੋ ਸਕਦਾ ਹੈ।

ਪਰ ਇਹ ਆਸ ਆਸਾਨ ਨਹੀਂ।
ਇਸ ਆਸ ਦੇ ਹੇਠਾਂ
ਅਜੇ ਵੀ ਉਹੀ ਦੋ ਸਤਰਾਂ ਸੜਦੀਆਂ ਹਨ—

ਘਰ ਵਿੱਚ ਵਾਧੂ।
ਪਰਦੇਸ ਵਿੱਚ ਪਰਾਇਆ।

ਅਤੇ ਇਨ੍ਹਾਂ ਦੋ ਸਤਰਾਂ ਦੇ ਵਿਚਕਾਰ
ਸਾਰਾ ਪੰਜਾਬ ਖੜ੍ਹਾ ਹੈ—
ਇਕ ਹੱਥ ਵਿੱਚ ਪਾਸਪੋਰਟ,
ਦੂਜੇ ਹੱਥ ਵਿੱਚ ਮਿੱਟੀ,
ਅੱਖਾਂ ਵਿੱਚ ਡਾਲਰ ਦਾ ਸੁਪਨਾ,
ਛਾਤੀ ਵਿੱਚ ਮਾਂ ਦੀ ਆਵਾਜ਼,
ਪੈਰਾਂ ਹੇਠ ਬਰਫ਼,
ਅੰਦਰ ਸਰੋਂ ਦਾ ਖੇਤ।

ਉਹ ਤੁਰ ਰਿਹਾ ਹੈ।
ਸ਼ਾਇਦ ਉਸ ਘਰ ਵੱਲ
ਜੋ ਅਜੇ ਬਣਨਾ ਹੈ।

ਜਿੱਥੇ ਉਹ
ਘਰ ਵਿੱਚ ਵਾਧੂ ਨਹੀਂ ਹੋਵੇਗਾ,
ਅਤੇ ਪਰਦੇਸ ਵਿੱਚ ਪਰਾਇਆ ਨਹੀਂ।


ਜਿੱਥੇ ਮਨੁੱਖ
ਧਰਤੀ ਦਾ ਪੁੱਤ ਹੋਵੇਗਾ—
ਮਾਰਕਿਟ ਦਾ ਸਪੇਅਰ ਪਾਰਟ ਨਹੀਂ।

ਉਸ ਦਿਨ
ਪੰਜਾਬ ਵਾਪਸ ਨਹੀਂ ਆਵੇਗਾ।
ਪੰਜਾਬ
ਦੁਨੀਆ ਵਿੱਚ ਨਵਾਂ ਘਰ ਬਣਾਵੇਗਾ।

**-ਅਮਰਜੀਤ ਗਰੇਵਾਲ**

**ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ ਸਿੰਘ 403-455-4220,**
**ਟੋਰਾਂਟੋ : ਹਰਬੰਸ ਸਿੰਘ 416-817-7142,**
**ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

# ਗੰਧਲੇ ਪਾਣੀਆਂ 'ਚ ਤਰੰਗ ਛੇੜ ਗਏ ਸਵਰਨ ਭੰਗੂ ਦਾ ਵਿਛੋੜਾ ਤੇ ਵਸੀਅਤ



-ਅਮੋਲਕ ਸਿੰਘ
98778-68710

ਅਜੋਕੇ ਗੰਧਲੇ ਸਮਾਜੀ ਮੌਸਮ ਵਿੱਚ ਵੀ ਜੋ ਸ਼ਖ਼ਸੀਅਤਾਂ ਮਾਨਵਤਾ, ਕੁਦਰਤ, ਸਮਾਜਿਕ ਸਰੋਕਾਰਾਂ, ਸਮਾਜ ਦੇ ਬਾਲਾਂ ਅਤੇ ਜਵਾਨੀ ਦੇ ਬੌਧਿਕ ਵਿਕਾਸ ਦਾ ਵਿਸ਼ੇਸ਼ ਧਿਆਨ ਰੱਖ ਕੇ ਸਫ਼ਰ ਤੇ ਰਹਿੰਦੀਆਂ ਹਨ, ਜਿਨ੍ਹਾਂ ਦੀਆਂ ਪੈੜਾਂ ਕਿਸੇ ਭੀੜ ਚ ਨਹੀਂ ਗੁਵਾਚਦੀਆਂ, ਜਿਹੜੇ ਆਪਣਾ ਵਿਲੱਖਣ ਸਿਰਨਾਵਾਂ ਸਮੇਂ ਦੇ ਮੱਥੇ ਤੇ ਉਕਰ ਜਾਂਦੇ ਨੇ ਅਜਿਹੀਆਂ ਸ਼ਖਸੀਅਤਾਂ ਵਿਸ਼ੇਸ਼ ਸਤਿਕਾਰ ਦੀਆਂ ਪਾਤਰ ਹੋਇਆ ਕਰਦੀਆਂ ਨੇ।

ਚੰਦ ਦਿਨ ਪਹਿਲਾਂ ਸਾਥੋਂ ਵਿਛੜੇ ਸਵਰਨ ਸਿੰਘ ਭੰਗੂ, ਵਿਦਿਅਕ, ਸਮਾਜਕ, ਸਾਹਿਤਕ, ਤਰਕਸ਼ੀਲ, ਜਮਹੂਰੀ, ਲੋਕ-ਪੱਖੀ ਅਤੇ ਅਗਾਂਹ-ਵਧੂ ਕਾਫ਼ਲੇ ਦੀ ਅਜਿਹੀ ਸ਼ਖ਼ਸੀਅਤ ਹੈ ਜਿਸ ਦੀ ਸਮਾਜ ਅੰਦਰ ਮਾਣ-ਮੱਤੀ ਨਿਵੇਕਲੀ ਪਹਿਚਾਣ ਹੈ। ਸਵਰਨ ਭੰਗੂ ਸਾਡੇ ਕੋਲੋਂ ਉਸ ਕੁਵੇਲੇ ਵਿਦਾ ਹੋਏ ਹਨ ਜਦੋਂ ਸਮਾਂ ਸਵਰਨ ਵਰਗਿਆਂ ਦੇ ਲੰਮੇਰੇ ਕਾਫ਼ਲੇ ਦੀ ਮੰਗ ਕਰਦਾ ਹੈ।

ਲੋਕਾਂ ਦਾ ਦਰਦੀ, ਵਿਗਿਆਨਕ ਸੋਚ ਨੂੰ ਪ੍ਰਣਾਇਆ ਅਤੇ ਸੁਹਾਵਣੀ ਬਸੰਤ ਰੁੱਤ ਦਾ ਚਾਹਵਾਨ ਸਵਰਨ ਉਹਨਾਂ ਨਾਜ਼ੁਕ ਮੋੜਾਂ ਤੇ ਸਦੀਵੀ ਵਿਛੋੜਾ ਦੇ ਗਿਆ ਜਦੋਂ ਸਮਾਂ ਇਹ ਤਿੱਖੀ ਚੁਣੌਤੀ ਲੈ ਕੇ ਆ ਰਿਹਾ ਹੈ ਕਿ ਬੰਦੇ ਨੂੰ ਬੰਦਾ ਨਹੀਂ, ਕਲ ਪੁਰਜਾ ਅਤੇ ਬਾਜ਼ਾਰ ਵਿਕੇਂਦੀ ਵਸਤ ਬਣਾ ਕੇ ਛੱਡਣਾ ਹੈ। ਅਜੋਕੀ ਵਿਵਸਥਾ ਦਾ ਨਿਸ਼ਾਨਾ ਸੰਵੇਦਨਹੀਣਤਾ, ਆਪਣੇ ਹੀ ਸੰਸਾਰ ਵਿੱਚ ਜਿਉਣ ਮਰਨ ਤੱਕ ਮਹਿਦੂਦ ਕਰਕੇ ਦਮ ਘੁੱਟਵੇਂ ਵਾਤਾਵਰਣ ਵਿੱਚ ਸੰਵੇਦਨਸ਼ੀਲ ਵਿਅਕਤੀਆਂ ਨੂੰ ਕਿਸ਼ਤਾਂ ਵਿਚ ਮਾਰ ਮੁਕਾਉਣਾ ਹੈ। ਆਪਣੀ ਮੌਤ ਆਪੇ ਸਹੇੜਨ ਦਾ ਜ਼ਿੰਮੇਵਾਰ ਵੀ ਲੋਕਾਂ ਨੂੰ ਹੀ ਸਾਬਤ ਕਰਨ ਵਾਲਾ ਵਾਤਾਵਰਣ ਸਿਰਜਣਾ ਹੈ। ਅਜਿਹੇ ਕੁਲੈਹਣੇ ਸਮੇਂ ਵੀ ਸ਼ਾਤਰ ਸ਼ਿਕਾਰੀਆਂ ਦੇ ਜਾਲ ਵਿੱਚੋਂ ਪਰਵਾਜ਼ ਭਰਨ ਲਈ ਤਾਂਘਦੇ ਲੋਕਾਂ ਦੀ ਪਾਲ 'ਚ ਰਹਿਣ ਵਾਲਿਆਂ ਦੇ ਕਾਫ਼ਲੇ ਦਾ ਸੰਗੀ ਸਾਥੀ ਬਣ ਕੇ ਰਿਹਾ ਹੈ,ਸਾਡਾ ਸਵਰਨ ਸਿੰਘ ਭੰਗੂ।

ਦੁਨੀਆਂ ਭਰ ਦੇ ਸਮਾਜ ਸ਼ਾਸਤਰੀਆਂ, ਸਿੱਖਿਆ ਸ਼ਾਸਤਰੀਆਂ, ਵਿਗਿਆਨੀਆਂ, ਤਰਕਸ਼ੀਲਾਂ ਦੀ ਅਦੁੱਤੀ ਦੇਣ ਨੂੰ ਪੂਰੇ ਅਦਬ ਨਾਲ ਆਪਣੀ ਜੀਵਨਸ਼ੈਲੀ ਵਿਚ ਅਪਣਾਉਂਦਿਆਂ ਸਵਰਨ ਭੰਗੂ ਨੇ ਵਿਸ਼ੇਸ਼ ਤੌਰ ਤੇ ਸਿਖਿਆਰਥੀਆਂ ਨੂੰ ਜ਼ਿੰਦਗੀ ਦੀ ਉਚੇਰੀ ਪਰਵਾਜ਼ ਭਰਨ ਲਈ ਪ੍ਰੇਰਿਤ ਕੀਤਾ ਹੈ। ਉਹ ਸਮਾਜਿਕ ਮੁਰਦੇ ਹਾਣੀ ਦੇ ਖੜੋਤੇ ਗੰਧਲੇ ਪਾਣੀਆਂ 'ਚ ਤਰੰਗਾਂ ਛੇੜਨ ਲਈ ਸਦਾ ਹੀ ਯਤਨਸ਼ੀਲ ਰਿਹਾ। ਉਸਨੇ 'ਮੇਰੀ ਆਵਾਜ਼ ਸੁਣੋ' 'ਚੰਗੇ ਵਿਦਿਆਰਥੀ ਦੀ ਸਿਰਜਣਾ' ਵਰਗੀਆਂ ਖ਼ੂਬਸੂਰਤ ਕਿਤਾਬਾਂ ਸਾਡੇ ਲੋਕਾਂ ਦੀ ਝੋਲੀ ਪਾਈਆਂ ਹਨ। ਉਹ ਵਿਸ਼ੇਸ਼ ਤੌਰ ਤੇ ਜਿੱਥੇ ਪੁੰਗਰਦੀ ਪਨੀਰੀ ਨੂੰ ਵਿਗਿਆਨ, ਸਾਹਿਤ, ਰੰਗ ਮੰਚ ਅਤੇ ਵਿਦਿਅਕ ਖੇਤਰ ਅੰਦਰ ਮੱਲਾਂ ਮਾਰਨ ਲਈ ਪ੍ਰੇਰਦੇ ਰਹੇ ਉਥੇ ਸਮਾਜ ਦੇ ਬੁਰੀ ਤਰ੍ਹਾਂ ਹਾਸ਼ੀਏ ਤੋਂ ਵੀ ਬਾਹਰ ਧੱਕੇ ਗਏ ਦੱਬੇ ਕੁਚਲੇ ਲੋਕਾਂ ਦੇ, ਆਰਥਿਕ ਤੰਗੀਆਂ ਦੇ ਝੰਬੇ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਸੂਰਜਾਂ ਦੇ ਹਮ ਸਫ਼ਰ ਬਣਾਉਣ ਲਈ ਸਦਾ ਹੀ ਤਤਪਰ ਰਹੇ।

ਉਹ ਹਾਲੇ ਪਿਛਲੇ ਦਿਨੀਂ 9 ਮਈ ਨੂੰ ਲੜਕੀਆਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਰਾਲਾ ਵਿਖੇ ਇੱਕ ਸਮਾਗਮ ਮੌਕੇ ਮੇਰੇ ਨਾਲ ਮੰਚ 'ਤੇ ਰਹੇ। ਇਸ ਮੌਕੇ ਗੁਰਪ੍ਰੀਤ ਗੋਪਨ ਨੇ ਬੁੱਧੀਜੀਵੀ ਨਾਟਕ ਖੇਡਿਆ। ਅਸੀਂ ਦੋਹਾਂ ਨੇ ਭਰੇ ਪੰਡਾਲ ਨੂੰ ਸੰਬੋਧਨ ਕਰਦਿਆਂ ਕਿਹਾ ਕਿ, 'ਹਨੇਰਾ ਮੂੰਹ ਜ਼ੋਰ ਹੈ, ਆਪਾਂ ਜੋ ਦੌੜ, ਦੌੜ ਰਹੇ ਹਾਂ ਉਹ ਰਾਹ ਚਾਨਣ ਦੀ ਦੁਨੀਆ ਵੱਲ ਨਹੀਂ ਜਾਂਦਾ। ਉਸ ਲਈ ਇਕ ਵੱਖਰਾ ਸਿਲੇਬਸ, ਵੱਖਰਾ ਰਾਹ ਲੋੜੀਂਦਾ ਹੈ। ਉਸ ਲਈ ਇਕ ਵੱਖਰੀ ਯੂਨੀਵਰਸਟੀ ਵਿੱਚ ਦਾਖਲਾ ਲੈਣਾ ਲੋੜੀਂਦਾ ਹੈ। ਉਸ ਦਿਨ ਸਵਰਨ ਭੰਗੂ ਨੇ ਮੈਨੂੰ ਬੁਲਾਵਾ ਦਿੱਤਾ ਕਿ, 'ਸਾਡੇ ਬਸੀ ਗੁੱਜਰਾਂ ਵਿਦਿਅਕ ਅਦਾਰੇ ਵਿੱਚ ਤੂੰ ਸਮਾਂ ਕੱਢ ਕੇ ਬੋਲਣ ਜ਼ਰੂਰ ਆਉਣਾ ਨਾਲ ਹੀ ਉਸਨੇ ਮਿੱਠੀ ਚਿਤਾਵਨੀ ਵੀ ਦਿੱਤੀ ਕਿ ਤੁਹਾਡੇ ਰੁਝੇਵੇ ਬਹੁਤ ਰਹਿੰਦੇ ਨੇ ਵੇਖੀਂ ਕਿਤੇ ਅਜਿਹਾ ਨਾ ਹੋਵੇ ਕਿ ਤੂੰ ਮੇਰੇ ਸ਼ਰਧਾਂਜਲੀ ਸਮਾਗਮ ਤੇ ਹੀ ਆਵੇ!'

ਇਹ ਬੋਲ ਅਤੇ ਇਹ ਪੀੜਾ ਸਦਾ ਹੀ ਮੇਰੇ ਸਾਹਾਂ ਦੇ ਨਾਲ ਧੜਕਦੇ ਰਹਿਣਗੇ। ਕਿਉਂਕਿ ਆਖ਼ਰ ਇੱਕ ਮਹੀਨੇ ਦੇ ਅੰਦਰ ਅੰਦਰ ਹੀ ਉਹ ਦਿਨ ਆ ਗਿਆ ਜਦੋਂ ਸਾਥੀ ਦੇ ਵਿਛੋੜੇ ਤੇ ਸੇਜ਼ਲ ਨੈਣਾਂ ਨਾਲ ਸਿਜਦਾ ਕਰਨ ਜਾਣਾ ਪਿਆ।

ਆਖ਼ਰ ਥੋੜ੍ਹੇ ਦਿਨਾਂ ਬਾਅਦ ਹੀ ਇਹ ਦਿਨ ਆ ਗਿਆ ਜਦੋਂ ਸਵਰਨ ਭੰਗੂ ਦੀ ਜਿਸਮਾਨੀ ਤੌਰ ਤੇ ਅੰਤਿਮ ਵਿਦਾਇਗੀ ਅਤੇ ਉਸਦੇ ਜੀਵਨ ਸਫ਼ਰ ਸਬੰਧੀ ਵਿਚਾਰਾਂ ਕਰਨ ਲਈ ਹੋ ਰਹੇ ਸਮਾਗਮ ਤੇ ਜੁੜਨਾ ਪਿਆ।

ਗਲਿਆ ਸੜਿਆ ਗੰਦੇ ਨਾਲੇ ਦਾ ਰੂਪ ਧਾਰ ਗਿਆ ਅਜੋਕਾ ਆਰਥਿਕ ਸਮਾਜਿਕ ਅਤੇ ਰਾਜਨੀਤਕ ਪ੍ਰਬੰਧ ਸਾਡੇ ਸਵਰਨ ਭੰਗੂ ਨੂੰ ਨਿਗਲ ਗਿਆ। ਉਸਦੇ ਬੋਲ ਸਦਾ ਹੀ ਕੰਨਾਂ ਵਿੱਚ ਗੂੰਜਦੇ ਰਹਿਣਗੇ ਕਿ ਜਦੋਂ ਕਦੀ ਵੀ ਤੁਹਾਨੂੰ ਆਪਣੇ ਪਿਆਰੇ ਬੁਲਾਉਣ ਤਾਂ ਕੋਸ਼ਿਸ਼ ਕਰੋ ਕਿ ਜਿੰਨੀ ਜਲਦੀ ਹੋ ਸਕੇ ਉਹਨਾਂ ਦੇ ਰੂਬਰੂ ਹੋਣ ਦਾ ਯਤਨ ਕਰੋ। ਜਿਉਂਦੇ ਜੀਅ ਹੀ ਲੋਕਾਂ ਨੂੰ ਮੋਇਆਂ ਬਰਾਬਰ ਕਰ ਰਹੇ ਨਿਜ਼ਾਮ ਦੀਆਂ ਬੁਰੀਆਂ ਬਲਾਵਾਂ ਨਾ ਜਾਣੇ ਕਦੋਂ ਤੁਹਾਡੇ ਪਿਆਰਿਆਂ ਉੱਤੇ ਝਪਟ ਪੈਣ।

ਜਿਸ ਦਿਨ ਸਵਰਨ ਸਦਾ ਲਈ ਅਲਵਿਦਾ ਕਹਿ ਗਿਆ ਉਸ ਦਿਨ ਆਪਣੇ ਵਿਦਿਆਰਥੀਆਂ ਲਈ ਬਹੁਤ ਸਾਰੇ ਸਿਲੇਬਸ ਦਾ ਚਾਨਣ ਵੰਡਣ ਵਾਸਤੇ ਫੋਟੋ ਸਟੇਟ ਕਰਾਉਣ ਗਿਆ ਸੀ ਜਿਸਨੂੰ ਚੰਦਰੇ ਹਨੇਰੇ ਨੇ ਨਿਗਲ ਲਿਆ।

ਉਹ ਸਾਡੇ ਲਈ ਬਹੁਤ ਪਹਿਲਾਂ ਹੀ ਅੱਠ ਸਤੰਬਰ 2023 ਨੂੰ ਲਿਖੀ ਆਪਣੀ ਵਸੀਅਤ ਛੱਡ ਗਏ। ਕੁਝ ਲੋਕਾਂ ਦੀ ਜਾਇਦਾਦ ਕਦੇ ਵੀ ਜਰੀਬਾਂ ਦੇ ਨਾਲ ਜਾਂ ਏ.ਟੀ.ਐਮ. ਦੇ ਵਿੱਚ ਪਏ ਨੋਟਾਂ ਦੀਆਂ ਗੁੱਥੀਆਂ ਨਾਲ ਨਹੀਂ ਨਾਪੀ ਜਾਂਦੀ ਉਹਨਾਂ ਦੀ ਜਾਇਦਾਦ ਉਹਨਾਂ ਦੇ ਅੱਖਰਾਂ ਦੀ ਵਰਣ ਮਾਲਾ, ਉਹਨਾਂ ਦੇ ਸੁਪਨਿਆਂ ਦੀ ਚੰਨ ਚਾਨਣੀ ਰਾਤ ਵਿੱਚੋਂ ਵੇਖਣੀ ਪੈਂਦੀ ਹੈ। ਕਿੰਨੀਆਂ ਹੀ ਖ਼ੂਬਸੂਰਤ ਗੱਲਾਂ ਤਿੰਨ ਵਰੇ ਪਹਿਲਾਂ ਹੀ ਆਪਣੇ ਸਵੈ-ਅਨੁਭਵ ਦੇ ਸਹਾਰੇ ਕਾਗਜ਼ ਤੇ ਉਤਾਰ ਜਾਣਾ ਤੇ ਆਪਣੇ ਲੋਕਾਂ ਦੇ ਨਾਮ ਵਸੀਅਤ ਛੱਡ ਜਾਣਾ ਪੜ੍ਹਿਆਂ ਹੀ ਪਤਾ ਲੱਗਦਾ ਹੈ ਕਿ ਅਸੀਂ ਕਿਹੋ ਜਿਹਾ ਅਨਮੋਲ ਹੀਰਾ ਗੁਆ ਲਿਆ।

**ਸਵਰਨ ਭੰਗੂ ਦੀ ਜੀਵਨ ਸਾਥਣ ਗੁਰਪ੍ਰੀਤ ਭੰਗੂ ਜੋ ਲੰਮਾ ਸਮਾਂ**

ਗੁਰਸ਼ਰਨ ਭਾਅ ਜੀ ਦੇ ਲਾਏ ਬੂਟੇ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਸੂਬਾ ਕਮੇਟੀ ਮੈਂਬਰ ਰਹੇ। ਪਲਸ ਮੰਚ ਦੇ ਸੂਬਾਈ ਸਮਾਗਮਾਂ, ਗਦਰੀ ਬਾਬਿਆਂ ਦੇ ਮੇਲੇ ਅਤੇ ਇਸ ਮੇਲੇ ਮੌਕੇ ਹੋਣ ਵਾਲੇ ਸੰਗੀਤ ਨਾਟ ਓਪੇਰੇ ਝੰਡੇ ਦੇ ਗੀਤ ਅਤੇ ਨਾਟਕਾਂ ਵਿੱਚ ਸ਼ੁਮਾਰ ਰਹੇ ਹਨ। ਗੁਰਪ੍ਰੀਤ ਦਾ ਕਹਿਣਾ ਹੈ ਕਿ ਸਵਰਨ ਭੰਗੂ ਦੇ ਵਿਛੋੜੇ ਦਾ ਸੱਲ ਭਾਵੇਂ ਬੇਹੱਦ ਗਹਿਰਾ ਅਤੇ ਪੀੜਾਦਾਇਕ ਹੈ ਪਰ ਉਸਦਾ ਆਦਰਸ਼ਕ ਜੀਵਨ ਸਾਥੋਂ ਆਸ ਕਰਦਾ ਹੈ ਕਿ ਅਜੇਹੇ ਸਮਿਆਂ ਅੰਦਰ ਵੀ ਜੀਣਾ ਹੋਏਗਾ। ਆਪਣੇ ਸਫ਼ਰ ਤੇ ਤੁਰਨਾ ਹੋਏਗਾ। ਸਵਰਨ ਭੰਗੂ ਦੇ ਵਿਗਿਆਨਕ ਵਿਚਾਰਾਂ ਦੀ ਮਸ਼ਾਲ ਲੈ ਕੇ ਹੋਰ ਵੀ ਸਿਰੜ ਨਾਲ ਆਪਣੇ ਲੋਕਾਂ ਨੂੰ ਜਾਗਰੂਕ ਕਰਨ ਲਈ ਤੁਰਨਾ ਹੋਏਗਾ।

ਸਵਰਨ ਭੰਗੂ ਅਤੇ ਗੁਰਪ੍ਰੀਤ ਭੰਗੂ ਦਾ ਸਪੁੱਤਰ ਬਾਗੀ ਭੰਗੂ ਆਪਣੇ ਬਾਬਲ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਿਜਦਾ ਕਰਦੇ ਹੋਏ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਾਫ ਸ਼ਬਦਾਂ ਵਿੱਚ ਕਹਿੰਦਾ ਸੁਣਿਆ ਗਿਆ ਕਿ, 'ਮੇਰੇ ਬਾਪ ਨੂੰ ਇਸ ਗੰਦੇ ਨਿਜ਼ਾਮ ਦੇ ਨਾਲੇ ਨੇ ਸਾਥੋਂ ਖੋਹ ਲਿਆ। ਸਾਡਾ ਫਰਜ਼ ਹੈ ਕਿ ਅਜੇਹੇ ਨਾਲੇ ਨੂੰ ਪੂਰਨ ਲਈ ਪੂਰੀ ਵਾਹ ਲਾਈਏ ਤਾਂ ਜੋ ਹੋਰ ਕੋਈ ਵੀ ਧਰਤੀ ਦਾ ਲਾਲ ਇਸ ਆਰਥਿਕ ਸਮਾਜਿਕ ਨਾਲੇ ਦਾ ਸ਼ਿਕਾਰ ਨਾ ਹੋਵੇ। ਇਹ ਨਾਲਾ ਕਿਸੇ ਪਾਣੀਆਂ ਦਾ ਹੀ ਨਹੀਂ ਇਹ ਸਾਡੇ ਆਰਥਿਕ ਸਮਾਜਿਕ ਤੇ ਬੋਅ ਮਾਰਦੇ ਨਿਜ਼ਾਮ ਦੇ ਰਖੈਲਾਂ ਦੀ ਉਤਪਤੀ ਹੈ ਇਸ ਨੂੰ ਜਿੰਨੀ ਜਲਦੀ ਅਸੀਂ ਸਮਝ ਲਵਾਂਗੇ ਓਨਾ ਹੀ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਵਿੱਚ ਡੁੱਬਣ ਤੋਂ ਬਚਾ ਲਵਾਂਗੇ।

ਪਰਿਵਾਰ ਅਤੇ ਡਾ. ਕੁਲਦੀਪ



ਪਟਿਆਲਾ ਰਾਹੀਂ ਪ੍ਰਾਪਤ ਸਵਰਨ ਸਿੰਘ ਭੰਗੂ ਦੀ ਵਸੀਅਤ ਦੇ ਵਿੱਚੀ ਗੁਜਰਦਿਆਂ ਅਸੀਂ ਗਹਿਰੇ ਅਨੁਭਵ ਅਤੇ ਅਧਿਐਨ ਨਾਲ ਉਸ ਸ਼ਖਸੀਅਤ ਦੇ ਮਨ ਮਸਤਕ ਦੀ ਕਿਤਾਬ ਨੂੰ ਪੜ੍ਹ ਸਕਦੇ ਹਾਂ ਉਹ ਆਪਣੀ ਵਸੀਅਤ ਵਿੱਚ ਲਿਖਦੇ ਹਨ :

'ਮੈਨੂੰ ਆਪਣੇ ਨਾਲ ਹੀ ਨਹੀਂ ਸਗੋਂ ਧਰਤੀ ਦੇ ਜੀਵਨ ਨਾਲ ਬਹੁਤ ਹੀ ਮੋਹ ਹੈ। ਕੁਦਰਤ ਦੀ ਕਰੋੜਾਂ ਵਰ੍ਹਿਆਂ ਦੀ ਸਿਰਜਣਾ ਨੂੰ ਮੈਂ ਸਿਦਤ ਨਾਲ ਮਹਿਸੂਸ ਕਰਦਾ ਹਾਂ। ਇਸ ਧਰਤੀ ਤੇ ਹਰੇਕ ਨੂੰ ਕੁਦਰਤੀ ਉਮਰ ਤੱਕ ਜੀਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਮੈਂ ਜਦੋਂ ਵੀ ਮਨੁੱਖੀ ਜੀਵਨ ਉਮਰੋਂ ਪਹਿਲਾਂ ਹੀ ਖੋਹੇ ਜਾਣ ਬਾਰੇ ਕਦੇ ਪੜਿਆ ਸੁਣਿਆਂ, ਮੈਂ ਟੁੱਟਦਾ ਰਿਹਾ ਹਾਂ। ਇਸ ਧਰਤੀ ਦੇ ਨਾਇਕ ਨੁਮਾਂ ਲੋਕਾਂ, ਦੇਸ਼ ਭਗਤਾਂ, ਸ਼ਹੀਦਾਂ, ਵਿਗਿਆਨੀਆਂ, ਦਰਦਾਂ ਨੂੰ ਬਿਆਨ ਕਰਨ ਵਾਲੇ ਲੋਕਾਂ, ਸਾਹਿਤਕਾਰਾਂ, ਪਰਬਤੋਂ ਭਾਰੇ ਗੁਣੀ ਗਿਆਨੀ ਲੋਕਾਂ, ਮਨੁੱਖੀ ਸਮਾਜ ਨੂੰ ਮੁਕਤੀ ਦਾ ਸਿਧਾਂਤ ਦੇਣ ਵਾਲਿਆਂ, ਧਰਤੀ ਤੇ ਸਵਰਗ ਸਿਰਜਣ ਦੀ ਮਿਸਾਲ ਪੈਦਾ ਕਰਨ ਵਾਲਿਆਂ, ਲੋਕਾਂ, ਸਾਹਿਤਕਾਰਾਂ, ਪਰਬਤੋਂ ਭਾਰੇ ਵੱਖ ਵੱਖ ਪ੍ਰਕਾਰ ਦੇ ਗੁਣੀ ਲੋਕਾਂ ਨੂੰ ਮੈਂ ਹਮੇਸ਼ਾ ਸਿਜਦਾ ਕਰਦਾ ਹਾਂ। ਹਾਸਲ ਸਮਝ ਦੀ ਕਥਨੀ ਅਤੇ ਕਰਨੀ ਦਾ ਸੁਮੇਲ ਬਣਾਉਂਦਿਆਂ ਮੈਂ ਵੀ ਆਪਣੇ ਆਪ ਨੂੰ ਇਹਨਾਂ ਦੇ ਪੈਰਾਂ ਕੋਲ ਬੈਠਿਆਂ ਪਾਇਆ ਹੈ।

ਹੁਣ ਮੈਂ ਤੁਹਾਡੀ ਸੱਥ ਵਿੱਚੋਂ ਤੁਰ ਗਿਆ ਹਾਂ ਇਸ ਧਰਤੀ ਤੋਂ ਤੁਰ ਜਾਣ ਵਾਲਾ ਪਿੱਛੇ ਮੁੜ ਕੇ ਤਾਂ ਆਉਂਦਾ ਨਹੀਂ ਵੇਖਿਆ ਪਰ ਤੁਹਾਨੂੰ ਸਭ ਨੂੰ ਮੇਰੀ ਨਿਮਰ ਜਿਹੀ ਅਪੀਲ ਹੈ ਕਿ ਮੇਰੀ ਮੌਤ ਤੋਂ ਬਾਅਦ ਕਿਸੇ ਕਿਸਮ ਦੀ ਧਾਰਮਿਕ ਰਸਮ ਨਾ ਕੀਤੀ ਜਾਵੇ ਕਿਉਂਕਿ ਹਾਸਲ ਵਿਗਿਆਨਕ ਸਮਝ ਤੋਂ ਬਾਅਦ ਮੈਂ ਸਮਝਿਆ ਹੈ ਕਿ ਰੱਬ ਨਾਂਅ ਦੀ ਕਿਸੇ ਵੀ ਸੰਸਥਾ ਵਿੱਚ ਮੇਰਾ ਕੋਈ ਵਿਸ਼ਵਾਸ ਨਹੀਂ ਰਿਹਾ।

ਮੇਰੇ ਰਿਸ਼ਤਿਓਂ, ਮੇਰਾ ਤੁਹਾਡੀ ਸੱਥ ਵਿੱਚੋਂ ਚਲੇ ਜਾਣਾ ਕੁਦਰਤੀ ਹੈ। ਮੈਂ ਇਸ ਧਰਤੀ ਦਾ ਅਦਨਾ ਵਿਅਕਤੀ ਹੁਣ ਮੋਇਆਂ ਵਿੱਚ ਸ਼ਾਮਿਲ ਹੋ ਗਿਆ ਹਾਂ। ਮੈਂ ਆਪਣੀ ਹਾਸਲ ਸਮਝ ਸਮਰੱਥਾ ਮੁਤਾਬਕ ਸਾਥੀਆਂ ਦੇ ਸਹਿਯੋਗ ਨਾਲ ਇੱਕ ਸਵਾਲ ਰਹਿਤ ਸੰਸਥਾ ਹੋਂਦ ਵਿੱਚ ਲਿਆਂਦੀ ਹੈ। ਸਮਾਜਿਕ ਮੁਰਦੇ ਹਾਣੀ ਦੇ ਖੜ੍ਹੇ ਪਾਣੀਆਂ ਵਿੱਚ ਕੰਕਰ ਮਾਰਦਿਆਂ ਤਰੰਗਾਂ ਪੈਦਾ ਕੀਤੀਆਂ ਹਨ। ਬੱਸ ਇਹੋ ਜਿਹੀ ਮੇਰੇ ਜੀਵਨ ਦੀ ਦਾਸਤਾਂ ਹੈ। ਮੈਂ ਆਪਣੀ ਘਾਲਣਾਂ ਤੇ ਮਾਣ ਕਰਦਾ ਹਾਂ। ਅਜਿਹਾ ਹੋਣ ਕਰਕੇ ਹਮੇਸ਼ਾ ਮਾਣ ਨਾਲ ਭਰਿਆ ਰਿਹਾ ਹਾਂ। ਪਿੰਡ ਬਸੀ ਗੁਜਰਾਂ ਦੀ ਸ੍ਰੀ ਗੁਰਦੇਵ ਸਿੰਘ ਕੰਗ ਯਾਦਗਾਰੀ ਦੇਹਾਤੀ ਸਿੱਖਿਆ ਸੰਸਥਾ ਉਹ ਸੰਸਥਾ ਹੈ ਜਿਸ ਵਿੱਚ ਲੱਗੀ ਇੱਕ ਇੱਕ ਇੱਟ ਮੇਰੇ ਮੂਹਰਿਓਂ ਲੰਘੀ ਹੈ। ਮੈਂ ਇਸ ਦੇ ਨਿਰਮਾਣ ਅਤੇ ਸਮੁੱਚੇ ਪ੍ਰਬੰਧ ਦੇ ਨਾਲ ਨਾਲ ਰਿਹਾ ਹਾਂ। ਇਸ ਤਰਜ਼ ਤੇ ਹੁਣ ਡਰੀਮ ਲੈਂਡ ਪਬਲਿਕ ਸਕੂਲ ਇਸ ਦਾ ਹਿੱਸਾ ਬਣ ਚੁੱਕਾ ਹੈ। ਇਸ ਸਾਰੇ ਕੁਝ ਵਿੱਚ ਸਹਿਯੋਗ ਲਈ ਮੇਰਾ ਸਿਜਦਾ ਹੈ। ਸੰਸਥਾ ਦੀ ਪ੍ਰਬੰਧਕੀ ਕਮੇਟੀ ਨੂੰ ਸੰਸਥਾ ਵਿੱਚ ਪੜ੍ਹ ਰਹੇ ਅਤੇ ਪੜ੍ਹਦੇ ਰਹੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਜਿਨ੍ਹਾਂ ਨੇ ਹਮੇਸ਼ਾ ਹੀ ਇਹ ਜੋਤ ਜਗਦੀ ਰੱਖੀ ਹੈ। ਅਸੀਂ ਪ੍ਰਤਿਭਾ ਪ੍ਰੀਖਿਆ ਰਾਹੀਂ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਹਰ ਤਰ੍ਹਾਂ ਦੀ ਮੱਦਦ ਦੇਣ ਦੀ ਖੁਸ਼ੀ ਮਾਣਦੇ ਰਹੇ ਹਾਂ।

ਮੇਰੇ ਪਿਆਰੇ ਰਿਸ਼ਤਿਓਂ! ਮੈਂ ਦੱਸਣਾ ਚਾਹੁੰਦਾ ਹਾਂ ਕਿ ਕੁਦਰਤੀ ਮੌਤ ਦੀ ਹਾਲਤ ਵਿੱਚ ਮੈਂ ਆਪਣਾ ਸਰੀਰ ਪੀ.ਜੀ.ਆਈ. ਚੰਡੀਗੜ੍ਹ ਨੂੰ ਦੇਣ ਦੀ ਆਪਣੀ ਵਸੀਅਤ ਕੀਤੀ ਹੋਈ ਹੈ।'

**ਸਵਰਨ ਸਿੰਘ ਭੰਗੂ**
**8 ਸਤੰਬਰ 2023**


ਵਿਗਿਆਨਕ ਚੇਤਨਾ ਅਤੇ ਨਜ਼ਰੀਏ ਦਾ ਨਤੀਜਾ ਹੈ ਕਿ ਸਵਰਨ ਦੀਆਂ ਭਵਿੱਖਬਾਣੀਆਂ ਕਿਸ ਕਦਰ ਹਕੀਕਤ ਵਿਚ ਸਾਹਮਣੇ ਆਈਆਂ ਹਨ। ਉਹ ਵਿੱਦਿਆ ਦੇ ਚਾਨਣ ਦੀ ਗੱਲ ਕਰਦਾ ਹੈ। ਉਹ ਆਪਣੀ ਅੱਖ ਦੀ ਪੁਤਲੀ ਤੋਂ ਵੀ ਪਿਆਰੀ ਵਿਦਿਅਕ ਸੰਸਥਾ ਨੂੰ ਰੱਜਵਾਂ ਪਿਆਰ ਕਰਦਾ ਹੈ। ਮੋਇਆਂ ਦੇ ਖ਼ਤ ਤਾਂ ਵਿਸ਼ਵ ਸਾਹਿਤ ਵਿਚ ਪੜ੍ਹਨ ਦਾ ਮੌਕਾ ਮਿਲਿਆ ਹੈ ਕਿਸੇ ਵਿਅਕਤੀ ਦਾ ਐਨਾ ਹਕੀਕੀ ਖ਼ਤ ਜੋ ਵਸੀਅਤ ਦੇ ਰੂਪ ਵਿੱਚ ਸਾਹਮਣੇ ਆਇਆ ਇਹ ਸਵਰਨ ਦਾ ਜ਼ਿੰਦਗੀ ਨੂੰ ਉਸ ਤਰ੍ਹਾਂ ਮਿਲਣ ਦਾ ਪ੍ਰਮਾਣ ਹੈ ਜਿਵੇਂ ਪਾਸ਼ ਕਹਿੰਦਾ ਹੈ ਕਿ ਮੈਂ ਜ਼ਿੰਦਗੀ ਦੇ ਹੁਸਨ ਨਾਲ ਖਿਲਵਾੜ ਕਰਨ ਵਾਲਿਆਂ ਦੀ ਸਲਤਨਤ ਤੇ ਥੁੱਕਦਾ ਹਾਂ। ਉਹ ਕਹਿੰਦਾ ਹੈ ਕਿ ਹੇ ਜ਼ਿੰਦਗੀ ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ ਅਸੀਂ ਤੇਰੇ ਸਾਊ ਪੁੱਤ ਨਹੀਂ ਹਾਂ'। ਸਵਰਨ ਕਹਿੰਦਾ ਰਿਹਾ ਹੈ ਕਿ, 'ਨੰਨ੍ਹੇ ਮੁੰਨੇ ਬਾਲਾਂ ਦੀ ਸਲਤਨਤ ਹੈ ਮੇਰੀ ਪਾਠਸ਼ਾਲਾ'।

ਇੱਕ ਦੂਜੇ ਦੇ ਗਲ ਫੁੱਲਾਂ ਦੇ ਹਾਰ ਪਾ ਕੇ ਵਿਆਹ ਕਰਵਾਉਣ, ਅਨੇਕਾਂ ਹੀ ਮੁਸੀਬਤਾ ਵਿੱਚੀਂ ਸਫ਼ਰ ਜਾਰੀ ਰੱਖਣ ਵਾਲੀ ਸਵਰਨ ਭੰਗੂ ਅਤੇ ਗੁਰਪ੍ਰੀਤ ਭੰਗੂ ਦੀ ਜੋੜੀ ਨੇ ਇੱਕ ਦੂਜੇ ਦੀ ਸੰਗੀ ਸਾਥੀ ਵਾਲੀ ਜ਼ਿੰਦਗੀ ਦੀ ਖ਼ੂਬਸੂਰਤ ਉਦਾਹਰਣ ਪੈਦਾ ਕੀਤੀ ਹੈ। ਵਿਗਿਆਨਕ ਅਤੇ ਲੋਕ-ਪੱਖੀ ਚੇਤਨਾ ਦੇ ਚਿਰਾਗ਼ ਜਗਾਉਣ ਦੇ ਦਾਅਵੇਦਾਰ ਕਈ ਵਾਰ ਅਜੇਹੀਆਂ ਗਲੀਆਂ ਵਿੱਚੀਂ ਦੌੜਦੇ ਹਨ ਕਿ ਉਹ ਕਿਸੇ ਨਾਜ਼ੁਕ ਮੋੜ ਤੇ ਆ ਕੇ ਚਿਰਾਗ਼ ਰੱਖਣ ਲਈ ਆਪਣੇ ਹੀ ਘਰ ਦਾ ਪਤਾ ਭੁੱਲ ਜਾਂਦੇ ਨੇ।

ਇੱਕ ਦਿਨ ਉਹ ਵੀ ਸੀ ਜਦੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਦਵਿੰਦਰ ਦਮਨ ਦਾ ਨਾਟਕ 'ਛਿਪਣ ਤੋਂ ਪਹਿਲਾਂ ਖੇਡਦੇ ਸਮੇਂ ਭਗਤ ਸਿੰਘ ਦੀ ਮਾਂ ਦਾ ਅਭਿਨੈ ਕਰਦੀ ਗੁਰਪ੍ਰੀਤ ਭੰਗੂ ਨੇ ਕਿਹਾ ਸੀ, 'ਸ਼ੀਹਣੀ ਮਾਂ ਦੇ ਸੂਰਮੇ ਪੁੱਤਰਾ! ਤੂੰ ਸ਼ੇਰ ਵਾਂਗ ਗਰਜ਼। ਜਦੋਂ ਸਵਰਨ ਭੰਗੂ ਨੂੰ ਉਹਦੇ ਸਾਥੀਆਂ ਦਾ ਕਾਫ਼ਲਾ ਵਿਦਾ ਕਰ ਰਿਹਾ ਸੀ ਤਾਂ ਉਸ ਦੇ ਪੁੱਤ ਬਾਗ਼ੀ ਭੰਗੂ ਅਤੇ ਗੁਰਪ੍ਰੀਤ ਭੰਗੂ ਦੇ ਬੋਲ ਸਾਂਭਣਯੋਗ ਸਨ ਕਿ ਸਾਥੀਆ! ਅਸੀਂ ਤੇਰੇ ਵੱਲੋਂ ਗਿਆਨ ਵਿਗਿਆਨ ਦੀ ਜਗਾਈ ਮੋਮਬੱਤੀ ਜਗਦੀ ਰੱਖਾਂਗੇ।

ਗੰਧਲੇ ਪਾਣੀਆਂ ਵਿੱਚ ਹਰਕਤ ਕਰਨ ਲਈ ਕੰਕਰ ਮਾਰਦੇ ਰਹਾਂਗੇ ਤਾਂ ਜੋ ਇਸ ਧਰਤੀ ਦਾ ਕੋਈ ਸਵਰਨ ਇਸ ਗੰਧਲੇ ਨਿਜ਼ਾਮ ਦੇ ਬੋਅ ਮਾਰਦੇ ਪਾਣੀਆਂ ਦੀ ਭੇਂਟ ਨਾ ਚੜ੍ਹੇ।

10 ਜੂਨ ਸਵੇਰੇ 10 ਵਜੇ ਬਸੀ ਗੁੱਜਰਾਂ ਸਵਰਨ ਭੰਗੂ ਅਤੇ ਸਾਥੀਆਂ ਦੀ ਵਿੱਦਿਅਕ ਫੁਲਵਾੜੀ ਵਿੱਚ ਭਵਿੱਖ ਮੁਖੀ ਖ਼ੂਬਸੂਰਤ ਫੁੱਲਾਂ ਵਰਗੇ ਵਿਚਾਰਾਂ ਦੀ ਖ਼ੁਸ਼ਬੋ ਵੰਡਦਿਆਂ ਬੁਲਾਰਿਆਂ ਨੇ ਅਹਿਦ ਕੀਤਾ ਕਿ ਅਸੀਂ ਸਵਰਨ ਸਿੰਘ ਭੰਗੂ ਦੇ ਵਿਚਾਰਾਂ ਦੀ ਖ਼ੁਸ਼ਬੋ ਵੰਡਦੇ ਰਹਾਂਗੇ।' ਖੜ੍ਹੇ ਅਤੇ ਗੰਧਲੇ ਪਾਣੀਆਂ ਵਿੱਚ ਨਵੇਂ ਵਿਚਾਰਾਂ, ਨਵੇਂ ਸਮਾਜ ਦੀਆਂ ਤਰੰਗਾਂ ਛੇੜਦਾ ਰਹੇਗਾ ਸਾਥੀ ਸਵਰਨ ਭੰਗੂ ਦਾ ਹਿਰਦੇਵੇਦਕ ਵਿਛੋੜਾ ਅਤੇ ਉਸਦੀ ਅਮੁੱਲੀ ਵਸੀਅਤ।



# ਸ਼ਹੀਦ ਭਗਤ ਸਿੰਘ ਮੈਮੋਰੀਅਲ 5 ਕਿਲੋਮੀਟਰ ਦੌੜ ਸਫਲਤਾ ਨਾਲ ਸੰਪੰਨ










ਸਰੀ, (ਪਰਮਿੰਦਰ ਸਵੈਚ) : ਪਿਛਲੇ ਐਤਵਾਰ 12 ਜੂਨ ਨੂੰ ਕੈਨੇਡੀਅਨ ਸ਼ਹੀਦ ਭਗਤ ਸਿੰਘ ਮੈਮੋਰੀਅਲ ਸੁਸਾਇਟੀ ਵਲੋਂ ਸਲ਼ਾਨਾ ਸ਼ਹੀਦ ਭਗਤ ਸਿੰਘ ਮੈਮੋਰੀਅਲ 5 ਕਿਲੋਮੀਟਰ ਦੌੜ, 3 ਕਿਲੋਮੀਟਰ ਤੁਰਨ ਤੇ ਛੋਟੇ ਬੱਚਿਆਂ ਦੀਆਂ ਦੌੜਾਂ ਕਰਵਾਈਆਂ ਗਈਆਂ। ਉਸ ਦਿਨ ਲੋਅਰ ਮੇਨਲੈਂਡ ਦੇ ਬਹੁਤ ਸਾਰੇ ਵੱਡੇ ਪ੍ਰੋਗਰਾਮਾਂ ਅਤੇ ਗਰਮੀ ਦਾ ਦਿਨ ਹੋਣ ਦੇ ਬਾਵਜੂਦ ਵੀ ਇਸ ਦੌੜ ਵਿੱਚ 200 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਇਸ ਦੌੜ ਵਿੱਚ ਛੋਟੇ ਬੱਚੇ ਤੇ ਨੌਜਵਾਨਾਂ ਨੇ ਸ਼ਿਰਕਤ ਕਰਕੇ ਇਸ 15ਵੀਂ ਸਲਾਨਾ ਦੌੜ ਨੂੰ ਸਫਲਤਾ ਤੱਕ ਪਹੁੰਚਾਇਆ। ਉਸ ਦਿਨ 8 ਤੋਂ 10 ਵਜੇ ਤੱਕ ਲੇਟ ਰਜਿਸਟ੍ਰੇਸ਼ਨ ਕੀਤੀ ਗਈ ਤੇ ਠੀਕ ਦਸ ਵਜੇ ਛੋਟੂ ਬੱਚਿਆਂ ਦੀਆਂ ਦੌੜਾਂ ਸ਼ੁਰੂ ਕੀਤੀਆਂ ਗਈਆਂ। ਸਭ ਤੋਂ ਪਹਿਲਾਂ 6 ਸਾਲ ਤੋਂ ਛੋਟੇ ਬੱਚਿਆਂ ਦੀ 50 ਮੀਟਰ ਦੀ ਦੌੜ ਕਰਵਾਈ ਗਈ। ਜਿਨ੍ਹਾਂ ’ਚੋਂ ਲੜਕੇ ਪਹਿਲੇ ਨੰਬਰ ਤੇ ਕਬੀਰ, ਦੂਸਰੇ ਸਥਾਨ ’ਤੇ ਜੈਵਿਕ ਤੇ ਤੀਸਰੇ ’ਤੇ ਰਾਜਨ ਲਿੱਧੜ ਆਇਆ। ਇਸੇ ਤਰ੍ਹਾਂ ਲੜਕੀਆਂ ਵਿੱਚੋਂ ਪਹਿਲੇ ’ਤੇ ਕੇਨੀਆ, ਦੂਸਰੇ ’ਤੇ ਅਨਾਇਆ ਲਿੱਧੜ ਤੇ ਤੀਸਰੇ ’ਤੇ ਜੀਆ ਨੇ ਜਿੱਤ ਪ੍ਰਾਪਤ ਕੀਤੀ। ਦੂਸਰੀ ਦੌੜ 9 ਸਾਲ ਤੋਂ ਥੱਲੇ ਬੱਚਿਆਂ ਦੀ 100 ਮੀਟਰ ਦੀ ਦੌੜ ਸੀ। ਇਸ ਵਿੱਚ ਲੜਕਿਆਂ ਨੇ ਕ੍ਰਮਵਾਰ ਪਹਿਲੇ ਸਥਾਨ ’ਤੇ ਅਰਜਨ ਲਿੱਧੜ, ਦੂਸਰੇ ਸਥਾਨ ’ਤੇ ਕੀਰਤ ਅਤੇ ਤੀਸਰੇ ਸਥਾਨ ’ਤੇ ਗੁਰਕੀਰਤ ਕੰਗ ਰਹੇ। ਇਸੇ ਤਰ੍ਹਾਂ 100 ਮੀਟਰ ਦੀ ਦੌੜ ਵਿੱਚ ਲੜਕੀਆਂ ਪਹਿਲੇ ਸਥਾਨ ’ਤੇ ਅਮੀਰਾ, ਦੂਜੇ ’ਤੇ ਮੁਸਕਾਨ ਅਤੇ ਤੀਸਰੇ ’ਤੇ ਗੁਰਦੀਪ ਕੰਗ ਰਹੀਆਂ। ਤੀਸਰਾ ਈਵੈਂਟ 12 ਸਾਲ ਤੋਂ ਥੱਲੇ 200 ਮੀਟਰ ਦੀ ਦੌੜ ਦਾ ਕਰਵਾਇਆ ਗਿਆ। ਇਸ ਵਿੱਚ ਲੜਕਿਆਂ ਵਿੱਚੋਂ ਪਹਿਲ਼ੇ ਨੰਬਰ ’ਤੇ ਹਰਮਨਵੀਰ ਸਿੰਘ, ਦੂਸਰੇ ’ਤੇ ਗੰਗਾ ਸਿੰਘ ਤੇ ਤੀਸਰੇ ’ਤੇ ਸੁਖਮਨਵੀਰ ਸਿੰਘ ਆਏ। ਲੜਕੀਆਂ ਵਿੱਚੋਂ ਪਹਿਲੇ ਨੰਬਰ ’ਤੇ ਅਸੀਸ ਕੌਰ ਰਾਏ, ਦੂਸਰੇ ਨੰਬਰ ’ਤੇ ਮਾਇਰਾ ਅਤੇ ਤੀਸਰਾ ਸਥਾਨ ਸੀਰਤ ਪੰਨੂ ਨੇ ਹਾਸਲ ਕੀਤਾ। ਬਹੁਤ ਹੀ ਦਿਲਚਸਪ ਦੌੜ 65 ਸਾਲ ਤੋਂ ਉੱਪਰ ਵਾਲੇ ਮਰਦਾਂ ਵਿੱਚ ਹਰਦੇਵ ਸੰਧੂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਦੂਜੇ ਨੰਬਰ ਤੇ ਨਰਿੰਦਰ ਲਿੱਧੜ ਤੇ ਤੀਸਰੇ ਸਥਾਨ ’ਤੇ ਤਰਲੋਚਨ ਦੂਹੜਾ ਰਹੇ।

## 200 ਤੋਂ ਵੱਧ ਲੋਕਾਂ ਲਿਆ ਹਿੱਸਾ

ਔਰਤਾਂ ਵਿੱਚ ਹਰਬੰਸ ਪੁਰੇਵਾਲ ਨੇ ਪਹਿਲਾ ਸਥਾਨ, ਪਰਮਿੰਦਰ ਸਵੈਚ ਨੇ ਦੂਜਾ ਤੇ ਹਰਵਿੰਦਰ ਕਿੰਗਰਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਦੌੜ ਦੀ ਆਕਰਸ਼ਕ 5 ਕਿਲੋਮੀਟਰ ਦੀ ਦੌੜ ਵਿੱਚ ਮਰਦਾਂ ਵਿੱਚੋਂ ਗੁਰਪ੍ਰੀਤ ਗਰੇਵਾਲ ਨੇ ਪਹਿਲਾ ਸਥਾਨ ਲਿਆ, ਅਮਨਦੀਪ ਸਿੰਘ ਨੇ ਦੂਸਰਾ ਸਥਾਨ ਤੇ ਗਰੈੱਗ ਨੇ ਤੀਸਰਾ ਸਥਾਨ ਹਾਸਲ ਕੀਤਾ। ਔਰਤਾਂ ਦੀ 5 ਕਿਲੋਮੀਟਰ ਦੌੜ ਵਿੱਚ ਪੁਨੀਤ ਬੈਂਸ ਨੇ ਪਹਿਲਾ, ਨਵਦੀਪ ਬੈੱਗ ਨੇ ਦੂਸਰਾ ਸਥਾਨ ਤੇ ਏਮਿਲੀ ਨੇ ਤੀਸਰਾ ਸਥਾਨ ਹਾਸਲ ਕੀਤਾ। ਦੌੜ ਖ਼ਤਮ ਹੋਣ ਉਪਰੰਤ ਸੁਸਾਇਟੀ ਦੇ ਮੈਂਬਰ ਹਰਭਜਨ ਚੀਮਾ, ਅਨਮੋਲ ਸਵੈਚ, ਵਿਵੇਕਜੋਤ ਬਰਾੜ ਤੇ ਹੋਰ ਨੌਜਵਾਨਾਂ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ, ਉਸਦੀ ਵਿਚਾਰਧਾਰਾ, ਕੀਤੇ ਕੰਮਾਂ ਬਾਰੇ ਤੇ ਇਸ ਦੌੜ ਨੂੰ ਕਰਾਉਣ ਦੇ ਮਕਸਦ ਬਾਰੇ ਗੱਲ ਕਰਦਿਆਂ ਲੋਕਾਂ ਨੂੰ ਸੰਬੋਧਿਤ ਕੀਤਾ। ਜਿੱਤਣ ਵਾਲੇ ਸਾਰੇ ਜੇਤੂਆਂ ਦਾ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਸਰੀ ਫੂਡ ਬੈਂਕ ਨੂੰ 1000 ਡਾਲਰ ਦੀ ਰਾਸ਼ੀ ਭੇਂਟ ਕੀਤੀ ਗਈ। ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਅੱਜ ਦੇ ਸਮੇਂ ਦੀ ਪ੍ਰਸੰਗਿਕਤਾ ਨੂੰ ਉਜਾਗਰ ਕਰਦਾ ਲੀਫਲੈੱਟ ਵੀ ਵੰਡਿਆ ਗਿਆ। ਸਟੇਜ ਦੀ ਕਾਰਵਾਈ ਪਰਮਿੰਦਰ ਸਵੈਚ ਤੇ ਕ੍ਰਿਪਾਲ ਬੈਂਸ ਨੇ ਨਿਭਾਈ। ਮੁੱਖ ਜ਼ਿੰਮੇਵਾਰੀਆਂ ਇਕਬਾਲ ਪੁਰੇਵਾਲ, ਮਲਕੀਤ ਸਵੈਚ, ਸੰਤੋਖ ਢੇਸੀ, ਅਨਮੋਲ ਸਵੈਚ ਨੇ ਨਿਭਾਈਆਂ। ਇਸ ਦੌੜ ਵਿੱਚ ਜਿਹੜੇ ਕਾਰੋਬਾਰੀਆਂ ਨੇ ਮਦਦ ਕੀਤੀ ਉਹਨਾਂ ਦਾ, ਵਲੰਟੀਅਰਾਂ ਦਾ, ਮੀਡੀਏ ਦਾ ਤੇ ਦੌੜ ਵਿੱਚ ਹਿੱਸਾ ਲੈਣ ਵਾਲਿਆਂ ਦਾ ਧੰਨਵਾਦ ਕੀਤਾ ਗਿਆ। ਕੁਲਵੀਰ ਮੰਗੂਵਾਲ ਨੇ ਫੋਟੋਆਂ ਦੀ ਜ਼ਿੰਮੇਵਾਰੀ ਨਿਭਾਈ। ਬਿਮਲ ਕਾਹਲੋਂ, ਅਮਨਦੀਪ ਕਲੇਰ, ਜਸਬੀਰ ਮਾਨ, ਸ਼ਾਨ ਤੇ ਦਵਿੰਦਰ ਬਚਰਾ ਨੇ ਸਾਢੇ ਸੱਤ ਵਜੇ ਤੋਂ ਆ ਕੇ ਹਾਜ਼ਰੀ ਦਿੱਤੀ, ਦਾ ਵੀ ਧੰਨਵਾਦ ਕੀਤਾ ਗਿਆ। ਸੁਸਾਇਟੀ ਦਾ ਇਸ ਦੌੜ ਨੂੰ ਕਰਵਾਉਣ ਦਾ ਮੁੱਖ ਮਕਸਦ ਕੁਰਾਹੇ ਪਾਈ ਜਾ ਰਹੀ ਨੌਜਵਾਨੀ ਨੂੰ ਇਹ ਦੱਸਣਾ ਹੈ ਕਿ ਭਗਤ ਸਿੰਘ ਤੇ ਉਹਨਾਂ ਦੇ ਸਾਥੀ 25 ਸਾਲਾਂ ਤੋਂ ਘੱਟ ਦੀਆਂ ਉਮਰਾਂ ਵਿੱਚ ਦੇਸ਼, ਕੌਮ ਤੇ ਮਨੁੱਖਤਾ ਲਈ ਕੁਰਬਾਨ ਹੋ ਗਏ। ਉਹਨਾਂ ਦੀਆਂ ਲਿਖਤਾਂ ਤੋਂ ਬਹੁਤ ਕੁੱਝ ਸਿੱਖਣ ਦੀ ਲੋੜ ਹੈ। ਨੌਜਵਾਨਾਂ ਨੂੰ ਦਿੱਤੇ ਸੁਨੇਹੇ ’ਤੇ ਗੌਰ ਕਰਨ ਲਈ ਕਹਿਣਾ ਹੈ ਜਦਕਿ ਅੱਜ ਦੇ ਹਲਾਤ ਬਦ ਤੋਂ ਬਦਤਰ ਹੋ ਰਹੇ ਹਨ।










## Galaxy Kitchen Cabinets Ltd.
Residential & Commercial




• Custom Cabinets • Countertops
• Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

## Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834

3822 Marine Way
Burnaby, B.C. V5J 3H4



## Baljinder Singh
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals
## Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary



## Punjabi Rang Radio

CHLO AM530
(TORONTO)
11PM-12AM
(SATURDAY)



Producer/Host
Chamkaur Singh Phulewala
Email punjabirang13@hotmail.com
Cell : 416 662 1313

## ZOLO
Mandeep Dhaliwal
Sales Representative



416-648-9053
416-898-8932
dhaliwal.mandeep137@gmail.com

202-895 Lawrence Ave E, North York, ON M3C 3L2

## Hiring Drivers/Owners/Operators

GALAXY Freightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com

* 1580 Britannia Road East * Mississauga * ON * L4W 1J2

## DM TRANSPORT
ace ACI US & Canada Bonded

Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8

Email : bob@dmtransport.ca
Web : www.dmtransport.ca

## Hiring AZ drivers and owner operator



Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.

For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਨੁੱਕੜ ਨਾਟਕ 'ਮਸਲਾ ਮੈਰਿਜ ਦਾ' 12 ਜੁਲਾਈ ਦਿਨ ਐਤਵਾਰ ਨੂੰ









(ਸਰੋਕਾਰਾਂ ਦੀ ਆਵਾਜ਼ ਬਿਊਰੋ)

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਨਾਟਕਕਾਰ, ਡਰਾਇਕਟਰ ਹਰਕੇਸ਼ ਚੌਧਰੀ ਜੀ ਅੱਜ ਕੱਲ ਕੈਨੇਡਾ ਫੇਰੀ 'ਤੇ ਆਏ ਹੋਏ ਹਨ ਉਹਨਾਂ ਵਲੋਂ ਪਿਛਲੇ ਕਈ ਸਾਲਾਂ ਤੋਂ ਹਰ ਸਾਲ ਕੈਲਗਰੀ 'ਚ ਨਾਟਕ ਮੰਚਨ ਕੀਤਾ ਜਾਂਦਾ ਹੈ। ਇਸ ਵਾਰ ਸ਼ਨਿਚਰਵਾਰ ਵਾਲੇ ਦਿਨ ਟੋਰੰਟੋਂ 'ਚ ਆਉਣ 'ਤੇ 'ਚੇਤਨਾ ਕਲਚਰਲ ਸੈਂਟਰ ਟੋਰੰਟੋਂ' ਦੀ ਟੀਮ ਵਲੋਂ ਉਹਨਾਂ ਨਾਲ ਸੰਵਾਦ ਰਚਾਇਆ ਗਿਆ 'ਤੇ ਉਹਨਾਂ ਦੀ ਟੀਮ ਵਲੋਂ ਰੰਗਮੰਚ ਲਈ ਪਾਏ ਜਾਂਦੇ ਯੋਗਦਾਨ ਲਈ (ਅਜੀਤ ਗਰਚਾ ਜੀ ਦੇ ਰੀਅਲ ਅਸਟੈਟ ਆਫਿਸ 'ਚ) ਉਹਨਾਂ ਦਾ ਸਨਮਾਨ ਕੀਤਾ ਗਿਆ। ਕੈਨੇਡਾ ਦੀ ਧਰਤੀ 'ਤੇ ਜੀ ਟੀ ਏ ਦੇ ਏਰੀਏ 'ਚ ਚੇਤਨਾ ਕਲਚਰਲ ਸੈਂਟਰ ਦੀ ਟੀਮ ਵਲੋਂ ਖੇਡੇ ਜਾਂਦੇ ਨੁੱਕੜ ਨਾਟਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਟੀਮ ਵਲੋਂ ਪਿਛਲੇ 14 ਸਾਲਾਂ ਤੋਂ ਨੁੱਕੜ ਨਾਟਕ ਖੇਡਣ ਦੀ ਪਿਰਤ ਨੂੰ ਕਾਇਮ ਰੱਖਿਆ ਜਾ ਰਿਹਾ ਹੈ। ਇਸ ਸਾਲ ਵੀ 'ਮਸਲਾ ਮੈਰਿਜ ਦਾ' ਨੁੱਕੜ ਨਾਟਕ ਖੇਡਿਆ ਜਾ ਰਿਹਾ ਹੈ। 12 ਜੁਲਾਈ ਨੂੰ ਐਤਵਾਰ ਵਾਲੇ ਦਿਨ ਦੋ ਥਾਵਾਂ 'ਤੇ ਸ਼ੋਅ ਕੀਤੇ ਜਾ ਰਹੇ ਹਨ। ਪ੍ਰਬੰਧਕ ਸੰਸਥਾਵਾਂ ਹੁਣ ਟੀਮ ਨੂੰ ਪੇਅ ਕਰਕੇ ਸ਼ੋਅ ਕਰਵਾਉਂਦੀਆਂ ਹਨ। ਸ਼ੋਅ ਤੋਂ ਬਾਅਦ ਦਰਸ਼ਕ ਵੀ ਆਰਥਿਕ ਮਦਦ ਕਰਦੇ ਹਨ। ਹਰਕੇਸ਼ ਚੌਧਰੀ ਨੇ ਦੱਸਿਆ ਕਿ ਉਹ ਪਹਿਲਾਂ ਵੀ ਇਹਨਾਂ ਰੰਗਕਰਮੀ ਸਰਗਰਮੀਆਂ ਬਾਰੇ ਪੜ੍ਹਦੇ ਰਹਿੰਦੇ ਹਨ। ਉਹਨਾਂ ਕਿਹਾ ਕਿ ਭਾਅ ਜੀ ਗੁਰਸ਼ਰਨ ਜੀ ਦੀ ਰਵਾਇਤ ਨੂੰ ਕੈਨੇਡਾ 'ਚ ਵੀ ਕਾਇਮ ਰੱਖਣਾ ਇਕ ਵੱਡੀ ਪ੍ਰਾਪਤੀ ਹੈ ਅਗਰ ਕਦੀ ਕੈਨੇਡਾ ਦੇ ਰੰਗਮੰਚ ਦੇ ਇਤਿਹਾਸ ਬਾਰੇ ਲਿਖਿਆ ਗਿਆ ਤਾਂ ਇਸ ਬਾਰੇ ਵੀ ਜ਼ਰੂਰ ਚਰਚਾ ਹੋਵੇਗੀ। ਉਹਨਾਂ ਨੇ ਮੁੱਲਾਂਪੁਰ ਟੀਮ ਦੀਆਂ ਸਰਗਰਮੀਆਂ ਬਾਰੇ ਵੀ ਚਰਚਾ ਕੀਤੀ। ਐਤਵਾਰ ਵਾਲੇ ਦਿਨ 1350 ਰੇਡੀਓ ਸਟੇਸ਼ਨ 'ਤੇ ਗੁਰਜੀਵਨ ਸਿੰਘ ਦੇ ਰੇਡੀਓ ਸ਼ੋਅ 'ਸੰਦਲੀ ਪੌਣ' 'ਚ ਉਹਨਾਂ ਨਾਲ ਪੰਜਾਬ ਦੀ ਰਾਜਨੀਤੀ ਬਾਰੇ ਨਾਹਰ ਔਜਲਾ ਤੇ ਜਗਮੀਤ ਸਿੰਘ ਵਲੋਂ ਇਕ ਲੰਮੀ ਗੱਲਬਾਤ ਵੀ ਕੀਤੀ ਗਈ ਤੇ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ। ਐਤਵਾਰ ਸ਼ਾਮ ਨੂੰ ਚੈਨਲ ਵਾਏ ਦੇ ਚੇਤਨਾ ਪਰੋਗਰਾਮ 'ਚ ਪੰਜਾਬ ਤੋਂ ਟੋਰੰਟੋਂ ਦੀ ਫੇਰੀ 'ਤੇ ਆਏ ਐਡਵੋਕੇਟ ਤੇ ਸਾਹਿਤਕਾਰ ਪਰਮਿੰਦਰ ਸਿੰਘ ਅਤੇ ਹੈਡ ਮਾਸਟਰ ਵਿਜੇ ਕੁਮਾਰ ਹੋਰਾਂ ਨਾਲ ਪੰਜਾਬ ਅਤੇ ਭਾਰਤ ਦੀ ਲਾਅ ਐਂਡ ਆਰਡਰ ਤੇ ਵਿਦਿਅਕ ਢਾਂਚੇ ਬਾਰੇ ਗੱਲਬਾਤ ਕੀਤੀ ਗਈ ਤੇ ਦਰਸ਼ਕਾਂ ਵਲੋਂ ਵੀ ਕਾਫੀ ਸਵਾਲ ਪੁੱਛੇ ਗਏ। ਪੂਰਾ ਡੇਢ ਘੰਟਾ ਗੱਲਬਾਤ ਚੱਲਦੀ ਰਹੀ। ਦੋ ਹਫਤੇ ਪਹਿਲਾਂ ਡਾ. ਸੁਰਜੀਤ ਸਿੰਘ ਭੱਟੀ ਹੋਰਾਂ ਨਾਲ ਰਾਜਨੀਤਕ, ਧਾਰਮਿਕ ਮਸਲਿਆਂ 'ਤੇ ਲੰਮੀ ਗੱਲਬਾਤ ਕੀਤੀ ਗਈ ਸੀ। ਅਸੀਂ ਪੂਰੀ ਕੋਸ਼ਸ਼ ਕਰਦੇ ਹਾਂ ਕਿ ਪੰਜਾਬ ਤੋਂ ਆਉਣ ਵਾਲੇ ਸਾਹਿਤਕ, ਬੁੱਧੀਜੀਵੀ ਤੇ ਰਾਜਨੀਤਕ ਵਿਅਕਤੀਆਂ ਨਾਲ ਸੰਵਾਦ ਰਚਾਇਆ ਜਾਵੇ। ਵੱਡੀ ਗਿਣਤੀ 'ਚ ਸਰੋਤੇ ਤੇ ਦਰਸ਼ਕ ਇਹਨਾਂ ਸ਼ੋਆਂ ਨੂੰ ਦੇਖਣਾ-ਸੁਣਨਾ ਪਸੰਦ ਕਰਦੇ ਹਨ। ਮੇਰੇ ਨਾਲ ਗੱਲਬਾਤ ਕਰਨ ਲਈ ਨੰਬਰ ਹੈ 416-728-5686

# ਅਸੀਂ ਵੱਢੇ ਹੋਏ ਅੰਗੂਠਿਆਂ ਨਾਲ ਵੀ ਜੰਗ ਵਿੱਢ ਦਿਆਂਗੇ





ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਦੇ ਸਮਾਗਮ ਵਿੱਚ ਇਸ ਵਾਰ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦਾ ਨਾਟਕ ਪੇਸ਼ ਹੋਇਆ। ਸਟੇਜ ਸਕੱਤਰ ਦੀ ਅਹਿਮ ਭੂਮਿਕਾ ਲੈਕਚਰਾਰ ਪ੍ਰਗਟ ਸਿੰਘ ਨੇ ਬਾਖੂਬੀ ਨਿਭਾਈ। ਸਮਾਗਮ ਦੇ ਆਗਾਜ਼ ਦੀ ਜ਼ਿੰਮੇਵਾਰੀ ਸਰਵ ਸਾਂਝੇ ਰੂਪ ਵਿੱਚ ਡਾਕਟਰ ਨਿਰਮਲ ਜੌੜਾ, ਬੈਂਕ ਮੈਨੇਜਰ ਜਸਰਮਨ ਸਿੰਘ ਬੇਦੀ, ਮਾਸਟਰ ਉਜਾਗਰ ਸਿੰਘ, ਉੱਘੇ ਲੇਖਕ ਅਮਰੀਕ ਸਿੰਘ ਤਲਵੰਡੀ, ਜਸਮੇਰ ਸਿੰਘ ਢੱਟ, ਵਿਜੈ ਮੋਗਾ, ਹਰਕੇਸ਼ ਚੌਧਰੀ, ਜੱਸ ਚੁਟਾਨੀ ਆਦਿ ਨੇ ਸਾਂਝੇ ਰੂਪ ਵਿੱਚ ਨਿਭਾਈ। ਇਸ ਮੌਕੇ ਬੋਲਦਿਆਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਨੇ ਸੰਬੋਧਨ ਹੁੰਦਿਆਂ ਦਰਸ਼ਕਾਂ ਨੂੰ ਜੀ ਆਇਆਂ ਨੂੰ ਆਖਿਆ ਅਤੇ ਆਪਣੀ ਕੈਨੇਡਾ ਫੇਰੀ ਦੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਆਖਿਆ ਕਿ ਜੇਕਰ ਸਾਡੇ ਮੁਲਕ ਦੇ ਹਾਕਮ ਇਮਾਨਦਾਰ ਹੋਣ ਤਾਂ ਸਾਡਾ ਵਤਨ ਕਿਸੇ ਕੈਨੇਡਾ ਅਮਰੀਕਾ ਤੋਂ ਘੱਟ ਨਹੀਂ ਹੈ। ਅਮਰੀਕ ਤਲਵੰਡੀ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਜਗਦੀਆਂ ਮੋਮਬੱਤੀਆਂ ਦੀ ਲੋਅ ਵਿੱਚ ਸਮਾਗਮ ਦਾ ਉਦਘਾਟਨ ਕੀਤਾ ਗਿਆ। ਇਸ ਤੋਂ ਤਰੁੰਤ ਬਾਅਦ ਵਿੱਚ ਨਾਟਕ "ਜੇ ਅਸੀਂ ਚੁਪ ਹੀ ਰਹੇ " ਲੇਖਕ ਤੇ ਨਿਰਦੇਸ਼ਕ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾਂ ਹੇਠ ਪੇਸ਼ ਹੋਇਆ। ਨਾਟਕ ਆਪਣੀ ਗੱਲ ਕਹਿਣ ਵਿੱਚ ਕਾਮਯਾਬ ਰਿਹਾ। ਦਲਿਤ ਭਾਈਚਾਰੇ ਦੀ ਸਦੀਆਂ ਤੋਂ ਹੋ ਰਹੀ ਲੁੱਟ ਅਤੇ ਜਬਰ ਦੀ ਕਹਾਣੀ ਨਾਟਕ ਜਬਰਦਸਤ ਤਰੀਕੇ ਨਾਲ ਕਹਿ ਗਿਆ। ਨਾਟਕ ਸੁਨੇਹਾ ਦੇਣ ਵਿੱਚ ਕਾਮਯਾਬ ਰਿਹਾ ਕਿ ਹੁਣ ਇਕੱਲੱਭਿਆ ਵੀ ਆਪਣੇ ਅੰਗੂਠਿਆਂ ਦੀ ਰਾਖੀ ਕਰਨ ਦੀ ਜਾਚ ਸਿਖ ਰਹੇ ਹਨ। ਦਰਸ਼ਕਾਂ ਨੇ ਨਾਟਕ ਦਾ ਆਨੰਦ ਮਾਣਿਆ। ਡਾਕਟਰ ਨਿਰਮਲ ਜੌੜਾ ਜੀ ਨੇ ਆਦਾਕਾਰਾਂ ਦੀ ਤਾਰੀਫ਼ ਕੀਤੀ ਕਿ ਸਾਰੇ ਕਲਾਕਾਰਾਂ ਨੇ ਆਪਣੇ ਆਪ ਆਪਣੇ ਕਿਰਦਾਰਾਂ ਵਿੱਚ ਜਾਨ ਪਾਈ ਰੱਖੀ। ਪ੍ਰਧਾਨ ਠਾਕੁਰ ਸਿੰਘ ਦੇ ਰੋਲ ਵਿੱਚ ਕਮਲਜੀਤ ਮੋਹੀ ਅਤੇ ਵੀਸੀ ਦੇ ਰੋਲ ਵਿੱਚ ਦੀਪਕ ਰਾਏ ਖੂਬ ਨਿਭੇ। ਇਸੇ ਤਰ੍ਹਾਂ ਰਣਵੀਰ ਸਿੰਘ, ਨੈਨਾ ਸ਼ਰਮਾ, ਲਖਵੀਰ ਸਿੰਘ, ਕਿਰਨਦੀਪ ਕੌਰ, ਜਸਮੀਨ ਕੌਰ, ਏਕਮ ਸਿੰਘ ਨੇ ਵੀ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ ਸੀ। ਇਸ ਮੌਕੇ ਤੇ ਦਰਸ਼ਕਾਂ ਅੰਜੂ ਚੌਧਰੀ, ਸੁਖਦੀਪ ਸਿੰਘ, ਅਜਮੇਰ ਸਿੰਘ ਮੁੱਲਾਂਪੁਰ, ਨਿਰਜਾ ਬਾਂਸਲ, ਅਜਮੇਰ ਸਿੰਘ ਦਾਖਾ, ਜਗਸੀਰ ਖ਼ਾਲਸਾ, ਨਰਿੰਦਰ ਪਾਲ ਸਿੰਘ ਆਦਿ ਹਾਜ਼ਰ ਸਨ।

# ਬੱਬਰ ਅਕਾਲੀ ਲਹਿਰ ਸ਼ਹਾਦਤ ਸ਼ਤਾਬਦੀ ਸਬੰਧੀ ਵਿਸ਼ੇਸ਼ ਮਿਲਣੀ ਨੇ ਕੀਤੀ ਵਿਚਾਰ-ਚਰਚਾ





ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਆਜ਼ਾਦੀ ਸੰਗਰਾਮ ਵਿੱਚ ਵਿਲੱਖਣ ਪੈੜਾਂ ਪਾਉਣ ਵਾਲੀ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ (1926-2026) ਮਨਾਉਣ ਲਈ ਪ੍ਰਭਾਵਸ਼ਾਲੀ ਜਨਤਕ ਲਾਮਬੰਦੀ ਕਰਨ, ਧਰਤੀ ਨਾਲ ਜੁੜੀ ਮੁਹਿੰਮ ਚਲਾਉਣ ਅਤੇ ਇਸ ਮੁਹਿੰਮ ਦੇ ਸਿਖ਼ਰ 'ਤੇ ਪਹਿਲੀ ਨਵੰਬਰ ਨੂੰ ਮੇਲਾ ਗ਼ਦਰੀ ਬਾਬਿਆਂ ਦਾ ਯਾਦਗਾਰੀ ਅੰਦਾਜ਼ ਵਿੱਚ ਮਨਾਉਣ ਲਈ ਵਿਚਾਰਾਂ ਸਾਂਝੀਆਂ ਕਰਨ ਵਾਸਤੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਪਰਿਵਾਰਾਂ, ਸੰਸਥਾਵਾਂ ਅਤੇ ਬੱਬਰਾਂ ਦੇ ਨਗਰਾਂ ਦੇ ਪ੍ਰਤੀਨਿਧਾਂ ਦੀ ਵਿਸ਼ੇਸ਼ ਮਿਲਣੀ ਕੀਤੀ ਗਈ।

ਇਸ ਸਬੰਧੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਬੱਬਰ ਲਹਿਰ ਦੇ ਸੂਰਮੇ ਅਮਰ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦੇ ਸ਼ਬਦ ਕਹੇ ਅਤੇ ਸਭਨਾਂ ਨੇ ਖੜ੍ਹੇ ਹੋ ਕੇ ਬੱਬਰ ਸ਼ਹੀਦਾਂ ਨੂੰ ਸਿਜਦਾ ਕੀਤਾ। ਜਨਰਲ ਸਕੱਤਰ ਨੇ ਅਪੀਲ ਕੀਤੀ ਕਿ ਤੁਹਾਡੇ ਸਹਿਯੋਗ ਨਾਲ ਹੀ ਸ਼ਤਾਬਦੀ ਸਫ਼ਲਤਾ ਪੂਰਵਕ ਨੇਪਰੇ ਚਾੜ੍ਹੀ ਜਾ ਸਕਦੀ ਹੈ।

ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੀਟਿੰਗ ਦਾ ਮੰਤਵ, ਕਾਰਜ਼ ਅਤੇ ਇਸ ਮੁਹਿੰਮ ਵਿੱਚ ਕਮੇਟੀ, ਬੱਬਰਾਂ ਦੇ ਪਿੰਡਾਂ, ਪਰਿਵਾਰਾਂ ਦੀ ਜੋਟੀ ਸਦਕਾ ਸਾਹਮਣੇ ਆਉਣ ਵਾਲੀ ਇਤਿਹਾਸਕ ਭੂਮਿਕਾ ਬਾਰੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਲੋਕਾਂ ਦੀ ਭਰਵੀਂ ਸ਼ਮੂਲੀਅਤ ਨਾਲ ਹੀ ਹੋਏਗੀ ਮੇਲੇ ਦੀ ਵਿਲੱਖਣ ਪ੍ਰਾਪਤੀ।

ਬੱਬਰਾਂ ਦੇ ਵੱਖ-ਵੱਖ ਪਿੰਡਾਂ ਤੋਂ ਆਏ 50 ਤੋਂ ਵੱਧ ਪ੍ਰਤੀਨਿਧਾਂ ਨੇ ਬਹੁਤ ਹੀ ਅਮੁੱਲੜੇ ਵਿਚਾਰ ਸਾਂਝੇ ਕੀਤੇ। ਮੁਹਿੰਮ ਨੂੰ ਖਿੱਚ ਭਰਪੂਰ ਬਣਾਉਣ, ਲੋਕਾਂ ਦੀ ਭਰਵੀਂ ਸ਼ਮੂਲੀਅਤ ਯਕੀਨੀ ਕਰਨ ਲਈ ਠੋਸ ਰਾਵਾਂ ਅਤੇ ਸੁਝਾਅ ਦਿੱਤੇ। ਬੱਬਰ ਇਤਿਹਾਸ ਅਤੇ ਅਜੋਕੇ ਸਮੇਂ ਦੇ ਭਖ਼ਵੇਂ ਸੁਆਲਾਂ ਨੂੰ ਸੰਬੋਧਤ ਹੁੰਦੇ ਹੋਏ ਸ਼ਹੀਦਾਂ ਦੇ ਪਰਿਵਾਰਾਂ, ਪਿੰਡਾਂ, ਇਲਾਕਿਆਂ ਵਿੱਚ ਬਣੀਆਂ ਕਮੇਟੀਆਂ ਦੇ ਨੁੰਮਾਇੰਦਿਆਂ ਨੇ ਕਿਹਾ ਕਿ 100 ਵਰ੍ਹੇ ਬਾਅਦ ਬੱਬਰਾਂ ਦੀ ਅਦੁੱਤੀ ਦੇਣ ਹੋਰ ਵੀ ਤਿੱਖੀ ਤਰ੍ਹਾਂ ਪ੍ਰਸੰਗਕ ਹੈ। ਉਹਨਾਂ ਕਿਹਾ ਕਿ ਉਹ ਜੀਅ ਜਾਨ ਲਗਾ ਕੇ ਬੱਬਰਾਂ ਦੇ ਚੌਮੁਖੀਆ ਚਿਰਾਗ਼ ਨੂੰ ਜਗਦਾ ਰੱਖਣਗੇ।

ਬੁਲਾਰਿਆਂ ਨੇ ਕਿਹਾ ਕਿ ਬੱਬਰਾਂ ਨੇ ਜਿਵੇਂ ਤਨ, ਮਨ, ਧਨ ਸਭ ਕੁੱਝ ਆਜ਼ਾਦੀ ਲਹਿਰ ਲਈ ਕੁਰਬਾਨ ਕਰ ਦਿੱਤਾ। ਫਾਂਸੀਆਂ, ਉਮਰ ਕੈਦ, ਕਾਲ਼ੇ ਪਾਣੀ, ਤਸ਼ੱਦਦ ਝੱਲੇ ਉਹਨਾਂ ਦੇ ਪਰਿਵਾਰਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ ਪਰ ਬੇਹੱਦ ਦੁੱਖ਼ ਦੀ ਗੱਲ ਹੈ ਕਿ ਅੱਜ 100 ਵਰ੍ਹੇ ਮਗਰੋਂ ਬਦੇਸ਼ੀ ਸਾਮਰਾਜੀਏ, ਦੇਸੀ ਕਾਰਪੋਰੇਟ ਘਰਾਣੇ ਅਤੇ ਵੰਨ-ਸੁਵੰਨੀਆਂ ਲੋਟੂ ਹਾਕਮ ਜਮਾਤਾਂ ਲੋਕਾਂ ਦੇ ਮੋਢਿਆਂ ਉਪਰ ਸਵਾਰ ਹਨ।

ਬੁਲਾਰਿਆਂ ਕਿਹਾ ਕਿ ਲੋਕਾਂ ਉਪਰ ਕਹਿਰ ਬਣਕੇ ਵਰ੍ਹ ਰਿਹਾ ਫਾਸ਼ੀ ਹੱਲਾ, ਲੋਕਾਂ ਦੇ ਮੁੱਢਲੇ ਹੱਕਾਂ ਉਪਰ ਬੁਲਡੋਜ਼ਰ ਚਾੜ੍ਹ ਰਿਹੈ, ਦੋਮ ਦਰਜ਼ੇ ਦੇ ਮੁੱਦੇ ਜਾਣ ਬੁੱਝਕੇ ਉਭਾਰ ਰਿਹਾ ਹੈ ਇਸ ਲਈ ਬੱਬਰਾਂ ਦੇ ਇਤਿਹਾਸ ਨੂੰ ਸਿਰਫ਼ ਯਾਦ ਕਰਨਾ ਹੀ ਕਾਫ਼ੀ ਨਹੀਂ। ਅਸਲ ਗੱਲ ਤਾਂ ਇਹ ਲੋੜੀਂਦੀ ਹੈ ਕਿ ਉਹ ਜਿਸ ਮਿਸ਼ਨ ਆਜ਼ਾਦੀ, ਜਮਹੂਰੀਅਤ, ਬਰਾਬਰੀ, ਸਾਂਝੀਵਾਲਤਾ ਅਤੇ ਨਿਆਂ ਲਈ ਲੜੇ ਉਸਦੀ ਪੂਰਤੀ ਲਈ ਲੱਕ ਬੰਨ੍ਹ ਕੇ ਤੁਰਿਆ ਜਾਵੇ।

ਵਿਚਾਰ-ਚਰਚਾ ਉਪਰੰਤ ਸਾਰ-ਤੱਤ ਪੇਸ਼ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਨੇ ਕਿਹਾ ਕਿ ਬੱਬਰ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਲਈ ਕੁਝ ਠੋਸ ਕਦਮ ਚੁੱਕਣ ਦੀ ਲੋੜ ਹੈ। ਮਸਲਨ ਹਰ ਪਿੰਡ ਬੱਬਰਾਂ ਦੀਆਂ ਤਸਵੀਰਾਂ ਅਤੇ ਵੇਰਵੇ ਦੀਆਂ ਫਲੈਕਸਾਂ ਲੱਗਣ, ਪਿੰਡਾਂ/ਇਲਾਕਿਆਂ 'ਚ ਕਮੇਟੀਆਂ ਜੱਥੇਬੰਦ ਕੀਤੀਆਂ ਜਾਣ। ਪਿੰਡਾਂ/ਇਲਾਕਿਆਂ 'ਚ ਢੁਕਵੀਆਂ ਵਿਧੀਆਂ ਰਾਹੀਂ ਸਰਗਰਮੀਆਂ ਕੀਤੀਆਂ ਜਾਣ। ਢੁਕਵੀਆਂ ਪ੍ਰਚਾਰ ਸਮੱਗਰੀ ਲੋਕਾਂ 'ਚ ਲਿਜਾਈ ਜਾਏ। ਗ਼ਦਰੀ ਬਾਬਿਆਂ ਦੇ ਮੇਲੇ 'ਚ ਲੰਗਰ, ਵਲੰਟੀਅਰ ਅਤੇ ਲੋਕ-ਸ਼ਮੂਲੀਅਤ ਵੱਡੀ ਪੱਧਰ 'ਤੇ ਕਰਾਉਣ ਲਈ ਬੱਬਰਾਂ ਦੇ ਪਿੰਡ ਅਤੇ ਸੰਸਥਾਵਾਂ ਅੱਗੇ ਆਉਣ। ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ, ਵਿਜੈ ਬੰਬੇਲੀ, ਡਾ. ਸੈਲੇਸ਼ ਤੋਂ ਇਲਾਵਾ ਪੰਜ ਦਰਜਣ ਦੇ ਕਰੀਬ ਪ੍ਰਤੀਨਿਧਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਇਸ ਮਿਲਣੀ ਨੂੰ ਕਾਮਯਾਬ ਕਰਨ ਲਈ ਨਿੱਗਰ ਸੁਝਾਅ ਦਿੱਤੇ। ਜਿਹਨਾਂ ਲਈ ਕਮੇਟੀ ਆਗੂਆਂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਿਜੈ ਬੰਬੇਲੀ ਦੀ ਪੁਸਤਕ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ' ਬੱਬਰਾਂ ਦੇ ਪਰਿਵਾਰਾਂ ਅਤੇ ਸੰਸਥਾਵਾਂ ਦੇ ਨੁੰਮਾਇੰਦਿਆਂ ਨੂੰ ਭੇਂਟ ਕੀਤੀ ਗਈ।

# ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ ਦੇ ਬਾਨੀ ਪ੍ਰਧਾਨ ਲੈਫ. ਕਰਨਲ ਬਰਾੜ ਨੂੰ ਸਮਰਪਿਤ ਤੀਸਰਾ ਬਾਲ ਸਿਰਜਣਾਤਮਕ ਕੈਂਪ

## *ਬੱਚਿਆਂ 'ਚ ਉਸਾਰੂ ਰੁਚੀਆਂ ਜਗਾਉਣ ਪੱਖੋਂ ਸਫ਼ਲ ਰਿਹਾ*
















ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਬਾਬਾ ਭਾਨ ਸਿੰਘ ਯਾਦਗਾਰ ਸੁਨੇਤ, ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ 7 ਤੋਂ 14 ਜੂਨ ਤੱਕ ਲਗਾਇਆ ਗਿਆ। ਅਖੀਰਲੇ ਦਿਨ ਸ਼ਾਮ ਨੂੰ ਬੱਚਿਆਂ ਨੇ ਇਸ ਕੈਂਪ ਦੌਰਾਨ ਸਿੱਖੀ ਕਲਾ ਦਾ ਯਾਦਗਾਰ ਦੇ ਮੰਚ ਤੇ ਸੈਂਕੜੇ ਦਰਸ਼ਕਾਂ-ਮਾਪਿਆਂ ਸਾਹਮਣੇ ਪ੍ਰਦਰਸ਼ਨ ਕੀਤਾ ਅਤੇ ਬੱਚਿਆਂ ਵੱਲੋਂ ਬਣਾਈ ਗਈ ਚਿੱਤਰਕਾਰੀ ਅਤੇ ਮਿੱਟੀ ਦੇ ਖਿਡੌਣਿਆਂ ਦੀ ਪ੍ਰਦਰਸ਼ਨੀ ਲਗਾਈ ਗਈ।

ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜ਼ੀਰਖ ਅਤੇ ਜਨਰਲ ਸਕੱਤਰ ਰਾਕੇਸ਼ ਆਜ਼ਾਦ ਨੇ ਦੱਸਿਆ ਕਿ ਇਹ ਨੌਜਵਾਨ ਸਭਾ ਵੱਲੋਂ ਲਗਾਤਾਰ ਤੀਸਰੇ ਸਾਲ ਕੈਂਪ ਲਗਾਇਆ ਗਿਆ ਜਿਸ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ ਬੱਚਿਆਂ ਵਿੱਚ ਨਾਟਕ, ਕੋਰਿਓਗ੍ਰਾਫੀ, ਕਵਿਤਾ/ਗੀਤ ਗਾਇਨ, ਮਿੱਟੀ ਦੇ ਖਿਡੌਣੇ, ਗੱਤਕਾ, ਗਿੱਧਾ, ਭੰਗੜਾ ਅਤੇ ਵਿਗਿਆਨਕ ਚੇਤਨਾ, ਚੰਗੇ ਖਾਣ-ਪੀਣ, ਸਿਹਤ ਸੰਭਾਲ ਅਤੇ ਸਮਾਜਿਕ ਕਦਰਾਂ ਕੀਮਤਾਂ ਬਾਰੇ ਸਿਖਲਾਈ ਦਿੱਤੀ ਗਈ। ਮਾਂ ਬੋਲੀ ਦੀ ਮਹੱਤਤਾ, ਦੇਸ਼ ਭਗਤੀ ਅਤੇ ਯੁੱਧ ਦੇ ਲੋਕਾਂ ਤੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਵਿਖਾਉਂਦਿਆਂ ਕੋਰਿਓਗ੍ਰਾਫੀ ਅਤੇ ਆਪਣੇ ਗੁਣਾਂ ਨੂੰ ਸਮਝਣ ਅਤੇ ਹਮੇਸ਼ਾ ਅੱਗੇ ਵਧਣ ਦੀ ਪ੍ਰੇਰਨਾ ਦਿੰਦਿਆਂ ਨਾਟਕ ਕੀਤਾ ਗਿਆ। ਬੱਚਿਆਂ ਨੂੰ ਜਾਤ-ਪਾਤ, ਰੰਗ, ਧਰਮ, ਨਸਲ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਚੰਗੇ ਸਮਾਜ ਲਈ ਸਾਂਝੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਗਿਆ। ਬੱਚਿਆਂ ਨੂੰ ਪੌਸ਼ਟਿਕ ਭੋਜਨ ਖਾਣ ਅਤੇ ਬਜ਼ਾਰੂ ਭੋਜਨ ਨੂਡਲ, ਬਰਗਰ, ਪੀਜ਼ਾ ਆਦਿ ਤੋਂ ਦੂਰ ਰਹਿਣ ਨੂੰ ਅਤੇ ਮੋਬਾਇਲ ਦੀ ਵਰਤੋਂ ਤੋਂ ਦੂਰ ਰਹਿ ਕੇ ਹੋਰ ਰਵਾਇਤੀ ਖੇਡਾਂ ਖੇਡਣ ਲਈ ਪ੍ਰੇਰਿਆ ਗਿਆ। ਅਖੀਰਲੇ ਦਿਨ ਬੱਚਿਆਂ ਨੇ ਆਪਣੇ ਮਾਪਿਆਂ ਸਾਹਮਣੇ ਕੈਂਪ ਦੌਰਾਨ ਸਿੱਖੀ ਕਲਾ ਦਾ ਅਤੇ ਆਪਣੇ ਤਜਰਬੇ ਮੰਚ ਤੋਂ ਸਾਂਝੇ ਕੀਤੇ। ਇਸ ਦੌਰਾਨ ਨਾਟਕਕਾਰ ਤਰਲੋਚਨ ਸਿੰਘ, ਮੈਡਮ ਕਮਲਦੀਪ ਕੌਰ ਜਿਨ੍ਹਾਂ ਨੇ ਬੱਚਿਆਂ ਦੀ ਸਿਖਲਾਈ ਲਈ ਸਮਾਂ ਕੱਢਿਆ ਨੂੰ ਨੌਜਵਾਨ ਸਭਾ ਅਤੇ ਟਰੱਸਟ ਵੱਲੋਂ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਨੂੰ ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਪ੍ਰੋ ਜਗਮੋਹਨ ਸਿੰਘ ਅਤੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਇਕੱਠ ਸੰਬੋਧਨ ਕਰਦਿਆਂ ਨੌਜਵਾਨ ਸਭਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਨੌਜਵਾਨ ਸਭਾ ਦੇ ਖ਼ਜ਼ਾਨਚੀ ਤਜਿੰਦਰ ਕੁਮਾਰ ਨੇ ਕੈਂਪ ਦੌਰਾਨ ਬੱਚਿਆਂ ਦੇ ਖਾਣ-ਪੀਣ ਦਾ ਵਿਸ਼ੇਸ਼ ਧਿਆਨ ਰੱਖਿਆ। ਨੌਜਵਾਨ ਸਭਾ ਦੀ ਸਹਾਇਕ ਸਕੱਤਰ ਮੀਨੂੰ ਸ਼ਰਮਾ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ। ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਆਗੂ ਕਸਤੂਰੀ ਲਾਲ, ਤਰਕਸ਼ੀਲ ਆਗੂ ਬਲਵਿੰਦਰ ਲਾਲਬਾਗ, ਜਮਹੂਰੀ ਅਧਿਕਾਰ ਸਭਾ ਦੇ ਆਗੂ ਡਾ. ਹਰਬੰਸ ਗਰੇਵਾਲ, ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾ ਆਗੂ ਜਸਵੀਰ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਅਖੀਰ ਵਿੱਚ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਕਿਤਾਬਾਂ ਵੰਡ ਕੇ ਸਨਮਾਨਿਤ ਕੀਤਾ ਗਿਆ। ਇਸ ਕੈਂਪ ਲਾਈ ਆਰਥਿਕ ਸਹਾਇਤਾ ਭੇਜਣ ਵਾਲੇ ਮਿੱਤਰਾਂ-ਸੱਜਣਾਂ ਦਾ ਸਭਾ ਵੱਲੋਂ ਧੰਨਵਾਦ ਕੀਤਾ ਗਿਆ। ਨੌਜਵਾਨ ਸਭਾ ਨੇ ਅਜਿਹੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰੱਖਣ ਦਾ ਵਾਅਦਾ ਕੀਤਾ। ਇਨ੍ਹਾਂ ਤੋਂ ਇਲਾਵਾ ਕਲਪਨਾ, ਪ੍ਰਤਾਪ ਸਿੰਘ, ਜਗਜੀਤ ਸਿੰਘ, ਕੁਲਵਿੰਦਰ ਸਿੰਘ, ਮਹੇਸ਼ ਕੁਮਾਰ, ਨੀਲ, ਰਾਜੀਵ ਕੁਮਾਰ, ਸੰਦੀਪ ਕੌਰ ਆਦਿ ਨੇ ਕੈਂਪ ਦੌਰਾਨ ਅਤੇ ਪ੍ਰੋਗਰਾਮ ਦੌਰਾਨ ਹਾਜ਼ਰ ਰਹਿ ਕੇ ਵਲੰਟੀਅਰ ਡਿਊਟੀਆਂ ਨਿਭਾਈਆਂ।

# ਟੀ ਵੀ ਚੈਨਲ ਵੱਲੋਂ ਕੈਨੇਡਾ ਦੀ ਧਰਤੀ ਤੇ ਪੰਜਾਬੀ ਸਿਤਾਰਿਆਂ ਦਾ ਕੀਤਾ ਸਨਮਾਨ

ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਬੀਤੇ ਦਿਨ ਸਿਵਾਲਿਕ ਟੀ ਵੀ ਚੈਨਲ ਵੱਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਿਤਾਰਿਆਂ ਦਾ ਕੈਨੇਡਾ ਦੀ ਧਰਤੀ ਤੇ ਇੰਡੀਅਨ ਐਕਸ ਸਰਵਿਮੈਨ ਇੰਮੀਗਰਾਂਟ ਐਸੋਸੀਏਸ਼ਨ ਦੇ ਹਾਲ ਵਿੱਚ ਇੰਡੋ-ਕੈਨੇਡੀਅਨ ਸੰਸਥਾ ਦੇ ਪ੍ਰਧਾਨ ਜਰਨੈਲ ਸਿੰਘ ਤੱਗੜ ਦੀ ਪ੍ਰਧਾਨਗੀ ਹੇਠ ਵਿਸਾਲ ਸਨਮਾਨ ਸਮਾਗਮ ਕਰਵਾਇਆ ਗਿਆ। ਮੁੱਖ ਮਹਿਮਾਨ ਦੇ ਤੌਰ 'ਤੇ ਜਨਾਬ ਇਰਫਾਨ ਸਬੀਰ ਐਮ ਐਲ ਏ ਕੈਲਗਰੀ, ਵਿਸੇਸ ਮਹਿਮਾਨ ਗੁਰਿੰਦਰ ਵੀ ਸਰਾਹਨਾ ਕੀਤੀ ਉਹਨਾਂ ਕਿਹਾ ਕਿ ਜੋ ਨੈਸਨਲ ਮੀਡੀਆ ਗਰਾਉਂਡ ਰਿਐਲਟੀ ਨਹੀਂ ਦਿਖਾ ਰਿਹਾ ਉਥੇ ਸੋਸਲ ਮੀਡੀਆ ਗਰਾਉਂਡ ਰਿਐਲਟੀ ਲੋਕਾਂ ਤੱਕ ਪਹੁੰਚਾਉਣ ਵਿੱਚ ਕਾਮਯਾਬ ਹੋ ਰਿਹਾ ਹੈ। ਉੱਘੀ ਲੇਖਕਾ ਗੁਰਚਰਨ ਕੌਰ ਥਿੰਦ ਨੇ ਕਿਹਾ ਕੈਨੇਡਾ ਮਲਟੀਕਲਚਰ ਦੇਸ ਹੈ ਏਥੇ ਵੱਖੋ ਵੱਖ ਦੇਸਾਂ ਦੇ ਲੋਕ ਰਹਿੰਦੇ ਹਨ ਜਿਥੇ ਪੰਜਾਬੀ ਵੀ ਭਾਰੀ ਗਿਣਤੀ ਵਿੱਚ ਰਹਿੰਦੇ ਹਨ ਉਥੇ ਪੰਜਾਬੀ ਸਭਿਆਚਾਰ ਵੀ ਕਿਸੇ ਤੋਂ ਘੱਟ ਨੀ. ਉੱਘੀ ਸਾਹਿਤਕਾਰਾ ਗੁਰਦੀਸ਼ ਕੌਰ ਗਰੇਵਾਲ ਨੇ



ਸਿੰਘ ਬਰਾੜ ਐਮ ਐਲ ਏ ਅਤੇ ਭਾਰਤ ਤੋਂ ਆਏ ਸਿਵਾਲਿਕ ਟੀ ਵੀ ਚੈਨਲ ਦੇ ਚੀਫ ਐਡੀਟਰ ਨੇ ਸਿਰਕਤ ਕੀਤੀ. ਪ੍ਰਧਾਨਗੀ ਮੰਡਲ ਵਿੱਚ ਉੱਘੀ ਸਾਹਿਤਕਾਰਾ ਗੁਰਚਰਨ ਕੌਰ ਥਿੰਦ ਵੀ ਸਾਮਿਲ ਹੋਏ। ਜਨਾਬ ਇਰਫਾਨ ਸਬੀਰ ਨੇ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕੈਨੇਡਾ ਸਰਕਾਰ ਵੱਲੋਂ ਸੀਨੀਅਰਜ ਨੂੰ ਦਿਤੀਆਂ ਜਾ ਰਹੀਆਂ ਸੂਹੂਲਤਾਂ ਦੀ ਸਰਾਹਨਾ ਕੀਤੀ ਅਤੇ ਅਲਬਰਟਾ ਐਸੰਬਲੀ ਵਿੱਚ ਦਿਤੇ ਜਾ ਰਹੇ ਸਾਥ ਦਾ ਸਾਥੀ ਐਮ ਐਲ ਏਜ ਦਾ ਧੰਨਵਾਦ ਕੀਤਾ। ਗੁਰਿੰਦਰ ਸਿੰਘ ਬਰਾੜ ਐਮ ਐਲ ਏ ਨੇ ਕਿਹਾ ਕਿ ਅਸੀਂ ਸੱਤ ਸਮੁੰਦਰੋਂ ਪਾਰ ਕਰਕੇ ਪਹਿਲਾ ਆਪਣੀ ਰੋਜ਼ੀ-ਰੋਟੀ ਕਮਾਈ ਫਿਰ ਰਾਜਨੀਤੀ ਵਿੱਚ ਆ ਕੇ ਪੰਜਾਬੀਆਂ ਦੀ ਸੇਵਾ ਕਰ ਰਹੇ ਹਾਂ ਉਹਨਾਂ ਨੇ ਅੱਗੇ ਕਿਹਾ ਕਿ ਸਾਨੂੰ ਏਥੋਂ ਦੇ ਮੂਲ ਨਿਵਾਸੀਆਂ ਦਾ ਸਾਥ ਵੀ ਡੱਟ ਕੇ ਦੇਣਾ ਚਾਹੀਦਾ ਹੈ ਅਤੇ ਆਪਣੇ ਸਭਿਆਚਾਰ ਖਾਸ ਕਰਕੇ ਪੰਜਾਬੀਅਤ ਤੇ ਡੱਟ ਪਹਿਰਾ ਦੇਣਾ ਚਾਹੀਦਾ ਜੋ ਵਿਦੇਸ਼ਾਂ ਦੀ ਧਰਤੀ ਤੇ ਹੋ ਵੀ ਰਿਹਾ ਹੈ ਬਰਾੜ ਨੇ ਸੋਸਲ ਮੀਡੀਏ ਦੀ ਪੰਜਾਬੀਆਂ ਨੂੰ ਚੰਗੀਆਂ ਅਤੇ ਮਿਆਰੀ ਪੁਸਤਕਾਂ ਪੜਨੀਆਂ ਜ਼ਰੂਰੀ ਹਨ ਤਾਂ ਕਿ ਆਉਣ ਵਾਲੀ ਪੀੜੀ ਵੀ ਪੰਜਾਬੀ ਸਾਹਿਤ ਨਾਲ ਜੁੜ ਸਕੇ। ਭਾਰਤ ਤੋਂ ਆਏ ਸਿਵਾਲਿਕ ਟੀ ਵੀ ਚੈਨਲ ਦੇ ਚੀਫ ਐਡੀਟਰ ਭੁਪਿੰਦਰ ਸਿੰਘ ਭਾਗੋਮਾਜਰਾ ਨੇ ਕਿਹਾ ਪੰਜਾਬੀ ਸਾਡੀ ਮਾਂ ਬੋਲੀ ਹੈ, ਸਾਡੀ ਮਾਤਾ ਹੈ ਉਥੇ ਅੰਗਰੇਜ਼ੀ ਸਾਡੀ ਮਾਸੀ, ਹਿੰਦੀ ਸਾਡੀ ਭੂਆ ਅਤੇ ਉਰਦੂ ਆਦਿ ਭਾਸਾਵਾਂ ਨਾਲ ਸਾਡਾ ਗਹਿਰਾ ਰਿਸ਼ਤਾ ਹੈ ਸਾਨੂੰ ਸਾਰੀਆਂ ਭਾਸਾਵਾਂ ਨਾਲ ਪਿਆਰ ਕਰਨਾ ਚਾਹੀਦਾ ਹੈ ਮਾਤ ਭਾਸ਼ਾ ਸਾਡੀ ਪਹੇਲੀ ਹੈ। ਸਟੇਜ ਦੀ ਕਾਰਵਾਈ ਉੱਘੇ ਪੱਤਰਕਾਰ ਪਰਮਜੀਤ ਸਿੰਘ ਭੰਗੂ ਅਤੇ ਸੁਭਾਸ ਸਰਮਾ ਨੇ ਕੀਤੀ, ਦੱਸਣਾ ਇਹ ਵੀ ਬਣਦਾ ਹੈ ਕਿ ਇਸ ਸਮਾਗਮ ਵਿੱਚ ਭਾਰੀ ਗਿਣਤੀ ਵਿੱਚ ਪੰਜਾਬੀਆਂ ਨੇ ਸਮੂਲੀਅਤ ਕੀਤੀ, ਆਖਰ ਵਿੱਚ ਸਮਾਗਮ ਵਿਚ ਪਹੁੰਚੇ ਸਾਹਿਤਕਾਰਾਂ ਅਤੇ ਸਰੋਤਿਆਂ ਦਾ ਡਾ ਹਰਮਿੰਦਰਪਾਲ ਸਿੰਘ ਨੇ ਧੰਨਵਾਦ ਕੀਤਾ, ਸਮਾਗਮ ਯਾਦਗਾਰੀ ਹੋ ਨਿਬੜਿਆ।

# ਕੈਲਗਰੀ ਲੇਖਕ ਸਭਾ ਵਲੋਂ ਕਨੇਡਾ ਦੇ ਬਹੁ-ਸਭਿਆਚਾਰ ਦੇ ਜਸ਼ਨ ਮਨਾਏ ਗਏ



**(ਸਰੋਕਾਰਾਂ ਦੀ ਆਵਾਜ਼ ਬਿਊਰੋ)**

ਕੈਲਗਰੀ ਲੇਖਕ ਸਭਾ ਕਲਚਰਲ ਐਸੋਸੀਏਸ਼ਨ ਨਾਂ ਹੇਠ ਜੂਨ 2023 ਵਿੱਚ ਰਜਿਸਟਰ ਹੋਈ 'ਰਾਈਟਰਜ਼ ਫੋਰਮ' ਸਾਹਿਤਕ ਸੰਸਥਾ ਦਾ ਪਹਿਲਾ ਸਲਾਨਾ ਸਮਾਗਮ ਜੂਨ 14, 2026 ਦਿਨ ਐਤਵਾਰ ਨੂੰ ਟੈਂਪਲ ਕਮਿਊਨਿਟੀ ਹਾਲ ਵਿੱਚ 'ਕਨੇਡਾ ਦੇ ਬਹੁ-ਸਭਿਆਚਾਰ' ਦੇ ਜਸ਼ਨ ਦੇ ਰੂਪ ਵਿੱਚ ਲਗਪਗ 200 ਦਰਸ਼ਕਾਂ ਦੀ ਭਰਵੀਂ ਹਾਜ਼ਰੀ ਵਿੱਚ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ 'ਲੈਂਡ ਐਕਨਾਲਜਮੈਂਟ' ਕਰਨ ਉਪਰੰਤ ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗਾਇਨ ਨਾਲ ਕੀਤੀ ਗਈ। ਸਭਾ ਦੇ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਨੇ ਹਾਲ ਵਿੱਚ ਹਾਜ਼ਰ ਸਭ ਨੂੰ ਜੀ ਆਇਆਂ ਆਖਦਿਆਂ ਕਨੇਡਾ ਦੇ ਮਲਟੀਕਲਚਰਿਜ਼ਮ ਨੂੰ ਸਮਾਜ ਦੀਆਂ ਜੜ੍ਹਾਂ ਤੱਕ ਪੁਚਾਉਣ ਦੀ ਲੋੜ ਬਾਰੇ ਆਖਿਆ। ਉਪਰੰਤ ਸਭਾ ਦੇ ਸਕੱਤਰ ਗੁਰਚਰਨ ਥਿੰਦ ਵਲੋਂ ਸਟੇਜ ਦੀ ਅਗਲੇਰੀ ਕਾਰਵਾਈ ਆਰੰਭੀ ਗਈ।

ਇਸ ਸਮਾਗਮ ਵਿੱਚ ਵੱਖ ਵੱਖ ਕਮਿਊਨੀਟੀਜ਼ ਦੇ ਕਲਾਕਾਰਾਂ ਦੇ ਗਰੁੱਪਾਂ ਨੇ ਭਾਗ ਲਿਆ। ਜਿਸ ਵਿੱਚ ਨੇਪਾਲੀ ਕਮਿਊਨਿਟੀ ਸੋਸਾਇਟੀ ਆਫ ਕੈਲਗਰੀ ਦੇ ਡਾਂਸ ਗਰੁੱਪ, ਫਿਲਪੀਨੋ ਇੰਡਕ ਗਲੋਬਲ ਕਲਚਰਲ ਡਾਂਸ ਗਰੁੱਪ, ਇਲਮ ਸੋਸਾਇਟੀ ਦੇ 'ਯੂਨੀਵਰਸਲ ਵਾਈਬਜ਼ ਗਰੁੱਪ, ਗਿੱਧਾ ਅਕੈਡਮੀ ਦੀਆਂ ਛੋਟੀਆਂ ਬੱਚੀਆਂ ਦੇ ਗਰੁੱਪ ਅਤੇ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀਆਂ ਸੀਨੀਅਰ ਔਰਤਾਂ ਵਲੋਂ ਪੰਜਾਬੀ ਲੋਕ-ਨਾਚ ਗਿੱਧਾ ਪੇਸ਼ ਕੀਤਾ ਗਿਆ। ਡਾ: ਗੀਟਾ ਕਰਮਾਕਰ ਨੇ ਬੰਗਾਲੀ ਗੀਤ ਨਾਲ ਸਮਾਂ ਬੰਨ੍ਹਿਆ। ਮੁਨਵਰ ਅਹਿਮਦ ਪੰਜਾਬੀ ਅਤੇ ਸੁਖਮੰਦਰ ਸਿੰਘ ਗਿੱਲ ਨੇ ਪੰਜਾਬੀ ਦੇ ਮਸ਼ਹੂਰ ਸ਼ਾਇਰ ਵਾਰਿਸ ਸ਼ਾਹ ਦਾ ਕਲਾਮ ਗਾ ਕੇ ਵਾਹ ਵਾਹ ਖੱਟ ਲਈ। ਪ੍ਰੋਗਰਾਮ ਦਾ ਅਗਾਜ਼ ਹਰਮਿੰਦਰ ਪਾਲ ਸਿੰਘ ਨੇ ਆਪਣੀ ਬੁਲੰਦ ਅਵਾਜ਼ ਵਿੱਚ ਧਾਰਮਿਕ ਗੀਤ ਨਾਲ ਕੀਤੀ। ਦੀਪ ਬਰਾੜ ਨੇ ਹਾਰਮੋਨੀਅਮ ਤੇ ਮਾਹੀਆ ਗਾ ਕੇ ਰੌਣਕਾਂ ਲਾਈਆਂ। ਸਮਾਗਮ ਵਿੱਚ ਅਲਬਰਟਾ ਦੇ ਮਲਟੀਕਲਚਰਿਜ਼ਮ ਮਨਿਸਟਰ ਮੁਹੰਮਦ ਯਾਸੀਨ ਜੀ ਦੀ ਦੋ ਘੰਟੇ ਦੀ ਹਾਜ਼ਰੀ ਖਾਸ ਜ਼ਿਕਰਯੋਗ ਰਹੀ। ਉਨ੍ਹਾਂ ਕਨੇਡਾ ਦੇ ਬਹੁ-ਸਭਿਆਚਾਰ ਦੇਸ਼ ਹੋਣ ਦੀ ਵਿਸ਼ੇਸ਼ਤਾ ਦੀ ਗੱਲ ਕਰਦਿਆਂ ਹਰੇਕ ਕਨੇਡਾ ਵਾਸੀ ਦੇ ਬਰਾਬਰ ਦੇ ਹੱਕਾਂ, ਮੌਕਿਆਂ ਤੇ ਫ਼ਰਜ਼ਾਂ ਬਾਰੇ ਸਾਂਝ ਪਾਈ। ਐਮ.ਐਲ.ਏ. ਗੁਰਦਿੰਰ ਬਰਾੜ ਅਤੇ ਪਰਮੀਤ ਬੋਪਾਰਾਏ ਹੁਰਾਂ ਅਲਬਰਟਾ ਵਿੱਚ ਹੋਣ ਵਾਲੇ ਰੈਫਰੰਡਮ ਦਾ ਜ਼ਿਕਰ ਕੀਤਾ ਅਤੇ ਕਨੇਡਾ ਦੇ ਸਾਰੇ ਪ੍ਰੋਵਿੰਸਜ਼ ਦੇ ਇੱਕਮੁੱਠ ਹੋ ਕੇ ਰਹਿਣ ਦੀ ਕਾਮਨਾ ਕੀਤੀ। ਵਾਰਡ-5 ਦੇ ਕਾਊਂਸਲਰ ਰਾਜ ਧਾਲੀਵਾਲ ਜੀ ਵੀ ਇਸ ਉਤਸਵ ਵਿੱਚ ਸ਼ਾਮਲ ਹੋਏ। ਐਨ ਆਖਰੀ ਮੌਕੇ ਤੇ ਐਡਮਿੰਟਨ ਤੋਂ ਐਮ.ਐਲ.ਏ ਜਸਵੀਰ ਸਿੰਘ ਦਿਓਲ ਇਸ ਸਮਾਗਮ ਵਿੱਚ ਆ ਸ਼ਾਮਲ ਹੋਏ। ਪੰਜਾਬੀ ਕਮਿਊਨਿਟੀ ਦੀਆਂ ਵੱਖ ਵੱਖ ਐਸੋਸੀਏਸ਼ਨਜ਼ ਦੇ ਪਤਵੰਤੇ ਸੱਜਣਾਂ ਦੀ ਭਾਵਪੂਰਤ ਸ਼ਮੂਲੀਅਤ ਰਹੀ। ਵੱਖ ਵੱਖ ਸਭਿਆਚਾਰਾਂ ਨੂੰ ਗੀਤਾਂ ਅਤੇ ਨਾਚ ਰਾਹੀਂ ਪੇਸ਼ ਕਰਨ ਵਾਲੇ ਕਲਾਕਾਰਾਂ ਨੂੰ ਇਨ੍ਹਾਂ ਸਭ ਵਲੋਂ ਵਾਰੀ ਵਾਰੀ ਸਟੇਜ ਤੇ ਆ ਕੇ ਸਰਟੀਫਿਕੇਟਾਂ ਨਾਲ ਸਨਮਾਨਤ ਕੀਤਾ ਗਿਆ। ਬਲਵਿੰਦਰ ਬਰਾੜ, ਸੁਰਿੰਦਰ ਗੀਤ, ਸੁਖਵਿੰਦਰ ਤੂਰ, ਸੋਹਣ ਸਿੰਘ ਭੁੱਚੋ, ਗੁਰਚਰਨ ਹੇਅਰ, ਗੁਰਦੀਪ ਧਾਲੀਵਾਲ, ਰਮਨ ਗਿੱਲ ਤੇ ਜਗਦੇਵ ਸਿੰਘ ਸਿੱਧੂ ਹੁਰਾਂ ਆਪਣੇ ਆਪਣੇ ਅੰਦਾਜ਼ ਨਾਲ ਹਾਜ਼ਰੀ ਲੁਆਈ। ਇਨ੍ਹਾਂ ਜਸ਼ਨਾਂ ਵਾਲੇ ਸਮਾਗਮ ਵਿੱਚ ਹਾਲ ਦੇ ਇੱਕ ਪਾਸੇ ਮੇਜ਼ਾਂ ਉਪਰ ਮਨਿੰਦਰ ਚਾਨੇ ਅਤੇ ਜਸਜੋਤ ਰੁਪਾਲ ਵਲੋਂ ਆਪਣੀ ਕੈਲੀਗ੍ਰਾਫੀ ਦੀ ਕਲਾ ਦੀਆਂ ਪ੍ਰਦਰਸ਼ਿਤ ਕੀਤੀਆਂ ਕਲਾਕ੍ਰਿਤੀਆਂ ਨੇ ਸਭ ਦਾ ਧਿਆਨ ਖਿੱਚਿਆ। ਹਾਲ ਦੇ ਦੂਜੇ ਪਾਸੇ ਦੋ ਮੇਜ਼ਾਂ ਤੇ ਸਥਾਨਕ ਲੇਖਕਾਂ ਦੀਆਂ ਰੱਖੀਆਂ ਗਈਆਂ ਕਿਤਾਬਾਂ ਨੂੰ ਵੀ ਹਾਜ਼ਰੀਨ ਫਰੋਲਦੇ ਵੇਖੇ ਗਏ। ਇਨ੍ਹਾਂ ਪੁਸਤਕਾਂ ਵਿੱਚ ਲੇਖਕ ਸਭਾਵਾਂ ਦੇ ਲੇਖਕਾਂ ਦੀਆਂ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਤੋਂ ਇਲਾਵਾ ਲਹਿੰਦੇ ਪੰਜਾਬ ਦੇ ਲੇਖਕ ਅਬਦੁਲ ਬਾਸਿਤ ਤਾਹਿਰ ਦੀਆਂ ਸ਼ਾਹਮੁੱਖੀ ਦੀਆਂ ਕਿਤਾਬਾਂ ਸ਼ਾਮਲ ਸਨ। ਪ੍ਰੋਗਰਾਮ ਦੌਰਾਨ ਡਾ: ਥਿੰਦ ਦੀ ਦੇਖ-ਰੇਖ ਹੇਠ ਅਮਨਪ੍ਰੀਤ, ਪ੍ਰੀਤ ਸਾਗਰ ਤੇ ਉਸ ਦੀ ਪਤਨੀ ਨੇ ਸਾਰਾ ਸਮਾਂ ਚਾਹ ਅਤੇ ਸਨੈਕਸ ਦਾ ਵਰਤਾਉਣਾ ਜਾਰੀ ਰਖਿਆ। ਖਾਣ ਪੀਣ ਦੇ ਨਾਲ ਨਾਲ ਹਰ ਵਰਗ ਦੇ ਹਾਜ਼ਰੀਨ ਨੇ ਸਟੇਜ ਤੇ ਗੁਰਚਰਨ ਥਿੰਦ ਵਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਇਕ ਤੋਂ ਬਾਦ ਇਕ ਨਾਯਾਬ ਆਈਟਮਾਂ ਦੀ ਕਰਵਾਈ ਜਾ ਰਹੀ ਪੇਸ਼ਕਾਰੀ ਦਾ ਭਰਪੂਰ ਆਨੰਦ ਮਾਣਿਆ। ਰਵੀ ਦਾ ਆਡੀਓ ਸਿਸਟਮ ਇਸ ਸਭ ਨੂੰ ਹੋਰ ਵੀ ਰੌਚਕ ਬਣਾ ਰਿਹਾ ਸੀ। ਸਮੁੱਚੀ ਕਾਰਵਾਈ ਨੂੰ ਸ਼ਿਵਾਲਿਕ ਟੀ.ਵੀ. ਲਈ ਪਰਮਜੀਤ ਭੰਗੂ ਜੀ ਨੇ ਟੀ.ਵੀ. ਚੈਨਲ ਦੇ ਚੀਫ਼ ਆਡੀਟਰ ਭੁਪਿੰਦਰ ਸਿੰਘ ਭਾਗੋ ਮਾਜਰਾ ਦੀ ਹਾਜ਼ਰੀ ਵਿੱਚ ਬਾਖ਼ੂਬੀ ਕਵਰ ਕੀਤਾ। ਰੈੱਡ ਐਫ਼ ਐਮ ਤੋਂ ਰਿਸ਼ੀ ਨਾਗਰ ਅਤੇ ਰੇਡੀਓ ਸੁਰਸੰਗਮ ਤੋਂ ਰਣਜੀਤ ਸਿੰਘ ਸਿੱਧੂ ਵੀ ਆਪੋ ਆਪਣੇ ਮੀਡੀਆ ਵਲੋਂ ਸ਼ਾਮਲ ਹੋਏ। ਅੰਤ ਵਿੱਚ ਸਭਾ ਦੇ ਉਪ-ਪ੍ਰਧਾਨ ਸੁਰਿੰਦਰ ਸਿੰਘ ਢਿਲੋਂ ਵਲੋਂ ਸਭ ਦਾ ਧੰਨਵਾਦ ਕਰਨ ਨਾਲ ਅੱਜ ਦੇ ਸਮਾਗਮ ਦੀ ਸਮਾਪਤੀ ਹੋ ਗਈ।

# ਸਤਪਾਲ ਸਿੰਘ ਜੌਹਲ: ਚਰਿੱਤਰ, ਸੇਵਾ ਅਤੇ ਦਲੇਰੀ ਦਾ ਸੁਮੇਲ



**ਸੁਰਜੀਤ ਸਿੰਘ ਫਲੋਰਾ**
647-829-9397

ਬਹੁਤੀਆਂ ਪਬਲਿਕ ਸਖਸ਼ੀਅਤਾਂ ਨੂੰ ਉਨ੍ਹਾਂ ਦੇ ਨਾਹਰਿਆਂ ਅਤੇ ਗੱਲਾਂ ਕਰ ਕੇ ਜਾਣਿਆ-ਪਛਾਣਿਆ ਜਾਂਦਾ ਹੈ ਪਰ ਸਤਪਾਲ ਸਿੰਘ ਜੌਹਲ ਨੂੰ ਉਨ੍ਹਾਂ ਦੇ ਅਮਲੀ ਕੰਮਾਂ ਅਤੇ ਨਿੱਘੇ ਵਰਤ-ਵਰਤਾਓ ਕਰ ਕੇ ਵੱਧ ਜਾਣਿਆ ਜਾਂਦਾ ਹੈ। ਰਸਮੀ ਤੌਰ 'ਤੇ ਓਹ ਓਂਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਦੇ 9 ਅਤੇ 10 ਵਾਰਡਾਂ ਦੇ ਸਕੂਲ ਟਰਸਟੀ ਹਨ। ਪਰ ਪੰਜਾਬੀ ਭਾਈਚਾਰੇ 'ਚ ਓਹ ਸੁਚਾਰੂ ਮੀਡੀਆ ਕੰਮਾਂ ਅਤੇ ਪਰਵਾਸ ਨਾਲ਼ ਜੁੜੀਆਂ ਜਨਤਕ ਸੇਵਾਵਾਂ ਕਰ ਕੇ ਵੱਧ ਨਾਮਨਾ ਖੱਟ ਚੁੱਕੇ ਹਨ। ਇਨ੍ਹਾਂ ਸਭ ਕੰਮਾਂ ਨੂੰ ਇਕੱਠੇ ਕਰਨ ਨਾਲ਼ ਉਨ੍ਹਾਂ ਦੀ ਸਖਸ਼ੀਅਤ ਇੱਕ ਮਦਦਗਾਰ ਵਿਅਕਤੀ, ਮਿਠ-ਬੋਲੇ, ਬੇ-ਬਾਕ ਅਤੇ ਦਲੇਰ ਸਖ਼ਸ਼ ਦੇ ਤੌਰ 'ਤੇ ਉੱਭਰੀ ਹੈ।

ਉਨ੍ਹਾਂ ਦੇ ਸਮਰਥਕ ਇੱਕ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਦ ਕੋਈ ਕੰਮ ਗਲਤ ਹੋ ਰਿਹਾ ਹੋਵੇ ਤਾਂ ਓਹ ਉਸ ਵਿਰੁਧ ਖੜੇ ਹੋਣ ਲਈ ਪਿਛਾਂਹ ਨਹੀਂ ਰਹਿੰਦੇ। ਉਨ੍ਹਾਂ ਦੀ ਇਹ ਪਛਾਣ ਅੱਜ ਹੋਰ ਵੀ ਮਹੱਤਵ-ਪੂਰਨ ਬਣ ਜਾਂਦੀ ਹੈ, ਕਿਉਂਕਿ ਓਹ 26 ਅਕਤੂਬਰ ਨੂੰ ਹੋਣ ਵਾਲ਼ੀਆਂ ਬਰੈਂਪਟਨ ਦੀਆਂ ਮਿਊਂਸਪਲ ਚੋਣਾਂ 'ਚ ਰਿਜਨਲ ਕਾਊਂਸਲਰ ਲਈ ਉਮੀਦਵਾਰ ਹਨ। ਉਨ੍ਹਾਂ ਦੀ ਜਨਤਕ ਛਵੀ ਉਨ੍ਹਾਂ ਦੇ ਅਮਲਾਂ ਅਤੇ ਉਨ੍ਹਾਂ ਦੀਆਂ ਪ੍ਰਭਾਵਕਾਰੀ ਕਾਰਵਾਈਆਂ 'ਚੋ ਉਪਜੀ ਹੈ, ਕਿਸੇ ਲਿਫਾਫੇਬਾਜੀ 'ਚੋਂ ਨਹੀਂ। ਇਹ ਛਵੀ ਇਕੱਲੇ ਦਫਤਰੀ ਕੰਮਾਂ ਕਰ ਕੇ ਨਹੀਂ ਬਣੀ ਬਲਕਿ ਉਨ੍ਹਾਂ ਦੇ ਪਬਲਿਕ ਵਿੱਚ ਵਿਚਰਣ ਦੇ ਅਸਰ-ਦਾਰ ਤਰੀਕਿਆਂ, ਲੋਕਾਂ ਨਾਲ਼ ਵਿਚਾਰ-ਵਟਾਂਦਰਿਆਂ ਅਤੇ ਉਨ੍ਹਾਂ ਦੇ ਸੁਹਿਰਦ ਸੰਬੰਧਾਂ ਕਰ ਕੇ ਬਣੀ ਹੈ। ਉਨ੍ਹਾਂ ਨੂੰ ਮਿਲਣਾ ਬਹੁਤ ਸੁਖਾਲ਼ਾ ਹੈ ਅਤੇ ਇਹ ਗੱਲ ਇਸ ਸ਼ਹਿਰ 'ਚ ਬਹੁਤ ਮਹੱਤਵ ਰਖਦੀ ਹੈ ਜਿੱਥੇ ਪਬਲਿਕ ਨੂੰ ਸਿੱਧੀ ਅਤੇ ਠੋਸ ਮਦਦ ਦੀ ਲੋੜ ਹੈ, ਨਾਂ ਕਿ ਗੱਲਾਂ ਦੇ ਕੜਾਹ ਦੀ।

ਪਬਲਿਕ ਦੀਆਂ ਨਜਰਾਂ 'ਚ ਓਹ ਪੰਜਾਬੀ ਮੀਡੀਆ, ਲੋਕਲ ਤਪਸਰਿਆਂ ਅਤੇ ਪਰਿਵਾਸ-ਸੰਬੰਧੀ ਮਸਲਿਆਂ ਨਾਲ਼ ਜੁੜੇ ਹੋਏ ਹਨ। ਇਸ ਤਰ੍ਹਾਂ ਓਹ ਪਬਲਿਕ ਦੇ ਰੋਜ-ਮਰਾ ਜੀਵਨ ਦੇ ਜਰੂਰੀ ਮਸਲਿਆਂ ਬਾਰੇ ਪੂਰੀ ਜਾਣਕਾਰੀ ਰਖਦੇ ਹਨ ਅਤੇ ਉਨ੍ਹਾਂ ਦੀ ਅਵਾਜ ਨੂੰ ਹੋਰ ਬੁਲੰਦ ਕਰਦੇ ਹਨ। ਇਸ ਤਰ੍ਹਾਂ ਜਮੀਨੀ ਹਕੀਕਤਾਂ ਨਾਲ਼ ਜੁੜੇ ਰਹਿਣ ਕਰ ਕੇ ਓਹ ਬਰੈਂਪਟਨ ਨਿਵਾਸੀਆਂ ਦੀਆਂ ਸਭ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਵਾਕਫ ਹਨ ਅਤੇ ਇਨ੍ਹਾਂ ਦੀਆਂ ਬਰੀਕੀਆਂ ਸਮਝਦੇ ਹਨ। ਇਨ੍ਹਾਂ ਬਾਰੇ ਹਰ ਸਟੇਜ ਤੋਂ ਪੂਰੀ ਸਪਸ਼ਟਤਾ ਨਾਲ਼ ਅਤੇ ਖੁਲ੍ਹ ਕੇ ਬੋਲਦੇ ਹਨ। ਮੀਡੀਆ ਦਾ ਤਜਰਬਾ ਇਨਸਾਨ ਨੂੰ ਬਹੁਤ ਕੀਮਤੀ ਸਬਕ ਸਿਖਾਉਂਦਾ ਹੈ ਪਰ ਇੱਥੇ ਕੀਤੀ ਛੋਟੀ ਜਿਹੀ ਕੁਤਾਹੀ ਵੀ ਪਬਲਿਕ 'ਚ ਬਣੀ ਹੋਈ ਭੱਲ ਨੂੰ ਢਾਹ ਲਾ ਦਿੰਦੀ ਹੈ। ਜੌਹਲ ਸਾਹਿਬ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਉਨ੍ਹਾਂ ਦਾ ਸਟਾਈਲ ਇਸ ਅਸਲੀਅਤ 'ਚ ਪੂਰਾ ਫਿੱਟ ਬੈਠਦਾ ਹੈ। ਓਹ ਸਪਸ਼ਟ ਅਤੇ ਸਿੱਧੀ ਗੱਲ ਕਰਦੇ ਹਨ ਜਿਸ ਕਰ ਕੇ ਲੋਕ ਉਨ੍ਹਾਂ ਨੂੰ ਧਿਆਨ ਨਾਲ਼ ਸੁਣਦੇ ਹਨ।

ਜਦ ਲੋਕਲ ਮਸਲੇ ਜਾਂ ਪਰਿਵਾਸ ਨਾਲ਼ ਜੁੜੀਆਂ ਗੱਲਾਂ ਕਾਨੂੰਨੀ ਗੁੰਝਲਾਂ 'ਚ ਫਸ ਜਾਂਦੀਆਂ ਹਨ ਤਾਂ ਪਰਿਵਾਰਾਂ ਨੂੰ ਕਿਸੇ ਐਸੀ ਪਰਸਨੈਲਿਟੀ ਦੀ ਲੋੜ ਪੈਂਦੀ ਹੈ ਜੋ ਉਨ੍ਹਾਂ ਨੂੰ ਸਰਲ ਬੋਲਾਂ 'ਚ ਸਮਝਾ ਸਕੇ। ਬਰੈਂਪਟਨ 'ਚ ਇਸ ਤਰ੍ਹਾਂ ਦੀਆਂ ਸਿੱਧੀਆਂ-ਸਪਸ਼ਟ ਗੱਲਾਂ ਦੀ ਬਹੁਤ ਲੋੜ ਹੈ, ਜਿੱਥੇ ਜਨਤਾ ਲੋਕਲ ਅਤੇ ਸੰਸਾਰ ਪੱਧਰ – ਦੋਹਾਂ ਦੀਆਂ ਗੱਲਾਂ ਜਾਣਨਾ ਪਸੰਦ ਕਰਦੀ ਹੈ। ਇੱਥੇ ਜਿਹੜਾ ਕੋਈ ਵੀ ਇੱਧਰ-ਉੱਧਰ ਦੀਆਂ ਗੱਲਾਂ ਛੱਡ ਕੇ, ਜਨਤਾ ਦੇ ਮਸਲਿਆਂ ਦੀਆਂ ਗੱਲਾਂ ਕਰੇਗਾ ਅਤੇ ਪਬਲਿਕ ਦੀਆਂ ਭਾਵਨਾਵਾਂ ਦੀ ਪਛਾਣ ਕਰ ਕੇ ਕਦਰ ਕਰੇਗਾ, ਓਹ ਹੀ ਸਫਲ ਹੋ ਸਕੇਗਾ। ਜੌਹਲ ਸਾਹਿਬ ਇਸ ਤਰ੍ਹਾਂ ਦੀਆਂ ਸਾਰੀਆਂ ਗੱਲਾਂ ਕਰਨ 'ਚ ਮਾਹਿਰ ਹਨ ਕਿਉਂਕਿ ਓਹ ਹਮੇਸ਼ਾਂ ਇੱਕ 'ਗਰਾਊਂਡ' ਹੋਏ ਬੰਦੇ ਵਾਂਗ ਕੰਮ ਕਰਨਾ ਜਾਣਦੇ ਹਨ।

ਉਨ੍ਹਾਂ ਦੀ ਜਨਤਕ ਛਵੀ ਪਰਿਵਾਸ ਦੇ ਮਸਲਿਆਂ ਨਾਲ਼ ਬਹੁਤ ਸੰਬੰਧ ਰਖਦੀ ਹੈ ਅਤੇ ਇਸ ਗੁਣ ਦੀ ਬਰੈਂਪਟਨ 'ਚ ਬਹੁਤ ਕਦਰ ਹੈ। ਬਹੁਤੇ ਪਰਿਵਾਰਾਂ ਲਈ ਇਹ ਗੰਭੀਰ ਮਸਲਾ ਹੈ ਕਿਉਂਕਿ ਇਹ ਉਨ੍ਹਾਂ ਦੇ ਪਰਿਵਾਰ ਦੇ ਇਕੱਠੇ ਹੋਣ, ਕੰਮ, ਪੜ੍ਹਾਈਆਂ ਅਤੇ ਪਰਿਵਾਰਕ ਸੁਰੱਖਿਆ 'ਤੇ ਅਸਰ ਪਾਉਂਦਾ ਹੈ। ਇਸ ਤਰ੍ਹਾ ਦੇ ਕੰਮਾਂ 'ਚ ਪੂਰੀ ਦਰੁਸਤੀ, ਸਹਿਜਤਾ ਅਤੇ ਹਮਦਰਦੀ ਦੀ ਅਹਿਮ ਲੋੜ ਹੈ। ਛੋਟੀ ਜਿਹੀ ਗਲਤੀ ਵੀ ਕਿਸੇ ਪਰਿਵਾਰ ਦਾ ਜੀਵਨ ਖਰਾਬ ਕਰ ਸਕਦੀ ਹੈ। ਸਮਰਥਕ ਇਸ ਗੱਲੋਂ ਪੂਰੇ ਸੰਤੁਸ਼ਟ ਹਨ ਕਿ ਓਹ ਸਾਰੇ ਕੰਮ ਪੂਰੀ ਦਿਆਨਤਦਾਰੀ ਅਤੇ ਚੰਗੀ ਭਾਵਨਾ ਨਾਲ ਕਰਦੇ ਹਨ – ਭਾਵੇਂ ਇਹ ਰਵਈਆ ਕਿਸੇ ਨੂੰ ਚੰਗਾ ਨਾਂ ਵੀ ਲੱਗੇ। ਇਸ ਕਰਕੇ ਹੀ ਲੋਕ ਉਨ੍ਹਾ ਨੂੰ ਪੂਰਾ ਮਦਦਗਾਰ ਮੰਨਦੇ ਹਨ, ਹਾਲਾਂਕਿ ਮਦਦ ਕਰਨਾ ਹਮੇਸ਼ਾ ਸੌਖਾ ਜਾਂ ਭਲੀ-ਮਾਣਸੀ ਵਾਲ਼ਾ ਕੰਮ ਨਹੀਂ ਹੁੰਦਾ। ਕਦੇ-ਕਦੇ ਕੌੜੀਆਂ ਸਚਾਈਆਂ ਵੀ ਦੱਸਣੀਆਂ ਪੈਂਦੀਆਂ ਹਨ, ਲੋਕਾਂ ਨੂੰ ਸੰਭਾਵੀ 'ਰਿਸਕਾਂ' ਬਾਰੇ ਸੁਚੇਤ ਕਰਨਾ ਪੈਂਦਾ ਹੈ ਅਤੇ ਗਲਤ ਕੰਮ ਕਰਨ ਤੋਂ



ਨਾਂਹ ਕਰਨ ਦੀ ਹਿੰਮਤ ਕਰਨੀ ਪੈਂਦੀ ਹੈ।

ਜੌਹਲ ਸਾਹਿਬ ਦੀ ਜਨਤਾ 'ਚ ਬਣੀ ਪੈਂਠ ਦਾ ਇੱਕ ਹੋਰ ਕਾਰਨ ਉਨ੍ਹਾਂ ਵਲੋਂ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਵਰਤ-ਵਰਤਾਓ ਕਰਨਾ ਹੈ। ਸਭ ਜਾਣਦੇ ਹਨ ਕਿ ਜਦ ਕਦੇ ਵੀ ਕਿਸੇ ਰੂਲ-ਅਸੂਲ ਦੀ ਉਲੰਘਣਾ ਹੁੰਦੀ ਹੈ ਜਾਂ ਕਿਸੇ ਦਾ ਕੋਈ ਕੰਮ ਕਮਿਉਨਿਟੀ-ਵਿਰੋਧੀ ਹੁੰਦਾ ਹੈ, ਤਾਂ ਓਹ ਹਰਗਿਜ ਚੁੱਪ ਰਹਿਣ ਵਾਲ਼ੇ ਨਹੀਂ। ਇਸ 'ਚ ਪਬਲਿਕ ਵਰਤਾਓ, ਸੁਰੱਖਿਆ, ਕਾਨੂੰਨ ਦੀ ਪਾਲਣਾ ਅਤੇ ਪਰਿਵਾਸ ਦੇ ਨਿਯਮਾਂ ਦੀ ਦੁਰ-ਵਰਤੋਂ ਸਭ ਆ ਜਾਂਦੇ ਹਨ। ਇੱਕ ਸਾਊ ਵਿਅਕਤੀ ਹੋਣ ਦੇ ਨਾਲ਼-ਨਾਲ਼ ਓਹ ਡਟਣਾ ਵੀ ਜਾਣਦੇ ਹਨ ਅਤੇ ਇਹ ਸੁਮੇਲ ਕਾਇਮ ਰੱਖਣਾ ਕੋਈ ਸੌਖੀ ਗੱਲ ਨਹੀਂ। ਪਰ ਇਸ ਨਾਲ਼ ਬੰਦਾ ਚਿਰ-ਸਥਾਈ ਮਾਣ-ਸਤਿਕਾਰ ਹਾਸਲ ਕਰ ਲੈਂਦਾ ਹੈ। ਜੌਹਲ ਸਾਹਿਬ ਪੋਲੀਆਂ ਜਾਂ ਇਧਰਲੀਆ-ਉਧਰਲੀਆ ਗੱਲਾਂ ਕਰਨ ਵਾਲੇ ਨਹੀ; ਓਹ ਸਿੱਧੀਆਂ, ਖਰੀਆਂ ਅਤੇ ਬੇ-ਬਾਕ ਗੱਲਾਂ ਕਰਨ ਵਾਲ਼ੇ ਹਨ। ਇਹ ਠੀਕ ਹੈ ਕਈ ਕੱਚੇ ਬੰਦੇ ਇਸ ਤਰ੍ਹਾਂ ਦੀਆਂ ਗੱਲਾਂ ਬਰਦਾਸ਼ਤ ਨਹੀਂ ਕਰਦੇ ਪਰ ਵਧੀਆ ਅਤੇ ਸੱਚੇ-ਸੁੱਚੇ ਬੰਦੇ ਇਸ ਤਰ੍ਹਾਂ ਦੀ ਦਿਆਨਤਦਾਰੀ ਦੀ ਪੂਰੀ ਕਦਰ ਕਰਦੇ ਹਨ।

ਉਨ੍ਹਾਂ ਦੇ ਸਮਰਥਕ ਬਾਹਰੀ ਲੁੱਕ-ਲਪੇਟ ਤੋਂ ਵੱਧ ਸਿਰੜ ਅਤੇ ਦ੍ਰਿੜਤਾ ਦੀ ਕਦਰ ਕਰਦੇ ਹਨ। ਓਹ ਜਾਣਦੇ ਹਨ ਕਿ ਜੌਹਲ ਸਾਹਿਬ ਸੱਚੀ ਗੱਲ ਕਰਨਗੇ, ਕੋਈ ਉਨ੍ਹਾਂ ਨਾਲ਼ ਸਹਿਮਤ ਹੋਵੇ ਨਾਂ ਹੋਵੇ। ਕਈ ਵਾਰ ਉਨ੍ਹਾਂ ਨੂੰ ਨੁਕਤਾਚੀਨੀ ਵੀ ਝੱਲਣੀ ਪੈਂਦੀ ਹੈ ਪਰ ਅਖੀਰ ਨੂੰ ਉਨ੍ਹਾਂ ਪ੍ਰਤੀ ਭਰੋਸੇ ਅਤੇ ਮਾਣ-ਸਤਿਕਾਰ 'ਚ ਵਾਧਾ ਹੀ ਹੁੰਦਾ ਹੈ। ਆਪਾਂ ਜਾਣਦੇ ਹਾਂ ਕਿ ਜਨਤਾ ਕਿਸੇ ਨਾਲ਼ ਘੜੀ ਦੀ ਘੜੀ ਭਾਵੇਂ ਸਹਿਮਤ ਨਾਂ ਹੋਵੇ ਪਰ ਸੱਚੇ ਬੰਦੇ ਦੀ ਇੱਜਤ ਜਰੂਰ ਕਰਦੀ ਹੈ। ਵੈਸੇ ਵੀ ਕੁ-ਰਖਤ ਬੋਲਣ ਦਾ ਅਤੇ ਸੁਹਿਰਦ ਕਰੜਾਈ ਦਾ ਫਰਕ ਹੁੰਦਾ ਹੈ। ਜੌਹਲ ਜੀ ਗੰਭੀਰ ਮਸਲਿਆਂ 'ਤੇ ਗੱਲ ਕਰਨ ਵਕਤ ਵੀ ਆਪਣੀ ਨਰਮਾਈ ਨਹੀਂ ਛਡਦੇ। ਓਹ ਇਸ ਗੱਲ ਦੇ ਹਾਮੀ ਹਨ ਕਿ ਕਿਸੇ ਲਈ ਸਤਿਕਾਰ ਦਿਖਾਉਣ ਲਈ ਉਸ ਦੀ ਚਾਪਲੂਸੀ ਕਰਨ ਦੀ ਲੋੜ ਨਹੀਂ।

ਜੌਹਲ ਸਾਹਿਬ ਦਾ ਉਨ੍ਹਾਂ ਲੋਕਾਂ 'ਚ ਬਹੁਤ ਸਤਿਕਾਰ ਹੈ ਜੋ ਸਮਝਦੇ ਹਨ ਕਿ ਚੰਗੀ ਲੀਡਰੀ ਦਾ ਮਤਲਬ ਲੋਕ-ਭਲਾਈ ਦੀ ਰੱਖਿਆ ਕਰਨਾ ਹੈ ਭਾਵੇਂ ਕਿ ਹਾਲਾਤ ਵਿਰੋਧੀ ਹੀ ਕਿਉਂ ਨਾਂ ਹੋਣ। ਸਮਾਜ ਨੂੰ ਭਾਵੇਂ ਨਰਮਾਈ ਦੀ ਲੋੜ ਹੈ ਪਰ ਦਲੇਰੀ ਨਾਲ਼ ਸਾਹਮਣੇ ਹੋ ਕੇ ਡਟਣ ਦੀ ਵੱਧ ਲੋੜ ਪੈਂਦੀ ਹੈ। ਜਿਹੜਾ ਲੀਡਰ ਸ਼ਾਂਤੀ ਬਣਾਉਣ ਲਈ ਕੌੜੀਆਂ ਸਚਾਈਆਂ ਦਾ ਰਾਹ ਛੱਡ ਦਿੰਦਾ ਹੈ ਓਹ ਕੁਛ ਸਮਾਂ ਤਾਂ ਕੱਢ ਲੈਂਦਾ ਹੈ, ਪਰ ਅਖੀਰ ਨੂੰ ਜਨਤਕ ਵਿਸਵਾਸ਼ ਗਵਾ ਬੈਠਦਾ ਹੈ। ਜੌਹਲ ਜੀ ਦਾ ਸਿੱਧਾ ਅਸੂਲ ਹੈ ਕਿ ਨਰਮਾਈ ਦਾ ਅਰਥ ਚੁੱਪ ਰਹਿ ਕੇ ਗਲਤ ਗੱਲਾਂ ਬਰਦਾਸ਼ਤ ਕਰਨਾ ਨਹੀਂ। ਜਦ ਲੋਕਾਂ ਨੂੰ ਇਹ ਭਰੋਸਾ ਹੋਵੇ ਕਿ ਉਨ੍ਹਾਂ ਦਾ ਲੀਡਰ ਹੱਕ-ਸੱਚ ਲਈ ਖੜ੍ਹੇਗਾ ਤਾਂ ਓਹ ਓਸ 'ਤੇ ਵੱਧ ਯਕੀਨ ਵੀ ਕਰਨਗੇ ਅਤੇ ਉਸ ਦੀ ਪੂਰੀ ਸੁਪੋਰਟ ਵੀ ਕਰਨਗੇ। ਇਸ ਤਰ੍ਹਾਂ ਸੱਚ ਦੇ ਹੱਕ 'ਚ ਖੜ੍ਹਨ ਦੀ ਕਦਰ ਪੈਂਦੀ ਹੈ, ਪਰ ਇਸ ਦਾ ਮੁੱਲ ਤਾਰਨਾ ਪੈਂਦਾ ਹੈ। ਇਸ ਦੀ ਵਿਰੋਧਤਾ ਹੋ ਸਕਦੀ ਹੈ, ਬੋਲ-ਬੁਲਾਰਾ ਹੋ ਸਕਦਾ ਹੈ ਗਲਤ-ਫਹਿਮੀਆਂ ਪੈਦਾ ਹੋ ਸਕਦੀਆ ਹਨ। ਇਸ ਕਰਕੇ ਹੀ ਹੌਂਸਲੇ ਦੀ ਪਬਲਿਕ 'ਚ ਕਦਰ ਹੈ। ਜਨਤਾ ਉਨ੍ਹਾਂ ਨੂੰ ਯਾਦ ਰਖਦੀ ਹੈ ਜਿਹੜੇ ਸ਼ਾਂਤ ਰਹਿਣ ਅਤੇ ਬੋਲਣ ਦੇ ਮੌਕਿਆਂ ਨੂੰ ਪਛਾਣਦੇ ਹਨ, ਇਨ੍ਹਾਂ 'ਚ ਫਰਕ ਜਾਣਦੇ ਹਨ।

2022-2026 ਦੀ ਟਰਮ 'ਚ ਵਾਰਡ ਨੰਬਰ 9 ਅਤੇ 10 ਦੇ ਸਕੂਲ ਟਰਸਟੀ ਦੇ ਤੌਰ 'ਤੇ ਕੀਤਾ ਕੰਮ, ਉਨ੍ਹਾਂ ਦੇ ਪ੍ਰਭਾਵ-ਕਾਰੀ ਕੰਮ ਕਰਨ ਦੇ ਢੰਗਾਂ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਹੈਸੀਅਤ 'ਚ ਕੰਮ ਕਰ ਕੇ ਬੰਦਾ ਪਰਿਵਾਰਾਂ, ਸਟੂਡੈਂਟਾਂ ਅਤੇ ਅਧਿਆਪਕਾਂ ਦੇ ਨੇੜੇ ਹੋ ਜਾਂਦਾ ਹੈ ਅਤੇ ਨਿਤ-ਪ੍ਰਤੀ ਫੈਸਲੇ ਲੈਣ ਦੇ ਕੰਮਾਂ 'ਚ ਯੋਗਦਾਨ ਪਾਉਂਦਾ ਹੈ। ਇਹ ਇੱਕ ਅਮਲੀ ਕੰਮ ਹੈ ਜਿਸ ਤੋਂ ਬੰਦੇ ਦਾ ਚਰਿੱਤਰ ਪਰਤੱਖ ਨਜਰ ਆਉਂਦਾ ਹੈ ਅਤੇ ਇਹ ਹੋਰ ਪਰਪੱਕ ਵੀ ਹੁੰਦਾ ਹੈ।

ਸਕੂਲਾਂ ਦੇ ਪ੍ਰਬੰਧਾਂ 'ਚ, ਪਰਿਵਾਰ ਰੋਜਾਨਾ ਜਿੰਦਗੀ 'ਤੇ ਅਸਰ ਉਣ ਵਾਲ਼ੀਆਂ ਚੀਜਾਂ ਨੂੰ ਵੱਧ ਗੌਰ ਨਾਲ਼ ਦੇਖਦੇ ਹਨ। ਓਹ ਸਕੂਲਾਂ ਦੀ ਸੁਰੱਖਿਆ, ਸਕੂਲਾਂ ਦੇ ਨੇੜੇ ਦੀ ਆਵਾਜਾਈ, ਉੱਪਰਲਿਆਂ ਨਾਲ਼ ਤਾਲ-ਮੇਲ ਅਤੇ ਆਪਣੀ ਗੱਲ ਸੁਣੇ ਜਾਣ ਨੂੰ ਖਾਸ ਕਰ ਕੇ ਮਹੱਤਵ ਦਿੰਦੇ ਹਨ। ਜੌਹਲ ਸਾਹਿਬ ਇਨ੍ਹਾ ਸਭ ਗੱਲਾਂ ਬਾਰੇ ਬਹੁਤ ਖਬਰਦਾਰ ਰਹਿੰਦੇ ਹਨ। ਇਸ ਤਰ੍ਹਾਂ ਦੀਆਂ ਸੇਵਾਵਾਂ ਕਰ ਕੇ ਹੀ ਲੋਕ ਉਨ੍ਹਾਂ ਦਾ ਮਾਣ-ਸਤਿਕਾਰ ਕਰਦੇ ਹਨ। ਓਹ ਇਹ ਵੀ ਮਹਿਸੂਸ ਕਰਦੇ ਹਨ ਕਿ ਜੌਹਲ ਸਾਹਿਬ ਨੂੰ ਜਦੋਂ ਮਰਜੀ ਸਿੱਧਿਆਂ ਮਿਲਿਆ ਜਾ ਸਕਦਾ ਹੈ। ਮਾਂ-ਪਿਉ ਉਨ੍ਹਾਂ ਲੀਡਰਾਂ 'ਤੇ ਵੱਧ ਭਰੋਸਾ ਕਰਦੇ ਹਨ ਕਰਦੇ ਹਨ ਜੋ ਸਪਸ਼ਟ ਗੱਲ ਕਰਦੇ ਹਨ ਅਤੇ ਮੁਸ਼ਕਿਲ ਸਮੇਂ 'ਤੇ ਹਾਜਰ ਮਿਲਦੇ ਹਨ। ਨਿਰਸੰਦੇਹ, ਬੋਰਡ ਦਾ ਕੰਮ ਵਾਹਵਾ ਖੱਟਣ ਦਾ ਮੌਕਾ ਘੱਟ ਹੈ ਅਤੇ ਜਿੰਮੇਵਾਰੀ ਦਾ ਬਹੁਤਾ ਹੈ। ਇਹੋ ਜਿਹੀਆਂ ਅਹੁਦੇਦਾਰੀਆਂ 'ਤੇ ਕੀਤੇ ਕੰਮਾਂ ਤੋਂ ਹੀ ਬੰਦੇ ਦੀ ਜਨਤਾ 'ਚ ਬਣਾਈ ਭੱਲ ਦਾ ਪਤਾ ਲਗਦਾ ਹੈ।

ਜੌਹਲ ਸਾਹਿਬ 2026 ਦੀਆਂ ਬਰੈਂਪਟਨ ਮਿਉਂਸਪਲਟੀ ਦੀਆਂ ਰਿਜਨਲ ਕਾਉਂਸਲਰ ਦੀਆਂ ਚੋਣਾਂ 'ਚ ਉਮੀਦਵਰ ਹਨ। ਉਨ੍ਹਾਂ ਲਈ ਇਹ ਸੇਵਾ ਦਾ ਕੋਈ ਨਵਾਂ ਮੌਕਾ ਨਹੀਂ। ਇਸ ਤਰ੍ਹਾਂ ਓਹ ਪਹਿਲੀ ਕੀਤੀ ਜਾ ਰਹੀ ਸੇਵਾ ਨੂੰ ਹੀ ਅੱਗੇ ਤੋਰ ਰਹੇ ਹਨ। ਉਨ੍ਹਾਂ ਨੂੰ ਪਹਿਲਾਂ ਹੀ ਇਸ ਪਾਸੇ ਦਾ ਬਹੁਤ ਤਜਰਬਾ ਹੈ ਅਤੇ ਇਸ ਨਾਲ਼ ਉਨ੍ਹਾਂ ਦੀ ਜਿੰਮੇਵਾਰੀ ਦਾ ਘੇਰਾ ਹੋਰ ਵੱਡਾ ਹੋਵੇਗਾ। ਉਨ੍ਹਾਂ ਦੇ ਸਮਰਥਕਾਂ ਵਾਸਤੇ ਇਹ ਇੱਕ ਮੌਕਾ ਹੈ ਕਿ ਵੱਡੇ ਜਨਤਕ ਹਿਤਾਂ ਲਈ ਉਨ੍ਹਾਂ ਦੀ ਹਮਾਇਤ 'ਚ ਲੱਗਣ। ਹਾਲਾਂਕਿ ਓਹ ਖੁਦ ਇਸ ਤਰ੍ਹਾਂ ਦੀਆਂ ਹਮਾਇਤਾਂ ਦੀ ਬਜਾਇ ਜਨਤਾ 'ਚ ਵਿਚਰ ਕੇ ਪ੍ਰੈਕਟੀਕਲ ਕਰਾਵਾਈਆਂ ਨੂੰ ਵੱਧ ਤਰਜੀਹ ਦਿੰਦੇ ਹਨ ਅਤੇ ਇਸ ਤਰ੍ਹਾਂ ਦੇ ਪਰਚਾਰ ਤੋਂ ਸੰਗਦੇ ਹਨ। ਪਰ ਸਮਰਥਕ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੇ ਸੁਹਿਰਦ, ਹਿੰਮਤੀ ਅਤੇ ਅਣਥੱਕ ਲੀਡਰ ਪੰਜਾਬੀ ਭਾਈਚਾਰੇ ਦੀ ਬਹੁ-ਪੱਖੀ ਸੇਵਾ 'ਚ ਯੋਗਦਾਨ ਪਾਉਂਦੇ ਰਹਿਣ। ਸਾਰੇ ਇਸ ਗੱਲ ਨਾਲ਼ ਸਹਿਮਤ ਹਨ ਕਿ : ਜੌਹਲ, ਬਰੈਂਪਟਨ ਨਿਵਾਸੀਆਂ ਦੀ ਸੇਵਾ ਲਈ ਹਰ ਵਕਤ ਹਾਜਿਰ ਹੈ।

ਉਨ੍ਹਾਂ ਦਾ ਸਮਰਥਨ ਉਨ੍ਹਾਂ ਦੀਆਂ ਨਿਜੀ ਦੋਸਤੀਆਂ ਤੋਂ ਕਿਤੇ ਵੱਧ ਉਨ੍ਹਾਂ ਦੇ ਅਸਰਦਾਰ ਕੰਮਾਂ 'ਤੇ ਨਿਰਭਰ ਹੈ। ਉਨ੍ਹਾਂ ਵਲੋਂ ਕੀਤੀ ਐੱਲ.ਐੱਮ.ਆਈ.ਏ ਦੀ ਘਾਲਣਾ ਸਭ ਦੇ ਦਿਲਾਂ ਅਤੇ ਦਿਮਾਗਾਂ 'ਚ ਉੱਕਰੀ ਹੋਈ ਹੈ ਅਤੇ ਰਹੇਗੀ। ਜਨਤਾ ਹਮੇਸ਼ਾ ਸੱਚੇ-ਸੁੱਚੇ ਨਿਰਪੱਖ ਅਤੇ ਦਲੇਰ ਲੀਡਰਾਂ ਦੀ ਕਦਰ ਕਰਦੀ ਰਹੀ ਹੈ ਅਤੇ ਜੌਹਲ ਸਾਹਿਬ ਇਨ੍ਹਾਂ ਸਾਰੇ ਗੁਣਾਂ ਦਾ ਸਹੀ ਸੁਮੇਲ ਹਨ।

# ਵੈਨੇਜੁਏਲਾ ਭੂਚਾਲ ਅਤੇ ਟਰੰਪ ਦੇ ਨਿਊਕ ਟੈਸਟ ਦੀ ਅਫ਼ਵਾਹ ਪਿੱਛੇ ਕਿੰਨੀ ਕੁ ਸਚਾਈ ?

(ਸਫ਼ਾ 5 ਦੀ ਬਾਕੀ)

30 ਤੋਂ ਵੱਧ ਝਟਕੇ ਦਰਜ ਕੀਤੇ ਗਏ ਅਤੇ ਕਰਾਕਸ ਵਿੱਚ ਕੁਝ ਝਟਕੇ ਦੋ ਘੰਟਿਆਂ ਦੇ ਅੰਦਰ ਮਹਿਸੂਸ ਹੋਏ। ਸਭ ਤੋਂ ਵੱਡਾ ਆਫ਼ਟਰਸ਼ਾਕ 4.7 ਮਾਪਿਆ ਗਿਆ।

ਇਸੇ ਲੜੀ ਵਿੱਚ ਕਿਤੇ ਵੀ ਕਿਸੇ ਹਾਦਸੇ 'ਚ ਆਫ਼ਤ ਦਾ ਇਸ਼ਾਰਾ ਨਹੀਂ ਸੀ। ਇਹ ਉਹੀ ਸੀ ਜੋ ਨਜ਼ਰ ਆ ਰਿਹਾ ਸੀ, ਇੱਕ ਤਬਾਹਕੁਨ ਭੂਚਾਲੀ ਲੜੀ, ਜੋ ਨਕਸ਼ੇ ਉੱਤੇ ਦਰਜ ਫੌਲਟ ਤੇ ਆਈ ਅਤੇ ਜਿਸ ਨੂੰ ਭੂਚਾਲ ਵਿਗਿਆਨੀਆਂ ਨੇ ਅਸਲ ਸਚਾਈ ਕਿਹਾ, ਜਦਕਿ ਰਾਹਤ ਟੀਮਾਂ ਜ਼ਮੀਨੀ ਪੱਧਰ ਤੇ ਕੰਮ ਕਰ ਰਹੀਆਂ ਸਨ।

ਵੈਨੇਜੁਏਲਾ ਭੂਚਾਲ ਨੂੰ 'ਟਰੰਪ ਦਾ ਨਿਊਕ ਟੈਸਟ' ਕਹਿਣ ਵਾਲਾ ਦਾਅਵਾ ਭੂਚਾਲੀ ਸਬੂਤਾਂ ਤੋਂ ਨਹੀਂ ਨਿਕਲਿਆ। ਇਹ ਇੱਕ ਅਜਿਹੇ ਰਾਜਨੀਤਿਕ ਮਾਹੌਲ ਵਿੱਚ ਫੈਲਿਆ ਜੋ ਪਹਿਲਾਂ ਹੀ ਧਮਕੀਆਂ, ਜੰਗੀ ਗੱਲਾਂ ਅਤੇ ਤਾਕਤ ਦੇ ਵੱਡੇ ਵਾਅਦਿਆਂ ਨਾਲ ਭਰਿਆ ਹੋਇਆ ਸੀ। ਜਦੋਂ ਸਰਵਜਨਿਕ ਭਾਸ਼ਾ ਕਠੋਰ ਹੋ ਜਾਂਦੀ ਹੈ, ਕੁਝ ਦਰਸ਼ਕ ਕਿਸੇ ਵੀ ਨਾਟਕੀ ਵਿਆਖਿਆ ਨੂੰ ਸਵੀਕਾਰ ਕਰਨ ਲੱਗ ਪੈਂਦੇ ਹਨ। ਫਿਰ ਵੱਖ-ਵੱਖ ਕਹਾਣੀਆਂ ਇੱਕ ਹੀ ਢਾਂਚੇ ਵਿੱਚ ਧੱਕ ਦਿੱਤੀਆਂ ਜਾਂਦੀਆਂ ਹਨ।

ਆਨਲਾਈਨ ਅਟਕਲਾਂ ਨੇ ਵੈਨਿਜੁਏਲਾ ਦੀ ਤਬਾਹੀ ਨੂੰ ਟਰੰਪ, ਇਰਾਨ ਅਤੇ ਇੱਕ ਛੁਪੇ ਹੋਏ ਟੈਸਟ ਨਾਲ ਜੋੜ ਦਿੱਤਾ, ਜੋ ਜਾਂ ਤਾਂ ਨਾਕਾਮ ਹੋਇਆ ਸੀ ਜਾਂ ਕਿਸੇ ਹੋਰ ਪਾਸੇ ਮੋੜ ਦਿੱਤਾ ਗਿਆ ਸੀ। ਕੁਝ ਪੋਸਟਾਂ ਨੇ ਇਸ ਵਿੱਚ ਇਰਾਨੀ ਪਰਮਾਣੂ ਠਿਕਾਣਿਆਂ 'ਤੇ ਹਮਲੇ ਦੀ ਗੱਲ ਜੋੜੀ। ਹੋਰਾਂ ਨੇ ਕਰਾਕਸ ਵਿੱਚ ਰਾਜ ਬਦਲਣ ਦੀ ਸਾਜ਼ਿਸ਼ ਜਾਂ ਅਮਰੀਕੀ ਗੁਪਤ ਕਾਰਵਾਈਆਂ ਦੇ ਦਾਅਵੇ ਵੀ ਸ਼ਾਮਲ ਕਰ ਦਿੱਤੇ। ਇਹ ਸਾਰੀਆਂ ਵਾਧੂ ਗੱਲਾਂ ਨੇ ਕਹਾਣੀ ਨੂੰ ਹੋਰ ਉੱਚਾ ਤਾਂ ਕੀਤਾ, ਪਰ ਸੱਚੀ ਨਹੀਂ ਬਣਾਇਆ। ਫਰ ਜੇਕਰ ਇਹ ਸੱਚ ਵੀ ਹੈ ਇਸ ਵਿਚ ਕੋਈ ਹੈਰਾਨੀ ਵੱਲ ਗੱਲ ਨਹੀਂ ਹੈ।

ਨਾਟਕੀ ਦਾਅਵਾ ਸਿਰਫ਼ ਇਕ ਬਿਆਨ ਹੀ ਰਹਿੰਦਾ ਹੈ ਜਦ ਤੱਕ ਉਸ ਦੇ ਨਾਲ ਦਸਤਾਵੇਜ਼, ਪਰਖਯੋਗ ਸੈਨਾ ਦੀ ਹਿਲਜੁਲ, ਸੈਟੇਲਾਈਟ ਤਸਵੀਰਾਂ ਜਾਂ ਭਰੋਸੇਯੋਗ ਸ੍ਰੋਤ ਨਾ ਹੋਣ। 24 ਜੂਨ ਦੀ ਆਫ਼ਤ ਨੇ ਝੂਠੀ ਕਹਾਣੀ ਨੂੰ ਫੈਲਣ ਦਾ ਮੌਕਾ ਦਿੱਤਾ। ਛੋਟੀਆਂ ਪੋਸਟਾਂ ਨੇ ਹੈਰਾਨੀ ਵਾਲੀ ਗੱਲ ਨੂੰ ਇਨਾਮ ਦਿੱਤਾ, ਅਤੇ ਟੁੱਟੀ-ਫੁੱਟੀ ਲਫ਼ਜ਼ਬੰਦੀ ਨੇ ਬਾਕੀ ਕੰਮ ਕਰ ਦਿੱਤਾ। 'ਇਹ ਭੂਚਾਲ ਨਹੀਂ ਸੀ' ਜਾਂ 'ਨਿਊਕਲੀਅਰ ਟੈਸਟ' ਵਰਗੀਆਂ ਲਾਈਨਾਂ ਤੁਰੰਤ ਸਚ ਵਰਗੀਆਂ ਜਾਪੀਆਂ, ਭਾਵੇਂ ਉਹ ਅਰਥਪੂਰਨ ਨਾ ਵੀ ਹੋਣ। ਇਸ ਤਰ੍ਹਾਂ ਦੀ ਅਫ਼ਵਾਹ ਵਿੱਚ ਖਾਲੀ ਥਾਂ ਛੱਡੀ ਜਾਂਦੀ ਹੈ, ਜਿਸ ਨੂੰ ਪੜ੍ਹਨ ਵਾਲਾ ਆਪਣੇ ਮਨ ਨਾਲ ਭਰ ਲੈਂਦਾ ਹੈ।

ਟੁੱਟਿਆ ਹੋਇਆ ਵਾਕ ਵੀ ਲੀਕ ਹੋਈ ਜਾਣਕਾਰੀ ਵਰਗਾ ਲੱਗ ਸਕਦਾ ਹੈ। ਗਲਤ ਅਨੁਵਾਦ ਕੀਤੀ ਪੋਸਟ ਵੀ ਕਦੇ-ਕਦੇ ਦਬੀ ਹੋਈ ਸੱਚਾਈ ਜਾਪਦੀ ਹੈ। ਜਦੋਂ 'ਟਰੰਪ', 'ਇਰਾਨ', 'ਟੈਸਟ' ਅਤੇ 'ਵੈਨਿਜੁਏਲਾ' ਇਕੋ ਤਰਤੀਬ ਵਿੱਚ ਇਕੱਠੇ ਹੋ ਜਾਂਦੇ ਹਨ, ਤਾਂ ਮਨ ਉਹਨਾਂ ਵਿਚਕਾਰ ਸੰਬੰਧ ਬਣਾਉਂਦਾ ਹੈ ਜੋ ਸਬੂਤ ਨਹੀਂ ਬਣਾਉਂਦੇ। ਅਸਲੀ ਐਮਰਜੈਂਸੀਜ਼ ਪੁਰਾਣੀਆਂ ਸਾਜ਼ਿਸ਼ੀ ਅਧੀਨ ਉਸ ਨੂੰ ਸੱਚ ਬਣਾ ਦਿੰਦੀਆਂ ਹਨ।

ਵੱਡੇ ਭੂਚਾਲ ਤੋਂ ਬਾਅਦ ਲੋਕ ਕਾਰਨ ਨਾਲੋਂ ਇਰਾਦਾ ਲੱਭਦੇ ਹਨ। ਰਾਜਨੀਤਿਕ ਤਣਾਅ ਇਸ ਸੋਚ ਨੂੰ ਹੋਰ ਮਜ਼ਬੂਤ ਕਰ ਦਿੰਦਾ ਹੈ। ਪਰ ਵੈਨਿਜੁਏਲਾ ਦੇ ਭੂਚਾਲ ਬਾਰੇ ਰਿਪੋਰਟ ਵਿੱਚ ਢਹਿ ਰਹੀਆਂ ਇਮਾਰਤਾਂ, ਬੰਦ ਆਵਾਜਾਈ, ਆਫ਼ਟਰਸ਼ਾਕ ਅਤੇ ਰਾਹਤ ਕਾਰਜ ਦਿਖਾਏ ਗਏ ਸਨ, ਨਾ ਕਿ ਕਿਸੇ ਗੁਪਤ ਹਥਿਆਰ ਟੈਸਟ ਦੇ ਨਿਸ਼ਾਨੇ। ਕੁਝ ਨੇਤਾਵਾਂ ਵੱਡੀ ਕਾਮਯਾਬੀ ਦਾ ਐਲਾਨ ਬਾਹਰੀ ਜਾਂਚ ਤੋਂ ਪਹਿਲਾਂ ਹੀ ਕਰ ਦੇਂਦੇ ਹਨ।

ਇਹੀ ਗੱਲ ਪਰਮਾਣੂ ਜਾਂ ਮਿਸਾਈਲ ਠਿਕਾਣਿਆਂ 'ਤੇ ਹਮਲਿਆਂ ਬਾਰੇ ਵੀ ਸੱਚ ਹੈ, ਜਿੱਥੇ ਸ਼ੁਰੂਆਤੀ ਅਧਿਕਾਰਿਕ ਬਿਆਨ ਪੂਰੀ ਤਬਾਹੀ ਦੀ ਤਸਵੀਰ ਪੇਸ਼ ਕਰ ਸਕਦੇ ਹਨ, ਪਰ ਬਾਅਦ ਦੀ ਜਾਂਚ ਦੱਸਦੀ ਹੈ ਕਿ ਕੁਝ ਨੁਕਸਾਨ ਬਚਿਆ ਹੈ, ਕੁਝ ਭੰਡਾਰ ਮੌਜੂਦ ਹਨ ਜਿਹਨਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇੱਥੇ ਵੀ ਅਸਲ ਮੁੱਦਾ ਉਹੀ ਹੈ, ਵੈਨਿਜੁਏਲਾ ਵਾਲੀ ਅਫ਼ਵਾਹ ਉਸੇ ਵਧੀ-ਚੜ੍ਹੀ ਯਕੀਨੀਤਾ ਤੇ ਟਿਕੀ ਸੀ। ਉਸ ਨੇ ਸਭ ਤੋਂ ਵੱਡੀ ਸੰਭਾਵਨਾ ਨੂੰ ਹੀ ਸਭ ਤੋਂ ਸਹੀ ਜਵਾਬ ਮੰਨ ਲਿਆ। ਪਰ ਸੈਨਾ ਦੇ ਦਾਅਵਿਆਂ ਲਈ ਸਬੂਤ ਲਾਜ਼ਮੀ ਹੁੰਦਾ ਹੈ।

ਸਬੂਤ ਨਾਅਰਿਆਂ, ਕੱਟੇ ਹੋਏ ਵੀਡੀਓਜ਼ ਜਾਂ ਅਣਪਛਾਤੇ ਅਕਾਊਂਟਾਂ ਦੀਆਂ ਤੇਜ਼ੀ ਨਾਲ ਫੈਲਾਈਆਂ ਪੋਸਟਾਂ ਵਿੱਚ ਨਹੀਂ ਮਿਲਦਾ। ਭਾਵੇਂ ਇਰਾਨ ਨਾਲ ਤਣਾਅ ਖ਼ਬਰਾਂ ਦੀ ਸੁਰਖੀ ਬਣੇ, ਇਸ ਨਾਲ ਉੱਤਰੀ ਵੈਨਿਜੁਏਲਾ ਦਾ ਭੂਚਾਲ ਫੌਜੀ ਘਟਨਾ ਨਹੀਂ ਬਣ ਜਾਂਦਾ।

ਭੂਗਰਭੀ ਵਿਗਿਆਨ 24 ਜੂਨ ਦੀ ਲੜੀ ਨੂੰ ਗੁਪਤ ਟੈਸਟ ਸਿਧਾਂਤ ਨਾਲੋਂ ਕਿਤੇ ਵਧੀਆ ਢੰਗ ਨਾਲ ਸਮਝਾਉਂਦਾ ਹੈ। ਭੂਚਾਲ ਇੱਕ ਅਜਿਹੇ ਸਿਸਟਮ ਦੇ ਕੇਂਦਰ ਵਿੱਚ ਆਏ ਜੋ ਪਹਿਲਾਂ ਹੀ ਅਧਿਐਨ ਹੋਇਆ ਸੀ ਅਤੇ ਜਿਸ ਖੇਤਰ ਵਿੱਚ ਭੂਚਾਲ ਦਾ ਖਤਰਾ ਜਾਣਿਆ ਹੋਇਆ ਹੈ। ਨਤੀਜੇ ਵਜੋਂ ਦੋਹਰੇ ਝਟਕੇ ਆਏ ਅਤੇ ਕਈ ਆਫ਼ਟਰਸ਼ਾਕ ਵੀ। ਜੇ ਇਸ ਤਰ੍ਹਾ ਦੇ ਮਲਵੇ ਦੀ ਢਹਿ-ਢੇਰੀ ਨੁਕਸਾਨ ਵਾਲੀ ਘਟਨਾ ਵਾਪਰੀ ਹੋਵੇ, ਤਾਂ ਭੂਚਾਲ ਵਿ?ਗਿਆਨੀ ਕੁਝ ਅਜਿਹਾ ਹੀ ਉਮੀਦ ਕਰਦੇ ਹਨ।

ਲੁਕਵੇਂ ਪਰਮਾਣੂ ਜਾਂ ਹਥਿਆਰ ਟੈਸਟ ਲਈ ਭਰੋਸੇਯੋਗ ਸਬੂਤੀ ਲੜੀ ਦੀ ਲੋੜ ਹੁੰਦੀ ਹੈ। ਸਿਰਫ਼ ਸੋਸ਼ਲ ਪੋਸਟਾਂ ਤੋਂ ਵੱਧ ਕੁਝ ਹੋਣਾ ਚਾਹੀਦਾ ਹੈ, ਜਿਵੇਂ ਦਰਜ ਕੀਤਾ ਲਾਂਚ, ਸੈਟੇਲਾਈਟ ਤਸਵੀਰਾਂ, ਧਮਾਕੇ ਦੇ ਨਿਸ਼ਾਨ ਜਾਂ ਅਧਿਕਾਰਿਕ ਰਿਪੋਰਟਾਂ ਜੋ ਵੈਨਿਜੁਏਲਾ ਨੂੰ ਇਰਾਨੀ ਕਾਰਵਾਈ ਨਾਲ ਜੋੜ ਸਕਣ। ਇਸ ਭੂਚਾਲ ਬਾਰੇ ਰਿਪੋਰਟਿੰਗ ਵਿੱਚ ਅਜਿਹੀ ਕੋਈ ਲੜੀ ਸਾਹਮਣੇ ਨਹੀਂ ਆਈ। ਭੂਗੋਲ ਵੀ ਇਸ ਕਹਾਣੀ ਨੂੰ ਤੋੜ ਦਿੰਦਾ ਹੈ।

ਵੈਨੇਜੁਏਲਾ ਇਰਾਨੀ ਹਮਲੇ ਲਈ ਕੋਈ ਸੁਗਮ ਬਦਲਵੀਂ ਥਾਂ ਨਹੀਂ ਹੈ, ਸਿਰਫ਼ ਇਸ ਕਰਕੇ ਕਿ ਦੋਵੇਂ ਦੇਸ਼ ਇੱਕੋ ਆਨਲਾਈਨ ਰਾਜਨੀਤਿਕ ਬਹਿਸ ਵਿੱਚ ਆ ਜਾਂਦੇ ਹਨ। 'ਟਰੰਪ ਦਾ ਨਿਊਕ ਟੈਸਟ ਇਨ ਵੈਨਿਜੁਏਲਾ' ਵਾਲਾ ਵਾਕ ਇਸ ਲਈ ਅਫ਼ਵਾਹ ਸੀ ਕਿਉਂਕਿ ਇਹ ਧਿਆਨ ਖਿੱਚਣ ਵਾਲਾ ਵੀ ਸੀ ਅਤੇ ਖੋਜਣ ਯੋਗ ਵੀ। ਪਰ ਉਹ ਸੱਚ ਨਹੀਂ ਬਣਿਆ ਪਰ ਕੁਝ ਇਸ ਨੂੰ ਸੱਚ ਨੂੰ ਅਣਗੌਲਿਆਂ ਵੀ ਨਹੀਂ ਜਾ ਸਕਦਾ।

ਜੂਨ 2026 ਦੇ ਵੈਨੇਜੁਏਲਾ ਭੂਚਾਲ ਪਹਿਲਾਂ ਮਨੁੱਖੀ ਤਬਾਹੀ ਸਨ, ਫਿਰ ਆਨਲਾਈਨ ਮਿਥ ਬਣੇ। ਲੋਕ ਮਰੇ, ਇਮਾਰਤਾਂ ਡਿੱਗੀਆਂ, ਉਡਾਣਾਂ ਰੁਕ ਗਈਆਂ ਅਤੇ ਆਫ਼ਟਰਸ਼ਾਕ ਨੇ ਬਚੇ ਹੋਏ ਲੋਕਾਂ ਨੂੰ ਦਹਿਸ਼ਤ ਵਿੱਚ ਰੱਖਿਆ। ਟਰੰਪ, ਇਰਾਨ ਅਤੇ ਗੁਪਤ ਹਥਿਆਰਾਂ ਵਾਲੀ ਕਹਾਣੀ ਇੱਕ ਹੋਰ ਹੀ ਵਰਗ ਵਿੱਚ ਆਉਂਦੀ ਹੈ। ਇਹ ਸੱਚੀ ਤ੍ਰਾਸਦੀ ਦੇ ਉੱਪਰ ਚਿਪਕਾਈ ਹੋਈ ਇੱਕ ਰਾਜਨੀਤਿਕ ਅਫ਼ਵਾਹ ਹੈ, ਅਤੇ ਤੱਥ ਇੱਕ ਵੱਖਰੀ ਕਹਾਣੀ ਸੁਣਾਉਂਦੇ ਹਨ। ਡਰ ਅਤੇ ਉਲਝਣ ਦੇ ਸਮੇਂ ਵਿੱਚ ਸਭ ਤੋਂ ਉੱਚੀ ਆਵਾਜ਼ ਵਾਲੀ ਵਿਆਖਿਆ ਅਕਸਰ ਸਭ ਤੋਂ ਕਮਜ਼ੋਰ ਜ਼ਮੀਨ ਤੇ ਖੜੀ ਹੁੰਦੀ ਹੈ, ਪਰ ਕਈ ਵਾਰ ਜੋ ਦੂਰੋਂ ਦੂਰੋਂ ਅਫਵਾਹ ਹੀ ਲਗਦਾ ਹੈ ਅਸਲ ਸੱਚ ਉਹ ਹੀ ਹੁੰਦਾ ਹੈ।

# ਕਾਮਰੇਡ ਅਜੈਬ ਸਿੰਘ ਨਹੀਂ ਰਹੇ, ਉਨ੍ਹਾਂ ਦੀ ਇਨਕਲਾਬੀ ਕਰਨੀ ਅਮਰ ਰਹੇਗੀ

*(ਅਦਾਰਾ ਸੁਰਖ ਲੀਹ ਨੂੰ ਹਾਸਲ ਹੋਇਆ ਬਿਆਨ)*



**• ਕਮਿਊਨਿਸਟ ਇਨਕਲਾਬੀ ਲਹਿਰ ਦੀਆਂ ਆਗੂ ਸਫਾਂ ਚ ਸ਼ੁਮਾਰ ਰਹੇ ਸਾਥੀ ਅਜੈਬ ਸਿੰਘ ਦੀ ਸੂਹੀ ਘਾਲਣਾ ਨੂੰ ਸਲਾਮ ਕਰਨ ਲਈ ਸ਼ਰਧਾਂਜਲੀ ਸਮਾਗਮ 19 ਜੁਲਾਈ (ਦਿਨ ਐਤਵਾਰ) ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ**

**• ਸਾਥੀ ਅਜੈਬ ਸਿੰਘ ਦੇ ਅਡੋਲ ਤੇ ਨਿਹਚਾਵਾਨ ਇਨਕਲਾਬੀ ਸਫ਼ਰ ਅਤੇ ਸ਼ਾਨਮੱਤੇ ਸੰਗਰਾਮੀ ਜੀਵਨ ਦੇ ਇਨਕਲਾਬੀ ਪੈਗ਼ਾਮ ਨੂੰ ਬੁਲੰਦ ਕਰਨ ਲਈ ਜੁੜਨਗੇ ਇਨਕਲਾਬੀ ਕਾਫ਼ਲੇ ਦੇ ਲੋਕ ਤੇ ਸੰਗੀ**

**ਆਯੋਜਕ: ਸਾਥੀ ਅਜੈਬ ਸਿੰਘ ਸ਼ਰਧਾਂਜਲੀ ਸਮਾਗਮ ਕਮੇਟੀ**

**(ਸੁਰਿੰਦਰ ਕੁਮਾਰੀ ਕੋਛੜ (ਕਨਵੀਨਰ), ਅਮੋਲਕ ਸਿੰਘ, ਪਾਵੇਲ ਕੁੱਸਾ, ਬੂਟਾ ਸਿੰਘ ਮਹਿਮੂਦਪੁਰ, ਸੁਰਿੰਦਰ ਸਿੰਘ, ਦੀਪ ਕਲੇਰ, ਡਾ. ਸਾਹਿਬ ਸਿੰਘ)**

ਕਮਿਊਨਿਸਟ ਇਨਕਲਾਬੀ ਹਲਕਿਆਂ ਨਾਲ ਡੂੰਘੇ ਦੁੱਖ ਭਰੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ ਕਿ ਸਾਥੀ ਅਜੈਬ ਸਿੰਘ ਸਦੀਵੀ ਵਿਛੋੜਾ ਦੇ ਗਏ ਹਨ। ਕੁੱਝ ਸੰਖੇਪ ਅਰਸੇ ਦੀ ਬਿਮਾਰੀ ਮਗਰੋਂ ਉਹਨਾਂ ਦਾ ਦਿਹਾਂਤ ਹੋ ਗਿਆ। ਸਾਥੀ ਅਜੈਬ ਸਿੰਘ 1969-70 ਦੇ ਵੇਲਿਆਂ ਤੋਂ ਕਮਿਊਨਿਸਟ ਇਨਕਲਾਬੀ ਲਹਿਰ 'ਚ ਸਨ ਤੇ ਉਹਨਾਂ ਨੇ ਤਾ-ਉਮਰ ਇਕ ਪੇਸ਼ੇਵਰ ਇਨਕਲਾਬੀ ਵਜੋਂ ਲਹਿਰ 'ਚ ਵਡਮੁੱਲਾ ਯੋਗਦਾਨ ਪਾਉਂਦਿਆਂ ਆਪਣੀ ਜ਼ਿੰਦਗੀ ਇਨਕਲਾਬ ਦੇ ਲੇਖੇ ਲਾਈ। ਉਹ ਪਿਛਲੇ ਸਾਢੇ ਪੰਜ ਦਹਾਕਿਆਂ ਤੋਂ ਅੰਡਰਗਰਾਊਂਡ ਜ਼ਿੰਦਗੀ 'ਚ ਸਨ। ਉਹਨਾਂ ਨੇ ਇਸ ਲੰਮੀ ਸਿਆਸੀ ਜ਼ਿੰਦਗੀ ਦੌਰਾਨ ਵੱਖ-ਵੱਖ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ 'ਚ ਕੰਮ ਕੀਤਾ ਤੇ ਇਸ ਵੇਲੇ ਉਹ ਸੀ ਪੀ ਆਰ ਸੀ ਆਈ (ਮ.ਲ.) ਦੀ ਪੰਜਾਬ ਸੂਬਾ ਕਮੇਟੀ ਦੇ ਮੈਂਬਰ ਸਨ। ਜਥੇਬੰਦੀ ਦੇ ਸੂਬਾ ਸਕੱਤਰ ਕਾਮਰੇਡ ਕਰਮਜੀਤ ਨੇ ਦੱਸਿਆ ਕਿ ਪਿਛਲੇ ਦਿਨੀਂ ਵਿਛੜੇ ਸਾਥੀ ਅਜੈਬ ਨੂੰ ਜਥੇਬੰਦੀ ਵੱਲੋਂ ਇਨਕਲਾਬੀ ਰਸਮਾਂ ਨਾਲ ਅੰਤਿਮ ਵਿਦਾਇਗੀ ਦਿੰਦਿਆਂ ਅਣਦੱਸੀ ਥਾਂ 'ਤੇ ਉਹਨਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਹ ਲਗਭਗ 78 ਵਰ੍ਹਿਆਂ ਦੇ ਸਨ।

ਸਾਥੀ ਅਜੈਬ ਸਿੰਘ ਹੁਸ਼ਿਆਰਪੁਰ ਜਿਲੇ ਦੇ ਪਿੰਡ ਚੱਕ ਸਿੰਘਾ ਦੇ ਜੰਮਪਲ ਸਨ। ਉਹ ਚੜ੍ਹਦੀ ਜਵਾਨੀ ਵੇਲੇ ਤੋਂ ਹੀ ਨਕਸਲਬਾੜੀ ਲਹਿਰ 'ਚ ਸ਼ਾਮਿਲ ਹੋ ਗਏ ਤੇ ਉਨ੍ਹਾਂ ਦੀ ਸਿਆਸੀ ਜ਼ਿੰਦਗੀ ਦੀ ਸ਼ੁਰੂਆਤ ਸੀ ਪੀ ਆਈ (ਮ. ਲ.) ਤੋਂ ਹੋਈ ਸੀ। ਲਹਿਰ ਦੇ ਸ਼ੁਰੂਆਤੀ ਸਾਲਾਂ 'ਚ ਉਹ ਦੁਆਬਾ ਖੇਤਰ ਦੇ ਉੱਘੇ ਨਾਮੀ ਇਨਕਲਾਬੀਆਂ ਦੀ ਕਤਾਰ 'ਚ ਸਨ। ਇਸ ਸ਼ੁਰੂਆਤੀ ਦੌਰ 'ਚ ਉਹਨਾਂ ਨੇ ਸਿਦਕਦਿਲੀ ਤੇ ਦਲੇਰੀ ਨਾਲ ਪੁਲਿਸ ਤਸ਼ੱਦਦ ਦਾ ਸਾਹਮਣਾ ਕੀਤਾ ਤੇ ਫਿਰ ਤਾ-ਉਮਰ ਅੰਡਰਗਰਾਊਂਡ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਅਡੋਲ ਇਨਕਲਾਬੀ ਇਰਾਦੇ ਨਾਲ ਝੱਲੀਆਂ। ਉਹ ਅੰਤਿਮ ਸਾਹਾਂ ਤੱਕ ਇਨਕਲਾਬ ਦੇ ਸੂਹੇ ਮਾਰਗ 'ਤੇ ਡਟੇ ਰਹੇ। ਕਮਿ. ਇਨ. ਲਹਿਰ ਨੂੰ ਲੱਗੀਆਂ ਪਛਾੜਾਂ ਤੇ ਟੁੱਟਾਂ-ਫੁੱਟਾਂ ਦੇ ਸੰਕਟ ਲੋਕ ਇਨਕਲਾਬ ਦੇ ਮਿਸ਼ਨ ਅਤੇ ਕਮਿਊਨਸਟ ਇਨਕਲਾਬੀ ਵਿਚਾਰਧਾਰਾ 'ਚ ਉਨ੍ਹਾਂ ਦੇ ਦਗਦੇ ਭਰੋਸੇ ਨੂੰ ਕਦੇ ਸਲ੍ਹਾਬ ਨਾ ਸਕੇ। ਉਹ ਸਦਾ ਇਸ ਮਿਸ਼ਨ ਲਈ ਸਮਰਪਣ ਦੀ ਮਿਸਾਲ ਹੋ ਕੇ ਜਗੇ। ਅੰਤਿਮ ਸਾਹਾਂ ਤੱਕ ਵੀ ਉਹ ਇਨਕਲਾਬੀ ਕਾਰਜਾਂ 'ਚ ਡੂੰਘੇ ਸਰੋਕਾਰ ਨਾਲ ਖੁੱਭੇ ਰਹੇ। ਇਕ ਪੇਸ਼ਾਵਰ ਇਨਕਲਾਬੀ ਵਜੋਂ ਉਨ੍ਹਾਂ ਦੀ ਜੀਵਨ ਘਾਲਣਾ ਹਮੇਸ਼ਾ ਪ੍ਰੇਰਨਾ ਦਾ ਸੋਮਾ ਬਣੀ ਰਹੇਗੀ। ਜਥੇਬੰਦੀ ਆਪਣੇ ਵਿਛੜੇ ਸਾਥੀ ਨੂੰ ਇਨਕਲਾਬੀ ਸ਼ਰਧਾਂਜਲੀ ਭੇਂਟ ਕਰਦੀ ਹੈ। ਉਸਦੀ ਫਖਰਯੋਗ ਜੀਵਨ ਘਾਲਣਾ ਨੂੰ ਤੇ ਅਕੀਦੇ ਦੀ ਅਡੋਲਤਾ ਵਾਲੇ ਜੀਵਨ ਸਫਰ ਨੂੰ ਸਲਾਮ ਕਰਦੀ ਹੈ ਤੇ ਇਸ ਕਰਨੀ 'ਤੇ ਡੂੰਘਾ ਮਾਣ ਮਹਿਸੂਸ ਕਰਦੀ ਹੈ। ਉਸਦੀ ਸਦਾ ਰਹਿਣੀ ਸ਼ਾਨ ਨੂੰ ਬੁਲੰਦ ਕਰਦਿਆਂ, ਉਸਦੀ ਪਿਆਰੀ ਯਾਦ 'ਚ ਆਪਣਾ ਸੂਹਾ ਝੰਡਾ ਨੀਵਾਂ ਕਰਦੀ ਹੈ। ਲੋਕ ਇਨਕਲਾਬ ਦੇ ਮਹਾਨ ਮਿਸ਼ਨ ਦੇ ਰਾਹ 'ਤੇ ਦ੍ਰਿੜਤਾ ਨਾਲ ਡਟੇ ਰਹਿਣ ਦਾ ਅਹਿਦ ਕਰਦੀ ਹੈ। ਜਥੇਬੰਦੀ ਕਮਿ. ਇਨ. ਹਲਕਿਆਂ ਤੇ ਲੋਕਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਵਿਛੜੇ ਕਾਮਰੇਡ ਨੂੰ ਸ਼ਰਧਾਂਜਲੀ ਦਿੰਦਿਆਂ, ਨਕਸਲਬਾੜੀ ਦੇ ਸੂਹੇ ਮਾਰਗ ਨੂੰ ਬੁਲੰਦ ਕਰਨ।

**-ਕਾਮਰੇਡ ਅਜੈਬ ਸਿੰਘ ਨੂੰ ਲਾਲ ਸਲਾਮ !**


**-ਨਕਸਲਬਾੜੀ ਜ਼ਿੰਦਾਬਾਦ !**

**-ਮਾਰਕਸਵਾਦ-ਲੈਨਿਨਵਾਦ-ਮਾਓ ਵਿਚਾਰਧਾਰਾ ਜ਼ਿੰਦਾਬਾਦ !**

**-ਸੰਸਾਰ ਪ੍ਰੋਲੇਤਾਰੀ ਇਨਕਲਾਬ ਜ਼ਿੰਦਾਬਾਦ !**

**ਮਿਤੀ: 19 ਜੂਨ, 2026 ਕਰਮਜੀਤ, ਸੂਬਾ ਸਕੱਤਰ**

# ਰੌਸ਼ਨੀ 'ਚ ਛੁਪਿਆ 'ਨੇਰ੍ਹ, ਖਾ ਰਿਹੈ ਧਰਤੀ ਦੇ ਲਾਲ



-ਅਮੋਲਕ ਸਿੰਘ
98778-68710

ਸਮਰਾਲਾ (ਲੁਧਿਆਣਾ) ਲਾਗੇ ਪਿੰਡ ਦੀਵਾਲਾ ਦੇ ਅਧਿਆਪਕ, ਜਮਹੂਰੀ ਅਤੇ ਇਨਕਲਾਬੀ ਲਹਿਰ ਦੇ ਜਾਣੇ-ਪਹਿਚਾਣੇ ਆਗੂ, ਮਾਸਟਰ ਕੁਲਵੰਤ ਤਰਕ ਦੇ ਸਪੁੱਤਰ ਪ੍ਰਦੀਪ ਰਾਜਾ ਨੂੰ ਭਰ ਜਵਾਨੀ ਵਿੱਚ ਨਾਮੁਰਾਦ ਬਿਮਾਰੀ ਨੇ ਸਾਥੋਂ ਖੋਹ ਲਿਆ।

ਮੁਢਲੀ ਸਿੱਖਿਆ ਪਿੰਡ ਦੀਵਾਲਾ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਪ੍ਰਦੀਪ ਰਾਜੇ ਨੇ ਸਰਕਾਰੀ ਹਾਈ ਸਕੂਲ ਬਗਲੀ ਕਲਾਂ (ਨੇੜੇ ਸਮਰਾਲਾ) ਦਾਖ਼ਲਾ ਲਿਆ, ਜਿੱਥੇ ਉਸ ਦੇ ਪਿਤਾ ਕੁਲਵੰਤ ਤਰਕ ਬਤੌਰ ਸਕੂਲ ਇੰਚਾਰਜ ਅਧਿਆਪਕ ਦੀਆਂ ਸੇਵਾਵਾਂ ਅਦਾ ਕਰਦੇ ਸਨ। ਕੁਲਵੰਤ ਤਰਕ ਆਪਣੇ ਸਕੂਲ ਵਿੱਚ ਅਧਿਆਪਕਾਂ, ਸਟਾਫ਼, ਵਿਦਿਆਰਥੀਆਂ ਅਤੇ ਇਲਾਕੇ ਵਿੱਚ ਇਉਂ ਜਾਣੇ ਜਾਂਦੇ ਸਨ ਕਿ ਉਹ ਸਿਰਫ਼ ਕਿਤਾਬੀ ਸਿਲੇਬਸ ਹੀ ਨਹੀਂ ਪੜ੍ਹਾਉਂਦੇ, ਉਹ ਜ਼ਿੰਦਗੀ, ਸਮਾਜ ਅਤੇ ਮਾਨਵੀ ਕਦਰਾਂ ਕੀਮਤਾਂ ਨੂੰ ਸਮਝਣ ਦਾ ਬਹੁ-ਵੰਨਗੀ ਸਿਲੇਬਸ ਵੀ ਪੜ੍ਹਾਉਂਦੇ ਹਨ। ਖੇਡਾਂ ਦੀ ਦੁਨੀਆ, ਸਾਹਿਤ ਸੰਸਾਰ, ਘਰ ਪਰਿਵਾਰ ਅਤੇ ਸਮਾਜ ਅੰਦਰ ਉਹਨਾਂ ਦੇ ਪੜ੍ਹਾਏ ਵਿਦਿਆਰਥੀਆਂ ਨੇ ਉਚੇਰੀਆਂ ਮੱਲਾਂ ਮਾਰੀਆਂ। ਇਹਨਾਂ ਸਭਨਾਂ ਗੁਣਾਂ ਅਤੇ ਪ੍ਰਤਿਭਾਵਾਨ ਬਾਪ ਦੇ ਵਿਚਾਰਾਂ ਦਾ ਪ੍ਰਦੀਪ ਰਾਜਾ ਤੇ ਵੀ ਗਹਿਰਾ ਅਸਰ ਪਿਆ। ਜ਼ਿਕਰਯੋਗ ਹੈ ਕਿ ਸਰਕਾਰੀ ਨੌਕਰੀ ਮਿਲਣ ਤੋਂ ਪਹਿਲਾਂ ਵੀ ਮਾਸਟਰ ਤਰਕ ਵਿਹਲੇ ਨਹੀਂ ਬੈਠੇ ਉਹਨਾਂ ਨੇ ਐਸ. ਡੀ. ਕਾਲਜ ਚਮਕੌਰ ਸਾਹਿਬ ਅਧਿਆਪਕ ਦੀਆਂ ਸੇਵਾਵਾਂ ਅਦਾ ਕੀਤੀਆਂ। ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਬਹੁ-ਪੱਖੀ ਸ਼ਖ਼ਸੀਅਤ ਸਵਰਨ ਸਿੰਘ ਭੰਗੂ ਇਸ ਸਕੂਲ ਵਿੱਚ ਹੀ ਮਾਸਟਰ ਕੁਲਵੰਤ ਤਰਕ ਦੇ ਵਿਦਿਆਰਥੀ ਰਹੇ।


ਜ਼ਿਕਰਯੋਗ ਹੈ ਕਿ ਉਹਨਾਂ ਦਾ ਸਪੁੱਤਰ ਪ੍ਰਦੀਪ ਰਾਜਾ ਉਸ ਵੇਲੇ ਸਰਕਾਰੀ ਹਾਈ ਸਕੂਲ ਬਗਲੀ ਕਲਾਂ ਪੜ੍ਹਦਾ ਸੀ ਜਿੱਥੇ ਉਸਨੇ ਆਪਣੀਆਂ ਅੱਖਾਂ ਸਾਹਵੇਂ ਜ਼ਿੰਦਗੀ ਅਤੇ ਮੌਤ ਦਾ ਸਖ਼ਤ ਇਮਤਿਹਾਨ ਦੇਖਿਆ।

ਇਹ 14 ਮਈ 1990 ਦੀ ਗੱਲ ਹੈ ਜਦੋਂ ਸਰਕਾਰੀ ਹਾਈ ਸਕੂਲ ਬਗਲੀ ਕਲਾਂ ਪ੍ਰਦੀਪ ਰਾਜਾ ਆਪਣੀ ਜਮਾਤ ਵਿੱਚ ਪੜ੍ਹ ਰਿਹਾ ਸੀ ਤਾਂ ਉਸ ਦੇ ਅਧਿਆਪਕ ਪਿਤਾ ਕੁਲਵੰਤ ਤਰਕ ਉੱਪਰ ਦਹਿਸਤਗਰਦਾਂ ਵੱਲੋਂ ਕਾਤਲਾਨਾ ਹਮਲਾ ਹੋਇਆ। ਦਹਿਸ਼ਤ ਦਾ ਕਹਿਰ ਉਹਨਾਂ ਸਮਿਆਂ 'ਚ ਐਨਾ ਸਿਖ਼ਰ ਤੇ ਸੀ ਕਿ ਜਦੋਂ ਹਥਿਆਰਬੰਦ ਹਮਲਾਵਰਾਂ ਨੇ ਮਾਸਟਰ ਕੁਲਵੰਤ ਤਰਕ 'ਤੇ ਗੋਲੀਆਂ ਵਰ੍ਹਾਈਆਂ ਇੱਕ ਵਾਰ ਤਾਂ ਸਕੂਲ ਵਿੱਚ ਸਹਿਮ ਦਾ ਸਨਾਟਾ ਛਾ ਗਿਆ। ਸਕੂਲ ਸਟਾਫ਼ ਇੱਕ ਵਾਰ ਤਾਂ ਕਮਰਿਆਂ ਅੰਦਰ ਵੜ ਗਿਆ ਪ੍ਰਦੀਪ ਰਾਜਾ ਵਿਆਕੁਲ ਹੋਇਆ ਕਮਰੇ ਅੰਦਰ ਰੌਲਾ ਪਾਉਂਦਾ ਰਿਹਾ। ਬਿਨਾਂ ਚਾਰ ਦੀਵਾਰੀ ਵਾਲੇ ਸਕੂਲ ਦੇ ਖੁੱਲ੍ਹੇ ਲਾਅਨ ਵਿਚ ਲਹੂ ਲੁਹਾਣ ਕੁਲਵੰਤ ਤਰਕ ਨੇ ਇਕੱਲਿਆਂ ਡਟ ਕੇ ਮੁਕਾਬਲਾ ਕੀਤਾ। ਇਕ ਹਮਲਾਵਰ ਨੂੰ ਧੌਣ ਤੋਂ ਫੜ ਕੇ ਹੇਠਾਂ ਸੁੱਟ ਲਿਆ ਅਤੇ ਦੂਜਾ ਭੱਜ ਨਿਕਲਿਆ। ਮਾਸਟਰ ਤਰਕ ਦੇ ਗੋਲੀਆਂ ਲੱਗਣ ਕਾਰਨ ਵਗਦੇ ਖ਼ੂਨ ਨੇ ਉਹਨਾਂ ਨੂੰ ਐਨਾ ਨਿਢਾਲ ਕਰ ਦਿੱਤਾ ਕਿ ਫੜਿਆ ਦਹਿਸ਼ਤਗਰਦ ਗੁਥਮ ਗੁੱਥਾ ਹੁੰਦਾ ਹੋਇਆ ਆਖ਼ਰ ਨੂੰ ਭੱਜਣ ਵਿਚ ਕਾਮਯਾਬ ਰਿਹਾ। ਮਾਸਟਰ ਤਰਕ ਨੇ ਉਸ ਦਾ ਪਿੱਛਾ ਕੀਤਾ ਪਰ ਅਖ਼ੀਰ ਨੂੰ ਹਫ਼ ਕੇ ਉਹ ਆਪ ਹਸਪਤਾਲ ਦੀ ਕੰਧ ਕੋਲ ਜਾ ਡਿੱਗੇ।

ਸਕੂਲ ਦੇ ਸੇਵਾਦਾਰ ਚਰਨ ਸਿੰਘ ਪਿੰਡ ਚਕੋਹੀ ਨੇ ਦਲੇਰੀ ਦਾ ਸਬੂਤ ਦਿੰਦਿਆਂ ਆਪਣੇ ਹੱਥ ਵਿੱਚ ਨੇਜਾ ਚੁੱਕਿਆ ਅਤੇ ਉਹ ਡਿੱਗੇ ਪਏ ਮਾਸਟਰ ਵੱਲ ਭੱਜਿਆ ਉਸਨੇ ਹਮਲਾਵਰਾਂ ਨੂੰ ਲਲਕਾਰਿਆ। ਕੁਝ ਅਰਸੇ ਬਾਅਦ ਤਾਂ ਸਟਾਫ਼ ਦੇ ਹੋਰ ਮੈਂਬਰ ਵੀ ਹੌਸਲਾ ਧਾਰ ਕੇ ਅੱਗੇ ਆਏ। ਮੱਘਰ ਸਿੰਘ ਨੇ ਮੂੰਹ ਤੇ ਪਾਣੀ ਦੇ ਛਿੱਟੇ ਮਾਰੇ ਪਰ ਹਮਲਾਵਰ ਦੌੜ ਗਏ। ਇਹ ਸਭ ਕੁਝ ਉਸਦੇ ਪੁੱਤ ਪ੍ਰਦੀਪ ਰਾਜਾ ਨੇ ਅੱਖੀਂ ਡਿੱਠਾ।

ਹਮਲਾ ਐਨਾ ਘਾਤਕ ਸੀ ਕਿ ਬੇਹੋਸ਼ ਮਾਸਟਰ ਨੂੰ ਪਹਿਲਾਂ ਸਰਕਾਰੀ ਹਸਪਤਾਲ ਸਮਰਾਲਾ ਲਿਜਾਣ ਪਿੱਛੋਂ ਤੁਰੰਤ ਹੀ ਸੀ.ਐਮ.ਸੀ. ਲੁਧਿਆਣਾ ਦਾਖ਼ਲ ਕਰਾਉਣਾ ਪਿਆ। ਜਿੱਥੇ









ਉਪਰੇਸ਼ਨ ਉਪਰੰਤ ਉਹਨਾਂ ਦੇ ਜਿਸਮ ਅਤੇ ਖਾਸ ਕਰਕੇ ਜਬਾੜ੍ਹੇ ਵਿੱਚੋਂ ਗੋਲੀਆਂ ਕੱਢੀਆਂ। ਵੱਡੀ ਗਿਣਤੀ ਵਿਚ ਜਮਹੂਰੀ ਕਾਮੇਂ, ਅਧਿਆਪਕ ਅਤੇ ਜਨਤਕ ਜਥੇਬੰਦੀਆਂ ਦੇ ਆਗੂ ਹਸਪਤਾਲ ਪੁੱਜੇ।

ਇਹ ਸਾਰੀ ਘਟਨਾ ਨੇ ਰਾਜੇ ਦੇ ਮਨ ਦੀ ਸਲੇਟ ਉਪਰ ਕਈ ਕੁੱਝ ਲਿਖ ਦਿੱਤਾ। ਮਾਸਟਰ ਤਰਕ ਨੇ ਇਸ ਘਟਨਾ ਕ੍ਰਮ ਨੂੰ 'ਲਹੂ ਭਿੱਜੀ ਪੱਗ' ਨਾਮੀ ਆਪਣੀ ਪੁਸਤਕ ਵਿੱਚ ਵਰਨਣ ਕੀਤਾ ਹੈ। ਲਹੂ ਦੇ ਲੱਗੇ ਚੁਬੱਚੇ ਕਾਰਨ ਉਹਨਾਂ ਦੇ ਭਰਾ ਦਵਿੰਦਰ ਵੱਲੋਂ ਤਰਕ ਦੇ ਜ਼ਖ਼ਮਾਂ ਤੇ ਬੰਨ੍ਹੀ ਪੱਗ ਲਹੂ ਨਾਲ ਗੜੁੱਚ ਹੋ ਗਈ। ਮਾਸਟਰ ਕੁਲਵੰਤ ਤਰਕ ਦੇ ਭਰਾ ਬਲਬੀਰ ਸਿੰਘ ਨੇ ਬਲੱਡ ਦਿੰਦੇ ਹੋਏ ਕਿਹਾ ਕਿ ਸਾਡਾ ਭਰਾ ਸਾਡੀ ਜਾਨ ਤੋਂ ਵੀ ਪਿਆਰਾ ਹੈ। ਅਸੀਂ ਉਸ ਲਈ ਸਭ ਕੁਝ ਵਾਰ ਦਿਆਂਗੇ। ਦਹਿਸ਼ਤ ਨੂੰ ਲੰਗਾਰ ਕਰਨ ਲਈ ਸਮਰਾਲਾ ਸ਼ਹਿਰ ਦੀਆਂ ਸੜਕਾਂ 'ਤੇ 27 ਮਈ 1990 ਨੂੰ ਇਲਾਕੇ ਦੀਆਂ ਦੋ ਦਰਜਨ ਦੇ ਕਰੀਬ ਜਥੇਬੰਦੀਆਂ ਨੇ 'ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਕਾਫ਼ਲਾ' ਵੱਲੋਂ ਸ਼ਹਿਰ ਦੀਆਂ ਸੜਕਾਂ ਤੇ ਰਵਾਇਤੀ ਹਥਿਆਰਾਂ, ਬੈਨਰਾਂ, ਝੰਡਿਆਂ ਨਾਲ ਲੈਸ ਹੋ ਕੇ ਰੋਹ ਭਰਪੂਰ ਮੁਜ਼ਾਹਰਾ ਕੀਤਾ। ਇਸ ਵਿਖਾਵੇ ਮੌਕੇ ਬੁਲਾਰਿਆਂ ਅਤੇ ਨਾਅਰਿਆਂ ਨੇ 'ਭਿੰਡਰਾਂ ਵਾਲਾ ਟਾਈਗਰ ਫੋਰਸ' ਨੂੰ ਲੋਕ ਪੱਖੀ, ਇਨਕਲਾਬੀ ਜਮਹੂਰੀ ਲਹਿਰ ਦੇ ਦੋਖੀ ਕਰਾਰ ਦਿੱਤਾ ਜਿਨ੍ਹਾਂ ਨੇ ਮਾਸਟਰ ਕੁਲਵੰਤ ਤਰਕ ਉੱਪਰ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਸਮਰਾਲੇ ਦੀਆਂ ਸੜਕਾਂ ਤੇ ਇਸ ਵਿਖਾਵੇ ਨੇ ਲੋਕਾਂ ਨੂੰ ਹਕੂਮਤੀ ਅਤੇ ਫਿਰਕੂ ਦੋਮੂੰਹੀਂ ਦਹਿਸ਼ਤਗਰਦੀ ਖ਼ਿਲਾਫ਼ ਖੜ੍ਹੇ ਹੋਣ ਦਾ ਸੁਨੇਹਾ ਦਿੱਤਾ। ਲੋਕਾਂ ਨੂੰ ਸੱਦਾ ਦਿੱਤਾ ਕਿ ਆਪਣੇ ਜ਼ਿੰਦਗੀ ਦੇ ਅਸਲੀ ਮੁੱਦਿਆਂ ਲਈ ਇਕਜੁੱਟ ਹੋ ਕੇ ਸੰਘਰਸ਼ ਦੇ ਰਾਹ ਪੈਣ ਦੀ ਲੋੜ ਹੈ। ਇਸ ਮੁਜ਼ਾਹਰੇ ਨੇ ਲੋਕਾਂ ਨੂੰ ਆਪੋ ਵਿੱਚ ਲੜਾਉਣ ਦੀਆਂ ਸਥਾਪਤੀ ਦੀਆਂ ਸਾਜਿਸ਼ਾਂ ਨੂੰ ਬੇਨਕਾਬ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਆਪਣੇ ਆਪ ਵਿੱਚ ਇਹ ਇੱਕ ਲਾ-ਮਿਸਾਲ ਸਰਗਰਮੀ ਸੀ।

ਅਜਿਹਾ ਜੁੱਸਾ ਸੀ ਸਮਰਾਲਾ ਖੇਤਰ ਅੰਦਰ ਜਿਹੜਾ ਚੜ੍ਹੀ, ਭੌਇੰਪੁਰ, ਭਮਾਂ, ਮਾਛੀਵਾੜਾ, ਘੁੰਗਰਾਲੀ ਸਿੱਖਾਂ, ਕਕਰਾਲਾ, ਦੋਰਾਹਾ, ਘੁਡਾਣੀ ਕਲਾਂ ਵਿਖੇ ਦਹਿਸ਼ਤਗਰਦੀ ਖ਼ਿਲਾਫ਼ ਧੜੱਲੇ ਨਾਲ ਮੈਦਾਨ ਵਿੱਚ ਨਿੱਤਰਦਾ ਰਿਹਾ।

ਅਜਿਹੀਆਂ ਹਾਲਤਾਂ ਵਿਚ ਸਿਹਤਯਾਬੀ ਉਪਰੰਤ ਮਾਸਟਰ ਤਰਕ ਦੀਆਂ ਸਿੱਖਿਆ ਅਦਾਰੇ ਵਿਚ ਸੇਵਾਵਾਂ ਲੁਧਿਆਣਾ ਤਬਦੀਲ ਹੋਣ ਕਾਰਨ ਪ੍ਰਦੀਪ ਰਾਜੇ ਨੂੰ ਵੀ ਆਜ਼ਾਦੀ ਸੰਗਰਾਮੀਏਂ ਦੇ ਨਾਂਅ ਤੇ ਬਣੇ ਤੇਜਾ ਸਿੰਘ ਸੁਤੰਤਰ ਸਰਕਾਰੀ ਹਾਈ ਸਕੂਲ ਸ਼ਿਮਲਾਪੁਰੀ (ਲੁਧਿਆਣਾ) ਵਿੱਚ ਦਾਖ਼ਲ ਕਰਾਉਣਾ ਪਿਆ। ਉਸ ਨੇ ਬੀ ਏ ਆਰੀਆ ਕਾਲਜ ਲੁਧਿਆਣਾ ਪ੍ਰੋਫੈਸਰ ਏ. ਕੇ. ਮਲੇਰੀ ਹੋਰਾਂ ਦੇ ਕਾਲਜ ਵਿਚ ਕੀਤੀ। ਇਸ ਮੌਕੇ ਰਾਜੇ ਨੇ ਪੰਜਾਬ ਸਟੂਡੈਂਟ ਯੂਨੀਅਨ (ਸ਼ਹੀਦ ਰੰਧਾਵਾ) ਵਿੱਚ ਕੰਮ ਕੀਤਾ। ਨਾਟਕਕਾਰ ਹੀਰਾ ਸਿੰਘ ਰੰਧਾਵਾ ਅਤੇ ਮਾਸਟਰ ਤਰਲੋਚਨ ਸਿੰਘ ਸਮਰਾਲਾ ਦੀ ਨਿਰਦੇਸ਼ਨਾ 'ਚ

ਰੰਗ ਮੰਚ ਕਰਦਿਆਂ ਪਲਸ ਮੰਚ ਵੱਲੋਂ ਕੌਮਾਂਤਰੀ ਮਜ਼ਦੂਰ ਦਿਹਾੜੇ ਮੌਕੇ ਮਨਾਈ ਜਾਂਦੀ ਸੂਬਾਈ ਸਾਲਾਨਾ ਨਾਟਕਾਂ ਅਤੇ ਗੀਤਾਂ ਭਰੀ ਰਾਤ ਮੌਕੇ ਵੀ ਨਾਟਕ ਵਿਚ ਭੂਮਿਕਾ ਅਦਾ ਕੀਤੀ। ਰਾਜਾ ਹੈਲਥ ਕਲੱਬ ਦੇ ਨਾਂਅ ਤੇ ਸਮਰਾਲਾ ਵਿਖੇ ਉਸਨੇ ਜਿੰਮ ਵੀ ਕਈ ਵਰ੍ਹੇ ਚਲਾਇਆ। ਰੰਗ ਮੰਚ ਅਤੇ ਜਿੰਮ ਤੋਂ ਅਗਲੀਆਂ ਪੌੜੀਆਂ ਚੜ੍ਹਦਿਆਂ ਉਸ ਨੇ ਮੁੰਬਈ ਦਾ ਰਾਹ ਫੜ ਲਿਆ। ਫ਼ਿਲਮ ਇੰਡਸਟਰੀ ਵਿੱਚ ਉਸਨੇ ਇਕ ਪ੍ਰਭਾਵਸ਼ਾਲੀ ਘੇਰਾ ਬਣਾਇਆ। ਉਸਨੇ ਹੋਰਨਾਂ ਨਾਲ ਕੰਮ ਕਰਨ ਤੋਂ ਇਲਾਵਾ ਖ਼ੁਦ ਵੀ ਕੁਝ ਫਿਲਮਾਂ ਦਾ ਨਿਰਦੇਸ਼ਨ ਕੀਤਾ। ਬੱਚੀਆਂ ਨਾਲ ਹੁੰਦੇ ਬਲਾਤਕਾਰ ਵਰਗੇ ਕੋਹੜ ਤੇ ਇੱਕ ਫ਼ਿਲਮ ਤੋਂ ਇਲਾਵਾ ਵਿਹਾਉਤਾ ਜੋੜੀਆਂ ਦੇ ਜੀਵਨ ਸਬੰਧੀ ਵੀ ਫ਼ਿਲਮਾਂ ਬਣਾਈਆਂ। ਉਸ ਮੌਕੇ ਰਾਜੇ ਦੀ ਜੀਵਨ ਸਾਥਣ ਅਤੇ ਇਕਲੌਤਾ ਬੇਟਾ ਵੀ ਮੁੰਬਈ ਰਹਿੰਦੇ ਰਹੇ।

ਮੁੰਬਈ ਕੰਮ ਕਰਦਿਆਂ ਹੀ ਉਹ ਪਹਿਲੀ ਵਾਰ 2024 ਵਿੱਚ ਬਿਮਾਰ ਹੋਣ ਉਪਰੰਤ ਵੱਧ ਘੱਟ ਰੂਪ ਵਿੱਚ ਉਹ ਕਿਸੇ ਨਾ ਕਿਸੇ ਤਰ੍ਹਾਂ ਮਰਜ਼ ਤੋਂ ਪੀੜਤ ਰਹੇ। ਉਹ ਪੰਜਾਬ ਪਰਤ ਆਏ। ਇਲਾਜ ਕਰਾਉਣ ਲਈ ਲੰਮਾ ਅਰਸਾ ਪੀ.ਜੀ.ਆਈ. ਵਿੱਚ ਜ਼ਿੰਦਗੀ ਮੌਤ ਦਾ ਸੰਘਰਸ਼ ਜਾਰੀ ਰਿਹਾ। ਨੋਟਾਂ ਦੀਆਂ ਪੰਡਾਂ ਲੱਗੀਆਂ। ਗਲੇ ਸੜੇ ਨਿਜ਼ਾਮ ਅੰਦਰ ਵਪਾਰਕ ਰੂਪ ਧਾਰਨ ਕਰ ਗਈ ਸਿਹਤ ਇਲਾਜ਼ ਪ੍ਰਣਾਲੀ ਅੱਜ ਕੱਲ੍ਹ ਮਰੀਜ਼ ਦੇ ਵਾਰਸਾਂ ਨਾਲ ਟੈਸਟਾਂ, ਦਵਾਈਆਂ ਅਤੇ ਬਿਲ ਭਰਾਉਣ ਤੋਂ ਬਿਨਾਂ ਕੋਈ ਲੜ ਸਿਰਾ ਨਹੀਂ ਫੜਾਉਂਦੀ। ਉਹ ਆਖ਼ਰ ਤੱਕ ਸਿਦਕ ਦਿਲੀ ਨਾਲ ਗੱਲਬਾਤ ਕਰਦੇ ਰਹੇ ਅਤੇ ਹਮੇਸ਼ਾ ਹੀ ਆਪਣੇ ਬਾਪ ਦੇ ਕਾਰਜ਼ ਨੂੰ ਅੱਗੇ ਤੋਰਨ ਲਈ ਸਹਿਯੋਗ ਦੇਣ ਦੀਆਂ ਬਾਤਾਂ ਪਾਉਂਦੇ ਰਹੇ।


ਸਮੁੱਚੇ ਪਰਿਵਾਰ ਦੀ ਜ਼ਿੰਦਗੀ 'ਚ 11 ਜੂਨ 2026 ਅਜਿਹਾ ਕਾਲਾ ਦਿਨ ਆਇਆ ਜਦੋਂ ਪ੍ਰਦੀਪ ਰਾਜਾ ਸਦੀਵੀ ਵਿਛੋੜਾ ਦੇ ਗਿਆ।

ਆਪਣੇ ਬਾਪ ਤੇ ਕਾਤਲਾਨਾ ਹਮਲਾ ਹੋਣ ਤੋਂ ਬਾਅਦ ਰਾਜੇ ਨੇ ਤਾਂ ਰਾਹ ਫੜ ਲਿਆ ਸੀ ਵਿਦਿਆਰਥੀ ਯੂਨੀਅਨ ਅਤੇ ਰੰਗ ਮੰਚ ਦਾ। ਵਕਤ ਦੀਆਂ ਚੰਦਰੀਆਂ ਕਾਲੀਆਂ ਹਨੇਰੀਆਂ ਐਨੀਆਂ ਮੂੰਹ ਜ਼ੋਰ ਨੇ ਕਿ ਜੁਆਨੀ ਕਦੋਂ ਚਕਾਚੌਂਦ ਭਰੀ ਦੁਨੀਆਂ ਦੀਆਂ ਰੌਸ਼ਨੀਆਂ ਅੰਦਰ ਛੁਪੇ ਹਨੇਰੇ ਦੇ ਜਬਾੜਿਆਂ ਵਿਚ ਜਾ ਫਸੇ ਇਹ ਸੁਆਲ ਜ਼ਿੰਦਗੀ ਭਰ ਤੁਹਾਡੇ ਕਲੇਜੇ ਖੁਭੀ ਬਰਛੀ ਬਣਕੇ ਰਹਿ ਜਾਂਦਾ ਹੈ। ਇਹ ਸੁਆਲ ਰੰਗ ਕਰਮੀਆਂ, ਕਲਾਕਾਰਾਂ ਬੌਧਿਕ ਚਿੰਤਕਾਂ ਦੀ ਚਿੰਤਾ ਦਾ ਗਹਿਰਾ ਵਿਸ਼ਾ ਹੈ ਕਿ ਜ਼ਿੰਦਗੀ ਨੂੰ ਮਾਣ ਮੱਤੇ ਅਰਥ ਦੇਣ ਲਈ ਕੀ ਕਰਨਾ ਲੋੜੀਏ ?

ਮਾਸਟਰ ਕੁਲਵੰਤ ਤਰਕ ਨੇ ਆਪ ਨੂੰ ਮਿਲੀ ਨਵੀਂ ਜ਼ਿੰਦਗੀ ਨੂੰ ਨਵੇਂ ਅਰਥ ਦਿੱਤੇ। ਉਹਨਾਂ ਨੇ ਅਧਿਆਪਕ ਯੂਨੀਅਨ, ਲੇਖਕ ਮੰਚ, ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ, ਲੋਕ ਮੋਰਚਾ ਪੰਜਾਬ ਅਤੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਤੋਂ ਇਲਾਵਾ ਸਮੇਂ ਸਮੇਂ ਅਖ਼ਬਾਰਾਂ ਵਿੱਚ ਮਹੱਤਵਪੂਰਨ ਮੁੱਦਿਆਂ ਤੇ ਰਚਨਾਵਾਂ ਲਿਖਣ ਦਾ ਕਾਰਜ਼ ਜਾਰੀ ਰੱਖਿਆ।

ਜ਼ਿਕਰਯੋਗ ਹੈ ਕਿ ਕੁਲਵੰਤ ਤਰਕ ਨੇ 21 ਜੂਨ 2026 ਨੂੰ ਆਪਣੇ ਜੱਦੀ ਪਿੰਡ ਦੀਵਾਲਾ ਵਿਖੇ ਹੋਏ ਰਾਜਾ ਯਾਦਗਾਰੀ ਸਮਾਗਮ ਮੌਕੇ ਪਰਿਵਾਰ ਦਾ ਦੁੱਖ ਵੰਡਾਉਣ ਲਈ ਜੁੜੇ ਇਕੱਠ ਨਾਲ ਵਾਅਦਾ ਕੀਤਾ ਕਿ, 'ਮੇਰਾ ਇਕਲੌਤਾ ਪੁੱਤਰ ਹੀ ਨਹੀਂ ਸੀ ਰਾਜਾ, ਮਿਹਨਤਕਸ਼ ਲੋਕਾਂ ਦੇ ਸਮੂਹ ਧੀਆਂ ਪੁੱਤ ਮੇਰੇ ਆਪਣੇ ਨੇ। ਅੱਜ ਜਿਵੇਂ ਸਮਾਜ ਨੂੰ ਬਿਮਾਰੀਆਂ, ਨਸ਼ਿਆਂ, ਆਰਥਿਕ, ਸਮਾਜਿਕ ਮਾਨਸਿਕ ਪੀੜਾ ਅਤੇ ਅੱਖਾਂ ਚੁੰਧਿਆਉਂਦੀਆਂ ਰੌਸ਼ਨੀਆਂ ਦੇ ਅੰਦਰ ਵਸਦੇ ਗਾੜ੍ਹੇ ਹਨੇਰੇ ਨੇ ਬੁਰੀ ਤਰ੍ਹਾਂ ਝੰਬ ਸੁੱਟਿਆ ਹੈ। ਇਸ ਲੋਕ-ਦੋਖੀ ਨਿਜ਼ਾਮ ਤੋਂ ਮੁਕਤੀ ਹਾਸਲ ਕਰਨ ਲਈ ਬਬਰ ਅਕਾਲੀਆਂ, ਗਦਰੀ ਬਾਬਿਆ, ਭਗਤ ਸਰਾਭਿਆਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਜੂਝ ਰਹੇ ਕਾਫ਼ਲਿਆਂ ਵਿੱਚੋਂ ਹੀ ਮੈਂ ਵੀ ਆਪਣੇ ਰਾਜੇ ਪੁੱਤ ਦਾ ਚਿਹਰਾ ਵੇਖਦਾ ਅਤੇ ਨਿਹਾਰਦਾ ਰਹਾਂਗਾ। ਉਸ ਕਾਜ਼ ਲਈ ਲੋਕ ਮਨਾਂ ਦੇ ਬਨੇਰੇ ਬੱਤੀ ਬਾਲ ਕੇ ਰੱਖਣ ਦਾ ਯਤਨ ਕਰਾਂਗਾ ਜਿੱਥੇ ਰਾਜੇ ਵਰਗੇ ਧੀਆਂ ਪੁੱਤ ਜ਼ੋਬਨ ਰੁੱਤੇ ਸਦਾ ਲਈ ਵਿਦਾ ਨਾ ਹੋਣ'। ਸ਼ਰਧਾਂਜਲੀ ਸਮਾਗਮ ਮੌਕੇ ਮਾਸਟਰ ਕੁਲਵੰਤ ਤਰਕ ਤੋਂ ਇਲਾਵਾ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਉਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਬੂਟਾ ਸਿੰਘ ਮਹਿਮੂਦਪੁਰ, ਸੁਰਖ਼ ਲੀਹ ਦੇ ਸੰਪਾਦਕ ਜਸਪਾਲ ਜੱਸੀ ਅਤੇ ਸਮਰਾਲਾ ਤੋਂ ਪ੍ਰੋ. ਪਰਮਿੰਦਰ ਸਿੰਘ (ਡਾ.) ਨੇ ਸੰਬੋਧਨ ਕਰਦਿਆਂ ਲੋਕਾਂ ਨੂੰ ਪ੍ਰਦੀਪ ਰਾਜਾ ਵਰਗਿਆਂ ਨੂੰ ਖਾ ਰਹੇ ਨਿਜ਼ਾਮ ਨੂੰ ਬਦਲਣ ਦਾ ਸੁਨੇਹਾ ਦਿੱਤਾ।

ਦੇਸ ਬਦੇਸ ਅਤੇ ਮਿਹਨਤਕਸ਼ ਲੋਕਾਂ ਦੀਆਂ ਜੱਥੇਬੰਦੀਆਂ ਦੇ ਆਗੂਆਂ, ਸਾਕ ਸਬੰਧੀਆਂ, ਸੰਗੀ ਸਾਥੀਆਂ ਅਤੇ ਨਗਰ ਨਿਵਾਸੀਆਂ ਨੇ ਵੱਡੀ ਗਿਣਤੀ ਵਿਚ ਸਮਾਗਮ ਵਿੱਚ ਸ਼ਮੂਲੀਅਤ ਕੀਤੀ।




www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਉਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?



ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।



ਸ਼ੇਰ ਜੰਗ ਰਾਣਾ
416-910-9000



ਬਚਿੱਤਰ ਸਿੰਘ
416-527-3737



ਹਰਬੰਸ ਸਿੰਘ
416-817-7142



# ਡਾ. ਸਾਹਿਬ ਦੇ ਨਾਟਕ ਕੈਲਗਰੀ 'ਚ 20 ਸਤੰਬਰ ਨੂੰ ਹੋਣਗੇ

ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਗਲਰੀ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਡਾ. ਸਾਹਿਬ ਦੇ ਨਾਟਕ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਡਾ. ਸਾਹਿਬ ਸਿੰਘ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਨਾਟਕ ਖੇਡਣ ਲਈ ਅਗਸਤ ਮਹੀਨੇ ਪੁੱਜ ਜਾਣਗੇ। ਹੁਣ ਉਹ ਕੈਨੇਡਾ ਵਿਚ ਨਾਟਕਾਂ ਤੋਂ ਇਲਾਵਾ ਵਰਕਸ਼ਾਪਾਂ ਵੀ ਲਗਾਉਣਗੇ। ਕੈਲਗਰੀ ਵਿਚ ਪ੍ਰੌਗਰੈਸਿਵ ਕਲਾ ਮੰਚ ਦੀ ਟੀਮ ਵਲੋਂ ਉਹ 'ਐਲ.ਐਮ.ਆਈ.ਏ' (L.M.I.A.) 'ਬੇਸਮੈਂਟ 'ਚ ਤਰੇੜ ਹੈ' ਅਤੇ 'ਤੇਰੀ ਕਹਾਣੀ ਮੇਰੀ ਕਹਾਣੀ' ਨਾਟਕ ਬੜੀ ਸਫ਼ਲਤਾ ਨਾਲ ਕਰਵਾ ਚੁੱਕੇ ਹਨ। ਇਸ ਫੇਰੀ 'ਚ ਉਹ ਕੈਨੇਡਾ ਦੇ ਭਖਦੇ ਮਸਲਿਆਂ 'ਤੇ ਨਵੇਂ ਨਾਟਕ ਲਈ ਪੱਬਾਂ ਭਾਰ ਹੋ ਗਏ ਹਨ। ਪਿਛਲੇ ਸਾਲਾਂ ਵਿਚ ਦਰਸ਼ਕਾਂ ਦੇ ਭਰਵੇਂ ਹੁੰਗਾਰੇ ਕਾਰਨ ਹਾਲ ਛੋਟਾ ਪੈ ਗਿਆ ਸੀ। ਇਸ ਵਾਰੀ ਅਸੀਂ ਵੱਡਾ ਹਾਲ ਕਰਨ 'ਚ ਕਾਮਯਾਬ ਹੋ ਗਏ ਹਾਂ। ਡਾ. ਸਾਹਿਬ ਸਿੰਘ ਆਪਣਾ ਸੋਲੋ ਨਾਟਕ 'ਲੱਛੂ ਕਬਾੜੀਆ' ਪੇਸ਼ ਕਰ ਰਹੇ ਹਨ। ਇਹ ਨਾਟਕ 20 ਸਤੰਬਰ ਐਤਵਾਰ Polish Cultural Canadian Centre 3015-15 Street N.E. ਵਿਚ ਬਾਅਦ ਦੁਪਹਿਰ ਹੋਵੇਗਾ। ਇਸ ਤੋਂ ਇਲਾਵਾ ਡਾ. ਸਾਹਿਬ ਵਲੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ ਜਾਵੇਗਾ। ਇਸ ਸਮਾਗਮ ਦੇ ਹੋਰ ਵੇਰਵਾ ਤੁਹਾਡੇ ਤੱਕ ਮੀਡੀਆ ਆਦਿ ਰਾਹੀਂ ਸਮੇਂ-ਸਮੇਂ ਪੁਚਾ ਦਿੱਤੇ ਜਾਣਗੇ। ਇਹ ਜਾਣਕਾਰੀ ਪ੍ਰੈਸ ਨੂੰ ਦਿੰਦਿਆਂ ਮਾਸਟਰ ਭਜਨ ਜਨਰਲ ਸਕੱਤਰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਨੇ ਦੱਸਿਆ ਕਿ ਸਭ ਨਾਟਕ ਪ੍ਰੇਮੀਆਂ, ਸ਼ੁਭਚਿੰਤਕਾਂ ਹਮਦਰਦਾਂ, ਸਪਾਂਸਰਜ਼ ਅਤੇ ਮੀਡੀਆ ਨੂੰ ਜ਼ੋਰਦਾਰ ਅਪੀਲ ਕਰਦੇ ਹਾਂ ਕਿ ਪਹਿਲਾਂ ਵਾਂਗੂ ਪੂਰਨ ਸਹਿਯੋਗ ਦਿੱਤਾ ਜਾਵੇ ਤਾਂ ਕਿ ਪਹਿਲਾਂ ਵਾਂਗ ਸਫ਼ਲਤਾ ਨਾਲ ਇਸ ਉਸਾਰੂ-ਸਭਿਆਚਾਰਕ ਨਾਟਕ ਸਮਾਗਮ ਨੂੰ ਨੇਪਰੇ ਚਾੜ੍ਹ ਸਕੀਏ।

ਵਧੇਰੇ ਜਾਣਕਾਰੀ ਲਈ ਸੰਪਰਕ ਮਾ. ਭਜਨ 403-455-4220



BRING YOUR PARENTS & GRAND PARENTS FOR A FREE HEARING TEST
1410-6004 Country Hills Blvd NE
Building 1401 Calgary, AB T3N 1T8
APEX SKY MEDICAL CENTRE
ਅਲਬਰਟਾ ਦੀ ਪਹਿਲੀ ਪੰਜਾਬੀ ਬੋਲਣ ਵਾਲੀ Hearing Instrument ਸਪੈਸ਼ਲਿਸਟ
403 723 3141
www.primehearing.clinic
info@primehearing.clinic
PRIME HEARING CLINIC
*Conditions Apply
18 ਸਾਲ ਤੋਂ ਵੱਧ ਉਮਰ ਵਾਲਿਆਂ ਲਈ
ਮੁਫ਼ਤ ਕੰਨਾਂ ਦਾ ਟੈਸਟ ਅਤੇ ਮੁਫ਼ਤ ਕੰਨਾਂ ਦੀਆਂ ਮਸ਼ੀਨਾਂ
WE SPEAK YOUR LANGUAGE
ਪੰਜਾਬੀ | हिंदी
URDU | ENGLISH
Ramandeep (Reet) Kaur
Registered Hearing Aid Prcatitioner(RHAP)
Board Certified Hearing Instrument Specialist(BC-HIS)
Book Your Free Hearing Test

YYC Home Care Services
Serving All Across Alberta
ਬਜ਼ੁਰਗਾਂ ਦੀ ਦੇਖਭਾਲ ਬਿਨਾਂ ਕਿਸੇ ਖਰਚੇ ਦੇ ਤੋਂ!
ਪੈਰਾਮੈਡਿਕ ਦੁਆਰਾ ਚਲਾਈ ਜਾ ਰਹੀ ਕੰਪਨੀ
825-760-0983
DIRECT BILLING AVAILABLE FOR HOME CARE
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁੱਕਿੰਗ ਕਰੋ

Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

RDSP UP TO $90,000 GOVERNMENT GRANT + BOND.
SUPER VISA INSURANCE
MDRT The Premier Association of Financial Professionals
Punjab Insurance Inc
LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA
HARPREET RANA 416-871-3571
NIAMAT RANA 416-206-1616
WWW.PUNJABINSURANCE.CA